## ਅਧਿਆਏ-I
# ਟਿਊਸ਼ਨ ਫ਼ੀਸ ਅਤੇ ਅਦਾਇਗੀਆਂ

1. ਫ਼ੀਸਾਂ ਦੀ ਅਦਾਇਗੀ

(ੳ) ਵੱਖ-ਵੱਖ ਯੂਨੀਵਰਸਿਟੀ ਜਮਾਤਾਂ ਵਿੱਚ ਦਾਖ਼ਲ ਵਿਦਿਆਰਥੀਆਂ ਤੋਂ ਲਈਆਂ ਜਾਣ ਵਾਲੀਆਂ ਫ਼ੀਸਾਂ ਦੇ ਦਰ ਉਹ ਹੋਣਗੇ ਜੋ ਸਮੇਂ-ਸਮੇਂ ਮੁਕੱਰਰ ਕੀਤੇ ਜਾਣ।

*ਬੀ.ਟੈੱਕ., ਐਮ.ਸੀ.ਏ., ਐਮ.ਬੀ.ਏ., ਐਮ.ਟੈੱਕ. ਦੇ ਜਿਹੜੇ ਵਿਦਿਆਰਥੀ ਜਰਮਨ ਜਾਂ ਫ਼ਰੈਂਚ ਕੋਰਸਾਂ ਵਿੱਚ ਦਾਖ਼ਲਾ ਲੈਣਗੇ ਉਹ ਉਨ੍ਹਾਂ ਕੋਰਸਾਂ ਲਈ ਟਿਊਸ਼ਨ ਫ਼ੀਸ ਅਤੇ ਹੋਰ ਮਾਸਿਕ ਚੰਦੇ ਅਦਾ ਕਰਨ ਤੋਂ ਛੋਟ-ਪ੍ਰਾਪਤ ਹੋਣਗੇ :

ਪਰੰਤੂ ਇਹ ਕਿ ਉਹ ਵਿਦਿਆਰਥੀ ਦਾਖ਼ਲੇ ਲਈ ਮੁਕੱਰਰ ਫ਼ਾਰਮ ਆਪੋ-ਆਪਣੇ ਵਿਭਾਗ ਦੇ ਮੁਖੀ ਰਾਹੀਂ ਜਮ੍ਹਾਂ ਕਰਾਉਣਗੇ :

ਪਰੰਤੂ ਇਹ ਹੋਰ ਕਿ ਉਨ੍ਹਾਂ ਨੂੰ ਇਨ੍ਹਾਂ ਕੋਰਸਾਂ ਲਈ ਮੁਕਰਰ ਪਰੀਖਿਆ ਫ਼ੀਸ ਅਦਾ ਕਰਨੀ ਹੋਵੇਗੀ।

(ਅ) ਫ਼ੀਸਾਂ ਵਿੱਚ ਟਿਊਸ਼ਨ ਫ਼ੀਸ ਅਤੇ ਹੋਰ ਫ਼ੀਸਾਂ ਸ਼ਾਮਲ ਹੋਣਗੀਆਂ।

ਹੋਰ ਫ਼ੀਸਾਂ ਵਿੱਚ ਸ਼ਾਮਲ ਹਨ :

(i) ਦਾਖ਼ਲਾ ਫ਼ੀਸ,

(ii) ਯੂਨੀਵਰਸਿਟੀ ਰਜਿਸਟਰੀਕਰਨ ਫ਼ੀਸ,

(iii) ਯੂਨੀਵਰਸਿਟੀ ਸਪੋਰਟਸ ਫ਼ੀਸ,**

(iv) ਸੀਕਿਉਰਟੀ,

(ਵਿਭਾਗ ਛੱਡਣ ਦੀ ਤਰੀਕ ਤੋਂ ਇੱਕ ਸਾਲ ਦੇ ਅੰਦਰ ਵਾਪਸੀਯੋਗ)

(v) ਲਾਇਬ੍ਰੇਰੀ ਮੈਂਬਰਸ਼ਿਪ ਫ਼ੀਸ,

(vi) ਡਾਕਟਰੀ ਫ਼ੀਸ,

(vii) ਹਾਊਸ ਪਰੀਖਿਆ ਫ਼ੀਸ,

---

* ਸਿੰਡੀਕੇਟ ਮਿਤੀ 28.6.2008 (ਪੈਰਾ 27.1)

** ਸਪੋਰਟਸ ਫ਼ੀਸ ਦਾ 20% ਹਿੱਸਾ ਸਪੋਰਟਸ ਇਨਫ਼ਰਾਸਟਰਕਚਰ ਅਤੇ ਵਿਦਿਆਰਥੀਆਂ ਲਈ ਡੀ.ਏ./ਰੈਫ਼ਰੈਂਸ਼ਮੈਂਟ ਦੀ ਅਦਾਇਗੀ ਲਈ ਵਰਤਿਆ ਜਾ ਸਕੇਗਾ ਅਤੇ 80% ਸਪੋਰਟਸ ਫ਼ੀਸ "ਸਪੋਰਟਸ ਕਮੇਟੀ ਫ਼ੰਡ" ਵਿੱਚ ਜਮ੍ਹਾਂ ਕੀਤਾ ਜਾਵੇਗਾ। (ਸਿੰਡੀਕੇਟ : 375 ਮਿਤੀ 29.3.2007)

(viii) ਯੁਵਕ ਭਲਾਈ ਫ਼ੀਸ,

(ix) ਗ਼ਰੀਬ ਵਿਦਿਆਰਥੀਆਂ ਲਈ ਸਹਾਇਤਾ ਫ਼ੰਡ*

(x) ਯੂਨੀਵਰਸਿਟੀ ਬੁਲੇਟਿਨ ਫ਼ੀਸ

(xi) ਅੰਦਰੂਨੀ ਨਿਰਧਾਰਨ ਫ਼ੀਸ

(xii) ਸੰਮਿਲਤ ਫ਼ੰਡ

(xiii) ਸ਼ਨਾਖ਼ਤੀ ਕਾਰਡ ਫ਼ੀਸ**

(xiv) ਡਿਲੈਪੀਡੇਸ਼ਨ ਫ਼ੀਸ

(xv) ਟੁੱਟ-ਫੁੱਟ ਫ਼ੀਸ (ਸਾਇੰਸ ਵਿਦਿਆਰਥੀਆਂ ਲਈ)

(ੲ) ਟਿਊਸ਼ਨ ਫ਼ੀਸ ਸਾਲ ਵਿੱਚ 12 ਮਹੀਨਿਆਂ ਲਈ ਅਰਥਾਤ ਜੂਨ ਤੋਂ ਮਈ ਤੱਕ ਵਸੂਲ ਕੀਤੀ ਜਾਵੇਗੀ ।

---

* ਵਿਦਿਆਰਥੀਆਂ ਲਈ ਸਹਾਇਤਾ ਫ਼ੰਡ ਦਾ ਮਨੋਰਥ ਗ਼ਰੀਬ ਵਿਦਿਆਰਥੀਆਂ ਨੂੰ ਪਰੀਖਿਆ ਫ਼ੀਸ ਦੀ ਅਦਾਇਗੀ ਕਰਨ, ਪੁਸਤਕਾਂ ਖ਼ਰੀਦਣ ਜਾਂ ਹੋਰ ਅਜਿਹੇ ਖ਼ਰਚੇ ਪੂਰੇ ਕਰਨ ਲਈ ਵਿੱਤੀ ਸਹਾਇਤਾ ਦੇਣਾ ਹੈ। ਅਜਿਹੇ ਵਿਦਿਆਰਥੀਆਂ ਨੂੰ ਹੋਸਟਲ, ਲੰਗਰ, ਪੁਸ਼ਾਕ ਜਾਂ ਦਵਾਈਆਂ (ਮੈਡੀਕਲ) ਆਦਿ ਬਾਬਤ ਜਾਇਜ਼ ਖ਼ਰਚ ਪੂਰਾ ਕਰਨ ਲਈ ਵੀ ਸੀਮਤ ਸਹਾਇਤਾ ਦਿੱਤੀ ਜਾ ਸਕਦੀ ਹੈ। ਲੋੜਵੰਦ ਵਿਦਿਆਰਥੀਆਂ ਨੂੰ ਵਿਆਜ-ਰਹਿਤ ਕਰਜ਼ੇ ਵੀ ਦਿੱਤੇ ਜਾ ਸਕਦੇ ਹਨ। ਉਕਤ ਮਨੋਰਥ ਲਈ ਦਾਖ਼ਲਾ ਮੁਕੰਮਲ ਹੋਣ ਤੋਂ ਬਾਅਦ ਸੰਬੰਧਤ ਵਿਭਾਗਾਂ ਦੇ ਮੁਖੀਆਂ ਦੁਆਰਾ ਵਿਦਿਆਰਥੀਆਂ ਲਈ ਸਹਾਇਤਾ ਫ਼ੰਡ ਵਿੱਚੋਂ ਵਿੱਤੀ ਸਹਾਇਤਾ ਦੇਣ ਸੰਬੰਧੀ ਲੋੜਵੰਦ ਤੇ ਪਾਤਰ ਵਿਦਿਆਰਥੀਆਂ ਪਾਸੋਂ ਅਰਜ਼ੀਆਂ ਮੰਗੀਆਂ ਜਾਣਗੀਆਂ। ਇਨ੍ਹਾਂ ਸੰਬੰਧੀ ਅੰ ਤਿਮ ਨਿਰਨਾ ਨਿਯਮਾਂ ਅਧੀਨ ਬਣਾਈ ਜਾਣ ਵਾਲੀ ਕਮੇਟੀ ਦੁਆਰਾ ਲਿਆ ਜਾਵੇਗਾ।

** ਹਰ ਇੱਕ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਦਾਖ਼ਲੇ ਦੀ ਤਰੀਕ ਤੋਂ 15 ਦਿਨਾਂ ਦੇ ਅੰਦਰ ਆਪਣਾ ਸ਼ਨਾਖ਼ਤੀ ਕਾਰਡ ਲੈ ਲਵੇ। ਇਸ ਤਰੀਕ ਤੋਂ ਪਿਛੋਂ ਮੁਕੱਰਰ ਦਰ ਤੇ ਪ੍ਰਤੀ ਦਿਨ ਦੇ ਹਿਸਾਬ ਨਾਲ ਜਰਮਾਨਾ ਲਿਆ ਜਾਵੇਗਾ। ਜੇਕਰ ਕਾਰਡ ਗੁੰਮ ਹੋ ਜਾਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਨਵੇਂ ਕਾਰਡ ਲਈ ਦਰਖ਼ਾਸਤ ਦੇਵੇ ਜਿਹੜਾ ਮੁਕੱਰਰ ਜੁਰਮਾਨੇ ਦੀ ਰਾਸ਼ੀ ਅਦਾ ਕਰਨ ਤੇ ਦਿੱਤਾ ਜਾਵੇਗਾ। ਜਦ ਵੀ ਯੂਨੀਵਰਸਿਟੀ ਅਧਿਆਪਨ ਅਮਲੇ ਦਾ ਕੋਈ ਮੈਂਬਰ ਜਾਂ ਕੋਈ ਅਜਿਹਾ ਵਿਅਕਤੀ ਜੋ ਵਾਈਸ-ਚਾਂਸਲਰ ਦੁਆਰਾ ਅਧਿਕਾਰਤ ਹੋਵੇ ਕਿਸੇ ਵਿਦਿਆਰਥੀ ਨੂੰ ਆਪਣਾ ਸ਼ਨਾਖ਼ਤੀ ਕਾਰਡ ਵਿਖਾਉਣ ਲਈ ਕਹੇ ਤਾਂ ਵਿਦਿਆਰਥੀਆਂ ਤੋਂ ਲੋੜਿਆ ਜਾਂਦਾ ਹੈ ਕਿ ਉਹ ਆਪਣਾ ਸ਼ਨਾਖਤੀ ਕਾਰਡ ਵਿਖਾਉਣ।

(ਸ) ਅਦਾਇਗੀ ਦੀ ਸਮਾਂ-ਸੂਚੀ*: ਫ਼ੀਸਾਂ ਹੇਠਾਂ ਦੱਸੇ ਅਨੁਸਾਰ ਛਿਮਾਹੀ ਕਿਸ਼ਤਾਂ ਵਿੱਚ ਅਦਾਇਗੀ-ਯੋਗ ਹੋਣਗੀਆਂ :-

| ਛਿਮਾਹੀ ਕਿਸ਼ਤ | ਮੁੱਦਤ | ਅਦਾਇਗੀ ਦੀਆਂ ਤਰੀਕਾਂ |
|---|---|---|
| ਪਹਿਲੀ ਛਿਮਾਹੀ ਕਿਸ਼ਤ | ਜੂਨ ਤੋਂ ਨਵੰਬਰ | ਦਾਖ਼ਲੇ ਦੇ ਸਮੇਂ |
| ਦੂਜੀ ਛਿਮਾਹੀ ਕਿਸ਼ਤ | ਦਸੰਬਰ ਤੋਂ ਮਈ | 1● ਨਵੰਬਰ ਤੋਂ 25 ਨਵੰਬਰ |
| ਤੀਜੀ ਛਿਮਾਹੀ ਕਿਸ਼ਤ | . . . | 1● ਫ਼ਰਵਰੀ ਤੋਂ 25 ਫ਼ਰਵਰੀ |

(ਕੇਵਲ ਬੈਚਲਰ ਆਫ਼ ਫ਼ਿਜ਼ਿਉਥੇਰਾਪੀ ਕੋਰਸ ਲਈ)

ਨੋਟ :- (*i*) ਸਲਾਨਾ ਚਾਰਜਿਜ਼ ਪਹਿਲੀ ਛਿਮਾਹੀ ਕਿਸ਼ਤ ਨਾਲ ਅਦਾਇਗੀ-ਯੋਗ ਹਨ।

(*ii*) ਵਿਦਿਆਰਥੀਆਂ ਨੂੰ ਇਹ ਇਖ਼ਤਿਆਰ ਹਾਸਲ ਹੋਵੇਗਾ ਕਿ ਉਹ ਸਾਰੇ ਸਾਲ/ਸੈਸ਼ਨ ਲਈ ਫ਼ੀਸ ਇ ੱਕ ਕਿਸ਼ ਤ ਵਿੱਚ ਜਮ੍ਹਾਂ ਕਰਵਾ ਦੇਣ ।

---

* ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ ਫ਼ਾਰ ਇਨਫ਼ਰਮੇਸ਼ਨ ਟੈਕਨਾਲੋਜੀ ਐਂਡ ਮੈਨੇਜਮੈਂਟ ਮੁਹਾਲੀ ਵੱਲੋਂ ਐਮ.ਬੀ.ਏ. (ਐਗਜ਼ੈਕਟਿਵ) ਤਿੰਨ ਸਾਲਾ ਪਾਰਟ ਟਾਈਮ ਕੋਰਸ ਲਈ ਬਣਦੀ ਫ਼ੀਸ (ਜੋ 45,●●●/- ਰੁਪਏ ਅਤੇ ਐਨ.ਆਰ.ਆਈ. ਸਪਾਂਸਰਡ ਕੈਟਾਗਰੀ ਲਈ 6●,●●●/- ਰੁਪਏ ਸਾਲਾਨਾ ਹੈ), ਸਾਲਾਨਾ ਚੰਦੇ, ਮਾਸਿਕ ਚੰਦੇ ਅਤੇ ਟਿਊਸ਼ਨ ਫ਼ੀਸ, ਨਿਮਨ ਅਨੁਸਾਰ, ਦੋ ਕਿਸ਼ਤਾਂ ਵਿੱਚ ਅਦਾ ਕੀਤੀ ਜਾ ਸਕੇਗੀ :

ਐਮ.ਬੀ.ਏ. (ਐਗਜ਼ੈਕਟਿਵ) ਤਿੰਨ ਸਾਲਾ ਅੰਸ਼-ਕਾਲੀ ਕੋਰਸ

ਪਹਿਲੀ, ਤੀਜੀ ਅਤੇ ਪੰਜਵੀਂ ਸਮੈਸਟਰ

| | | |
|---|---|---|
| ਸਾਲਾਨਾ ਚੰਦੇ | - | 12,335.●● |
| ਮਾਸਿਕ ਚੰਦੇ | - | 4●9●.●● |
| ਟਿਊਸ਼ਨ ਫ਼ੀਸ | - | 12,242.5● |
| ਕੁੱਲ | - | 28,667.5● |

ਦੂਜੀ, ਚੌਥੀ ਅਤੇ ਛੇਵੀਂ ਸਮੈਸਟਰ

| | | |
|---|---|---|
| ਮਾਸਿਕ ਚੰਦੇ | - | 4●9●.●● |
| ਟਿਊਸ਼ਨ ਫ਼ੀਸ | - | 12,242.5● |
| ਕੁੱਲ | - | 16,332.5● |

(i) ਦਾਖ਼ਲੇ ਦੇ ਸਮੇਂ ਪਹਿਲੇ ਸਮੈਸਟਰ ਵਿੱਚ 1●5●/- ਰੁਪਏ ਦੀ ਰਕਮ ਵੱਖਰੇ ਰੂਪ ਵਿੱਚ ਸਕਿਉਰਟੀ ਵਜੋਂ ਲਈ ਜਾਵੇਗੀ।

(ii) ਫ਼ੀਸ ਦੀ ਉਪਰੋਕਤ ਬਣਤਰ ਐਮ.ਬੀ.ਏ. (ਐਗਜੈਕਟਿਵ) ਦੇ 2●●6-●7 ਸੈਸ਼ਨ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਤੇ 3 ਸਤੰਬਰ ਤੋਂ ਲਾਗੂ ਹੋਵੇਗੀ।

(ਸਿੰਡੀਕੇਟ 375, ਮਿਤੀ 29.3.2●●7)

(*iii*) ਵਿਦੇਸ਼ਾਂ ਵਿੱਚ ਰਹਿ ਰਹੇ ਪੱਤਰ-ਵਿਹਾਰ ਸਿੱਖਿਆ ਵਿਭਾਗ ਦੇ ਵਿਦਿਆਰਥੀ ਮੁਕੱਰਰ ਟਿਊਸ਼ਨ ਫ਼ੀਸ ਅਤੇ ਹੋਰ ਸਾਲਾਨਾ ਚਾਰਜਿਜ਼ ਦਾਖ਼ਲੇ ਦੇ ਮੌਕੇ ਇੱਕੋ ਕਿਸ਼ਤ ਵਿੱਚ ਅਦਾ ਕਰਨਗੇ।

(ਹ) ਫ਼ੀਸਾਂ ਜਮ੍ਹਾਂ ਕਰਾਉਣ ਲਈ ਨਿਯਤ ਤਰੀਕਾਂ ਨੂੰ ਗ਼ੈਰ-ਹਾਜ਼ਰ ਜਾਂ ਛੁੱਟੀ ਤੇ ਗਏ ਵਿਦਿਆਰਥੀ ਅਨੁਸੂਚਿਤ ਤਰੀਕਾਂ ਉੱਤੇ ਆਪਣੀਆਂ ਫ਼ੀਸਾਂ ਜਮ੍ਹਾਂ ਕਰਾਉਣ ਦਾ ਪ੍ਰਬੰਧ ਖ਼ੁਦ ਕਰਨਗੇ।

(ਕ) ਜੇ ਕੋਈ ਵਿਦਿਆਰਥੀ ਬਣਦੀ ਤਰੀਕ ਤੱਕ ਫ਼ੀਸ ਜਮ੍ਹਾਂ ਨਹੀਂ ਕਰਾਵੇਗਾ ਤਾਂ ਉਸ ਨੂੰ ਮੁਕੱਰਰ ਜੁਰਮਾਨਾ ਅਦਾ ਕਰਨਾ ਪਵੇਗਾ।

ਨੋਟ : ਜੇ ਡੀਨ ਵਿਦਿਆਰਥੀ ਭਲਾਈ/ਪ੍ਰੋਵੋਸਟ ਮਹਿਸੂਸ ਕਰੇ ਕਿ ਕੋਈ ਵਿਦਿਆਰਥੀ ਮਾਕੂਲ ਕਾਰਨਾਂ ਕਰਕੇ ਫ਼ੀਸ ਜਮ੍ਹਾਂ ਨਹੀਂ ਕਰਵਾ ਸਕਿਆ ਤਾਂ ਉਸ ਨੂੰ ਜਰਮਾਨਾ ਮਾਫ਼ ਕਰਨ ਦਾ ਇਖ਼ਤਿਆਰ ਹਾਸਲ ਹੈ।

2. ਮੁੜ-ਦਾਖ਼ਲਾ ਅਤੇ ਬਣਦੀਆਂ ਰਕਮਾਂ ਦੀ ਅਦਾਇਗੀ

(ੳ) ਬਣਦੀਆਂ ਰਕਮਾਂ ਦੀ 15 ਦਿਨਾਂ ਤੋਂ ਵੱਧ ਅਣ-ਅਦਾਇਗੀ ਕਾਰਨ ਵਿਦਿਆਰਥੀ ਦਾ ਨਾਂ ਵਿਭਾਗ ਦੇ ਰਜਿਸਟਰਾਂ ਵਿੱਚੋਂ ਕੱਟ ਦਿੱਤਾ ਜਾਵੇਗਾ। ਐਪਰ, ਵਿਦਿਆਰਥੀ ਮੁੜ ਦਾਖ਼ਲੇ ਲਈ ਦਰਖ਼ਾਸਤ ਕਰ ਸਕਦਾ ਹੈ। ਮੁੜ-ਦਾਖ਼ਲਾ ਮਿਲ ਜਾਣ ਦੀ ਸੂਰਤ ਵਿੱਚ ਸਾਰੀਆਂ ਬਣਦੀਆਂ ਰਕਮਾਂ, ਜਿਸ ਵਿੱਚ ਮੁਕੱਰਰ ਲੇਟ ਫ਼ੀਸ ਚਾਰਜਿਜ਼ ਅਤੇ ਮੁੜ ਦਾਖ਼ਲਾ ਫ਼ੀਸ ਆਦਿ ਸ਼ਾਮਲ ਹਨ, ਅਦਾਇਗੀ ਯੋਗ ਹੋਣਗੀਆਂ।

(ਅ) ਜੇ ਕੋਈ ਵਿਦਿਆਰਥੀ ਜਮਾਤਾਂ ਵਿੱਚੋਂ ਲਗਾਤਾਰ ਦਸ ਦਿਨ ਗ਼ੈਰ-ਹਾਜ਼ਰ ਰਹੇਗਾ ਤਾਂ ਉਸ ਦਾ ਨਾਂ ਹਾਜ਼ਰੀ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ। ਐਪਰ, ਉਹ ਵਿਦਿਆਰਥੀ ਮੁੜ-ਦਾਖ਼ਲੇ ਲਈ ਦਰਖ਼ਾਸਤ ਕਰ ਸਕੇਗਾ। ਸ਼ਕਤਵਾਨ ਅਥਾਰਿਟੀ ਦੁਆਰਾ ਮੁੜ ਦਾਖ਼ਲਾ ਦੇ ਦਿੱਤੇ ਜਾਣ ਦੀ ਸੂਰਤ ਵਿੱਚ ਉਹ ਮੁੜ ਦਾਖ਼ਲੇ ਲਈ ਮੁਕੱਰਰ ਚਾਰਜਿਜ਼ ਅਦਾ ਕਰੇਗਾ।

(ੲ) ਜਦ ਕਿਸੇ ਵਿਦਿਆਰਥੀ ਦਾ ਨਾਂ ਹਾਜ਼ਰੀ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇ ਤਾਂ ਉਸ ਨੂੰ ਡੀਨ, ਵਿਦਿਆਰਥੀ ਭਲਾਈ ਦੁਆਰਾ, ਸੰਬੰਧਤ ਵਿਭਾਗ ਦੇ ਮੁਖੀ ਦੀਆਂ ਸਿਫ਼ਾਰਸ਼ਾਂ ਤੇ, ਮੁਕੱਰਰ ਫ਼ੀਸਾਂ ਅਦਾ ਕਰਨ ਤੇ ਮੁੜ ਦਾਖ਼ਲ ਕੀਤਾ ਜਾ ਸਕੇਗਾ :

ਪਰੰਤੂ ਇਹ ਤਦ ਜਦ ਉਹ ਆਪਣਾ ਨਾਂ ਕੱਟੇ ਜਾਣ ਦੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ ਮੁੜ ਦਾਖ਼ਲੇ ਲਈ ਦਰਖ਼ਾਸਤ ਦੇਵੇ।

3. ਹੋਸਟਲ ਚਾਰਜਿਜ਼ ਦੀ ਅਦਾਇਗੀ ਬਾਰੇ ਨਿਯਮ

(ੳ) (i) ਜਿਨ੍ਹਾਂ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਥਾਂ ਅਲਾਟ ਕੀਤੀ ਜਾਵੇ ਉਨ੍ਹਾਂ ਦੁਆਰਾ ਅਦਾਇਗੀ-ਯੋਗ ਹੋਸਟਲ ਚਾਰਜਿਜ਼ ਦੇ ਦਰ ਉਹ ਹੋਣਗੇ ਜੋ ਸਮੇਂ-ਸਮੇਂ ਮੁਕੱਰਰ ਕੀਤੇ ਜਾਣ । ਵੇਰਵਾ ਪ੍ਰੋਵੋਸਟ/ ਹੋਸਟਲ ਵਾਰਡਨ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

(ii) ਥੋੜ੍ਹੀ ਮੁੱਦਤ ਲਈ ਠਹਿਰਨ ਵਾਸਤੇ ਵੱਖਰੇ ਚਾਰਜਿਜ਼ ਮੁਕੱਰਰ ਕੀਤੇ ਗਏ ਹਨ ।

(ਅ) ਹੋਸਟਲ ਚਾਰਜਿਜ਼ ਦੀ ਅਦਾਇਗੀ ਦੀ ਸਮਾਂ-ਸੂਚੀ ਉਹੀ ਹੋਵੇਗੀ ਜੋ ਟਿਊਸ਼ਨ ਫ਼ੀਸ ਦੀ ਸੂਰਤ ਵਿੱਚ ਹੈ।

(ੲ) ਜੇ ਕੋਈ ਵਿਦਿਆਰਥੀ ਹੋਸਟਲ ਚਾਰਜਿਜ਼ ਬਣਦੀ ਤਰੀਕ ਦੇ ਅੰਦਰ ਅਦਾ ਨਾ ਕਰੇ, ਤਾਂ ਇਹ ਸੁਨਿਸ਼ਚਿਤ ਕਰਨਾ ਵਾਰਡਨ ਦੀ ਜ਼ੁੰਮੇਵਾਰੀ ਹੋਵੇਗੀ ਕਿ ਉਹ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਨਾ ਰਹੇ/ਰਿਹਾਇਸ਼ ਨਾ ਰੱਖਦਾ ਰਹੇ।

(ਸ) ਜਦੋਂ ਕਿਸੇ ਵਿਦਿਆਰਥੀ ਨੂੰ ਹੋਸਟਲ ਵਿੱਚ ਦਾਖ਼ਲਾ ਦੇ ਦਿੱਤਾ ਜਾਂਦਾ ਹੈ ਤਾਂ ਉਹ ਹੋਸਟਲ ਦਾ ਕਿਰਾਇਆ ਇਸ ਉਜ਼ਰ ਤੇ ਅਦਾ ਕਰਨਾ ਬੰਦ ਨਹੀਂ ਕਰ ਸਕਦਾ ਕਿ ਉਸ ਨੇ ਹੋਸਟਲ ਵਿੱਚ ਰਹਿਣਾ ਬੰਦ ਕਰ ਦਿੱਤਾ ਹੈ।

(ਹ) ਹੋਸਟਲ ਦੀ ਜਗ੍ਹਾ ਖ਼ਾਲੀ ਕਰਨ ਦੇ ਮੰਤਵ ਨਾਲ, ਵਿਦਿਆਰਥੀ ਤੋਂ ਇਹ ਲੋੜਿਆ ਜਾਂਦਾ ਹੈ ਕਿ ਉਹ ਵਾਰਡਨ/ਸੀਨੀਅਰ ਵਾਰਡਨ/ਪ੍ਰੋਵੋਸਟ ਤੋਂ ਅਗੇਤਰੀ ਇਜਾਜ਼ਤ ਲਏ ਅਤੇ ਯੂਨੀਵਰਸਿਟੀ ਦੀ ਲੇਖਾ ਸ਼ਾਖਾ ਨੂੰ ਅਗੇਤਰੀ ਇਤਲਾਹ ਜ਼ਰੂਰ ਭੇਜੇ।

(ਕ) ਜੇ ਕਿਸੇ ਵਿਦਿਆਰਥੀ ਦਾ ਨਾਂ ਹੋਸਟਲ ਨੂੰ ਦੇਣ-ਯੋਗ ਰਕਮਾਂ ਦੀ ਅਣ-ਅਦਾਇਗੀ ਕਾਰਨ ਹੋਸਟਲ ਵਿੱਚ ਰਹਿਣ ਵਾਲਿਆਂ ਦੀ ਸੂਚੀ ਵਿੱਚੋਂ ਕੱਟ ਦਿੱਤਾ ਜਾਂਦਾ ਹੈ, ਤਾਂ ਉਸ ਨੂੰ ਡੀਨ, ਵਿਦਿਆਰਥੀ ਭਲਾਈ/ਪ੍ਰੋਵੋਸਟ ਦੀ ਪ੍ਰਵਾਨਗੀ ਨਾਲ ਮੁੜ ਦਾਖ਼ਲਾ ਦਿੱਤਾ ਜਾ ਸਕਦਾ ਹੈ।

(ਖ) ਥੋੜ੍ਹੀ ਆਮਦਨ ਗਰੁੱਪ ਦੇ ਵਿਦਿਅਰਥੀਆ ਨੂੰ ਯੂਨੀਵਰਸਿਟੀ ਹੋਸਟਲਾਂ ਵਿੱਚ ਮੁਫ਼ਤ ਜਗ੍ਹਾ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਪੰਜ ਸਿਰਕੱਢ ਖਿਡਾਰੀਆਂ ਅਤੇ ਸਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਵਾਲੇ ਦੋ ਵਿਦਿਆਰਥੀਆਂ ਨੂੰ ਵੀ ਮੁਫ਼ਤ ਜਗ੍ਹਾ ਦਿੱਤੀ ਜਾ ਸਕਦੀ ਹੈ।

ਉਪਰੋਕਤ ਵਿਦਿਆਰਥੀਆਂ ਨੂੰ ਕਮਰੇ ਦਾ ਕਿਰਾਇਆ ਦੇਣ ਤੋਂ ਛੋਟ ਦੇਣ ਦੇ ਮੰਤਵ ਨਾਲ, ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੀ ਕਮੇਟੀ ਆਪਣੀਆਂ ਸਿਫ਼ਾਰਸ਼ਾਂ, ਡੀਨ ਵਿਦਿਆਰਥੀ ਭਲਾਈ ਦੇ ਰਾਹੀਂ, ਪਰਵਾਨਗੀ ਲਈ ਵਾਈਸ ਚਾਂਸਲਰ ਨੂੰ ਭੇਜੇਗੀ :

1. ਡੀਨ, ਵਿਦਿਆਰਥੀ ਭਲਾਈ/ਪ੍ਰੋਵੋਸਟ, (ਚੇਅਰਮੈਨ),
2. ਡਾਇਰੈਕਟਰ, ਯੁਵਕ ਭਲਾਈ,
3. ਡਾਇਰੈਕਟਰ, ਖੇਡਾਂ, ਅਤੇ
4. ਵਾਈਸ ਚਾਂਸਲਰ ਦੁਆਰਾ ਨਾਮਜ਼ਦ ਇੱਕ ਵਿਅਕਤੀ।

(ਗ) ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀ, ਜਿਥੇ ਸਹਿਕਾਰੀ ਲੰਗਰ ਚਲਦਾ ਹੈ ਜਾਂ ਜਿਹੜੇ ਵਿਦਿਆਰਥੀ ਸਹਿਕਾਰੀ ਲੰਗਰ ਵਿੱਚ ਸ਼ਾਮਲ ਹੁੰਦੇ ਹਨ, ਲੰਗਰ ਦੇ ਬਿੱਲ ਵੱਜੋਂ ਮੁਕੱਰਰ ਪੇਸ਼ਗੀ ਅਦਾ ਕਰਨਗੇ। ਜਦੋਂ ਕੋਈ ਵਿਦਿਆਰਥੀ ਹੋਸਟਲ ਛੱਡ ਜਾਵੇ ਜਾਂ ਲੰਗਰ ਪੱਕੇ ਤੌਰ ਤੇ ਬੰਦ ਕਰ ਦਿੱਤਾ ਜਾਵੇ, ਤਾਂ ਉਹ ਰਕਮ ਵਾਪਸ/ਐਡਜਸਟ ਕੀਤੇ ਜਾਣ ਯੋਗ ਹੋਵੇਗੀ।

(ਘ) ਉਹ ਵਿਦਿਆਰਥੀ, ਜੋ ਸੈਸ਼ਨ ਦੇ ਪੂਰੇ ਹੋ ਜਾਣ ਤੇ ਸੰਬੰਧਤ ਅਥਾਰਿਟੀ ਦੀ ਪ੍ਰਵਾਨਗੀ ਲੈਣ ਉਪਰੰਤ, ਹੋਸਟਲ ਵਿੱਚ ਰਹਿੰਦੇ ਹਨ, ਕਮਰੇ ਦਾ ਕਿਰਾਇਆ ਅਤੇ ਹੋਰ ਮੁਕੱਰਰ ਚਾਰਜਿਜ਼ ਪ੍ਰਤੀ ਮਹੀਨਾ ਅਦਾ ਕਰਨਗੇ। ਇਹ ਚਾਰਜਿਜ਼ ਮਹੀਨੇ ਦੇ ਸ਼ੁਰੂ ਵਿੱਚ ਜਮ੍ਹਾਂ ਕਰਵਾਏ ਜਾਣਗੇ।

4. ਅਦਾਇਗੀ ਦਾ ਢੰਗ

(ੳ) ਟਿਊਸ਼ਨ ਫ਼ੀਸ ਅਤੇ ਹੋਸਟਲ ਚਾਰਜਿਜ਼ ਸਟੇਟ ਬੈਂਕ ਆਫ਼ ਪਟਿਆਲਾ, ਪੰਜਾਬੀ ਯੂਨੀਵਰਸਿਟੀ ਸ਼ਾਖਾ ਵਿਖੇ ਅਦਾ ਕੀਤੇ ਜਾਣਗੇ। ਦਾਖ਼ਲੇ ਲਈ ਚੁਣੇ ਗਏ ਵਿਦਿਆਰਥੀ ਟਿਊਸ਼ਨ ਫ਼ੀਸ ਪਰਚੀਆਂ ਸੰਬੰਧਤ ਵਿਭਾਗਾਂ ਤੋਂ ਅਤੇ ਹੋਸਟਲ ਚਾਰਜਿਜ਼ ਪਰਚੀਆਂ ਸੰਬੰਧਤ ਹੋਸਟਲ ਤੋ ਪ੍ਰਾਪਤ ਕਰਨਗੇ। ਐਨ.ਆਰ.ਆਈ/ਐਨ.ਆਰ.ਆਈ. ਸਪਾਂਸਰਡ/ਇੰਡਸਟਰੀ ਸਪਾਂਸਰਡ ਵਿਦਿਆਰਥੀਆਂ ਵੱਲੋਂ ਟਿਊਸ਼ਨ ਫ਼ੀਸ ਪ੍ਰਤੀ ਸਾਲ ਯੂ.ਐਸ. ਡਾਲਰ ਜਾਂ ਉਸ ਦੇ ਤੁੱਲ ਦੀ ਭਾਰਤੀ ਮੁਦਰਾ ਵਿੱਚ ਅਦਾ ਕੀਤੀ ਜਾਵੇਗੀ।

(ਅ) ਸ਼ਾਮ ਦੀਆਂ ਜਮਾਤਾਂ ਦੇ ਵਿਦਿਆਰਥੀ ਵੀ ਕੈਂਪਸ ਵਿਦਿਆਰਥੀਆਂ ਲਈ ਨਿਯਤ ਸਮਾਂ-ਸੂਚੀ ਅਨੁਸਾਰ, ਆਪਣੀਆਂ ਫ਼ੀਸਾਂ ਸਟੇਟ ਬੈਂਕ ਆਫ਼ ਪਟਿਆਲਾ, ਪੰਜਾਬੀ ਯੂਨੀਵਰਸਿਟੀ ਸ਼ਾਖਾ ਵਿਖੇ ਜਮ੍ਹਾਂ ਕਰਾਉਣਗੇ। ਇਸ ਪ੍ਰਯੋਜਨ ਲਈ ਦਿਨ ਦੇ ਵਿਦਿਆਰਥੀਆਂ ਅਤੇ ਸ਼ਾਮ ਦੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਫ਼ੀਸ ਪਰਚੀਆਂ ਆਪੋ-ਆਪਣੇ ਵਿਭਾਗਾਂ ਦੁਆਰਾ ਜਾਰੀ ਕੀਤੀਆਂ ਜਾਣਗੀਆਂ।

(ੲ) ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਫ਼ੀਸ ਜਮ੍ਹਾਂ ਕਰਾਉਣ ਲੱਗਿਆਂ ਅਦਾਇਗੀ ਦੀ ਪਹੁੰਚ-ਰਸੀਦ ਵਿੱਚ ਵਿਖਾਏ ਵੇਰਵਿਆਂ ਦੇ ਸਹੀ ਹੋਣ ਦੀ ਪੜਤਾਲ ਕਰ ਲੈਣ। ਜੇ ਰਸੀਦ ਵਿੱਚ ਸਹੀ ਅਤੇ ਮੁਕੰਮਲ ਵੇਰਵੇ ਨਾ ਦਿੱਤੇ ਹੋਣ ਕਾਰਨ ਫ਼ੀਸਾਂ ਦੀ ਐਡਜਸਟਮੈਂਟ ਗ਼ਲਤ ਹੋ ਜਾਵੇ ਤਾਂ ਇਸ ਲਈ ਉਹ ਜ਼ੁੰਮੇਵਾਰ ਹੋਵੇਗਾ।

(ਸ) ਦਾਖ਼ਲੇ ਲਈ ਚੁਣੇ ਗਏ ਵਿਦਿਆਰਥੀਆਂ ਦੇ ਨਾਂ ਜਮਾਤ ਦੇ ਰਜਿਸਟਰ ਵਿੱਚ, ਬਣਦੀਆਂ ਰਕਮਾਂ ਦੀ ਪੂਰੀ ਅਦਾਇਗੀ ਦੀ ਸੂਚਕ ਦੇ ਤੌਰ ਤੇ ਰਸੀਦਾਂ ਪੇਸ਼ ਕਰਨ ਤੇ, ਚੜ੍ਹਾਏ ਜਾਣਗੇ।

5. ਵਾਪਸੀਆਂ

(ੳ) ਜਦੋਂ ਕੋਈ ਵਿਦਿਆਰਥੀ ਵਾਈਸ-ਚਾਂਸਲਰ ਦੀ ਤਸੱਲੀ ਮੁਤਾਬਕ ਇਹ ਸ਼ਹਾਦਤ ਪੇਸ਼ ਕਰੇ ਕਿ ਉਹ ਗੰਭੀਰ ਬੀਮਾਰੀ ਕਾਰਨ ਕੋਰਸ ਵਿੱਚ ਬਿਲਕੁਲ ਹਾਜ਼ਰ ਨਹੀਂ ਹੋ ਸਕਿਆ ਤਾਂ ਟਿਊਸ਼ਨ ਫ਼ੀਸ ਵਾਪਸ ਕਰਨ ਦੀ ਇਜਾਜ਼ਤ ਦਿੱਤੀ ਜਾ ਸਕੇਗੀ : ਪਰੰਤੂ ਇਹ ਕਿ ਵਾਪਸੀ ਦਾ ਦਾਅਵਾ ਫ਼ੀਸ ਦੀ ਅਦਾਇਗੀ ਤੋਂ ਇੱਕ ਮਹੀਨੇ ਦੇ ਅੰਦਰ ਕੀਤਾ ਗਿਆ ਹੋਵੇ।

(ਅ) *ਜੇਕਰ ਕੋਈ ਵਿਦਿਆਰਥੀ ਕਿਸੇ ਕੋਰਸ ਵਿੱਚ ਦਾਖ਼ਲਾ ਲੈਣ ਉਪਰੰਤ ਕੋਰਸ ਸ਼ੁਰੂ ਹੋਣ ਤੋਂ ਪਹਿਲਾਂ ਆਪਣਾ ਨਾਂ ਵਾਪਸ ਲੈ ਲੈਂਦਾ ਹੈ, ਤਾਂ ਉਸ ਵਿਦਿਆਰਥੀ ਨੂੰ ਜਮ੍ਹਾਂ ਕਰਵਾਈ ਗਈ ਟਿਊਸ਼ਨ ਫ਼ੀਸ 1●●●/- ਰੁਪਏ ਤੋਂ ਨਾ ਵੱਧ ਪ੍ਰਾਸੈਸਿੰਗ ਫ਼ੀਸ ਕੱਟ ਕੇ, ਵਾਪਸ ਕਰ ਦਿੱਤੀ ਜਾਵੇਗੀ, ਪਰ ਇਸ ਸ਼ਰਤ ਦੇ ਤਾਬੇ ਸਬੰਧਤ ਵਿਭਾਗ ਦੇ ਮੁਖੀ ਵੱਲੋਂ ਇਹ ਤਸਦੀਕ ਕੀਤਾ ਜਾਵੇ ਕਿ ਵਿਦਿਆਰਥੀ ਵੱਲੋਂ ਖ਼ਾਲੀ ਕੀਤੀ ਗਈ ਸੀਟ ਭਰ ਲਈ ਗਈ ਹੈ। ਪਰ ਜਿਹੜਾ ਵਿਦਿਆਰਥੀ ਦਾਖ਼ਲਾ ਲੈ ਕੇ ਕੋਰਸ ਜਆਇਨ ਕਰਨ ਉਪਰੰਤ ਸੀਟ ਛੱਡ ਜਾਂਦਾ ਹੈ, ਅਤੇ ਖ਼ਾਲੀ ਕੀਤੀ ਸੀਟ ਬਾਅਦ ਵਿੱਚ ਦਾਖ਼ਲੇ ਦੀ ਅੰਤਿਮ ਮਿਤੀ ਤੱਕ ਭਰ ਲਈ ਜਾਂਦੀ ਹੈ, ਤਾਂ ਉਸ ਵਿਦਿਆਰਥੀ ਨੂੰ ਅਨੁਪਾਤਕ ਕਟੌਤੀਆਂ ਕਰਨ ਉਪਰੰਤ ਬਾਕੀ ਦੀ ਫ਼ੀਸ, ਜੇਕਰ ਕੋਈ ਹੋਵੇ ਤਾਂ, ਵਾਪਸ ਕਰ ਦਿੱਤੀ ਜਾਵੇਗੀ। ਉਹ ਵਿਦਿਆਰਥੀ ਜੋ ਦਾਖ਼ਲਾ ਖ਼ਤਮ ਹੋਣ ਅਰਥਾਤ ਦਾਖ਼ਲੇ ਦੀ ਅੰਤਿਮ ਮਿਤੀ ਤੋਂ ਬਾਅਦ ਕੋਰਸ ਛੱਡਦਾ ਹੈ, ਉਸ ਵਿਦਿਆਰਥੀ ਨੂੰ ਕੋਈ ਫ਼ੀਸ ਵਾਪਸ ਨਹੀਂ ਕੀਤੀ ਜਾਵੇਗੀ।

(ੲ) ਉਹ ਵਿਦਿਆਰਥੀ ਜੋ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਵਿਭਾਗ/ਸੈਂਟਰ/ ਕਾਲਜ/ਨੇਬਰਹੁੱਡ ਕੈਂਪਸ ਵਿੱਚ ਦਾਖ਼ਲਾ ਲੈਣ ਉਪਰੰਤ ਵਿਸ਼ਾ/ਕੋਰਸ/ ਕੈਟਾਗਰੀ/ਸੈਂਟਰ/ਕਾਲਜ/ਕੈਂਪਸ ਬਦਲੀ ਕਰਵਾਏਗਾ ਉਸਦੀ ਟਿਊਸ਼ਨ ਫ਼ੀਸ ਅਤੇ ਫ਼ੰਡ ਐਡਜਸਟ ਕਰ ਲਏ ਜਾਣਗੇ। ਐਪਰ, ਤਬਦੀਲ ਹੋਣ ਤੇ ਉਹ ਟਿਊਸ਼ਨ ਫ਼ੀਸ ਅਤੇ ਚੰਦਿਆਂ ਦਾ ਅੰਤਰ (ਜੇਕਰ ਕੋਈ ਹੋਵੇ) ਯੂਨੀਵਰਸਿਟੀ ਨੂੰ ਅਦਾ ਕਰੇਗਾ। ਜੇ ਕਿਸੇ ਵਿਦਿਆਰਥੀ ਦੀ ਫ਼ੀਸ ਐਡਜਸਟ ਕਰਨ ਉਪਰੰਤ ਕੁਝ ਰਕਮ ਬਾਕੀ ਬੱਚ ਜਾਂਦੀ ਹੈ ਤਾਂ ਉਹ ਅਗਲੀ ਕਲਾਸ/ਸਮੈਸਟਰ ਦੀ ਫ਼ੀਸ ਵਿੱਚ ਐਡਜਸਟ ਕਰ ਲਈ ਜਾਵੇਗੀ। ਜੇਕਰ ਅਜਿਹਾ ਵਿਦਿਆਰਥੀ ਪਹਿਲੇ ਸਮੈਸਟਰ ਜਾਂ ਸਾਲ ਦੌਰਾਨ ਪੜ੍ਹਾਈ ਛੱਡ ਜਾਂਦਾ ਹੈ ਤਾਂ ਅਤਿਰਿਕਤ ਬਾਕੀ ਰਕਮ, ਉਸ ਦੀ ਪਾਤਰਤਾ ਦੀ ਤਸਦੀਕ ਕਰਨ ਉਪਰੰਤ ਉਸਨੂੰ ਵਾਪਸ ਕਰ ਦਿੱਤੀ ਜਾਵੇਗੀ।

---

* ਸਿੰਡੀਕੇਟ 378 ਮਿਤੀ 18.1●.2●●7

(ਸ) ਉਹ ਵਿਦਿਆਰਥੀ ਜੋ ਦੋ ਕੋਰਸਾਂ ਦੀ ਫ਼ੀਸ ਜਮ੍ਹਾਂ ਕਰਵਾ ਦਿੰਦਾ ਹੈ, ਉਸ ਨੂੰ ਇੱਕ ਕੋਰਸ ਦੀ ਫ਼ੀਸ (ਫ਼ੰਡਾਂ ਆਦਿ ਸਮੇਤ) ਵਾਪਸ ਕਰ ਦਿੱਤੀ ਜਾਵੇਗੀ। ਫ਼ੀਸ ਵਾਪਸ ਲੈਣ ਲਈ ਉਹ ਵਿਭਾਗ ਦੇ ਮੁਖੀ ਰਾਹੀਂ ਦਰਖ਼ਾਸਤ ਦੇਵੇਗਾ। ਫ਼ੀਸ ਦੇ ਵੇਰਵੇ ਪਹਿਲੇ ਅਤੇ ਮੌਜੂਦਾ ਦੋਹਾਂ ਮੁਖੀਆਂ ਦੁਆਰਾ ਤਸਦੀਕ ਕੀਤੇ ਜਾਣਗੇ।

(ਹ) ਉਹ ਵਿਦਿਆਰਥੀ ਜੋ ਉਪਰਲੀ ਕਲਾਸ ਵਿੱਚ ਦਾਖ਼ ਲ ਹੋਣ ਉਪਰੰਤ ਹੇਠਲੀ ਕਲਾਸ ਦੀ ਪਰੀਖਿਆ ਪਾਸ ਨਹੀਂ ਕਰ ਸਕਦਾ, ਉਸ ਦੁਆਰਾ ਜਮ੍ਹਾਂ ਕਰਵਾਈ ਟਿਊਸ਼ਨ ਫ਼ੀਸ ਅਤੇ ਫ਼ੰਡ ਉਪਰਲੀ ਕਲਾਸ ਵਿੱਚ ਦਾਖ਼ਲ ਹੋਣ ਤੇ ਐਡਜਸਟ ਕੀਤੇ ਜਾਣਗੇ। ਜੇਕਰ ਟਿਊਸ਼ਨ ਫ਼ੀਸ ਅਤੇ ਫ਼ੰਡਾਂ ਵਿੱਚ ਕੋਈ ਵਾਧਾ ਹੋ ਜਾਂਦਾ ਹੈ, ਵਿਦਿਆਰਥੀ ਨੂੰ ਫ਼ਰਕ ਦੀ ਰਾਸ਼ੀ ਜਮ੍ਹਾਂ ਕਰਵਾਉਣੀ ਹੋਵੇਗੀ ਅਰਥਾਤ ਉਸਨੂੰ ਫ਼ੀਸ ਦੇ ਉਹ ਦਰ ਲਾਗੂ ਹੋਣਗੇ ਜੋ ਉਸ ਕਲਾਸ ਦੇ ਵਿਦਿਆਰਥੀਆਂ ਨੂੰ ਲਾਗੂ ਹੁੰਦੇ ਹਨ।

(ਕ) ਉਹ ਵਿਦਿਆਰਥੀ ਜੋ ਆਪਣੇ ਕੋਰਸ ਦੇ ਦੌਰਾਨ ਪੜ੍ਹਾਈ ਛੱਡ ਜਾਂਦਾ ਹੈ ਅਤੇ ਮੁੜ ਦਾਖ਼ਲਾ ਲੈਂਦਾ ਹੈ ਤਾਂ ਉਹ ਯੂਨੀਵਰਸਿਟੀ ਵ ੱਲੋਂ ਮੁਕੱਰਰ ਨਵੇਂ ਦਰਾਂ ਅਨੁਸਾਰ ਭਾਵ ਤਦ ਮੌਜੂਦਾ ਸੈਸ਼ਨ ਦੇ ਵਿਦਿਆਰਥੀਆਂ ਦੇ ਬਰਾਬਰ ਫ਼ੀਸ ਅਤੇ ਫ਼ੰਡ ਜਮ੍ਹਾਂ ਕਰਵਾਏਗਾ।

(ਖ) ਆਪਣੇ ਅਧਿਐਨ ਕੋਰਸ ਦੇ ਦੌਰਾਨ ਕਿਸੇ ਵਿਦਿਆਰਥੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਉਸ ਦੀ ਬਾਕੀ ਦੇ ਮਹੀਨਿਆਂ ਦੀ ਟਿਊਸ਼ਨ ਫ਼ੀਸ ਉਸ ਦੇ ਮਾਤਾ/ਪਿਤਾ ਜਾਂ ਉਸਦੇ ਪਤੀ/ਪਤਨੀ, ਜੋ ਵੀ ਸੂਰਤ ਹੋਵੇ, ਨੂੰ ਵਾਪਸ ਕਰ ਦਿੱਤੀ ਜਾਵੇਗੀ। ਇਹ ਅਦਾਇਗੀ ਮੌਤ ਦੀ ਤਰੀਕ ਤੋਂ ਦੋ ਮਹੀਨੇ ਦੇ ਅੰਦਰ ਮੌਤ ਦਾ ਸਰਟੀਫ਼ਿਕੇਟ ਅਤੇ ਹਲਫ਼ੀਆ ਬਿਆਨ ਪ੍ਰਾਪਤ ਹੋਣ ਤੇ ਹੀ ਕੀਤੀ ਜਾਵੇਗੀ।

(ਖਖ) *ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ/ਸੈਂਟਰਾਂ ਅਤੇ ਪੱਤਰ ਵਿਹਾਰ ਸਿੱਖਿਆ ਵਿਭਾਗ ਦੇ ਕਿਸੇ ਵਿਦਿਆਰਥੀ ਵੱਲੋਂ ਭਰਵਾਈ ਗਈ ਦਾਖ਼ਲਾ ਫ਼ੀਸ ਉਸ ਦੀ ਅਚਾਨਕ ਮੌਤ ਹੋਣ ਕਾਰਨ ਉਸ ਦੇ ਕਾਨੂੰਨੀ ਵਾਰਸ ਨੂੰ ਵਾਪਸ ਕਰਨ ਦੀ ਪਰਵਾਨਗੀ ਦੇਣ ਦਾ ਇਖ਼ਤਿਆਰ ਵਾਈਸ-ਚਾਂਸਲਰ ਨੂੰ ਹੋਵੇਗਾ।

(ਗ) ਉਸ ਵਿਦਿਆਰਥੀ ਦੀ ਸੂਰਤ ਵਿੱਚ ਜੋ ਪਹਿਲਾਂ ਫ਼ੀਸ ਜਮ੍ਹਾਂ ਕਰਵਾ ਦਿੰਦਾ ਹੈ ਪਰ ਬਾਅਦ ਵਿੱਚ ਉਸ ਦੀ ਅੱਧੀ/ਪੂਰੀ ਟਿਊਸ਼ਨ ਫ਼ੀਸ ਮਾਫ਼ ਹੋ ਜਾਂਦੀ ਹੈ ਉਸ ਵੱਲੋਂ ਜਮ੍ਹਾਂ ਕਰਵਾਈ, ਕੇਵਲ ਟਿਊਸ਼ਨ ਫ਼ੀਸ ਐਡਜਸਟ ਕੀਤੀ ਜਾਵੇਗੀ।

---

* ਸਿੰਡੀਕੇਟ ਮਿਤੀ 10.1.2003 (ਪੈਰਾ 51)

(ਘ) ਜੇਕਰ ਕੋਈ ਵਿਦਿਆਰਥੀ ਐਨ ਆਰ ਆਈ/ਐਨ ਆਰ ਆਈ ਸਪਾਂਸਰਡ/ ਇੰਡਸਟਰੀ ਸਪਾਂਸਰਡ ਵਰਗ ਅਧੀਨ ਦਾਖ਼ਲਾ ਲੈ ਲੈਣ ਉਪਰੰਤ ਉਸ ਹੀ ਜਾਂ ਕਿਸੇ ਹੋਰ ਕੋਰਸ ਵਿੱਚ ਜਨਰਲ ਵਰਗ ਅਧੀਨ ਦਾਖ਼ਲਾ ਲੈ ਲੈਂਦਾ ਹੈ, ਉਸ ਦੁਆਰਾ ਜਮ੍ਹਾਂ ਕਰਵਾਈ ਗਈ ਫ਼ੀਸ ਅਤੇ ਫ਼ੰਡ ਜਨਰਲ ਕੈਟਾਗਰੀ ਦੀ ਫ਼ੀਸ ਅਤੇ ਚੰਦਿਆਂ ਵਿਰੁੱਧ ਐਡਜਸਟ ਕਰ ਲਏ ਜਾਣਗੇ। ਬਾਕੀ ਦੀ ਰਕਮ, ਜੇਕਰ ਕੋਈ ਹੋਵੇ, ਉਸ ਨੂੰ ਵਾਪਸ ਕਰ ਦਿੱਤੀ ਜਾਵੇਗੀ। ਜਨਰਲ ਵਰਗ ਅਧੀਨ ਐਡਜਸਟਮੈਂਟ ਕਰਨ ਤੇ ਜੇ ਰਕਮ ਘਟਦੀ ਹੋਵੇ ਤਾਂ ਬਾਕੀ ਦੀ ਰਕਮ ਵਿਦਿਆਰਥੀ ਦੁਆਰਾ ਜਮ੍ਹਾਂ ਕਰਵਾਈ ਜਾਵੇਗੀ।

ਨੋਟ : (*i*) ਇਨ੍ਹਾਂ ਨਿਯਮਾਂ ਅਧੀਨ ਵਿਚਾਰੇ ਗਏ ਕੇਸਾਂ ਦੀ ਪਰਵਾਨਗੀ ਲਈ ਰਜਿਸਟਰਾਰ ਸ਼ਕਤਵਾਨ ਅਥਾਰਿਟੀ ਹੋਵੇਗਾ। ਜੇਕਰ ਕੋਈ ਕੇਸ ਇਨ੍ਹਾਂ ਨਿਯਮਾਂ ਦੇ ਘੇਰੇ ਵਿੱਚ ਨਾ ਆਉਂਦਾ ਹੋਵੇ ਤਾਂ ਉਨ੍ਹਾਂ ਕੇਸਾਂ ਵਿੱਚ, ਗਠਿਤ ਸਥਾਈ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ, ਨਿਰਨਾ ਲੈਣ ਦਾ ਇਖ਼ਤਿਆਰ ਵਾਈਸ-ਚਾਂਸਲਰ ਨੂੰ ਹੋਵੇਗਾ।

(*ii*) ਇਨ੍ਹਾਂ ਨਿਯਮਾਂ ਅਧੀਨ ਕੇਵਲ ਟਿਊਸ਼ਨ ਫ਼ੀਸ ਹੀ ਵਾਪਸ ਕੀਤੀ ਜਾਵੇਗੀ। ਇਹ ਨਿਯਮ ਐਨ ਆਰ ਆਈ/ਐਨ ਆਰ ਆਈ ਸਪਾਂਸਰਡ/ਇੰਡਸਟਰੀ ਸਪਾਂਸਰਡ ਵਰਗ ਦੇ ਵਿਦਿਆਰਥੀਆਂ ਨੂੰ ਵੀ ਲਾਗੂ ਹੋਣਗੇ।

6. ਪੱਤਰ-ਵਿਹਾਰ ਕੋਰਸਾਂ ਵਿਚ ਟਿਊਸ਼ਨ ਫ਼ੀਸ ਅਤੇ ਹੋਰ ਚਾਰਜਾਂ ਦੀ ਵਾਪਸੀ

ਦਰਖ਼ਾਸਤਕਾਰ ਦੁਆਰਾ ਆਪਣੇ ਦਾਖ਼ਲਾ ਫ਼ਾਰਮ ਦੇ ਨਾਲ ਭੇਜੀ ਗਈ ਜਾਂ ਬਾਅਦ ਵਿੱਚ ਅਦਾ ਕੀਤੀ ਗਈ ਟਿਊਸ਼ਨ ਫ਼ੀਸ ਅਤੇ ਹੋਰ ਚਾਰਜਾਂ ਦੀ ਰਕਮ ਵਾਪਸ ਨਹੀਂ ਕੀਤੀ ਜਾਵੇਗੀ, ਜੇ ;

(i) ਮੁਕੱਰਰ ਤਰੀਕ ਤੱਕ ਦਾਖ਼ਲਾ ਫ਼ੀਸ ਜਾਂ ਹੋਰ ਚਾਰਜ ਜਾਂ ਉਨ੍ਹਾਂ ਦੇ ਕਿਸੇ ਭਾਗ ਦੀ ਅਣ-ਅਦਾਇਗੀ ਕਾਰਨ ਦਰਖ਼ਾਸਤਕਾਰ ਦਾ ਦਾਖ਼ਲਾ ਅੰਤਿਮ ਨਾ ਹੋਇਆ ਹੋਵੇ ;

(ii) ਮੁਕੱਰਰ ਤਰੀਕ ਤੱਕ ਦਰਖ਼ਾਸਤਕਾਰ ਨੇ ਲੋੜੀਂਦੇ ਸਰਟੀਫ਼ਿਕੇਟ ਨਾ ਪੇਸ਼ ਕੀਤੇ ਹੋਣ ਜਾਂ ਉਸ ਦੁਆਰਾ ਦਿੱਤੇ ਗਏ ਸਰਟੀਫ਼ਿਕੇਟ ਬੋਗਸ ਜਾਂ ਜਾਲ੍ਹੀ ਦਸਤਾਵੇਜ਼ਾਂ ਪਾਈਆਂ ਗਈਆਂ ਹੋਣ;

(iii) ਵਿਦਿਆਰਥੀ ਸੈਸ਼ਨ ਦੇ ਵਿਚਾਲੇ ਪੜ੍ਹਾਈ ਛੱਡ ਗਿਆ ਹੋਵੇ।

7. ਛੋਟ

(ੳ) ਜੇ ਕਿਸੇ ਵਿਦਿਆਰਥੀ ਨੇ ਯੂਨੀਵਰਸਿਟੀ ਕੈਂਪਸ ਵਿਖੇ ਕਿਸੇ ਕੋਰਸ ਵਿੱਚ ਦਾਖ਼ਲਾ ਲਿਆ ਹੈ ਅਤੇ ਕਿਸੇ ਸਰਟੀਫ਼ਿਕੇਟ ਕੋਰਸ ਵਿੱਚ ਵੀ ਦਾਖ਼ਲਾ ਲਿਆ ਹੈ, ਤਾਂ ਉਸ ਤੋਂ ਇਹ ਨਹੀਂ ਲੋੜਿਆ ਜਾਵੇਗਾ ਕਿ ਉਹ ਹੇਠ-ਲਿਖੀਆਂ ਫ਼ੀਸਾਂ ਦੁਬਾਰਾ ਜਮ੍ਹਾਂ ਕਰਾਵੇ :-

i) ਰਜਿਸਟਰੀਕਰਨ ਫ਼ੀਸ,
ii) ਵਿਦਿਆਰਥੀ ਸੀਕਿਉਰਿਟੀ,
iii) ਲਾਇਬ੍ਰੇਰੀ ਸੀਕਿਉਰਿਟੀ,
iv) ਦੁਰਘਟਨਾ ਬੀਮਾ ਪਾਲਿਸੀ ਫ਼ੀਸ ਅਤੇ
v) ਬੱਸ ਪਾਸ।

ਨੋਟ : ਇਹ ਰਿਆਇਤ ਕੇਵਲ ਉਨ੍ਹਾਂ ਵਿਦਿਆਰਥੀਆਂ/ਸਕਾਲਰਾਂ/ਅਧਿਆਪਕਾਂ ਨੂੰ ਦਿੱਤੀ ਜਾਵੇਗੀ ਜੋ ਸੰਬੰਧਤ ਵਿਭਾਗ ਦੇ ਮੁਖੀ ਤੋਂ ਇਸ ਆਸ਼ੇ ਦਾ ਸਰਟੀਫ਼ਿਕੇਟ ਪੇਸ਼ ਕਰਨਗੇ ਕਿ ਉਹ ਉਸ ਵਿਭਾਗ ਦੇ ਬਾਕਾਇਦਾ ਵਿਦਿਆਰਥੀ/ਸਕਾਲਰ/ਅਧਿਆਪਕ ਹਨ।

(ਅ) ਪੰਜਾਬੀ ਆਨਰਜ਼ ਸਕੂਲ ਦੇ ਵਿਦਿਆਰਥੀਆਂ ਪਾਸੋਂ ਟੋਕਨ ਟਿਊਸ਼ਨ ਫ਼ੀਸ, ਜੋ ਮੁਕਰਰ ਕੀਤੀ ਜਾਵੇ, ਚਾਰਜ ਕੀਤੀ ਜਾਵੇਗੀ।

(ੲ) ਉਨ੍ਹਾਂ ਵਿਦਿਆਰਥੀਆਂ ਤੋਂ, ਜਿਨ੍ਹਾਂ ਨੇ ਬੀ.ਏ. ਆਨਰਜ਼ ਸਕੂਲ ਕੋਰਸ ਕਰਨ ਤੋਂ ਬਾਅਦ ਐਮ.ਏ. ਆਨਰਜ਼ ਸਕੂਲ ਵਿੱਚ ਦਾਖ਼ਲਾ ਲੈ ਲਿਆ ਹੈ, ਅਤੇ ਵਜ਼ੀਫ਼ਾ ਲੈ ਰਹੇ ਹਨ, ਮੁਕੱਰਰ ਟਿਊਸ਼ਨ ਫ਼ੀਸ ਚਾਰਜ ਕੀਤੀ ਜਾਵੇਗੀ।

(ਸ) ਖੋਜਾਰਥੀਆਂ ਤੋਂ, ਯੂਨੀਵਰਸਿਟੀ ਵਿਦਿਆਰਥੀਆਂ ਵਾਂਗ ਮੈਡੀਕਲ ਫ਼ੀਸ, ਮੁਕੱਰਰ ਦਰ ਤੇ ਚਾਰਜ ਕੀਤੀ ਜਾਵੇਗੀ।

(ਹ) ਜਿਹੜੇ ਵਿਦਿਆਰਥੀ ਐਮ.ਏ. ਭਾਗ-ਪਹਿਲਾ ਵਿੱਚ ਲਾਇਬ੍ਰੇਰੀ ਸੀਕਿਉਰਟੀ ਅਦਾ ਕਰ ਚੁੱਕੇ ਹਨ, ਉਨ੍ਹਾਂ ਨੂੰ ਇਹ ਫ਼ੀਸ ਦੂਜੀ ਵਾਰ ਅਦਾ ਕਰਨ ਦੀ ਲੋੜ ਨਹੀਂ, ਪਰ ਉਨ੍ਹਾਂ ਨੂੰ ਲਾਇਬ੍ਰੇਰੀ ਸੇਵਾ ਬਾਬਤ ਮੁਕੱਰਰ ਫ਼ੀਸ ਅਦਾ ਕਰਨੀ ਪਵੇਗੀ।

8. ਦਾਨ

ਦਾਖ਼ਲੇ ਦੇ ਸਮੇਂ ਅਤੇ ਉਨ੍ਹਾਂ ਦੇ ਕਾਲਜ ਦੇ ਵਿਦਿਆਰਥੀ ਹੋਣ ਦੇ ਦੌਰਾਨ ਵੀ ਵਿਦਿਆਰਥੀਆਂ ਤੋਂ ਕੋਈ ਦਾਨ ਨਹੀਂ ਲਿਆ ਜਾਵੇਗਾ। ਪੁਰਾਣੇ ਵਿਦਿਆਰਥੀਆਂ ਤੋਂ, ਉਨ੍ਹਾਂ ਦੇ ਕਾਲਜ ਛੱਡ ਜਾਣ ਤੋਂ ਇੱਕ ਸਾਲ ਬਾਅਦ ਹੀ ਦਾਨ ਸਵੀਕਾਰ ਕੀਤਾ ਜਾ ਸਕੇਗਾ।

ਅਧਿਆਏ-II

## ਪਰੀਖਿਆ ਫ਼ੀਸ ਦੀ ਮਾਫ਼ੀ/ਵਾਪਸੀ ਅਤੇ ਛੋਟ

1. (ੳ) ਲੋਪ ਕੀਤਾ ਗਿਆ*

(ਅ) ਵਾਈਸ-ਚਾਂਸਲਰ, ਕੇਸ ਦੇ ਹਾਲਾਤ ਤੇ ਵਿਚਾਰ ਕਰਨ ਉਪਰੰਤ ਅਤਿਰਿਕਤ ਲੇਟ ਫ਼ੀਸ, ਜਾਂ ਲੇਟ ਫ਼ੀਸ ਅਤੇ ਨਾਲੇ ਅਤਿਰਿਕਤ ਲੇਟ ਫ਼ੀਸ ਮਾਫ਼ ਕਰਨ ਦੀ ਮਨਜ਼ੂਰੀ ਦੇ ਸਕੇਗਾ।

(ੲ) ਲੇਟ ਫ਼ੀਸ/ਅਤਿਰਿਕਤ ਲੇਟ ਫ਼ੀਸ ਦਾ ਲੇਖਾ ਲਾਉਣ ਦੇ ਪ੍ਰਯੋਜਨ ਲਈ ਉਮੀਦਵਾਰ ਦੁਆਰਾ ਫ਼ਾਰਮ ਅਤੇ ਫ਼ੀਸ (ਬੈਂਕ ਡਰਾਫ਼ਟ ਰਾਹੀਂ) ਡਾਕਖ਼ਾਨੇ ਤੋਂ ਰਜਿਸਟਰੀ ਕਰਾਉਣ ਦੀ ਤਰੀਕ, ਯੂਨੀਵਰਸਿਟੀ ਵਿੱਚ ਉਸ ਦੇ ਮਿਲਣ ਦੀ ਤਰੀਕ ਸਮਝੀ ਜਾਵੇਗੀ।

2. (ੳ) ਜਿਨ੍ਹਾਂ ਉਮੀਦਵਾਰਾਂ ਦਾ ਨਤੀਜਾ ਯੂਨੀਵਰਸਿਟੀ ਦਫ਼ਤਰ ਨੂੰ ਫ਼ਾਰਮ ਅਤੇ ਫ਼ੀਸਾਂ ਭੇਜਣ ਲਈ ਨਿਯਤ ਕੀਤੀ ਆਖ਼ਰੀ ਤਰੀਕ ਦੇ ਗੁਜ਼ਰਨ ਤੋਂ ਪਿਛੋਂ ਐਲਾਨਿਆ ਜਾਵੇ, ਉਨ੍ਹਾਂ ਦੇ ਦਾਖ਼ਲਾ ਫ਼ਾਰਮ ਅਤੇ ਫ਼ੀਸਾਂ, (ਨਤੀਜੇ ਦੇ ਪ੍ਰਕਾਸ਼ਨ ਦੀ ਤਰੀਕ ਸ਼ਾਮਲ ਕਰਕੇ), 15 ਦਿਨਾਂ ਦੇ ਅੰਦਰ ਲੇਟ ਫ਼ੀਸ/ਅਤਿਰਿਕਤ ਲੇਟ ਫ਼ੀਸ ਤੋਂ ਬਿਨਾਂ ਸਵੀਕਾਰ ਕੀਤੀਆਂ ਜਾਣਗੀਆਂ :

ਪਰੰਤੂ ਇਹ ਕਿ ਪੱਤਰ-ਵਿਹਾਰ ਸਿੱਖਿਆ ਵਿਭਾਗ ਦੇ ਕੋਰਸਾਂ ਦੇ ਅਜਿਹੇ ਉਮੀਦਵਾਰਾਂ, ਜਿਨ੍ਹਾਂ ਦਾ ਨਤੀਜਾ ਯੂਨੀਵਰਸਿਟੀ ਦਫ਼ਤਰ ਨੂੰ ਫ਼ਾਰਮ ਅਤੇ ਫ਼ੀਸ ਪੇਸ਼ ਕਰਨ ਲਈ ਨਿਯਤ ਆਖ਼ਰੀ ਤਰੀਕ ਦੇ ਗੁਜ਼ਰਨ ਤੋਂ ਪਿਛੋਂ ਐਲਾਨ ਕੀਤਾ ਜਾਵੇ, ਦੇ ਦਾਖ਼ਲਾ ਫ਼ਾਰਮ ਅਤੇ ਫ਼ੀਸ, ਲੇਟ ਫ਼ੀਸ/ਅਤਿਰਿਕਤ ਲੇਟ ਫ਼ੀਸ ਤੋਂ ਬਿਨਾਂ, ਉਨ੍ਹਾਂ ਦਾ ਨਤੀਜਾ ਐਲਾਨੇ ਜਾਣ ਦੀ ਤਰੀਕ ਸ਼ਾਮਲ ਕਰਕੇ 21 ਦਿਨਾਂ ਦੇ ਅੰਦਰ, ਸਵੀਕਾਰ ਕੀਤੀ ਜਾਵੇਗੀ। ਵਿਦੇਸ਼ ਰਹਿ ਰਹੇ ਵਿਦਿਆਰਥੀਆਂ, ਜਿਨ੍ਹਾਂ ਦੇ ਪਰੀਖਿਆ ਕੇਂਦਰ ਭਾਰਤ ਤੋਂ ਬਾਹਰ ਸਥਾਪਿਤ ਕੀਤੇ ਜਾਣੇ ਹੋਣ, ਉਨ੍ਹਾਂ ਦੀ ਸੂਰਤ ਵਿੱਚ ਸਮੇਂ ਦੀ ਇਹ ਸੀਮਾ 42 ਦਿਨ ਹੋਵੇਗੀ।

---

* ਸਿੰਡੀਕੇਟ ਮਿਤੀ 10.6.1994 ਦੁਆਰਾ ਔਰਡੀਨੈਂਸ ਨੰ: 1 ਦਾ (ੳ) ਲੋਪ ਕੀਤਾ ਗਿਆ; 1 (ੲ), 2(i) ਵਿੱਚ ਰੂਪ-ਭੇਦ ਕੀਤਾ ਗਿਆ 2(ii) ਲੋਪ ਕੀਤਾ ਗਿਆ; 3 ਵਿੱਚ ਰੂਪ-ਭੇਦ ਕੀਤਾ ਗਿਆ; ਔਰਡਿਨੈਂਸ 4 (i) ਤੋਂ (vii) ਤੱਕ ਦੀ ਥਾਵੇਂ ਨਵਾਂ ਔਰਡੀਨੈਂਸ 4 ਰੱਖਿਆ ਗਿਆ ਅਤੇ ਔਰਡਿਨੈਂਸ 7 ਜੋੜਿਆ ਗਿਆ।

(ਅ) ਲੋਪ ਕੀਤਾ ਗਿਆ।

(ੲ) ਜਿਨ੍ਹਾਂ ਉਮੀਦਵਾਰਾਂ ਦੇ ਪੁਨਰ–ਮੁਲਾਂਕਣ ਦਾ ਨਤੀਜਾ, ਫ਼ਾਰਮ ਅਤੇ ਫ਼ੀਸਾਂ ਭੇਜਣ ਲਈ ਨਿਯਤ ਕੀਤੀ ਆਖ਼ਰੀ ਤਰੀਕ ਦੇ ਗੁਜ਼ਰ ਜਾਣ ਪਿਛੋਂ ਐਲਾਨ ਕੀਤਾ ਜਾਵੇ ਉਨ੍ਹਾਂ ਦੇ ਦਾਖ਼ਲਾ ਫ਼ਾਰਮ ਅਤੇ ਫ਼ੀਸਾਂ, ਉਨ੍ਹਾਂ ਦੇ ਪੁਨਰ ਮੁਲਾਂਕਣ ਦੇ ਨਤੀਜੇ ਦਾ ਐਲਾਨ ਕੀਤੇ ਜਾਣ ਦੀ ਤਰੀਕ ਸ਼ਾਮਲ ਕਰਕੇ, 1● ਦਿਨਾਂ ਦੇ ਅੰਦਰ ਲੇਟ ਫ਼ੀਸ /ਅਤਿਰਿਕਤ ਲੇਟ ਫ਼ੀਸ ਤੋਂ ਬਿਨਾਂ ਸਵੀਕਾਰ ਕੀਤੀਆਂ ਜਾਣਗੀਆਂ।

3. ਜਿਨ੍ਹਾਂ ਉਮੀਦਵਾਰਾਂ ਨੇ ਘੱਟ ਫ਼ੀਸ ਭਰੀ ਹੋਵੇ/ਲੇਟ ਫ਼ੀਸ ਅਦਾ ਨਾ ਕੀਤੀ ਹੋਵੇ, ਉਹ ਲੋੜੀਂਦੀ ਫ਼ੀਸ ਦੀ ਬਾਕੀ ਫ਼ੀਸ/ਲੇਟ ਫ਼ੀਸ ਭਰਨ ਸਮੇਂ, ਅਨੁਸੂਚੀ ਅਨੁਸਾਰ, ਤਰੁੱਟੀ ਫ਼ੀਸ ਭਰਨ ਦੇ ਭਾਗੀ ਹੋਣਗੇ।

4. ਕੋਈ ਅਜਿਹਾ ਉਮੀਦਵਾਰ ਜੋ ਪਰੀਖਿਆ ਲਈ ਆਪਣੇ ਆਪ ਨੂੰ ਪੇਸ਼ ਨਹੀਂ ਕਰਦਾ ਜਾਂ ਪਰੀਖਿਆ ਵਿੱਚ ਬੈਠਣ ਦਾ ਅਪਾਤਰ ਐਲਾਨਿਆ ਜਾਂਦਾ ਹੈ ਜਾਂ ਕਿਸੇ ਹਾਲਾਤ ਅਧੀਨ ਪਰੀਖਿਆ ਵਿੱਚ ਨਾ ਬੈਠ ਸਕੇ, ਉਸ ਵੱਲੋਂ ਇੱਕ ਵਾਰ ਜਮ੍ਹਾਂ ਕਰਾਈ ਪਰੀਖਿਆ ਫ਼ੀਸ/ਲੇਟ ਫ਼ੀਸ/ਅਤਿਰਿਕਤ ਲੇਟ ਫ਼ੀਸ ਨਾ ਤਾਂ ਵਾਪਸ ਕੀਤੀ ਜਾਵੇਗੀ ਅਤੇ ਨਾ ਹੀ ਕਿਸੇ ਉੱਤਰ–ਵਰਤੀ ਪਰੀਖਿਆ ਲਈ ਅਗੇ ਲਿਜਾਈ ਜਾਵੇਗੀ :
ਪਰੰਤੂ ਜੇ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਦੀ ਮੌਤ ਹੋ ਜਾਂਦੀ ਹੈ, ਤਾਂ ਪਰੀਖਿਆ ਫ਼ੀਸ ਉਸ ਦੇ ਕਾਨੂੰਨੀ ਵਾਰਸਾਂ ਨੂੰ ਵਾਪਸ ਕੀਤੀ ਜਾ ਸਕੇਗੀ।

5. ਜੇ ਕਿਸੇ ਉਮੀਦਵਾਰ ਨੂੰ ਪਰੀਖਿਆ ਦੇਣ ਲਈ ਦਿੱਤੀ ਗਈ ਇਜਾਜ਼ਤ ਉਸ ਦੁਆਰਾ ਤੱਥਾਂ ਦੀ ਗ਼ਲਤ–ਬਿਆਨੀ ਜਾਂ ਅਹਿਮ ਤੱਥ ਲੁਕਾਉਣ ਜਾਂ ਉਸ ਦੇ ਪਰੀਖਿਆ ਲਈ ਦਾਖ਼ਲਾ ਫ਼ਾਰਮ ਵਿੱਚ ਸੁਸੰਗਤ ਸੂਚਨਾ ਦੀ ਅਣਹੋਂਦ ਦੇ ਪਰਿਣਾਮ ਸਰੂਪ, ਰੱਦ ਕਰ ਦਿੱਤੀ ਜਾਂਦੀ ਹੈ ਤਾਂ ਉਹ ਉਸ ਦੁਆਰਾ ਅਦਾ ਕੀਤੀ ਗਈ ਪਰੀਖਿਆ ਫ਼ੀਸ ਦੀ ਵਾਪਸੀ ਦਾ ਹੱਕਦਾਰ ਨਹੀਂ ਹੋਵੇਗਾ।

6. ਸਥਾਈ ਤੌਰ ਤੇ ਅਪਾਹਜ ਉਮੀਦਵਾਰ ਪਰੀਖਿਆ ਫ਼ੀਸ ਅਦਾ ਕਰਨ ਤੋਂ ਛੋਟ ਪ੍ਰਾਪਤ ਹਨ, ਪਰ ਸ਼ਰਤ ਇਹ ਹੈ ਕਿ ਉਨ੍ਹਾਂ ਨੂੰ ਆਪਣੇ ਜ਼ਿਲ੍ਹੇ ਦੇ ਸਿਵਲ ਸਰਜਨ ਤੋਂ ਨਾ–ਕਾਰਗੀ ਸਰਟੀਫ਼ਿਕੇਟ ਪੇਸ਼ ਕਰਨਾ ਪਵੇਗਾ।

7. ਨਾ ਮੁਕੰਮਲ ਦਾਖ਼ਲਾ ਫ਼ਾਰਮ, ਜਾਂ ਲੋੜੀਂਦੀ ਫ਼ੀਸ/ਲੇਟ ਫ਼ੀਸ ਨਾ ਭਰਨ/ਘੱਟ ਫ਼ੀਸ ਭਰਨ ਕਾਰਨ, ਦੂਜੀਆਂ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀ ਹੇਠਲੀ ਪਰੀਖਿਆ ਦੇ ਅਸਲ ਦਸਤਾਵੇਜ਼/ਮਾਈਗਰੇਸ਼ਨ ਸਰਟੀਫ਼ਿਕੇਟ ਦਾਖ਼ਲਾ ਫ਼ਾਰਮ ਨਾਲ ਨਾ ਭੇਜਣ ਕਾਰਨ ਮੁਕੱਰਰ ਤਰੁੱਟੀ ਫ਼ੀਸ ਲਈ ਜਾਵੇਗੀ। ਇਹ ਕਮੀ ਪਰੀਖਿਆ ਸ਼ੁਰੂ ਹੋਣ ਤੋਂ 21 ਦਿਨ ਪਹਿਲਾਂ ਦੂਰ ਕਰਾਉਣੀ ਹੋਵੇਗੀ।

8. ਸਥਾਈ ਤੌਰ ਤੇ ਅਪਾਹਜ ਉਮੀਦਵਾਰ ਤੋਂ ਵੱਖ–ਵੱਖ ਪਰੀਖਿਆਵਾਂ ਵਿੱਚ ਬੈਠਣ ਲਈ ਵਿਸ਼ੇਸ਼ ਮੌਕਾ ਦਿੱਤੇ ਜਾਣ ਲਈ ਮੁਕੱਰਰ ਫ਼ੀਸ ਤੋਂ ਅੱਧੀ ਫ਼ੀਸ ਲਈ ਜਾਵੇਗੀ।

9. ਜਿਹੜੇ ਉਮੀਦਵਾਰ ਮੁੜ-ਪਰੀਖਿਆ ਨਤੀਜੇ ਦੇ ਆਧਾਰ ਤੇ ਅਗਲੇ ਸੈਸ਼ਨ ਵਿੱਚ ਮੁੜ-ਪਰੀਖਿਆ ਲਈ ਫ਼ਾਰਮ/ਫ਼ੀਸ ਭਰਦੇ ਹਨ ਅਤੇ ਨਾਲ ਦੀ ਨਾਲ ਹੀ ਪੁਨਰ-ਮੁਲਾਂਕਣ ਲਈ ਵੀ ਦਰਖ਼ਾਸਤ ਦਿੰਦੇ ਹਨ, ਅਤੇ ਪੁਨਰ-ਮੁਲਾਂਕਣ ਦੇ ਨਤੀਜੇ ਦੇ ਆਧਾਰ ਤੇ ਉਹ ਪਰੀਖਿਆ ਵਿੱਚ ਸਫਲ ਹੋ ਜਾਂਦੇ ਹਨ ਤਾਂ ਉਨ੍ਹਾਂ ਵੱਲੋਂ ਉਸ ਜਮਾਤ ਬਾਬਤ ਜਮ੍ਹਾਂ ਕਰਵਾਈ ਅਗਲੀ ਮੁੜ-ਪਰੀਖਿਆ ਫ਼ੀਸ ਦਾ 9੦% ਹਿੱਸਾ, ਚੀਫ਼-ਕੋਆਰਡੀਨੇਟਰ (ਪਰੀਖਿਆਵਾਂ) ਦੀ ਇਜਾਜ਼ਤ ਨਾਲ ਵਾਪਸ ਕਰ ਦਿੱਤਾ ਜਾਵੇਗਾ :

ਪਰੰਤੂ ਜਿਨ੍ਹਾਂ ਕੇਸਾਂ ਵਿੱਚ ਵਿਦਿਆਰਥੀ ਗ਼ਲਤੀ ਨਾਲ ਮੁਕੱਰਰ ਤੋਂ ਜ਼ਿਆਦਾ ਪਰੀਖਿਆ ਫ਼ੀਸ/ਜਰਮਾਨਾ ਜਮ੍ਹਾਂ ਕਰਵਾ ਦਿੰਦੇ ਹਨ, ਉਨ੍ਹਾਂ ਵਿੱਚ ਫ਼ੀਸ ਵਾਪਸੀ ਦਾ ਅਜਿਹਾ ਲਾਭ ਨਹੀਂ ਦਿੱਤਾ ਜਾਵੇਗਾ।

1੦. ਐਮ.ਫ਼ਿਲ. ਕੋਰਸ ਦੇ ਵਿਦਿਆਰਥੀਆਂ ਨੂੰ ਫ਼ੀਸ ਦੀ ਰਿਆਇਤ ਦੇਣ ਲਈ ਉਨ੍ਹਾਂ ਹੀ ਨਿਯਮਾਂ ਦੀ ਪੈਰਵੀ ਕੀਤੀ ਜਾਵੇਗੀ ਜੋ ਐਮ.ਏ./ਐਮ.ਐਸ-ਸੀ. ਵਿਦਿਆਰਥੀਆਂ ਨੂੰ ਲਾਗੂ ਹੁੰਦੇ ਹਨ ਅਤੇ ਫ਼ੀਸ ਵਿੱਚ ਰਿਆਇਤ ਕੇਵਲ ਹੱਕੀ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਹੀ ਦਿੱਤੀ ਜਾਵੇਗੀ।

11. (ੳ) *ਜੇਕਰ ਕੋਈ ਵਿਦਿਆਰਥੀ ਕਿਸੇ ਪਰੀਖਿਆ ਲਈ ਪਰੀਖਿਆ ਫ਼ੀਸ (ਦਾਖ਼ਲਾ ਫ਼ੀਸ ਨੂੰ ਛੱਡ ਕੇ) ਜਾਂ ਪਰੀਖਿਆ ਨਾਲ ਸੰਬੰਧਤ ਕਿਸੇ ਹੋਰ ਪ੍ਰਯੋਜਨ ਲਈ ਫੁਟਕਲ ਫ਼ੀਸ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾਉਂਦਾ ਹੈ ਤੇ ਯੂਨੀਵਰਸਿਟੀ ਉਸ ਨੂੰ ਲੋੜੀਂਦੀ ਸਰਵਿਸ ਮੁਹਈਆ ਕਰਨ ਤੋਂ ਅਸਮਰਥ ਰਹਿੰਦੀ ਹੈ ਤਾਂ ਅਜਿਹੇ ਕੇਸਾਂ ਵਿੱਚ ਚੀਫ਼ ਕੁਆਰਡੀਨੇਟਰ, ਪਰੀਖਿਆਵਾਂ ਦੁਆਰਾ ਕੇਸ ਦੀ ਉਚਿਤਤਾ ਨੂੰ ਜਾਂਚਣ ਉਪਰੰਤ, ਜਮ੍ਹਾਂ ਕਰਵਾਈ ਫ਼ੀਸ (ਦਾਖ਼ਲਾ ਫ਼ੀਸ ਨੂੰ ਛੱਡ ਕੇ) ਦਾ 9੦% ਹਿੱਸਾ ਰੀਫ਼ੰਡ ਕਰਨ ਦੇ ਆਦੇਸ਼ ਦਿੱਤੇ ਜਾ ਸਕਣਗੇ।

(ਅ) ਪਰੀਖਿਆਵਾਂ ਨਾਲ ਸੰਬੰਧਤ ਕਿਸੇ ਵੀ ਪ੍ਰਯੋਜਨ ਲਈ ਮੁਕੱਰਰ ਫੁਟਕਲ ਫ਼ੀਸ/ਚਾਰਜਿਜ਼ ਤੋਂ ਵੱਧ ਜਮ੍ਹਾਂ ਕਰਵਾਈ ਰਕਮ ਵੀ ਇਸੇ ਵਿਧੀ ਨਾਲ ਸੰਬੰਧਤ ਵਿਦਿਆਰਥੀ ਨੂੰ ਵਾਪਸ ਕੀਤੀ ਜਾ ਸਕੇਗੀ, ਬਸ਼ਰਤੇ ਕਿ ਉਸ ਸੰਬੰਧਤ ਪ੍ਰਯੋਜਨ ਲਈ ਵਾਪਸ ਕੀਤੀ ਜਾਣ ਵਾਲੀ ਰਕਮ 1੦੦/- ਰੁ. ਤੋਂ ਵੱਧ ਬਣਦੀ ਹੋਵੇ।

---

* ਸਿੰਡੀਕੇਟ ਮਿਤੀ 29.3.2੦੦7 (ਪੈਰਾ 53.55)

## ਅਧਿਆਏ-III
# ਫ਼ੀਸਾਂ ਵਿੱਚ ਰਿਆਇਤਾਂ

1. ਕੁੱਲ ਗਿਣਤੀ ਦੇ ਵਿਦਿਆਰਥੀਆਂ ਵਿੱਚੋਂ ਲੋੜਵੰਦ ਅਤੇ ਹੱਕਦਾਰ ਪਾਏ ਜਾਣ ਵਾਲੇ 8% ਵਿਦਿਆਰਥੀਆਂ ਨੂੰ ਪੂਰੀ ਫ਼ੀਸ ਮਾਫ਼ੀ ਦਾ ਲਾਭ ਦਿੱਤਾ ਜਾ ਸਕੇਗਾ। ਇਸ ਤੋਂ ਇਲਾਵਾ ਅਨੁਸੂਚਿਤ ਜਾਤਾਂ/ਅਨੁਸੂਚਿਤ ਕਬੀਲੇ ਅਤੇ ਪਛੜੀਆਂ ਸ਼੍ਰੇਣੀਆਂ ਦੇ 2% ਵਿਦਿਆਰਥੀਆਂ ਨੂੰ ਵੀ ਪੂਰੀ ਫ਼ੀਸ ਮਾਫ਼ੀ ਦਾ ਲਾਭ ਦਿੱਤਾ ਜਾ ਸਕੇਗਾ। 2% ਤੋਂ ਅਧਿਕ ਅਨੁਸੂਚਿਤ ਜਾਤਾਂ ਦੇ ਵਿਦਿਆਰਥੀ ਸਟੇਟ ਹਰੀਜਨ ਵੈਲਫ਼ੇਅਰ ਸਕੀਮ ਦੇ ਅਧੀਨ ਟਿਊਸ਼ਨ ਫ਼ੀਸ ਅਦਾਇਗੀ ਤੋਂ ਛੋਟ -ਪ੍ਰਾਪਤ ਹਨ।

2 (i) ਯੂਨੀਵਰਸਿਟੀ ਦੇ ਜਿਨ੍ਹਾਂ ਕਰਮਚਾਰੀਆਂ ਨੂੰ ਯੂਨੀਵਰਸਿਟੀ ਦੀਆਂ ਜਮਾਤਾਂ, ਪੱਤਰ-ਵਿਹਾਰ ਕੋਰਸਾਂ ਦੀ ਡਾਇਰੈਕਟੋਰੇਟ/ਕਾਰੋਬਾਰ ਪ੍ਰਬੰਧ ਵਿਭਾਗ ਦੁਆਰਾ ਚਲਾਏ ਜਾਂਦੇ ਪੱਤਰ-ਵਿਹਾਰ ਕੋਰਸਾਂ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ।

(ii) ਯੂਨੀਵਰਸਿਟੀ ਦੇ ਕਰਮਚਾਰੀ ਲਾਇਬ੍ਰੇਰੀ ਸੀਕਿਉਰਿਟੀ, ਮੈਡੀਕਲ ਫ਼ੰਡ ਅਤੇ ਲਾਇਬ੍ਰੇਰੀ ਮੈਂਬਰਸ਼ਿਪ ਫ਼ੀਸ ਅਦਾ ਕਰਨ ਤੋਂ ਛੋਟ ਪ੍ਰਾਪਤ ਹਨ।

3. ਯੂਨੀਵਰਸਿਟੀ ਵਿਭਾਗਾਂ/ਕਾਲਜਾਂ ਵਿੱਚ ਪੜ੍ਹ ਰਹੇ ਯੂਨੀਵਰਸਿਟੀ ਕਰਮਚਾਰੀਆਂ ਦੇ ਪੁੱਤਰਾਂ/ਧੀਆਂ/ਪ੍ਰਤਿਪਾਲਤਾਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਹੇਠ-ਲਿਖੇ ਅਨੁਸਾਰ ਮੁੱਢਲੇ ਵੇਤਨ ਦੇ ਆਧਾਰ ਤੇ ਛੋਟ ਦਿੱਤੀ ਜਾਵੇਗੀ :-

| | |
|---|---|
| 66●●/- ਰੁਪਏ ਪ੍ਰਤੀ ਮਹੀਨਾ ਤੱਕ ਲੈਣ ਵਾਲੇ ਕਰਮਚਾਰੀ | ਪੂਰੀ ਫ਼ੀਸ ਮਾਫ਼ |
| ਅਜਿਹੇ ਕਰਮਚਾਰੀ ਜੋ 66●●/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਲੈ ਰਹੇ ਹੋਣ ਪਰ 722●/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਲੈ ਰਹੇ ਹੋਣ | ਅੱਧੀ ਫ਼ੀਸ ਮਾਫ਼ |

ਉਪਰੋਕਤ ਰਿਆਇਤ ਉਨ੍ਹਾਂ ਕਰਮਚਾਰੀਆਂ ਨੂੰ ਵੀ ਦਿੱਤੀ ਜਾਵੇਗੀ ਜੋ ਪੰਜਾਬ ਸਰਕਾਰ ਤੋਂ ਡੈਪੂਟੇਸ਼ਨ ਤੇ ਆਏ ਹੋਏ ਹਨ :

ਪਰੰਤੂ ਇਹ ਕਿ ਇਹ ਰਿਆਇਤ ਦਿੱਤੇ ਜਾਣ ਵਿੱਚ ਸਰਕਾਰ ਨੂੰ ਕੋਈ ਇਤਰਾਜ਼ ਨਾ ਹੋਵੇ।*

---

* ਸਿੰਡੀਕੇਟ ਮਿਤੀ 1.1.2●●4 (ਪੈਰਾ 11.3)

ਨੋਟ : ਮਾਤਾ ਅਤੇ ਪਿਤਾ ਦੋਹਾਂ ਦੇ ਯੂਨੀਵਰਸਿਟੀ ਕਰਮਚਾਰੀ ਹੋਣ ਦੀ ਸੂਰਤ ਵਿੱਚ, ਵਿਦਿਆਰਥੀ ਦੋਹਾਂ ਵਿੱਚੋਂ ਕਿਸੇ ਵੀ ਇੱਕ ਦਾ ਲਾਭ ਲੈ ਸਕਦਾ ਹੈ।

4. (ੳ) ਇੱਕੋ ਮਾਂ ਪਿਉ ਦੇ ਦੋ ਜਾਂ ਵੱਧ ਬੱਚਿਆਂ ਵਿੱਚੋਂ ਅੱਧੀ ਟਿਊਸ਼ਨ ਫ਼ੀਸ ਮਾਫ਼ੀ ਦਾ ਲਾਭ ਉਸ ਬੱਚੇ ਨੂੰ ਦਿੱਤਾ ਜਾਵੇਗਾ ਜਿਸ ਦੇ ਕੋਰਸ ਦੀ ਫ਼ੀਸ, ਫ਼ੰਡਾਂ ਸਮੇਤ, ਦੂਜੇ ਬੱਚੇ/ਬੱਚਿਆਂ ਨਾਲੋਂ ਘੱਟ ਹੋਵੇ।

   (ਅ) ਜਿਸ ਬੱਚੇ ਦੀ ਸ਼ਾਦੀ ਹੋਈ ਹੋਵੇ ਉਸ ਨੂੰ ਅੱਧੀ ਫ਼ੀਸ ਮਾਫ਼ੀ ਦਾ ਲਾਭ ਨਹੀਂ ਦਿੱਤਾ ਜਾਵੇਗਾ ਕਿਉਂਕਿ ਸ਼ਾਦੀ-ਸ਼ੁਦਾ ਬੱਚੇ ਨੂੰ ਮਾਪਿਆਂ ਤੇ ਆਸਰਿਤ ਨਹੀਂ ਮੰਨਿਆ ਜਾ ਸਕਦਾ।

   (ੲ) ਯੂਨੀਵਰਸਿਟੀ ਕਰਮਚਾਰੀਆਂ ਦੇ ਉਹ ਪੁੱਤਰ/ਧੀਆਂ ਜੋ ਆਪ ਨੌਕਰੀ ਵਿੱਚ ਹਨ ਫ਼ੀਸ ਦੀ ਮਾਫ਼ੀ ਦੇ ਹੱਕਦਾਰ ਨਹੀ ਹੋਣਗੇ।*

5. ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕਾਲਜ, ਦਮਦਮਾ ਸਾਹਿਬ ਅਤੇ ਯੂਨੀਵਰਸਿਟੀ ਕਾਲਜ ਆਫ਼ ਐਜੂਕੇਸ਼ਨ, ਬਠਿੰਡਾ ਦੇ ਪੱਕੇ ਕਰਮਚਾਰੀਆਂ ਨੂੰ ਪੰਜਾਬੀ ਯੂਨੀਵਰਸਿਟੀ ਦੇ ਰੈਗੂਲਰ ਕਰਮਚਾਰੀਆਂ ਵਾਂਗ ਮੁੱਢਲੇ ਵੇਤਨ ਦੇ ਆਧਾਰ 'ਤੇ ਫ਼ੀਸ ਮਾਫ਼ੀ ਦਾ ਲਾਭ ਦਿੱਤਾ ਜਾਵੇਗਾ।**

6. ਘੱਟ ਤੋਂ ਘੱਟ 5 ਸਾਲ ਦੀ ਸੇਵਾ ਵਾਲੇ ਯੂਨੀਵਰਸਿਟੀ ਕਰਮਚਾਰੀਆਂ ਅਤੇ 15 ਸਾਲ ਦੀ ਸੇਵਾ ਤੋਂ ਬਾਅਦ ਰਿਟਾਇਰ ਹੋ ਚੁੱਕੇ ਯੂਨੀਵਰਸਿਟੀ ਕਰਮਚਾਰੀਆਂ ਦੇ ਪੁੱਤਰਾਂ/ਧੀਆਂ ਨੂੰ ਯੂਨੀਵਰਸਿਟੀ ਕੋਰਸਾਂ ਦੇ ਭਾਗ I, II, III ਅਤੇ IV ਵਿੱਚ, ਐਨ.ਆਰ.ਆਈ./ ਐਨ.ਆਰ.ਆਈ. ਸਪਾਂਸਰਡ/ਇੰਡਸਟਰੀ ਸਪਾਂਸਰਡ ਸੀਟਾਂ ਤੇ ਦਾਖ਼ਲਾ ਲੈਣ ਤੇ ਟਿਊਸ਼ਨ ਫ਼ੀਸ ਵਿੱਚ 40 ਪ੍ਰਤੀਸ਼ਤ*** ਦੀ ਰਿਆਇਤ ਦਿੱਤੀ ਜਾਵੇਗੀ।

   ਇਹ ਸਹੂਲਤ ਯੂਨੀਵਰਸਿਟੀ ਕਰਮਚਾਰੀ ਦੇ ਪਤੀ/ਪਤਨੀ (ਜੋ ਨੌਕਰੀ ਨਾ ਕਰਦਾ/ਕਰਦੀ ਹੋਵੇ ਅਤੇ ਆਰਥਿਕ ਤੌਰ ਤੇ ਪੂਰੀ ਤਰ੍ਹਾਂ ਆਸਰਿਤ ਹੋਵੇ) ਨੂੰ ਵੀ ਉਪਲੱਬਧ ਹੋਵੇਗੀ।

---

* ਸਿੰਡੀਕੇਟ ਮਿਤੀ 19.8.1994.

** ਸਿੰਡੀਕੇਟ ਮਿਤੀ 1.1.2004 ਦੁਆਰਾ ਜੋੜਿਆ ਗਿਆ।

*** ਸਿੰਡੀਕੇਟ ਮਿਤੀ 29.10.2003 (ਪੈਰਾ 30.34) ਦੁਆਰਾ 60% ਦੀ ਥਾਵੇਂ ਰੱਖਿਆ।

7. ਸੁਰੱਖਿਆ ਬਲਾਂ ਦੀ ਸਹਾਇਤਾ ਕਰਦੇ ਮਾਰੇ ਗਏ ਵਿਅਕਤੀਆਂ ਦੇ ਬੱਚਿਆਂ, ਦੰਗਿਆਂ ਕਾਰਨ 1●● ਪ੍ਰਤੀਸ਼ਤ ਅਪਾਹਜ ਹੋ ਗਏ ਵਿਅਕਤੀਆਂ ਦੇ ਬੱਚਿਆਂ ਅਤੇ ਪ੍ਰਵਾਸੀ ਸਿੱਖਾਂ ਦੇ ਬੱਚਿਆਂ ਨੂੰ ਪੂਰੀ ਫ਼ੀਸ ਦੀ ਰਿਆਇਤ ਹਾਸਲ ਹੋਵੇਗੀ। ਇਨ੍ਹਾਂ ਰਿਆਇਤਾਂ ਵਿੱਚ (i) ਯੂਨੀਵਰਸਿਟੀ ਅਧਿਆਪਨ ਵਿਭਾਗਾਂ ਦੁਆਰਾ ਪੂਰੀ ਫ਼ੀਸ ਦੀ ਮਾਫ਼ੀ (ii) ਯੂਨੀਵਰਸਿਟੀ ਲਾਇਬ੍ਰੇਰੀ ਦੇ ਪਾਠ-ਪੁਸਤਕ ਸੈਕਸ਼ਨ ਵਿੱਚੋਂ ਕੋਰਸ ਦੀ ਪੂਰੀ ਮੁਨਿਆਦ ਲਈ ਪਾਠ ਪੁਸਤਕਾਂ ਉਧਾਰੀਆਂ ਦੇਣਾ (ਇਹ ਪੁਸਤਕਾਂ ਪਰੀਖਿਆ ਦੇਣ ਉਪਰੰਤ ਵਾਪਸ ਕਰਨੀਆਂ ਹੋਣਗੀਆਂ) ਅਤੇ (iii) ਯੂਨੀਵਰਸਿਟੀ ਦੇ ਹੋਸਟਲ ਵਿੱਚ ਮੁਫ਼ਤ ਰਿਹਾਇਸ਼ ਸ਼ਾਮਲ ਹੋਵੇਗੀ। ਉਹ ਕੇਵਲ ਖਾਣ-ਪੀਣ ਦੇ ਖ਼ਰਚ ਦੀ ਅਦਾਇਗੀ ਕਰਨਗੇ।

## ਅਧਿਆਏ-IV
## ਪਰੀਖਿਆ ਦੇ ਫ਼ਾਰਮ ਅਤੇ ਫ਼ੀਸ ਜਮ੍ਹਾਂ ਕਰਾਉਣਾ

1. ਵੱਖ-ਵੱਖ ਯੂਨੀਵਰਸਿਟੀ ਕੋਰਸਾਂ *(ਰੈਗੂਲਰ ਅਤੇ ਪ੍ਰਾਈਵੇਟ) ਲਈ ਪਰੀਖਿਆ ਫ਼ੀਸ ਉਹ ਹੋਵੇਗੀ ਜੋ ਸਮੇਂ-ਸਮੇਂ ਮੁਕੱਰਰ ਕੀਤੀ ਜਾਵੇ।
2. ਯੂਨੀਵਰਸਿਟੀ ਕੋਰਸਾਂ ਲਈ ਪਰੀਖਿਆ ਫ਼ੀਸ, ਪਰੀਖਿਆ ਫ਼ਾਰਮਾਂ ਦੇ ਨਾਲ, ਸੰਬੰਧਤ ਔਰਡਿਨੈਂਸਾਂ ਵਿੱਚ ਮੁਕੱਰਰ ਅਨੁਸੂਚੀ ਅਨੁਸਾਰ ਜਮ੍ਹਾਂ ਕਰਵਾਈ ਜਾਵੇਗੀ।
3. ਵਿਦਿਆਰਥੀ ਪਰੀਖਿਆ ਫ਼ੀਸ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਦੇ ਨਾਂ ਪਟਿਆਲਾ ਵਿਖੇ ਅਦਾਇਗੀ ਯੋਗ ਕਰਾਸਡ ਬੈਂਕ ਡਰਾਫ਼ਟ ਦੁਆਰਾ ਭੇਜ ਸਕਦੇ ਹਨ ।
4. ਵਿਦਿਆਰਥੀ ਵੱਲੋਂ ਪਰੀਖਿਆ ਫ਼ੀਸ ਦੀ ਅਦਾਇਗੀ ਲਈ ਭੇਜੇ ਡੀਮਾਂਡ ਡਰਾਫ਼ਟ ਦੇ ਕਿਸੇ ਵਜ੍ਹਾ ਕਰਕੇ ਅਧੂਰੇ ਜਾਂ ਗ਼ਲਤ ਹੋਣ ਦੀ ਸੂਰਤ ਵਿੱਚ ਲੇਖਾ-ਸ਼ਾਖਾ ਵੱਲੋਂ ਵਿਦਿਆਰਥੀ ਨੂੰ ਸੂਚਿਤ ਕੀਤਾ ਜਾਵੇਗਾ। ਇਸ ਤਰੁੱਟੀ ਲਈ ਸੰਬੰਧਤ ਵਿਦਿਆਰਥੀ ਨੂੰ ਮੁਕੱਰਰ ਡੰਨ ਲਾਇਆ ਜਾਵੇਗਾ। ਉਹ ਵਿਦਿਆਰਥੀ 15 ਦਿਨਾਂ ਦੇ ਵਿੱਚ ਯੂਨੀਵਰਸਿਟੀ ਕੈਸ਼ੀਅਰ ਕੋਲ ਮੁਕੱਰਰ ਫ਼ੀਸ ਅਤੇ ਡੰਨ ਨਕਦ ਜਮ੍ਹਾਂ ਕਰਵਾਏਗਾ। ਇਸ ਉਪਰੰਤ ਫ਼ੀਸ ਐਡਜਸਟ ਕਰਕੇ ਡੀਮਾਂਡ ਡਰਾਫ਼ਟ ਵਿਦਿਆਰਥੀ ਨੂੰ ਵਾਪਸ ਕਰ ਦਿੱਤਾ ਜਾਵੇਗਾ।
5. ਵਿਦਿਆਰਥੀ ਪਰੀਖਿਆ ਫ਼ੀਸ ਯੂਨੀਵਰਸਿਟੀ ਕੈਸ਼ੀਅਰ ਕੋਲ ਨਕਦ ਵੀ ਜਮ੍ਹਾਂ ਕਰਵਾ ਸਕਦੇ ਹਨ। ਦਾਖ਼ਲਾ ਫ਼ਾਰਮ ਲਈ ਲੇਟ ਫ਼ੀਸ ਤੋਂ ਬਿਨਾਂ ਨਿਯਤ ਅਖੀਰਲੀ ਮਿਤੀ ਨੂੰ ਅਤੇ ਲੇਟ ਫ਼ੀਸ ਨਾਲ ਅਖੀਰਲੀ ਮਿਤੀ ਨੂੰ ਰਸੀਦ ਬੁੱਕ ਤੇ ਵਿੱਤ ਅਫ਼ਸਰ ਪ੍ਰਤੀ ਹਸਤਾਖ਼ਰ ਕਰੇਗਾ।
6. ਪਰੀਖਿਆ ਵਿੱਚ ਪ੍ਰਾਈਵੇਟ ਤੌਰ ਤੇ ਬੈਠਣ ਵਾਲੇ ਰੀ-ਅਪੀਅਰ, ਉਮੀਦਵਾਰਾਂ ਤੋਂ ਸੰਬੰਧਤ ਕਲਾਸ ਲਈ ਮੁਕੱਰਰ ਪੂਰੀ ਪਰੀਖਿਆ ਫ਼ੀਸ (ਪ੍ਰਾਈਵੇਟ ਵਿਦਿਆਰਥੀਆਂ ਵਾਸਤੇ) ਚਾਰਜ ਕੀਤੀ ਜਾਵੇਗੀ।
7. ਪ੍ਰਾਈਵੇਟ/ਰੀ-ਅਪੀਅਰ/ਫ਼ੇਲ੍ਹ/ਇੰਪਰੂਵਮੈਂਟ ਪਰੀਖਿਆਰਥੀ, ਮੁਕੱਰਰ ਪ੍ਰੈਕਟੀਕਲ ਫ਼ੀਸ, ਹਰੇਕ ਕਲਾਸ ਦੇ ਹਰੇਕ ਪ੍ਰੈਕਟੀਕਲ ਲਈ (ਜਿਥੇ ਲਾਗੂ ਹੋਵੇ) ਪਰੀਖਿਆ ਫ਼ੀਸ ਤੋਂ ਇਲਾਵਾ ਅਦਾ ਕਰਨਗੇ।

---

* ਰੈਗੂਲਰ (ਸਾਲਾਨਾ ਅਤੇ ਸਮੈਸਟਰ) ਅਤੇ ਪ੍ਰਾਈਵੇਟ ਪਰੀਖਿਆਵਾਂ ਨਾਲ ਸੰਬੰਧਤ ਫ਼ਾਰਮ/ਫ਼ੀਸ ਪ੍ਰਾਪਤੀ ਦੇ ਮੌਜੂਦਾ ਸ਼ੈਡਿਊਲ ਲਈ ਵੇਖੋ ਸਿੰਡੀਕੇਟ 376 ਮਿਤੀ 6.8.2007 (2)

8. ਕੋਰਸ ਦੀ ਹਰੇਕ ਜਮਾਤ/ਹਰੇਕ ਭਾਗ ਵਿੱਚ ਇੰਪਰੂਵਮੈਂਟ ਲਈ ਅਦਾਇਗੀ ਯੋਗ ਫ਼ੀਸ, ਉਸ ਕੋਰਸ ਦੀ ਉਸ ਜਮਾਤ/ਭਾਗ ਲਈ ਮੁਕੱਰਰ ਪਰੀਖਿਆ ਫ਼ੀਸ ਤੋਂ 50% ਪ੍ਰਤੀਸ਼ਤ ਉਚੇਰੀ ਹੋਵੇਗੀ।

9. ਪੁਨਰ-ਮੁਲਾਂਕਣ ਉਪਰੰਤ ਜੇਕਰ ਫ਼ੇਲ੍ਹ ਵਿਦਿਆਰਥੀਆਂ ਦਾ ਨਤੀਜਾ ਫ਼ੇਲ੍ਹ ਤੋਂ ਰੀ-ਅਪੀਅਰ ਜਾਂ ਪਾਸ ਬਣ ਜਾਂਦਾ ਹੈ ਤਾਂ ਅਗਲੀ ਪਰੀਖਿਆ ਲਈ ਫ਼ਾਰਮ ਬਿਨਾਂ ਲੇਟ ਫ਼ੀਸ ਤੋਂ ਜਮ੍ਹਾਂ ਕਰਵਾਉਣ ਲਈ, ਬਦਲੇ ਨਤੀਜੇ ਦੀ ਘੋਸ਼ਣਾ ਉਪਰੰਤ ਜਾਰੀ ਨੰਬਰ ਵੇਰਵਾ ਕਾਰਡ ਤੇ ਅੰਕਿਤ ਮਿਤੀ ਤੋਂ 10 ਦਿਨ (ਛੁੱਟੀਆਂ ਸਮੇਤ) ਦਾ ਸਮਾਂ ਦਿੱਤਾ ਜਾਵੇਗਾ। ਉਹ ਮੁੱਦਤ ਗੁਜ਼ਰਨ ਤੋਂ ਬਾਅਦ ਲੇਟ ਫ਼ੀਸ ਚਾਰਜ ਕੀਤੀ ਜਾਵੇਗੀ।

10. ਜੇਕਰ ਕੋਈ ਵਿਦਿਆਰਥੀ ਕਿਸੇ ਪਰੀਖਿਆ ਲਈ ਪਰੀਖਿਆ ਫ਼ੀਸ (ਦਾਖ਼ਲਾ ਫ਼ੀਸ ਨੂੰ ਛੱਡ ਕੇ) ਜਾਂ ਪਰੀਖਿਆ ਨਾਲ ਸੰਬੰਧਤ ਕਿਸੇ ਹੋਰ ਪ੍ਰਯੋਜਨ ਲਈ ਫੁਟਕਲ ਫ਼ੀਸ ਯੂਨੀਵਰਸਿਟੀ ਕੋਲ ਜਮ੍ਹਾਂ ਕਰਾਉਂਦਾ ਹੈ ਅਤੇ ਯੂਨੀਵਰਸਿਟੀ ਉਸ ਨੂੰ ਲੋੜੀਂਦੀ ਸਰਵਿਸ ਮੁੱਹਈਆ ਕਰਨ ਤੋਂ ਅਸਮਰਥ ਰਹਿੰਦੀ ਹੈ ਤਾਂ ਕੇਸ ਦੀ ਉਚਿੱਤਤਾ ਨੂੰ ਜਾਂਚਣ ਉਪਰੰਤ ਚੀਫ਼ ਕੋਆਰਡੀਨੇਟਰ, ਪਰੀਖਿਆਵਾਂ ਜਮ੍ਹਾਂ ਕਰਵਾਈ ਫ਼ੀਸ (ਦਾਖ਼ਲਾ ਫ਼ੀਸ ਨੂੰ ਛੱਡ ਕੇ) ਦਾ 90% ਹਿੱਸਾ ਰੀਫ਼ੰਡ ਕਰਨ ਦੇ ਆਦੇਸ਼ ਦੇ ਸਕੇਗਾ। ਪਰੀਖਿਆਵਾਂ ਨਾਲ ਸੰਬੰਧਤ ਕਿਸੇ ਵੀ ਪ੍ਰਯੋਜਨ ਲਈ ਮੁਕੱਰਰ ਫੁੱਟਕਲ ਫ਼ੀਸ/ਚਾਰਜਿਜ਼ ਤੋਂ ਵੱਧ ਜਮ੍ਹਾਂ ਕਰਵਾਈ ਰਕਮ ਵੀ ਇਸੇ ਵਿੱਧੀ/ਵਿਵਸਥਾ ਨਾਲ ਸੰਬੰਧਤ ਵਿਦਿਆਰਥੀ ਨੂੰ ਵਾਪਸ ਕੀਤੀ ਜਾ ਸਕੇਗੀ;

ਪਰੰਤੂ ਇਹ ਕਿ ਉਸ ਪ੍ਰਯੋਜਨ ਲਈ ਵਾਪਸ ਕੀਤੀ ਜਾਣ ਵਾਲੀ ਰਕਮ 100 ਰੁਪਏ ਤੋਂ ਵੱਧ ਹੋਵੇ।*

ਰੈਗੂਲਰ ਅਤੇ ਪ੍ਰਾਈਵੇਟ ਵਿਦਿਆਰਥੀਆਂ ਨਾਲ ਸੰਬੰਧਤ ਫੁੱਟਕਲ ਫ਼ੀਸਾਂ/ ਜਰਮਾਨੇ

ਰੈਗੂਲਰ ਅਤੇ ਪ੍ਰਾਈਵੇਟ ਵਿਦਿਆਰਥੀਆਂ ਤੋਂ ਫੁਟਕਲ ਫ਼ੀਸਾਂ/ਜੁਰਮਾਨੇ ਹੇਠ-ਲਿਖੇ ਪ੍ਰਯੋਜਨਾਂ ਲਈ ਸਮੇਂ-ਸਮੇਂ ਮੁਕੱਰਰ ਦਰਾਂ ਅਨੁਸਾਰ ਚਾਰਜ ਕੀਤੇ ਜਾਣਗੇ :

1. ਯੂਨੀਵਰਸਿਟੀ ਰਜਿਸਟਰੀਕਰਨ ਫ਼ੀਸ (ਨਵੀਂ ਰਜਿਸਟਰੀਕਰਨ/ਰਜਿਸਟਰੀਕਰਨ ਨਿਰੰਤਰਤਾ)

2. ਪੰਜਾਬ ਤੋਂ ਬਾਹਰ ਸਥਿਤ ਬੋਰਡਾਂ/ਯੂਨੀਵਰਸਿਟੀਆਂ ਤੋਂ ਹੇਠਲੀ ਪਰੀਖਿਆ ਪਾਸ ਕਰਕੇ ਪਰੀਖਿਆ ਦੇਣ ਵਾਲੇ ਪਰੀਖਿਆਰਥੀਆਂ ਦੇ ਸਰਟੀਫ਼ਿਕੇਟ/ਡਿਗਰੀਆਂ ਦੀ ਪੜਤਾਲ/ਅਕਾਦਮਿਕ ਯੋਗਤਾ ਦੀ ਤਸਦੀਕ ਆਦਿ ਦੀ ਫ਼ੀਸ।

---

* ਸਿੰਡੀਕੇਟ 375, ਮਿਤੀ 29.3.2007.

3. ਪਰੀਖਿਆ ਕੇਂਦਰ ਤਬਦੀਲ ਕਰਨ ਦੀ ਫ਼ੀਸ (ਸੰਬੰਧਤ ਪਰੀਖਿਆ ਲਈ ਫ਼ਾਰਮ/ਫ਼ੀਸ ਪ੍ਰਾਪਤੀ ਦੀ ਅੰਤਿਮ ਮਿਤੀ ਤੋਂ ਪਹਿਲਾਂ-ਪਹਿਲਾਂ)।

4. ਤਰੁੱਟੀ ਫ਼ੀਸ (ਕੇਵਲ ਪ੍ਰਾਈਵੇਟ ਪਰੀਖਿਆਰਥੀਆਂ ਤੋਂ ਹੀ ਚਾਰਜ ਕੀਤੀ ਜਾਵੇਗੀ)।

5. ਡੁਪਲੀਕੇਟ ਰੋਲ ਨੰਬਰ ਲਈ ਫ਼ੀਸ।

6. ਪੇਪਰ/ਆਪਸ਼ਨ ਬਦਲਣ ਸੰਬੰਧੀ ਫ਼ੀਸ (ਸੰਬੰਧਤ ਪਰੀਖਿਆ ਲਈ ਫ਼ਾਰਮ/ਫ਼ੀਸ ਪ੍ਰਾਪਤੀ ਦੀ ਅੰਤਿਮ ਮਿਤੀ ਤੋਂ ਪਹਿਲਾਂ-ਪਹਿਲਾਂ)।

7. ਗੁਪਤ ਨਤੀਜਾ, ਮੁਕੱਰਰ ਫ਼ਾਰਮ ਤੇ ਜਾਰੀ ਕਰਨ ਦੀ ਫ਼ੀਸ (ਦਫ਼ਤਰ ਵਿੱਚ ਉਪਲਬਧਤਾ ਦੀ ਸ਼ਰਤ ਤੇ)।

8. ਫ਼ਾਰਮ/ਫ਼ੀਸ ਦੇਣ ਉਪਰੰਤ ਪਰੀਖਿਆ ਦੇਣ ਤੋਂ ਪਹਿਲਾਂ ਫ਼ਾਰਮ/ਫ਼ੀਸ ਰੱਦ ਕਰਵਾਉਣ ਲਈ ਕੋਈ ਫ਼ੀਸ ਚਾਰਜ ਨਹੀਂ ਕੀਤੀ ਜਾਵੇਗੀ :
ਪਰੰਤੂ ਇਹ ਕਿ ਜਮ੍ਹਾਂ ਕਰਵਾਈ ਪਰੀਖਿਆ ਫ਼ੀਸ, ਲੇਟ ਫ਼ੀਸ, ਆਦਿ ਵਾਪਸ ਨਹੀਂ ਕੀਤੀ ਜਾਵੇਗੀ।

9. ਪਰੀਖਿਆ ਦੇਣ ਉਪਰੰਤ ਕਿਸੇ ਵੀ ਪ੍ਰਯੋਜਨ ਲਈ ਪਾਤਰਤਾ/ਪਰੀਖਿਆ ਦਾ ਨਤੀਜਾ ਰੱਦ ਕਰਵਾਉਣ (ਯੂ.ਐਮ.ਸੀ. ਨਾਲ ਸੰਬੰਧਤ ਕੇਸਾਂ ਅਤੇ ਪਾਤਰਤਾ ਸੰਬੰਧੀ ਪੇਸ਼ ਕੀਤੇ ਕਥਿਤ ਜਾਲ੍ਹੀ ਦਸਤਾਵੇਜ਼ਾਂ ਦੇ ਕੇਸਾਂ ਨੂੰ ਛੱਡ ਕੇ) ਲਈ ਮੁਕੱਰਰ ਫ਼ੀਸ ਅਤੇ ਬਕਾਇਆ ਪਰੀਖਿਆ ਫ਼ੀਸ/ਲੇਟ ਫ਼ੀਸ, ਜੇ ਕੋਈ ਹੋਵੇ, ਚਾਰਜ ਕੀਤੀ ਜਾਵੇਗੀ।

10. ਪਰੀਖਿਆ ਉਪਰੰਤ ਉੱਤਰ-ਕਾਪੀ ਵਿੱਚ ਰੋਲ ਨੰਬਰ ਦੀ ਦਰੁਸਤੀ ਲਈ ਪ੍ਰਤੀ ਕਾਪੀ ਮੁਕੱਰਰ ਫ਼ੀਸ ਚਾਰਜ ਕੀਤੀ ਜਾਵੇਗੀ।

11. ਦਾਖ਼ਲਾ ਫ਼ਾਰਮ/ਕਿਸੇ ਹੋਰ ਦਸਤਾਵੇਜ਼ ਦੀ ਨਕਲ, ਜੇਕਰ ਰਿਕਾਰਡ ਉਪਲਬਧ ਹੋਵੇ, ਮੁਕੱਰਰ ਫ਼ੀਸ ਚਾਰਜ ਕਰਕੇ ਦਿੱਤੀ ਜਾਵੇਗੀ।

12. ਪਾਸ ਕੀਤੀ ਪਰੀਖਿਆ ਦਾ ਅਕਾਦਮਿਕ ਸਟੇਟਸ, ਪਰੀਖਿਆ ਮਾਧਿਅਮ ਦੀ ਤਸਦੀਕ ਲਈ ਭਾਰਤੀ ਅਤੇ ਵਿਦੇਸ਼ੀ ਵਿਦਿਆਰਥੀਆਂ ਤੋਂ ਮੁਕੱਰਰ ਫ਼ੀਸ ਚਾਰਜ ਕੀਤੀ ਜਾਵੇਗੀ। ਵਿਦੇਸ਼ੀ ਵਿਦਿਆਰਥੀਆਂ ਤੋਂ ਫ਼ੀਸ ਡਾਲਰ ਕਰੰਸੀ ਵਿੱਚ ਡਾਕ ਖ਼ਰਚ ਸਹਿਤ ਲਈ ਜਾਵੇਗੀ।

13. ਨਤੀਜੇ ਦੀ ਆਰਜ਼ੀ ਸੂਚਨਾ (ਡੁਪਲੀਕੇਟ) ਪ੍ਰਾਪਤ ਕਰਨ ਲਈ ਮੁਕੱਰਰ ਫ਼ੀਸ ਚਾਰਜ ਕੀਤੀ ਜਾਵੇਗੀ।

## ਅਧਿਆਏ-V

# ਸੰਮਿਲਤ ਫ਼ੰਡ- ਇਸ ਦੀ ਕਾਲਜਾਂ*/ਅਧਿਆਪਨ ਵਿਭਾਗਾਂ ਵਿੱਚ ਵਰਤੋਂਵਿੱਚ

### ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ ਕਾਲਜ

ਸੰਮਿਲਤ ਫ਼ੰਡ, ਪ੍ਰਬੰਧਕ ਕਮੇਟੀ ਦੇ ਜਾਂ ਕਾਲਜ ਦੇ ਫ਼ੰਡਾਂ ਤੋਂ ਵੱਖ ਰੱਖਿਆ ਜਾਵੇਗਾ ਅਤੇ ਇਸ ਦਾ ਪ੍ਰਸ਼ਾਸਨ ਅਮਲੇ ਦੇ ਅਤੇ ਵਿਦਿਆਰਥੀਆਂ ਦੇ ਪ੍ਰਤੀਨਿੱਧਾਂ ਨਾਲ ਮਸ਼ਵਰਾ ਕਰਕੇ ਕੇਵਲ ਪ੍ਰਿੰਸੀਪਲ ਦੁਆਰਾ ਕੀਤਾ ਜਾਵੇਗਾ। ਪ੍ਰਿੰਸੀਪਲ ਨੂੰ ਉਸ ਦੀ ਵਰਤੋਂ ਬਾਰੇ ਪੂਰੇ ਇਖ਼ਤਿਆਰ ਹਾਸਲ ਹੋਣਗੇ। ਸੰਮਿਲਤ ਫ਼ੰਡ ਨਿਮਨ ਪ੍ਰਯੋਜਨਾਂ ਲਈ ਵਰਤਿਆ ਜਾ ਸਕੇਗਾ :-

(i) ਵੱਖ-ਵੱਖ ਗੇਮਾਂ ਲਈ ਖੇਡਾਂ ਦੇ ਸਾਮਾਨ ਦੀ ਖ਼ਰੀਦ;

(ii) ਖੇਡ ਦੇ ਮੈਦਾਨਾਂ ਨੂੰ ਪਾਣੀ ਦੇਣਾ, ਹਮਵਾਰ ਕਰਨਾ, ਸਾਫ਼ ਕਰਨਾ ਅਤੇ ਉਨ੍ਹਾਂ ਵਿੱਚ ਘਾਹ ਲਾਉਣਾ;

(iii) ਕਾਲਜ ਦੁਆਰਾ ਸੰਗਠਿਤ ਸੋਸਾਇਟੀਆਂ, ਕਲੱਬਾਂ, ਐਸੋਸੀਏਸ਼ਨਾਂ, ਕਮੇਟੀਆਂ, ਸਭਾਵਾਂ ਆਦਿ ਦੇ ਆਮ ਖ਼ਰਚੇ ਅਤੇ ਉਨ੍ਹਾਂ ਨੂੰ ਗ੍ਰਾਂਟਾਂ ਦੇਣਾ;

(iv) ਹਾਊਸ ਪਰੀਖਿਆਵਾਂ ਸੰਬੰਧੀ ਖ਼ਰਚ, ਇਸ ਵਿੱਚ ਪ੍ਰਸ਼ਨ ਪੱਤਰ ਛਾਪਣ ਲਈ ਡੁਪਲੀਕੇਟਿੰਗ ਮਸ਼ੀਨਾਂ ਦੀ ਖ਼ਰੀਦ ਅਤੇ ਉਨ੍ਹਾਂ ਨੂੰ ਚਲਾਉਣ ਦਾ ਖ਼ਰਚ ਵੀ ਸ਼ਾਮਲ ਹੈ;

(v) ਪ੍ਰਿੰਸੀਪਲ ਦੁਆਰਾ ਪਰਵਾਨਤ ਸਮੂਹਕ ਪ੍ਰਾਜੈਕਟਾਂ ਜਾਂ ਸਮਾਜ ਸੇਵਾ ਸਰਗਰਮੀਆਂ ਦੇ ਸੰਬੰਧ ਵਿੱਚ ਖ਼ਰਚ;

(vi) ਇਤਿਹਾਸਕ ਤੇ ਭੂਗੋਲਿਕ ਮਹੱਤਤਾ ਵਾਲੇ ਸਥਾਨਾਂ ਤੇ ਸਿੱਖਿਅਕ ਫੇਰੀਆਂ, ਜਾਂ ਪਰਬਤ ਆਰੋਹਣ ਫੇਰੀਆਂ, ਜਾਂ ਫ਼ੈਕਟਰੀਆਂ ਵੇਖਣ ਲਈ ਜਾਣ ਤੇ ਖ਼ਰਚ;

(vii) ਬਹਿਸ ਅਤੇ ਭਾਸ਼ਣ, ਸੰਗੀਤ ਅਤੇ ਨਾਟਕ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਭੇਜਣ ਤੇ ਖ਼ਰਚ;

---

* ਗ਼ੈਰ-ਸਰਕਾਰੀ ਕਾਲਜਾਂ ਦੀ ਸੂਰਤ ਵਿੱਚ ਲਾਗੂ।

(viii) ਫ਼ਰਨੀਚਰ, ਸ਼ਮਿਆਨਿਆਂ, ਲਾਊਡ-ਸਪੀਕਰਾਂ ਆਦਿ ਦਾ ਕਿਰਾਇਆ ਅਤੇ ਢੋ-ਢੁਆਈ; ਫ਼ੋਟੋਆਂ, ਸਜਾਵਟ, ਰੋਸ਼ਨੀ ਤੇ ਖ਼ਰਚ; ਖੇਡਾਂ ਅਤੇ ਕਾਲਜ ਦੇ ਹੋਰ ਸਮਾਰੋਹਾਂ ਤੇ ਖਿਡਾਰੀਆਂ,* ਇਨਾਮ ਜੇਤੂਆਂ ਅਤੇ ਸੱਦੇ ਗਏ ਮਹਿਮਾਨਾਂ ਲਈ ਚਾਹ-ਪਾਣੀ ਤੇ ਖ਼ਰਚ।

ix) ਪ੍ਰਿੰਸੀਪਲ ਦੀ ਪਰਵਾਨਗੀ ਨਾਲ ਬੁਲਾਏ ਗਏ ਭਾਸ਼ਣਕਾਰ, ਉੱਘੇ ਨਾਗਰਿਕਾਂ, ਕਵੀਆਂ, ਕਲਾਕਾਰਾਂ ਆਦਿ ਲਈ ਭੋਜਨ ਅਤੇ ਆਵਾਜਾਈ ਤੇ ਖ਼ਰਚ।

(x) ਕਾਲਜ ਵਿੱਚ ਲੈਕਚਰ ਦੇਣ ਲਈ ਜਾਂ ਇਨਾਮਾਂ ਦੀ ਵੰਡ ਅਤੇ ਹੋਰ ਸਮਾਰੋਹਾਂ ਦੀ ਪ੍ਰਧਾਨਗੀ ਕਰਨ ਲਈ ਬੁਲਾਏ ਗਏ ਵਿਅਕਤੀਆਂ ਨੂੰ ਸਫ਼ਰ ਭੱਤਾ।

(xi) ਖੇਡਾਂ, ਐਨ.ਸੀ. ਸੀ. ਆਦਿ ਸੰਬੰਧੀ ਅਮਲੇ ਤੇ ਖ਼ਰਚ; ਪਰੰਤੂ ਸਾਰੀਆਂ ਸਥਾਈ ਨਿਯੁਕਤੀਆਂ ਪ੍ਰਬੰਧਕ ਬਾਡੀ ਦੀ ਪਰਵਾਨਗੀ ਨਾਲ ਕੀਤੀਆਂ ਜਾਣਗੀਆਂ।

(xii) ਟੀਮਾਂ ਅਤੇ ਟੀਮਾਂ ਨਾਲ ਜਾਣ ਵਾਲੇ ਸਟਾਫ਼ ਦੇ ਮੈਂਬਰਾਂ, ਸੇਵਾਦਾਰਾਂ ਅਤੇ ਸੇਵਕਾਂ ਦਾ ਸਫ਼ਰ ਭੱਤਾ।

(xiii) ਖੇਡਾਂ ਜਾਂ ਹੋਰ ਮੁਕਾਬਲਿਆਂ ਵਿੱਚ ਕਾਲਜ ਦੀ ਪ੍ਰਤੀਨਿੱਧਤਾ ਕਰਨ ਲਈ ਬਾਹਰ ਭੇਜੇ ਜਾਣ ਵਾਲੇ ਸਟਾਫ਼ ਦੇ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਅਸਲ ਖ਼ਰਚ ਜਾਂ ਰੋਜ਼ਾਨਾ ਭੱਤਾ।

(xiv) ਮਿੱਤਰ-ਭਾਵੀ ਅਤੇ ਯੂਨੀਵਰਸਿਟੀ ਮੈਚਾਂ ਸਮੇਂ ਜਾਂ ਕਾਲਜ ਸਮਾਰੋਹਾਂ ਸਮੇਂ ਪ੍ਰਤਿਸ਼ਠਿਤ ਦਰਸ਼ਕਾਂ ਲਈ ਚਾਹ-ਪਾਣੀ ਅਤੇ ਭੋਜਨ।

(xv) ਖੇਡ ਦੇ ਮੈਦਾਨਾਂ ਦਾ ਕਿਰਾਇਆ।

(xvi) ਸਿਰਕੱਢ ਖਿਡਾਰੀਆਂ ਨੂੰ ਕਾਲਜ ਕਲਰ ਦੇਣ ਸੰਬੰਧੀ ਖ਼ਰਚ।

(xvii) ਇਸ ਫ਼ੰਡ ਦਾ ਲੇਖਾ ਰੱਖਣ ਲਈ ਲੋੜੀਂਦੇ ਸਟਾਕ ਰਜਿਸਟਰ, ਕੈਸ਼-ਬੁਕਾਂ ਆਦਿ ਦੀ ਖ਼ਰੀਦ।

(xviii)ਵਿਦਿਆਰਥੀਆਂ ਦੀਆਂ ਸਰਗਰਮੀਆਂ ਨਾਲ ਸੰਬੰਧਤ ਕੰਮਾਂ ਲਈ ਡਾਕ, ਤਾਰ, ਟੈਲੀਫ਼ੂਨ ਖ਼ਰਚ ਅਤੇ ਸਟੇਸ਼ਨਰੀ ਦੀ ਖ਼ਰੀਦ।

(xix) ਸਾਲਾਨਾ ਅਕਾਦਮਿਕ ਅਤੇ ਖੇਡਾਂ ਸੰਬੰਧੀ ਇਨਾਮਾਂ ਦੀ ਵੰਡ ਤੇ ਦਿੱਤੇ ਜਾਣ ਵਾਲੇ ਇਨਾਮਾਂ ਦੇ ਸਬੰਧ ਵਿੱਚ ਖ਼ਰਚ।

(xx) ਨਾਟਕ, ਸੰਗੀਤ ਆਦਿ ਵਰਗੀਆਂ ਸਮਾਜਕ ਤੇ ਸਭਿਆਚਾਰਕ ਸਰਗਰਮੀਆਂ ਲਈ ਫ਼ਰਨੀਚਰ ਅਤੇ ਸਾਜ਼-ਸਾਮਾਨ ਦੀ ਖ਼ਰੀਦ।

---

* ਸਪੋਰਟਸ ਫ਼ੀਸ ਦੀ ਇਨਫਰਾਸਟਰਕਚਰ ਆਦਿ ਲਈ ਰੱਖੇ 20% ਹਿੱਸੇ ਵਿੱਚੋਂ ਵਿਦਿਆਰਥੀਆਂ ਦੀ ਚਾਹ-ਪਾਣੀ ਅਤੇ ਡੀ.ਏ. ਲਈ ਖ਼ਰਚ ਕੀਤਾ ਜਾ ਸਕੇਗਾ।

ਸਿੰਡੀਕੇਟ 375, ਮਿਤੀ 29.3.2007

(xxi) ਸਪੋਰਟਸ ਟੀਮਾਂ ਦੇ ਮੈਬਰਾਂ ਨੂੰ, ਜਦੋਂ ਉਹ ਪਟਿਆਲੇ ਤੋਂ ਬਾਹਰ ਹੋਣ, ਦਿੱਤੀ ਗਈ ਡਾਕਟਰੀ ਸਹਾਇਤਾ ਤੇ ਖ਼ਰਚ।

(xxii) ਕਾਮਨ-ਰੂਮਾਂ ਦਾ ਸਾਜ਼-ਸਾਮਾਨ ਅਤੇ ਉਨ੍ਹਾਂ ਦੀ ਦੇਖ-ਭਾਲ, ਰੇਡਿਉ ਸੈੱਟਾਂ ਅਤੇ ਲਾਊਡ-ਸਪੀਕਰਾਂ ਆਦਿ ਦੀ ਖ਼ਰੀਦ।

(xxiii) ਪ੍ਰਿੰਸੀਪਲ ਦੇ ਵਿਵੇਕ ਤੇ ਵੱਖ-ਵੱਖ ਟੀਮਾਂ ਦੇ ਮੈਂਬਰਾਂ ਲਈ ਵਰਦੀਆਂ ਜਾਂ ਹੋਰ ਸਾਜ਼-ਸਾਮਾਨ।

*(xxiv) ਲਾਇਬ੍ਰੇਰੀ ਅਤੇ ਰੀਡਿੰਗ ਰੂਮਾਂ ਲਈ ਪੁਸਤਕਾਂ ਅਤੇ ਰਸਾਲੇ।

(xxv) ਵਧੇਰੇ ਅੰਨ-ਉਗਾਉ ਸਰਗਰਮੀਆਂ : ਪਰੰਤੂ ਇਸ ਤੋਂ ਹੋਈਆਂ ਵਟਕਾਂ ਫ਼ੰਡ ਵਿੱਚ ਜਮ੍ਹਾਂ ਕੀਤੀਆਂ ਜਾਣ।

(xxvi) ਯੂਨੀਵਰਸਿਟੀ ਮੈਚਾਂ ਦੇ ਰੈਫ਼ਰੀ-ਕਾਰਜ ਤੇ ਖ਼ਰਚ।

(xxvii) ਮਾਨਤਾ-ਪ੍ਰਾਪਤ ਟੂਰਨਾਮੈਂਟ ਕਮੇਟੀਆਂ ਨੂੰ ਪ੍ਰਿੰਸੀਪਲ ਦੀ ਪਰਵਾਨਗੀ ਨਾਲ ਪ੍ਰੋਟੈਸੱਟ ਫ਼ੀਸ ਜਾਂ ਲੇਟ ਫ਼ੀਸ ਜੁਰਮਾਨੇ ਜਾਂ ਚੰਦੇ ਦੀ ਅਦਾਇਗੀ।

(xxviii) ਟੱਕ-ਸ਼ਾਪ ਸੰਬੰਧੀ ਖ਼ਰਚੇ, ਇਸ ਵਿੱਚ ਉਸ ਦੀ ਇਮਾਰਤ ਸ਼ਾਮਲ ਨਹੀਂ ਹੋਵੇਗੀ।

(xxix) ਰੋਵਰਜ਼ ਕਰਿਊ, ਸਕਾਊਟਿੰਗ ਅਤੇ ਗਰਲ ਗਾਈਡਾਂ ਸੰਬੰਧੀ ਖ਼ਰਚ।

(xxx) ਲਾਇਬ੍ਰੇਰੀ ਨੂੰ ਦਿਲ-ਖਿਚਵਾਂ ਅਤੇ ਆਰਾਮਦਿਹ ਸਥਾਨ ਬਣਾਉਣ ਲਈ ਸਜਾਵਟੀ ਸਾਮਾਨ, ਫ਼ਰਨੀਚਰ, ਫ਼ਰਸ਼ ਤੇ ਕੀਤੀਆਂ ਜਾਣ ਵਾਲੀਆਂ ਵਿਛਾਈਆਂ ਆਦਿ ਅਤੇ ਹੋਰ ਫ਼ਿਟਿੰਗਜ਼। ਅਲਮਾਰੀਆਂ, ਮੇਜ਼ਾਂ ਅਤੇ ਕੁਰਸੀਆਂ ਤੇ ਇਸ ਫ਼ੰਡ ਵਿੱਚੋਂ ਕੀਤਾ ਗਿਆ ਖ਼ਰਚ ਜਾਇਜ਼ ਖ਼ਰਚ ਨਹੀਂ ਹੋਵੇਗਾ।

(xxxi) ਯੁਵਕ ਭਲਾਈ ਸਰਗਰਮੀਆਂ।

(xxxii) ਸਿੱਖਿਆ-ਮੇਲਿਆਂ, ਨੁਮਾਇਸ਼ਾਂ, ਤਿਉਹਾਰਾਂ ਆਦਿ ਸੰਬੰਧੀ ਅਨੁਸੰਗਕ ਖ਼ਰਚ ਜੋ ਚਾਹ-ਪਾਣੀ ਸੰਬੰਧੀ ਨਾ ਹੋਣ।

(xxxiii) ਅਜਿਹੇ ਗ਼ਰੀਬ ਵਿਦਿਆਰਥੀਆਂ ਨੂੰ ਦੁੱਧ, ਅੰਡਿਆਂ ਆਦਿ ਦੀ ਸਪਲਾਈ , ਜੋ ਚੰਗੇ ਐਥਲੀਟ ਹੋਣ ਪਰ ਆਪਣੇ ਖ਼ਰਚ ਤੇ ਪੌਸ਼ਟਿਕ ਭੋਜਨ ਨ ਾ ਖਾ ਸਕਦੇ ਹੋਣ।

(xxxiv) ਵਿਦਿਆਰਥੀਆਂ, ਪਰਾਹੁਣਿਆ ਆਦਿ ਨੂੰ ਚਾਹ-ਪਾਣੀ ਦੇਣ ਲਈ ਕਰਾਕਰੀ ਦੀ ਖ਼ਰੀਦ।

(xxxv) ਪ੍ਰਿੰਸੀਪਲ ਦੇ ਵਿਵੇਕ ਤੇ, ਟੀਮਾਂ ( ਕੇਵਲ ਜੇਤੂ ਟੀਮਾਂ) ਦੀਆਂ ਫ਼ੋਟੋਆਂ।

---

* ਕਾਲਜ ਲਈ ਕਿਤਾਬਾਂ ਆਦਿ ਦੀ ਖ਼ਰੀਦ ਦੇ ਪ੍ਰਯੋਜਨ ਲਈ ਮਖ਼ਸੂਸ ਕੀਤੀ ਰਕਮ ਦਾ 10% ਕਿਤਾਬਾਂ ਰੱਖਣ ਲਈ ਅਲਮਾਰੀਆਂ ਅਤੇ ਪੁਸਤਕ-ਰੈਕ ਖ਼ਰੀਦਣ ਲਈ ਖ਼ਰਚ ਕੀਤਾ ਜਾ ਸਕੇਗਾ।

(xxxvi) ਐਨ. ਸੀ. ਸੀ. ਲਈ ਸੁੱਖ-ਸਹੂਲਤਾਂ।

(xxxvii) ਸਿੱਖਿਅਕ ਪ੍ਰਕਿਰਤੀ ਦੀ ਵਿਦਿਆਰਥੀ ਸਰਗਰਮੀ ਦੇ ਮੁਤੱਲਕ ਕੋਈ ਹੋਰ ਵਸਤੂ।

(xxxviii) ਸੰਮਿਲਤ ਫ਼ੰਡ ਤੋਂ ਆਮਦਨ ਦੇ 1● ਪ੍ਰਤੀਸ਼ਤ ਤ ੱਕ ਨੂੰ ( i) ਪੈਵਿਲੀਅਨ, ਸਟੇਡੀਅਮ, ਤਰਨ ਲਈ ਤਲਾਅ, ਕਸਰਤ-ਘਰ, ਓਪਨ-ਏਅਰ ਥੇਟਰਾਂ ਅਤੇ ਵਿਦਿਆਰਥੀ-ਕੇਂਦਰ ਦੀ ਉਸਾਰੀ; ਅਤੇ (ii) ਕਿਸੇ ਹੋਰ ਅਜਿਹੇ ਪ੍ਰਾਜੈਕਟ ਤੇ ਵਾਈਸ-ਚਾਂਸਲਰ ਦੀ ਪਰਵਾਨਗੀ ਨਾਲ ਖ਼ਰਚ ਕੀਤਾ ਜਾ ਸਕੇਗਾ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਨਾਲ ਸੰਬੰਧਤ ਸਰਗਰਮੀਆਂ ਵਿੱਚ ਸਿੱਧੇ ਤੌਰ ਤੇ ਲਾਭਦਾਇਕ ਹੋਵੇ ਅਤੇ ਅਜਿਹੀ ਪਰਵਾਨਗੀ ਦੀ ਸਿੰਡੀਕੇਟ ਨੂੰ ਵਿਵਰਣ ਮੱਦ ਵਜੋਂ ਇਤਲਾਹ ਦਿੱਤੀ ਜਾਵੇਗੀ।

(xxxix) ਅੰਤਰ-ਯੂਨੀਵਰਸਿਟੀ ਮੁਕਾਬਲਿਆਂ/ਅੰਤਰ-ਕਾਲਜ ਸਪੋਰਟਸ ਟੂਰਨਾਮੈਂਟਾਂ ਵਿੱਚ ਹਿੱਸਾ ਲੈਣ ਲਈ ਯੂਨੀਵਰਸਿਟੀ ਦੀ ਪ੍ਰਤੀਨਿੱਧਤਾ ਕਰਨ ਲਈ ਇਸ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਕਾਲਜਾਂ ਵਿੱਚੋਂ ਚੁਣੇ ਗਏ ਹਰਿਕ ਖਿਡਾਰੀ ਨੂੰ ਵਰਦੀ ਤੇ ਖ਼ਰਚ ਦੀ ਮੁਕੱਰਰ ਸਹਾਇਤਾ-ਰਕਮ ਦੇ 5● % ਦੇ ਹਿਸਾਬ ਨਾਲ।*

ਯੂਨੀਵਰਸਿਟੀ ਅਧਿਆਪਨ ਵਿਭਾਗ

(i) ਸੰਮਿਲਤ ਫ਼ੰਡ ਵਿੱਚੋਂ ਖ਼ਰਚ ਉਠਾਉਣ ਲਈ ਸਿਫ਼ਾਰਸ਼ਾਂ ਕਰਨ ਵਾਸਤੇ ਵਾਈਸ-ਚਾਂਸਲਰ ਇੱਕ ਕਮੇਟੀ ਨਿਯੁਕਤ ਕਰੇਗਾ।

(ii) ਰਜਿਸਟਰਾਰ ਸੰਮਿਲਤ ਫ਼ੰਡ ਕਮੇਟੀ ਦੀ ਸਿਫ਼ਾਰਸ਼ ਤੇ ਕੋਈ ਖ਼ਰਚਾ ਮਨਜ਼ੂਰ ਕਰਨ ਲਈ ਸ਼ਕਤਵਾਨ ਹੋਵੇਗਾ, ਜੇ ਉਸ ਦੀ ਤਸੱਲੀ ਹੋ ਜਾਵੇ ਕਿ ਕੀਤਾ ਜਾਣ ਵਾਲਾ ਖ਼ਰਚ ਸਿੱਧਾ ਵਿਦਿਆਰਥੀਆਂ ਦੇ ਲਾਭ ਲਈ ਹੈ।

(iii) ਵਿਸ਼ੇਸ਼ ਹਾਲਾਤ ਵਿੱਚ, ਸੰਮਿਲਤ ਫ਼ੰਡ ਵਿੱਚੋਂ ਕੋਈ ਅਜਿਹਾ ਖ਼ਰਚ ਮਨਜ਼ੂਰ ਕਰਨ ਦਾ ਵਾਈਸ-ਚਾਂਸਲਰ ਨੂੰ ਇਖ਼ਤਿਆਰ ਹਾਸਲ ਹੋਵੇਗਾ ਜਿਸ ਦੀ ਸੰਮਿਲਤ ਫ਼ੰਡ ਕਮੇਟੀ ਨੇ ਸਿਫ਼ਾਰਸ਼ ਨਹੀ ਕੀਤੀ ਅਤੇ/ਜਾਂ ਉੱਕਤ ( ii) ਅਧੀਨ ਸਾਧਾਰਨ ਸੰਮਿਲਤ ਫ਼ੰਡ ਔਰਡੀਨੈਂਸਾਂ ਅਧੀਨ ਨਹੀਂ ਆਉਂਦਾ।

---

*(i) ਬਾਕੀ ਖ਼ਰਚ (ਹਰਿਕ ਖਿਡਾਰੀ ਨੂੰ ਮੁਕੱਰਰ ਰਕਮ ਦਾ 5● %) ਯੂਨੀਵਰਸਿਟੀ ਦੁਆਰਾ ਬਰਦਾਸ਼ਤ ਕੀਤਾ ਜਾਵੇਗਾ।

(ii) ਵਰਦੀ ਖਿਡਾਰੀ ਦੀ ਸੰਪਤੀ ਹੋਵੇਗੀ।

(iii) ਜਿੱਥੇ ਖਿਡਾਰੀ ਦੀ ਵਰਦੀ ਕਾਲਜ ਦੁਆਰਾ ਤਿਆਰ ਕਰਵਾਈ ਜਾਂਦੀ ਹੈ ਉੱਥੇ ਅਜਿਹੀ ਵਰਦੀ ਖਿਡਾਰੀ ਦੁਆਰਾ ਲਾਗਤ ਦਾ 5●% ਅਦਾ ਕਰਨ ਤੇ ਉਸ ਨੂੰ ਦਿੱਤੀ ਜਾਵੇਗੀ।

(iv) ਵਿਭਾਗਾਂ ਦੇ ਮੁਖੀਆਂ ਨੂੰ, ਅਮਲੇ ਅਤੇ ਵਿਦਿਆਰਥੀਆਂ ਦੀ ਕੌਂਸਲ, ਜੋ ਕਿ ਵਿਭਾਗ ਦੇ ਮੁਖੀ, ਅਮਲੇ ਦੇ ਦੋ ਮੈਂਬਰਾਂ, ਜਿਨ੍ਹਾਂ ਦਾ ਫ਼ੈਸਲਾ ਵਿਭਾਗ ਦੇ ਆਪਣੇ ਅਮਲੇ ਦੇ ਮੈਂਬਰਾਂ ਦੁਆਰਾ ਕੀਤਾ ਜਾਵੇਗਾ, ਅਤੇ ਸੰਬੰਧਤ ਵਿਭਾਗ ਦੇ ਦੋ ਜਮਾਤ-ਪ੍ਰਤੀਨਿੱਧਾਂ ਤੋਂ ਮਿਲਕੇ ਬਣੇਗੀ, ਨਾਲ ਮਸ਼ਵਰਾ ਕਰਕੇ, ਫ਼ੰਡ ਦੇ ਪਰਵਾਨਤ ਪ੍ਰਯੋਜਨਾਂ ਦੀ ਉੱਨਤੀ ਲਈ, ਸੰਮਿਲਤ ਫ਼ੰਡ ਵਿੱਚੋਂ, ਇਸ ਲੇਖੇ ਉਪਲੱਬਧ ਕੁੱਲ ਰਕਮ ਦੇ 40% ਤੱਕ ਖ਼ਰਚ ਕਰਨ ਦਾ ਇ ਖ਼ ਤਿਆਰ ਹਾਸਲ ਹੋਵੇਗਾ।

## ਭਾਸ਼ਣ ਪ੍ਰਤੀਯੋਗਤਾਵਾਂ/ਡੀਬੇਟਾਂ/ ਗੇਮਾਂ ਅਤੇ ਸਭਿਆਚਾਰਕ ਸਰਗਰਮੀਆਂ ਆਦਿ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਫ਼ਰ ਭੱਤਾ/ਰੋਜ਼ਾਨਾ ਭੱਤਾ ਦੀ ਅਦਾਇਗੀ

1. (ੳ) ਜੇ ਮੈਚ/ਅਜ਼ਮਾਇਸ਼ੀ ਮੈਚ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਕਿਸੇ ਕਾਲਜ ਦੀ ਗਰਾਊਂਡ ਤੇ ਖੇਡਿਆ ਜਾਣਾ ਹੋਵੇ ਤਾਂ ਯੂਨੀਵਰਸਿਟੀ ਕੈਂਪਸ ਖਿਡਾਰੀਆਂ ਨੂੰ, ਜੋ ਕੈਂਪਸ ਵਿਖੇ ਰਹਿ ਰਹੇ ਹੋਣ, ਕੈਂਪਸ ਤੋਂ ਬੱਸ ਅੱਡਾ ਪਟਿਆਲਾ ਅਤੇ ਉਥੋਂ ਕੈਂਪਸ ਤਕ ਵਾਪਸੀ ਲਈ ਵਾਸਤਵਿਕ ਬੱਸ ਕਿਰਾਇਆ ਅਦਾ ਕੀਤਾ ਜਾਵੇਗਾ।

   (ਅ) ਜੇ ਅਜ਼ਮਾਇਸ਼ੀ ਮੈਚ ਕੈਂਪਸ ਗਰਾਊਂਡਾਂ ਤੇ ਹੋਣਾ ਹੋਵੇ ਤਾਂ ਯੂਨੀਵਰਸਿਟੀ ਕੈਂਪਸ ਟੀਮ ਦੇ ਅਜਿਹੇ ਖਿਡਾਰੀਆਂ ਨੂੰ ਜੋ ਸ਼ਹਿਰ ਰਹਿੰਦੇ ਹੋਣ ਬੱਸ ਅੱਡੇ ਤੋਂ ਕੈਂਪਸ ਤੱਕ ਅਤੇ ਉਥੋਂ ਵਾਪਸੀ ਲਈ ਵਾਸਤਵਿਕ ਬੱਸ ਕਿਰਾਇਆ ਅਦਾ ਕੀਤਾ ਜਾਵੇਗਾ।

   (ੲ) (ਜੇ ਲੋਕਲ ਬੱਸ ਉਪਲੱਬਧ ਨਾ ਹੋਵੇ ਤਾਂ) ਸਭ ਖਿਡਾਰੀਆਂ/ਟੀਮ ਦੇ ਨਾਲ ਜਾਣ ਵਾਲੇ ਕਰਮਚਾਰੀਆਂ ਨੂੰ ਰੇਲਵੇ ਸਟੇਸ਼ਨ/ਬੱਸ ਅੱਡੇ ਤੋਂ ਖੇਡਣ ਦੇ ਮੈਦਾਨ/ ਹੋਸਟਲ ਤੱਕ ਅਤੇ ਵਾਪਸੀ ਲਈ ਵਾਸਤਵਿਕ ਰਿਕਸ਼ਾ ਖ਼ਰਚਾ ਅਦਾ ਕੀਤਾ ਜਾਵੇਗਾ।

2. (ੳ) ਕੈਂਪਸ ਵਿਖੇ ਮਿੱਤਰ-ਭਾਵੀ ਮੈਚ ਖੇਡਣ ਵਾਲੇ ਵਿਦਿਆਰਥੀਆਂ ਨੂੰ ਉਸ ਟੀਮ ਸਮੇਤ ਜਿਸ ਨਾਲ ਉਹ ਮਿੱਤਰ-ਭਾਵੀ ਮੈਚ ਖੇਡਿਆ ਗਿਆ, ਮੁਕੱਰਰ ਦਰ ਪ੍ਰਤੀ ਜੀਅ ਪ੍ਰਤੀ ਦਿਨ ਦੇ ਹਿਸਾਬ ਨਾਲ ਚਾਹ-ਪਾਣੀ ਦਿੱਤਾ ਜਾਵੇਗਾ: ਪਰੰਤੂ ਗਿਣਤੀ ਪੈਂਤੀਆਂ ਤੋਂ ਵੱਧ ਨਹੀਂ ਹੋਵੇਗੀ। ਪਰ ਕ੍ਰਿਕਟ ਦੀ ਖੇਡ ਦੀ ਸੂਰਤ ਵਿੱਚ ਦੋਹਾਂ ਟੀਮਾਂ ਦੇ ਮੈਂਬਰਾਂ ਨੂੰ, ਕਰਮਚਾਰੀਆਂ ਸਮੇਤ, ਚਾਹ-ਪਾਣੀ ਲਈ ਮੁਕੱਰਰ ਦਰ ਪ੍ਰਤੀ ਜੀਅ ਪ੍ਰਤੀ ਦਿਨ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਵੇਗੀ (ਇਸ ਵਿੱਚ ਦੁਪਹਿਰ ਦਾ ਖਾਣਾ ਅਤੇ ਚਾਹ ਸ਼ਾਮਲ ਹੋਵੇਗੀ)।

   (ਅ) ਜੇ ਮੈਚ ਕਿਸੇ ਅਜਿਹੇ ਕਾਲਜ ਦੀ ਗਰਾਊਂਡ ਵਿੱਚ ਖੇਡਿਆ ਜਾਣਾ ਹੈ, ਜਿਸ ਨੂੰ ਇਸ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਹਨ, ਤਾਂ ਚਾਹ-ਪਾਣੀ ਦਾ ਖ਼ਰਚਾ ਯੂਨੀਵਰਸਿਟੀ ਅਦਾ ਨਹੀਂ ਕਰੇਗੀ ਅਤੇ ਇਹ ਖ਼ਰਚ ਸੰਬੰਧਤ ਕਾਲਜ ਉਠਾਵੇਗਾ।

(ੲ) ਯੂਨੀਵਰਸਿਟੀ ਮੈਚ ਖੇਡਣ ਵਾਲੀ ਟੀਮ ਨੂੰ ਮੁਕੱਰਰ ਦਰ ਤੇ ਪ੍ਰਤੀ ਜੀਅ ਪ੍ਰਤੀ ਦਿਨ ਦੇ ਹਿਸਾਬ ਨਾਲ ਚਾਹ-ਪਾਣੀ ਦਿੱਤਾ ਜਾਵੇਗਾ, ਪਰ ਸ਼ਰਤ ਇਹ ਹੈ ਕਿ ਟੀਮ ਦੇ ਖਿਡਾਰੀਆਂ ਦੀ ਗਿਣਤੀ ਵੱਧ ਤੋਂ ਵੱਧ 16 ਹੋਵੇ।

3. ਟੂਰਨਾਮੈਂਟ ਮੈਚ, ਭਾਸ਼ਣ ਪ੍ਰਤੀਯੋਗਤਾਵਾਂ ਅਤੇ ਯੁਵਕ ਸਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਯੂਨੀਵਰਸਿਟੀ ਕੈਂਪਸ ਤੋਂ ਬਾਹਰ ਜਾਣ ਵਾਲੇ ਵਿਦਿਆਰਥੀਆਂ ਨੂੰ ਹੇਠ-ਲਿਖੇ ਅਨੁਸਾਰ ਅਦਾਇਗੀ ਕੀਤੀ ਜਾਵੇਗੀ :-

ਰੇਲ/ਬੱਸ ਕਿਰਾਇਆ

ਜੇ ਦੋਵੇਂ ਥਾਂ ਰੇਲ ਜਾਂਦੀ ਹੋਵੇ ਤਾਂ ਦੂਜੇ ਦਰਜੇ ਦਾ ਵਾਪਸੀ ਰੇਲ ਕਿਰਾਇਆ ਜਾਂ ਜੇ ਦੋਵੇਂ ਥਾਂ ਬੱਸਾਂ ਜਾਂਦੀਆਂ ਹੋਣ ਤਾਂ ਵਾਸਤਵਿਕ ਵਾਪਸੀ ਬੱਸ ਕਿਰਾਇਆ ਜਾਂ ਸਮਾਂ ਬਚਾਉਣ ਲਈ ਦੋਹਾਂ ਵਿੱਚੋਂ ਜੋ ਵੀ ਸਸਤਾ ਅਤੇ ਸੁਵਿਧਾਜਨਕ ਹੋਵੇ।

ਰੋਜ਼ਾਨਾ ਭੱਤਾ

ਰੋਜ਼ਾਨਾ ਭੱਤਾ ਪ੍ਰਤੀ ਜੀਅ ਪ੍ਰਤੀ ਦਿਨ ਮੁਕੱਰਰ ਦਰ ਤੇ ਅਦਾ ਕੀਤਾ ਜਾਵੇਗਾ, ਜੇ ਟੀਮ 12 ਘੰਟਿਆਂ ਤੋਂ ਵੱਧ ਲਈ ਸਥਾਨ ਤੋਂ ਬਾਹਰ ਨਾ ਰਹੇ ਤਾਂ ਅੱਧਾ ਰੋਜ਼ਾਨਾ ਭੱਤਾ ਅਦਾ ਕੀਤਾ ਜਾਵੇਗਾ।

ਹੋਰ ਖ਼ਰਚੇ

ਸਪੋਰਟਸ ਸਮੱਗਰੀ ਦੀ ਚੁੱਕ-ਚੁਕਾਈ ਲਈ ਵਾਸਤਵਿਕ ਖ਼ਰਚਾ :

ਪਰੰਤੂ ਜੇ ਡੀਨ, ਵਿਦਿਆਰਥੀ ਭਲਾਈ ਦੀ ਉਨ੍ਹਾਂ ਹਾਲਾਤ ਅਤੇ ਲੋੜਾਂ ਬਾਰੇ ਤਸੱਲੀ ਹੋ ਜਾਵੇ ਜਿਨ੍ਹਾਂ ਵਿੱਚ ਕੋਈ ਹੋਰ ਖ਼ਰਚਾ ਉਠਾਇਆ ਗਿਆ ਤਾਂ ਉਸ ਨੂੰ ਅਜਿਹੇ ਹੋਰ ਵਾਸਤਵਿਕ ਖ਼ਰਚਿਆਂ ਦੀ ਮਨਜ਼ੂਰੀ ਦੇਣ ਦਾ ਇਖ਼ਤਿਆਰ ਹਾਸਲ ਹੋਵੇਗਾ।

4. ਕਾਨੂੰਨ ਵਿਭਾਗ ਅਤੇ ਵੱਖ-ਵੱਖ ਨੇਬਰਹੁੱਡ ਕੈਂਪਸਾਂ/ਪੋਸਟ-ਗ੍ਰੇਜੂਏਟ ਰੀਜਨਲ ਕੇਂਦਰਾਂ ਦੇ ਵਿਦਿਆਰਥੀਆਂ ਤੋਂ ਇਕੱਠੇ ਕੀਤੇ ਗਏ ਸੰਮਿਲਤ ਫ਼ੰਡ ਦੀ 75% ਰਕਮ ਵੱਖਰੀ ਰੱਖੀ ਜਾਵੇਗੀ ਜਿਸ ਨੂੰ ਅਮਲਾ ਅਤੇ ਵਿਦਿਆਰਥੀ ਕੌਂਸਲ ਨਾਲ ਮਸ਼ਵਰਾ ਕਰਕੇ ਫ਼ੰਡ ਦੇ ਪਰਵਾਨਤ ਪ੍ਰਯੋਜਨ ਦੀ ਪੂਰਤੀ ਲਈ ਖਰਚਣ ਦਾ ਇਖ਼ਤਿਆਰ ਵਿਭਾਗ ਦੇ ਮੁਖੀ ਨੂੰ ਹੋਵੇਗਾ।

## ਯੂਨੀਵਰਸਿਟੀ ਨਾਲ ਸੰਬੱਧ ਕਾਲਜਾਂ ਲਈ

(i) ਯੂਨੀਵਰਸਿਟੀ ਨਾਲ ਸੰਬੱਧ ਸਭ ਕਾਲਜਾਂ ਨੂੰ ਮੁਕੱਰਰ ਰਕਮ ਤੱਕ ਦੇ ਮੁੱਲ ਦੀਆਂ ਯੂਨੀਵਰਸਿਟੀ ਪ੍ਰਕਾਸ਼ਨਾਵਾਂ) ਮੁਫ਼ਤ ਮੁਹੱਈਆ ਕਰਵਾਈਆਂ ਜਾਣਗੀਆਂ।

(ii) ਕਾਲਜਾਂ ਦੇ ਪ੍ਰਿੰਸੀਪਲਾਂ ਦੇ ਭਾਰਤ ਦੇ ਦੂਜੇ ਰਾਜਾਂ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਕਾਦਮਿਕ ਦੌਰੇ ਲਈ ਉਪਬੰਧ ਕੀਤਾ ਜਾਵੇਗਾ।

(iii) ਕੈਂਪਸ ਵਿਖੇ ਇੱਕ ਫ਼ੈਕਲਟੀ ਹਾਊਸ ਹੋਵੇਗਾ, ਜਿਸ ਦੀ ਵਰਤੋਂ ਕਾਲਜਾਂ ਤੋਂ ਆਏ ਪ੍ਰਿੰਸੀਪਲ ਅਤੇ ਅਧਿਆਪਕ ਕਰ ਸਕਣਗੇ।

ਅਧਿਆਏ-VI

# ਵਿਦਿਆਰਥੀ ਪਰਸੋਨਲ ਸੇਵਾ

ਵਿਦਿਆਰਥੀ ਪਰਸੋਨਲ ਸੇਵਾ ਵਿੱਚ ਹੇਠ-ਲਿਖੀਆਂ ਸਰਗਰਮੀਆਂ ਆ ਸਕਣਗੀਆਂ:-

## ਵਿਦਿਆਰਥੀਆਂ ਦੀ ਵਿੱਤੀ ਸਹਾਇਤਾ

ਡੀਨ, ਵਿਦਿਆਰਥੀ ਭਲਾਈ, ਥਾਪਣ ਸੇਵਾਵਾਂ ਰਾਹੀਂ, ਯੂਨੀਵਰਸਿਟੀ ਦਫ਼ਤਰਾਂ, ਕਾਰਜਪਾਲਕ ਇੰਜੀਨੀਅਰ ਦੇ ਦਫ਼ਤਰ, ਲਾਇਬ੍ਰੇਰੀ, ਕੰਟੀਨ, ਬਾਗ਼ਾਂ ਆਦਿ ਵਿੱਚ ਵਿਦਿਆਰਥੀਆਂ ਲਈ ਅੰਸ਼-ਕਾਲੀ ਕੰਮ ਦਾ ਪ੍ਰਬੰਧ ਕਰ ਸਕੇਗਾ। ਡੀਨ, ਵਿਦਿਆਰਥੀ ਭਲਾਈ, ਯੂਨੀਵਰਸਿਟੀ ਵਿਦਿਆਰਥੀ ਸਹਾਇਤਾ ਫ਼ੰਡ ਦੇ ਨਾਂ ਨਾਲ ਜਾਣਿਆ ਜਾਂਦਾ ਫ਼ੰਡ ਸਿਰਜ ਸਕੇਗਾ ਅਤੇ ਸਵੈ-ਇੱਛਕ ਅੰਸ਼ਦਾਨਾਂ ਰਾਹੀਂ ਫ਼ੰਡ ਇੱਕਠਾ ਕਰ ਸਕੇਗਾ ਅਤੇ ਮੁਸਤਹਿਕ ਵਿਦਿਆਰਥੀਆਂ ਨੂੰ ਸਟਾਈਪੈਂਡ ਅਤੇ ਵਿਆਜ ਤੋਂ ਬਿਨਾਂ ਕਰਜ਼ੇ ਦੇਣ ਦੀ ਵਿਵਸਥਾ ਕਰ ਸਕੇਗਾ।

ਸ਼ੁਰੂ ਵਿੱਚ ਯੂਨੀਵਰਸਿਟੀ ਇਸ ਫ਼ੰਡ ਵਿੱਚ ਮੁਕੱਰਰ ਰਕਮ ਅੰਸ਼ਦਾਨ ਵਜੋਂ ਦੇ ਸਕੇਗੀ।

ਯੂਨੀਵਰਸਿਟੀ ਪਰੀਖਿਆਵਾਂ ਨਾਲ ਸੰਬੰਧਤ ਕੰਮ ਕਰਨ ਵਾਲੇ ਵਿਅਕਤੀਆਂ ਪਾਸੋਂ 1% ਕਟੌਤੀ ਕੀਤੀ ਜਾ ਸਕੇਗੀ ਅਤੇ ਇਸ ਤਰ੍ਹਾਂ ਵਸੂਲ ਹੋਈ ਰਕਮ ਯੂਨੀਵਰਸਿਟੀ ਵਿਦਿਆਰਥੀ ਸਹਾਇਤਾ ਫ਼ੰਡ ਵਿੱਚ ਮੁੰਤਕਲ ਕੀਤੀ ਜਾ ਸਕੇਗੀ।

ਯੂਨੀਵਰਸਿਟੀ ਮਦਦ ਲਈ ਰਾਜ ਸਰਕਾਰ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨਾਲ ਵੀ ਸੰਪਰਕ ਕਰ ਸਕੇਗੀ।

## ਸਾਹਿਤਕ ਅਤੇ ਸਭਿਆਚਾਰਕ

ਵਿਦਿਆਰਥੀ ਪਰਸੋਨਲ ਸੇਵਾ ਵਿਦਿਆਰਥੀਆਂ ਨੂੰ ਸਵੈ-ਪ੍ਰਗਟਾਵੇ ਦੇ ਮੌਕੇ ਦੇਣ ਲਈ ਸਾਹਿਤਕ, ਸਭਿਆਚਾਰਕ ਅਤੇ ਡੀਬੇਟਿੰਗ ਕਲੱਬਾਂ ਦਾ ਸੰਗਠਨ ਕਰ ਸਕੇਗੀ।

## ਸਲਾਹ ਮਸ਼ਵਰਾ ਦੇਣਾ

ਰੋਜ਼ਗਾਰ ਸੂਚਨਾ ਅਤੇ ਅਗਵਾਈ ਬਿਊਰੋ ਨਾਲ ਮਿਲ ਕੇ, ਇਹ ਸੇਵਾ, ਦਾਖ਼ਲੇ ਸਮੇਂ ਵਿਦਿਆਰਥੀਆਂ ਨੂੰ ਵਿਸ਼ਿਆਂ ਅਤੇ ਕੋਰਸਾਂ ਦੀ ਚੋਣ ਸੰਬੰਧੀ ਸਲਾਹ ਮਸ਼ਵਰਾ ਦੇ ਸਕੇਗੀ। ਅਕਾਦਮਿਕ ਸੈਸ਼ਨ ਦੇ ਸ਼ੁਰੂ ਵਿੱਚ ਦਾਖ਼ਲ ਹੋਣ ਸਮੇਂ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਲਈ ਦਿਸ਼ਾ ਨਿਰਦੇਸ਼ ਕੋਰਸਾਂ ਦਾ ਪ੍ਰਬੰਧ ਕੀਤਾ ਜਾ ਸਕੇਗਾ।

## ਸਿਹਤ ਸੰਭਾਲ

ਯੂਨੀਵਰਸਿਟੀ ਵਿੱਚ ਦਾਖ਼ਲ ਸਾਰੇ ਵਿਦਿਆਰਥੀਆਂ ਦਾ ਡਾਕਟਰੀ ਮੁਆਇਨਾ ਕਰਵਾਇਆ ਜਾਵੇਗਾ ਅਤੇ ਵਿਦਿਆਰਥੀਆਂ ਦੀ ਸਿਹਤ ਦੀ ਸੰਭਾਲ ਲਈ ਉਚਿੱਤ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ।

ਆਧਿਆਏ–VII

## ਵਿਦਿਆਰਥੀਆਂ ਦੀ ਰਿਹਾਇਸ਼, ਸਿਹਤ ਅਤੇ ਸਰੀਰਕ ਭਲਾਈ

1. ਸਿੰਡੀਕੇਟ ਵਿਦਿਆਰਥੀਆਂ ਦੀ ਰਿਹਾਇਸ਼, ਸਿਹਤ ਅਤੇ ਸਰੀਰਕ ਭਲਾਈ ਨਾਲ ਤੱਲਕ ਰੱਖਦੇ ਮਾਮਲਿਆਂ ਦੀ ਦੇਖ–ਭਾਲ ਲਈ ਇੱਕ ਕਮੇਟੀ ਨਿਯੁਕਤ ਕਰੇਗੀ। ਇਹ ਕਮੇਟੀ ਹੇਠ–ਲਿਖਿਆਂ ਤੋਂ ਮਿਲਕੇ ਬਣੇਗੀ :–
   (ੳ) ਵਾਈਸ–ਚਾਂਸਲਰ;
   (ਅ) ਡੀਨ, ਅਕਾਦਮਿਕ ਕਾਰ–ਵਿਹਾਰ;
   (ੲ) ਡੀਨ, ਵਿਦਿਆਰਥੀ ਭਲਾਈ;
   (ਸ) ਪ੍ਰੋਵੋਸਟ, ਯੂਨੀਵਰਸਿਟੀ ਹੋਸਟਲ;
   (ਹ) ਦੋ ਪ੍ਰਿੰਸੀਪਲ, ਇਕ ਆਰਟਸ/ਸਾਇੰਸ ਕਾਲਜ ਦਾ ਅਤੇ ਇਕ ਪੇਸ਼ਾਵਰਾਨਾ ਕਾਲਜ ਦਾ;
   (ਕ) ਇਕ ਪ੍ਰੋਫ਼ੈਸਰ, ਕਿਸੇ ਯੂਨੀਵਰਸਿਟੀ ਅਧਿਆਪਨ ਵਿਭਾਗ ਦਾ;
   (ਖ) ਚੇਅਰਮੈਨ, ਯੂਨੀਵਰਸਿਟੀ ਸਪੋਰਟਸ ਕਮੇਟੀ; ਅਤੇ
   (ਗ) ਡੀਨ, ਮੈਡੀਸਨ ਫ਼ੈਕਲਟੀ।
2. ਕਮੇਟੀ ਦੇ ਮੈਂਬਰ ਤਿੰਨ ਸਾਲਾਂ ਲਈ ਅਹੁਦਾ ਧਾਰਨ ਕਰਨਗੇ, ਪਰ ਉਨ੍ਹਾਂ ਨੂੰ ਮੁੜ–ਨਿਯੁਕਤ ਕੀਤਾ ਜਾ ਸਕੇਗਾ।
3. ਇਹ ਕਮੇਟੀ :–
   (ੳ) ਇਨ੍ਹਾਂ ਔਰਡੀਨੈਂਸਾਂ ਅਧੀਨ ਕਾਲਜਾਂ ਤੋਂ ਪ੍ਰਾਪਤ ਹੋਏ ਹਵਾਲਿਆਂ ਤੇ ਵਿਚਾਰ ਕਰੇਗੀ ਅਤੇ ਉਨ੍ਹਾਂ ਬਾਰੇ ਕਾਲਜਾਂ ਨੂੰ ਸਲਾਹ ਦੇਵੇਗੀ;
   (ਅ) ਸਿੰਡੀਕੇਟ ਨੂੰ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਰਿਹਾਇਸ਼, ਸਿਹਤ ਅਤੇ ਸਰੀਰਕ ਭਲਾਈ ਆਦਿ ਬਾਰੇ ਸਾਲਾਨਾ ਰਿਪੋਰਟ ਪੇਸ਼ ਕਰੇਗੀ; ਅਤੇ
   (ੲ) ਅਜਿਹੇ ਹੋਰ ਕਰਤਵ ਨਿਭਾਏਗੀ, ਜੋ ਔਰਡੀਨੈਂਸਾਂ ਦੁਆਰਾ ਨਿਯਤ ਕੀਤੇ ਜਾਣ ਜਾਂ ਵਾਈਸ–ਚਾਂਸਲਰ ਦੁਆਰਾ ਉਸ ਨੂੰ ਸੌਂਪੇ ਜਾਣ।
4. ਯੂਨੀਵਰਸਿਟੀ ਅਧਿਆਪਨ ਵਿਭਾਗ ਦਾ ਜਾਂ ਯੂਨੀਵਰਸਿਟੀ ਦੇ ਵਿਸ਼ੇਸ਼–ਅਧਿਕਾਰ ਪ੍ਰਾਪਤ ਕਿਸੇ ਕਾਲਜ ਦਾ ਹਰਿਕ ਵਿਦਿਆਰਥੀ ਜੋ ਆਪਣੇ ਮਾਪਿਆਂ ਕੋਲ ਜਾਂ ਵਿਭਾਗ/ਕਾਲਜ ਦੇ ਮੁਖੀ ਦੁਆਰਾ ਪਰਵਾਨਤ *ਸਰਪ੍ਰਸਤ ਕੋਲ ਨਾ ਰਹਿ ਰਿਹਾ ਹੋਵੇ, ਅਕਾਦਮਿਕ ਸੈਸ਼ਨ ਦੇ ਦੌਰਾਨ ਨਿਮਨ–ਸਥਾਨਾਂ ਤੇ ਰਹੇਗਾ :

---

* ਸਰਪ੍ਰਸਤ ਦਾ ਮਤਲਬ ਹੈ ਕਾਨੂੰਨੀ ਸਰਪ੍ਰਸਤ ਜਾਂ ਕੋਈ ਨਜ਼ਦੀਕੀ ਰਿਸ਼ਤੇਦਾਰ ਜਾਂ ਮਾਪਿਆਂ ਦੁਆਰਾ ਲਿਖਤੀ ਰੂਪ ਵਿੱਚ ਵਿਦਿਆਰਥੀ ਦੇ ਸਰਪ੍ਰਸਤ ਦੇ ਤੌਰ ਤੇ ਐਲਾਨਿਆ ਵਿਅਕਤੀ ਜਾਂ ਇਨ੍ਹਾਂ ਦੇ ਨਾ ਹੋਣ ਦੀ ਸੂਰਤ ਵਿੱਚ ਪ੍ਰਿੰਸੀਪਲ ਦੁਆਰਾ ਸਰਪ੍ਰਸਤ ਦੇ ਤੌਰ ਤੇ ਪਰਵਾਨਤ ਵਿਅਕਤੀ।

(ੳ) ਯੂਨੀਵਰਸਿਟੀ ਹੋਸਟਲ; ਜਾਂ

(ਅ) ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ- ਪ੍ਰਾਪਤ ਕਿਸੇ ਹੋਰ ਕਾਲਜ ਦਾ ਹੋਸਟਲ; ਜਾਂ

(ੲ) ਯੂਨੀਵਰਸਿਟੀ ਦੁਆਰਾ ਮਾਨਤਾ-ਪ੍ਰਾਪਤ ਕੋਈ ਹੋਸਟਲ ; ਜਾਂ

(ਸ) ਕਾਲਜ ਦੇ ਪ੍ਰਿੰਸੀਪਲ/ਯੂਨੀਵਰਸਿਟੀ ਵਿਭਾਗ ਦੇ ਮੁਖੀ ਦੁਆਰਾ ਪਰਵਾਨਤ ਰਿਹਾਇਸ਼-ਘਰ।

5. ਪ੍ਰਿੰਸੀਪਲ ਦੁਆਰਾ ਪਰਵਾਨਤ ਰਿਹਾਇਸ਼-ਘਰ ਵਿੱਚ ਰਹਿ ਰਹੇ ਆਪਣੇ ਵਿਦਿਆਰਥੀਆਂ ਦੀ ਨਿਗਰਾਨੀ ਲਈ ਕਾਲਜ ਉਚਿੱਤ ਪ੍ਰਬੰਧ ਕਰੇਗਾ।

6. ਹਰਿਕ ਕਾਲਜ ਆਪਣੇ ਵਿਦਿਆਰਥੀਆਂ ਦੀ ਰਿਹਾਇਸ਼ ਸੰਬੰਧੀ ਇੱਕ ਰਜਿਸਟਰ ਰੱਖੇਗਾ ਜਿਸ ਵਿੱਚ ਮਿਤੀ-ਅੰਤ ਤੱਕ ਮੁਕੰਮਲ ਸੂਚਨਾ ਦਰਜ ਹੋਵੇਗੀ ਅਤੇ ਉਹ ਦਾਖ਼ਲੇ ਦੀ ਅੰਤਿਮ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ ਕਮੇਟੀ ਦੀ ਸੂਚਨਾ ਲਈ ਇਸ ਸੰਬੰਧੀ ਇੱਕ ਵਿਵਰਣ ਯੂਨੀਵਰਸਿਟੀ ਨੂੰ ਭੇਜੇਗਾ।

7. ਹਰਿਕ ਕਾਲਜ ਆਪਣੇ ਵਿਦਿਆਰਥੀਆਂ ਦੀ ਸਿਹਤ ਦੀ ਦੇਖ-ਭਾਲ ਲਈ ਇਕ ਮੈਡੀਕਲ ਅਫ਼ਸਰ ਨਿਯੁਕਤ ਕਰੇਗਾ, ਜੋ ਮੈਡੀਸਨ ਵਿੱਚ ਗ੍ਰੇਜੂਏਟ ਹੋਵੇਗਾ ਅਤੇ ਜਿਸ ਨੂੰ ਘੱਟ ਤੋਂ ਘੱਟ ਪੰਜ ਸਾਲਾਂ ਦਾ ਤਜਰਬਾ ਹੋਵੇਗਾ, ਜਾਂ ਜੋ ਮੈਡੀਸਨ ਵਿੱਚ ਲਾਇਸੈਂਸ ਯਾਫ਼ਤਾ ਹੋਵੇ ਅਤੇ ਘੱਟ ਤੋਂ ਘੱਟ ਦਸ ਸਾਲ ਦੇ ਸਮੇਂ ਤੋਂ ਮੈਡੀਕਲ ਪ੍ਰੈਕਟੀਸ਼ਨਰ ਦੇ ਤੌਰ ਤੇ ਰਜਿਸਟਰਡ ਹੋਵੇ।

ਮੈਡੀਕਲ ਅਫ਼ਸਰ ਹਫ਼ਤੇ ਵਿੱਚ ਘੱਟ ਤੋਂ ਘੱਟ ਦੋ ਵਾਰ ਕਾਲਜ ਜਾਵੇਗਾ।

8. ਮੈਡੀਕਲ ਅਫ਼ਸਰ ਹਰਿਕ ਅਕਾਦਮਿਕ ਸਾਲ ਵਿੱਚ ਘੱਟ ਤੋਂ ਘੱਟ ਇੱਕ ਵਾਰ ਕਾਲਜ/ਯੂਨੀਵਰਸਿਟੀ ਅਧਿਆਪਨ ਵਿਭਾਗ ਦੇ ਸਾਰੇ ਵਿਦਿਆਰਥੀਆਂ ਦਾ ਡਾਕਟਰੀ ਮੁਆਇਨਾ ਕਰੇਗਾ ਅਤੇ ਹਰਿਕ ਵਿਦਿਆਰਥੀ ਦੇ ਡਾਕਟਰੀ ਮੁਆਇਨੇ ਦਾ ਨਤੀਜਾ ਕਲਮਬੰਦ ਕਰੇਗਾ ਅਤੇ ਅਜਿਹੀ ਲੋੜੀਂਦੀ ਡਾਕਟਰੀ ਸਲਾਹ ਅਤੇ ਸਹਾਇਤਾ ਦੇਵੇਗਾ ਜੋ ਉਹ ਜ਼ਰੂਰੀ ਸਮਝੇ, ਅਤੇ ਗੰਭੀਰ ਕਿਸਮ ਦੇ ਸਾਰੇ ਕੇਸ ਪ੍ਰਿੰਸੀਪਲ/ਯੂਨੀਵਰਸਿਟੀਅਧਿਆਪਨਵਿਭਾਗਦੇਮੁਖੀਦੇਧਿਆਨਵਿੱਚਲਿਆਵੇਗਾ।

ਵਿਦਿਆਰਥਣਾਂ ਲਈ ਕਾਲਜ/ਯੂਨੀਵਰਸਿਟੀ ਕਿਸੇ ਲੇਡੀ ਡਾਕਟਰ ਦੀਆਂ ਸੇਵਾਵਾਂ ਦਾ ਪ੍ਰਬੰਧ ਕਰੇਗੀ।

ਡਾਕਟਰੀ ਮੁਆਇਨੇ ਦੇ ਆਮ ਨਤੀਜਿਆਂ ਬਾਰੇ ਰਿਪੋਰਟ, ਮੈਡੀਕਲ ਅਫ਼ਸਰ ਦੀਆਂ ਸਿਫ਼ਾਰਸ਼ਾਂ ਸਹਿਤ ਪ੍ਰਿੰਸੀਪਲ/ਯੂਨੀਵਰਸਿਟੀ ਅਧਿਆਪਨ ਵਿਭਾਗ ਦੇ ਮੁਖੀ ਦੁਆਰਾ, ਕਮੇਟੀ ਦੀ ਸੂਚਨਾ ਲਈ ਰਜਿਸਟਰਾਰ ਪਾਸ ਭੇਜੀ ਜਾਵੇਗੀ।

9. ਕਾਲਜ ਵਿੱਚ ਦਾਖ਼ਲ ਹਰਿਕ ਵਿਦਿਆਰਥੀ ਸਾਲਾਨਾ ਮੈਡੀਕਲ ਫ਼ੀਸ ਅਦਾ ਕਰੇਗਾ ਜੋ ਕੇਵਲ ਵਿਦਿਆਰਥੀਆਂ ਦੇ ਡਾਕਟਰੀ ਮੁਆਇਨੇ ਅਤੇ ਡਾਕਟਰੀ ਸਹਾਇਤਾ ਦੇ ਪ੍ਰਯੋਜਨ ਲਈ ਵਰਤੀ ਜਾਵੇਗੀ।

10. ਵਿਦਿਆਰਥੀਆਂ ਦੀ ਸਰੀਰਕ ਭਲਾਈ ਦੀ ਦੇਖ-ਭਾਲ ਲਈ ਯੂਨੀਵਰਸਿਟੀ ਇੱਕ ਪੂਰਨ-ਕਾਲੀ ਅਫ਼ਸਰ ਨਿਯੁਕਤ ਕਰੇਗੀ।

11. ਉਸ ਅਫ਼ਸਰ ਦੀਆਂ ਡਿਊਟੀਆਂ ਨਿਮਨ-ਅਨੁਸਾਰ ਹੋਣਗੀਆਂ :-

(ੳ) ਯੂਨੀਵਰਸਿਟੀ ਟੂਰਨਾਮੈਂਟ ਕਰਾਉਣਾ ;

(ਅ) ਯੂਨੀਵਰਸਿਟੀ ਸਪੋਰਟਸ ਕਮੇਟੀ ਦੇ ਸਕੱਤਰ ਦੇ ਤੌਰ ਤੇ ਕੰਮ ਕਰਨਾ;

(ੲ) ਸਰੀਰਕ ਸਿਖਲਾਈ ਦੀਆਂ ਸਕੀਮਾਂ ਨੂੰ ਅਮਲੀ ਰੂਪ ਦੇਣ ਲਈ ਕਾਲਜਾਂ ਦੀ ਸਹਾਇਤਾ ਕਰਨੀ;

(ਸ) ਯੂਨੀਵਰਸਿਟੀ ਗੇਮਾਂ ਅਤੇ ਕਲੱਬਾਂ ਦਾ ਸੰਗਠਨ ਕਰਨਾ;

(ਹ) ਸਰੀਰਕ ਸਿੱਖਿਆ ਕਮੇਟੀ ਦੁਆਰਾ ਪਰਵਾਨਤ ਪ੍ਰੋਗਰਾਮ ਅਨੁਸਾਰ ਸਿੱਖਿਆ ਕੇਂਦਰਾਂ ਵਿੱਖੇ ਭਾਸ਼ਨ ਦੇਣੇ;

(ਕ) ਯੂਨੀਵਰਸਿਟੀ ਦੇ ਕਸਰਤ ਘਰ, ਖੇਡ ਦੇ ਮੈਦਾਨਾਂ ਅਤੇ ਸਰੀਰਕ ਸਿੱਖਿਆ ਦੇ ਸਾਜ਼ ਸਾਮਾਨ ਦਾ ਇਨਚਾਰਜ ਹੋਣਾ; ਅਤੇ

(ਖ) ਹੋਰ ਅਜਿਹੇ ਕਰਤੱਵ ਨਿਭਾਉਣਾ ਜੋ ਉਸ ਨੂੰ ਸੌਂਪੇ ਜਾਣ।

12. ਹਰਿਕ ਵਿਦਿਆਰਥੀ, ਕਾਲਜ ਵਿੱਚ ਦਾਖ਼ਲ ਹੋਣ ਸਮੇਂ, ਰਜਿਸਟਰੀਕਰਨ ਫ਼ੀਸ ਦੇ ਨਾਲ ਇੱਕ ਮੁਕੱਰਰ ਰਕਮ ਅਦਾ ਕਰੇਗਾ ਜੋ ਪੰਜਾਬੀ ਯੂਨੀਵਰਸਿਟੀ ਸਪੋਰਟਸ ਕਮੇਟੀ, ਦੇ ਖਾਤੇ ਜਮ੍ਹਾਂ ਕੀਤੀ ਜਾਵੇਗੀ।

13. ਕਮੇਟੀ ਪ੍ਰਾਕਟਰ-ਨਿਗਰਾਨੀ ਲਈ ਨਿਯਮ ਮੁਕੱਰਰ ਕਰੇਗੀ ਜੋ ਕਾਲਜਾਂ ਦੁਆਰਾ ਨਾਫ਼ਜ਼ ਕੀਤੇ ਜਾਣਗੇ।

14. ਪੋਸਟ-ਗ੍ਰੈਜੂਏਟ ਕੋਰਸ ਅਤੇ ਇੰਜੀਨੀਅਰਿੰਗ ਅਤੇ ਮੈਡੀਕਲ ਫ਼ੈਕਲਟੀਆਂ ਦੇ ਵਿਦਿਆਰਥੀਆਂ ਨੂੰ ਛੱਡ ਕੇ, ਹਰਿਕ ਕਾਲਜ ਦਾ ਪ੍ਰਿੰਸੀਪਲ ਵਿਦਿਆਰਥੀਆਂ ਦੇ ਮਾਪਿਆਂ ਜਾਂ ਸਰਪ੍ਰਸਤਾਂ ਨੂੰ ਸਾਲ ਵਿੱਚ ਦੋ ਵਾਰ ਨਿਮਨ-ਗੱਲਾਂ ਸੰਬੰਧੀ ਰਿਪੋਰਟ ਭੇਜੇਗਾ :

(ੳ) ਹਾਊਸ ਪਰੀਖਿਆਵਾਂ ਦੇ ਨਤੀਜੇ;

(ਅ) ਉਨ੍ਹਾਂ ਲੈਕਚਰਾਂ ਵਿੱਚ ਹਾਜ਼ਰੀ ਦੀ ਪ੍ਰਤੀਸ਼ੱਤਤਾ ਜਿਨ੍ਹਾਂ ਲਈ ਹਾਜ਼ਰੀ ਲਾਜ਼ਮੀ ਹੈ; ਅਤੇ

(ੲ) ਸਿਹਤ ਅਤੇ ਡਾਕਟਰੀ ਮੁਆਇਨੇ ਦੇ ਨਤੀਜੇ।

15. ਵੱਖ-ਵੱਖ ਯੁਵਕ ਭਲਾਈ ਸਕੀਮਾਂ ਅਤੇ ਸਰਗਰਮੀਆਂ ਦੇ ਵਿੱਤ-ਪੋਸ਼ਣ ਲਈ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ ਕਿਸੇ ਕਾਲਜ ਜਾਂ ਯੂਨੀਵਰਸਿਟੀ ਕਾਲਜ ਜਾਂ ਯੂਨੀਵਰਸਿਟੀ ਅਧਿਆਪਨ ਵਿਭਾਗ ਵਿੱਚ ਦਾਖ਼ਲ ਹਰਿਕ ਵਿਦਿਆਰਥੀ ਪਾਸੋਂ ਮੁਕੱਰਰ ਸਾਲਾਨਾ ਫ਼ੀਸ ਲਈ ਜਾਵੇਗੀ ਅਤੇ ਇਸ ਤਰ੍ਹਾਂ ਵਸੂਲ ਕੀਤੀ ਗਈ ਰਕਮ ਉਸ ਸਾਲ ਦੇ ਅਕਤੂਬਰ ਦੇ ਅੰਤ ਤੱਕ ਯੂਨੀਵਰਸਿਟੀ ਪਾਸ ਜਮ੍ਹਾਂ ਕਰਵਾ ਦਿੱਤੀ ਜਾਵੇਗੀ।

ਅਧਿਆਏ–VIII

# ਯੂਨੀਵਰਸਿਟੀ ਅਧਿਆਪਨ ਵਿਭਾਗਾਂ ਅਤੇ ਕਾਲਜਾਂ/ ਇੰਸਟੀਚੂਟਾਂ ਵਿੱਚ ਵਿਦਿਆਰਥੀਆਂ ਤੇ ਕੰਟਰੋਲ ਅਤੇ ਅਨੁਸ਼ਾਸਨ

1. (ੳ) ਵਿਭਾਗ ਦਾ ਮੁਖੀ/ਕਾਲਜ ਦਾ ਪ੍ਰਿੰਸੀਪਲ/ਇੰਸਟੀਚੂਟ ਦਾ ਮੁਖੀ ਕਿਸੇ ਵਿਦਿਆਰਥੀ ਨੂੰ ਹੇਠ–ਲਿਖੇ ਅਨੁਸਾਰ ਸਜ਼ਾ ਦੇਣ ਲਈ ਸ਼ਕਤਵਾਨ ਹੋਵੇਗਾ :–

   (i) ਕਿਸੇ ਵਿਦਿਆਰਥੀ ਨੂੰ ਉਸ ਦੇ ਅਪਰਾਧ ਦੀ ਪ੍ਰਕਿਰਤੀ ਅਨੁਸਾਰ ਯਥਾ–ਅਵੱਸ਼ਕ, ਮੁਕੱਰਰ ਸੀਮਾ ਤੱਕ ਮੁਕੱਰਰ ਜੁਰਮਾਨਾ ਕਰਨਾ;

   (ii) ਕਿਸੇ ਵਿਦਿਆਰਥੀ ਨੂੰ ਉਤਨੀ ਮੁੱਦਤ ਲਈ ਜਿਤਨੀ ਵਿਭਾਗ ਜਾਂ ਇੰਸਟੀਚੂਟ ਦਾ ਮੁਖੀ/ਕਾਲਜ ਦਾ ਪ੍ਰਿੰਸੀਪਲ ਠੀਕ ਸਮਝੇ, ਜਮਾਤ ਤੋਂ ਮੁਅੱਤਲ ਕਰਨਾ;

   (iii) ਕਿਸੇ ਵਿਦਿਆਰਥੀ ਦੇ ਵਿਭਾਗ/ਕਾਲਜ/ਇੰਸਟੀਚੂਟ ਛੱਡਣ ਸਮੇਂ ਉਸ ਨੂੰ ਦਿੱਤੇ ਜਾਣ ਵਾਲੇ ਚਾਲ–ਚਲਨ ਸਰਟੀਫ਼ਿਕੇਟ ਵਿੱਚ ਉਸ ਦੁਆਰਾ ਕੀਤੇ ਗਏ ਕਦਾਚਾਰ, ਦੁਰਾਚਾਰ, ਅਨੁਸ਼ਾਸਨਹੀਨਤਾ ਆਦਿ ਦੇ ਸੰਬੰਧ ਵਿੱਚ ਪ੍ਰਤੀਕੂਲ ਇੰਦਰਾਜ ਕਰਨਾ।

   ਅਜਿਹੇ ਕੇਸਾਂ ਵਿੱਚ ਵਿਭਾਗ ਜਾਂ ਇੰਸਟੀਚੂਟ ਦੇ ਮੁਖੀ/ਪ੍ਰਿੰਸੀਪਲ ਦਾ ਫ਼ੈਸਲਾ ਅੰਤਿਮ ਹੋਵੇਗਾ।

   (ਅ) ਯੂਨੀਵਰਸਿਟੀ ਹੋਸਟਲ ਦਾ ਵਾਰਡਨ, ਯੂਨੀਵਰਸਿਟੀ ਹੋਸਟਲਾਂ ਦੇ ਪ੍ਰੋਵੋਸਟ ਨਾਲ (ਜਾਂ ਪ੍ਰੋਵੋਸਟ ਦੀ ਗ਼ੈਰ–ਹਾਜ਼ਰੀ ਵਿੱਚ, ਡੀਨ, ਵਿਦਿਆਰਥੀ ਭਲਾਈ ਨਾਲ) ਮਸ਼ਵਰਾ ਕਰਕੇ ਵਿਦਿਆਰਥੀ ਦੇ ਅਪਰਾਧ ਦੀ ਪ੍ਰਕਿਰਤੀ ਅਨੁਸਾਰ ਯਥਾ–ਅਵਸ਼ਕ ਮੁਕੱਰਰ ਸੀਮਾਂ ਤੱਕ ਜੁਰਮਾਨਾ ਕਰਨ ਲਈ ਸ਼ਕਤਵਾਨ ਹੋਵੇਗਾ ਜਾਂ ਕਿਸੇ ਵਿਦਿਆਰਥੀ ਨੂੰ ਉਲਿੱਖਤ ਮੁੱਦਤ ਲਈ ਜਾਂ ਸਥਾਈ ਤੌਰ ਤੇ ਹੋਸਟਲ ਛੱਡਣ ਦਾ ਹੁੱਕਮ ਕਰ ਸਕੇਗਾ। ਕਾਲਜ ਦੀ ਸੂਰਤ ਵਿੱਚ ਇਹ ਇਖ਼ਤਿਆਰ ਪ੍ਰਿੰਸੀਪਲ ਨੂੰ ਹਾਸਲ ਹੋਵੇਗਾ।

   ਅਜਿਹੇ ਕੇਸਾਂ ਵਿੱਚ ਯੂਨੀਵਰਸਿਟੀ ਹੋਸਟਲ ਦੇ ਵਾਰਡਨ/ਕਾਲਜ ਦੇ ਪ੍ਰਿੰਸੀਪਲ ਦਾ ਫ਼ੈਸਲਾ ਅੰਤਿਮ ਹੋਵੇਗਾ :

ਪਰੰਤੂ ਇਹ ਹੈ ਕਿ ਵਿਭਾਗ ਜਾਂ ਇੰਸਟੀਚੂਟ ਦਾ ਮੁਖੀ/ ਯੂਨੀਵਰਸਿਟੀ ਹੋਸਟਲ ਦਾ ਵਾਰਡਨ/ਕਾਲਜ ਦਾ ਪ੍ਰਿੰਸੀਪਲ, ਅਜਿਹੇ ਕਾਰਨਾਂ ਕਰਕੇ ਜੋ ਕਲਮਬੰਦ ਕੀਤੇ ਜਾਣਗੇ, ਆਪਣੇ ਹੁਕਮ ਦੀ, ਮੂਲ ਹੁਕਮ ਤੋਂ ਦਸ ਦਿਨਾਂ ਦੇ ਅੰਦਰ, ਨਿਗਰਾਨੀ ਜਾਂ ਨਜ਼ਰਸਾਨੀ ਕਰ ਸਕੇਗਾ।

2. ਨਿਕਾਲਾ ਦੇਣਾ/ਕੱਢਣਾ ਅਤੇ ਔਰਡਿਨੈਂਸ 1 ਦੀਆਂ ਉਪਰੋਕਤ ਸ਼੍ਰੇਣੀਆਂ ਵਿੱਚ ਉਲਿੱਖਤ ਸੀਮਾਵਾਂ ਤੋਂ ਵੱਧ ਹੋਰ ਸਜ਼ਾ ਲਈ :

(ੳ) ਅਧਿਆਪਨ ਵਿਭਾਗ ਵਿੱਚ ਪੜ੍ਹ ਰਹੇ/ਯੂਨੀਵਰਸਿਟੀ ਹੋਸਟਲ ਵਿੱਚ ਰਹਿ ਰਹੇ ਵਿਦਿਆਰਥੀ ਦੇ ਸੰਬੰਧ ਵਿੱਚ ਕੇਸ ਵਾਈਸ-ਚਾਂਸਲਰ ਦੁਆਰਾ ਨਿਯੁਕਤ ਕੀਤੀ ਜਾਂਚ ਕਮੇਟੀ ਦੇ ਸਪੁੱਰਦ ਕੀਤਾ ਜਾਵੇਗਾ। ਇਹ ਕਮੇਟੀ ਆਪਣੀ ਰਿਪੋਰਟ ਵਾਈਸ-ਚਾਂਸਲਰ ਨੂੰ ਪੇਸ਼ ਕਰੇਗੀ ਜੋ ਜਾਂ ਤਾਂ ਖ਼ੁਦ ਅਪਰਾਧ ਦੀ ਗੰਭੀਰਤਾ ਅਨੁਸਾਰ ਕੋਈ ਸਜ਼ਾ ਦੇ ਸਕੇਗਾ, ਜਿਸ ਵਿੱਚ ਨਿਕਾਲਾ ਦੇਣ/ਕੱਢਣ ਦੀ ਸਜ਼ਾ ਸ਼ਾਮਲ ਹੈ, ਜਾਂ ਜਾਂਚ ਕਮੇਟੀ ਦੀ ਰਿਪੋਰਟ ਅਜਿਹੀ ਸਜ਼ਾ ਅਰੋਪਣ ਲਈ ਜੋ ਅਜਿਹੀ ਕਮੇਟੀ ਠੀਕ ਸਮਝੇ, ਉਸੇ ਕਮੇਟੀ ਨੂੰ ਜਾਂ ਵਾਈਸ-ਚਾਂਸਲਰ ਦੁਆਰਾ ਨਿਯੁਕਤ ਹੋਰ ਕਮੇਟੀ ਦੇ ਸਪੁੱਰਦ ਕਰ ਸਕੇਗਾ।

(ਅ) ਸੰਬੱਧ ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਬਾਰੇ ਕੇਸ ਕਾਲਜ ਸਟਾਫ਼ ਕੌਂਸਲ ਦੇ ਸਪੁੱਰਦ ਕੀਤਾ ਜਾਵੇਗਾ ਜੋ ਪ੍ਰਿੰਸੀਪਲ ਅਤੇ ਕਾਲਜ ਦੇ ਸਭ ਤੋਂ ਸੀਨੀਅਰ ਪੰਜ ਅਧਿਆਪਕਾਂ ਤੋਂ ਮਿਲਕੇ ਬਣੇਗੀ। ਇਹ ਕੌਂਸਲ ਮਾਮਲੇ ਦੀ ਜਾਂਚ ਕਰੇਗੀ ਅਤੇ ਅਪਰਾਧ ਦੀ ਗੰਭੀਰਤਾ ਅਨੁਸਾਰ ਕੋਈ ਸਜ਼ਾ ਅਰੋਪੇਗੀ।

3. (ੳ) ਇਸ ਤੋਂ ਪਹਿਲਾਂ ਕਿ ਔਰਡਿਨੈਂਸ 2 (ੳ) ਅਤੇ(ਅ) ਅਧੀਨ ਕਿਸੇ ਵਿਦਿਆਰਥੀ ਨੂੰ ਨਿਕਾਲਾ ਦੇਣ ਜਾਂ ਕੱਢ ਦੇਣ ਦਾ ਜਾਂ ਕੋਈ ਹੋਰ ਸਜ਼ਾ ਦੇਣ ਦਾ ਹੁੱਕਮ ਪਾਸ ਕੀਤਾ ਜਾਵੇ ਜਾਂਚ ਕਮੇਟੀ ਦਾ ਕਨਵੀਨਰ/ਕਾਲਜ ਦਾ ਪ੍ਰਿੰਸੀਪਲ ਇਹ ਗੱਲ ਸੁਨਿਸਚਿਤ ਕਰੇਗਾ ਕਿ ਵਿਦਿਆਰਥੀ ਨੂੰ ਆਪਣੇ ਆਚਰਣ ਦੀ ਸਫ਼ਾਈ ਪੇਸ਼ ਕਰਨ ਲਈ ਵਾਜਬ ਅਵਸਰ ਦਿੱਤਾ ਗਿਆ ਹੈ।

(ਅ) ਔਰਡਿਨੈਂਸ 2 ਵਿੱਚ ਚਿੱਤਵੇ ਨਿਕਾਲਾ ਦੇਣ/ਕੱਢ ਦੇਣ ਜਾਂ ਸਜ਼ਾ ਦੇਣ ਦੇ ਹਰਿਕ ਕੇਸ ਦੀ ਰਿਪੋਰਟ, ਸਟਾਫ਼ ਕੌਂਸਲ ਦੁਆਰਾ ਹੁੱਕਮ ਕੀਤੇ ਜਾਣ ਤੋਂ ਤੁਰੰਤ ਬਾਅਦ ਸੰਬੰਧਤ ਕਾਲਜ ਦੇ ਪ੍ਰਿੰਸੀਪਲ ਦੁਆਰਾ ਯੂਨੀਵਰਸਿਟੀ ਦੇ ਰਜਿਸਟਰਾਰ ਨੂੰ ਕੀਤੀ ਜਾਵੇਗੀ।

(ੲ) ਕਿਸੇ ਸੰਬੱਧ ਕਾਲਜ ਦੇ ਤੱਲਕ ਵਿੱਚ ਨਿਕਾਲਾ ਦੇਣ/ਕੱਢ ਦੇਣ ਦੇ ਕੇਸਾਂ ਦੀ ਰਿਪੋਰਟ, ਇਸ ਪ੍ਰਯੋਜਨ ਲਈ ਮੁਕੱਰਰ, ਹੇਠ-ਦਿੱਤੇ ਫ਼ਾਰਮ ਵਿੱਚ, ਕਾਲਜ ਦੇ ਪ੍ਰਿੰਸੀਪਲ ਦੁਆਰਾ ਕੀਤੀ ਜਾਵੇਗੀ :-

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸਟਾਫ਼ ਕੌਂਸਲ ਨੇ ਇਹ ਫ਼ੈਸਲਾ ਕੀਤਾ ਹੈ ਕਿ-------------ਪੁੱਤਰ ਸ੍ਰੀ----------------

ਜਮਾਤ ---------ਰਜਿਸਟਰਡ ਨੰ: ---------------

ਨੂੰ-------------ਸਾਲਾਂ ਦੀ ਮੁੱਦਤ ਲਈ ------------

ਤੋਂ----- ਤੱਕ ਨਿਕਾਲਾ ਦਿੱਤਾ ਜਾਵੇ/ਕਾਲਜ ਤੋਂ ਕੱਢ ਦਿੱਤਾ ਜਾਵੇ।

ਹੋਰ ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਹ ਫ਼ੈਸਲਾ ਕਰਨ ਤੋਂ ਪਹਿਲਾਂ------- ਪੁੱਤਰ ਸ੍ਰੀ -----------ਨੂੰ ਆਪਣੇ ਆਚਰਣ ਦੀ ਸਫ਼ਾਈ ਪੇਸ਼ ਕਰਨ ਦਾ ਵਾਜਬ ਅਵਸਰ ਦਿੱਤਾ ਗਿਆ ਸੀ।

(ਸ) ਯੂਨੀਵਰਸਿਟੀ ਅਧਿਆਪਨ ਵਿਭਾਗ ਦੇ, ਜਿਸ ਵਿੱਚ ਈਵਨਿੰਗ ਇੰਸਟੀਚੂਟ ਅਤੇ ਪਟਿਆਲਾ ਵਿੱਖੇ ਜਾਂ ਕਿਸੇ ਹੋਰ ਥਾਂ ਯੂਨੀਵਰਸਿਟੀ ਦੁਆਰਾ ਚਲਾਈਆਂ ਜਾਂਦੀਆਂ ਜਾਂ ਕਾਇਮ ਕੀਤੀਆਂ ਹੋਰ ਜਮਾਤਾਂ ਸ਼ਾਮਲ ਹਨ, ਕਿਸੇ ਵਿਦਿਆਰਥੀ ਦੇ ਨਿਕਾਲੇ/ਕੱਢੇ ਜਾਣ ਦੀ ਸੂਰਤ ਵਿੱਚ ਜਾਂਚ ਕਮੇਟੀ ਦੇ ਕਨਵੀਨਰ ਦੁਆਰਾ ਯਥਾਯੋਗ ਦਸਖ਼ਤ ਕੀਤਾ ਸਰਟੀਫ਼ਿਕੇਟ ਦਿੱਤਾ ਜਾਵੇਗਾ ਕਿ ਵਿਦਿਆਰਥੀ ਨੂੰ ਆਪਣੀ ਸਫ਼ਾਈ ਪੇਸ਼ ਕਰਨ ਲਈ ਸੁਣਵਾਈ ਦਾ ਵਾਜਬ ਅਵਸਰ ਦਿੱਤਾ ਗਿਆ ਸੀ।

4. ਰਜਿਸਟਰਾਰ, ਨਿਕਾਲੇ/ਕੱਢੇ ਜਾਣ ਦਾ ਹੁਕਮ ਕਾਲਜ ਦੇ ਵਿਦਿਆਰਥੀ ਦੀ ਸੂਰਤ ਵਿੱਚ ਅਤੇ ਅਧਿਆਪਨ ਵਿਭਾਗ ਦੇ ਵਿਦਿਆਰਥੀਆਂ ਦੀ ਸੂਰਤ ਵਿੱਚ ਵੀ, ਉਸ ਦੇ ਕੀਤੇ ਜਾਣ ਦੀ ਤਰੀਕ ਤੋਂ 15 ਦਿਨ ਗੁਜ਼ਰ ਜਾਣ ਤੇ, ਵਿਦਿਆਰਥੀਆਂ ਦੇ ਰਜਿਸਟਰ ਵਿੱਚ ਦਰਜ ਕਰੇਗਾ ਅਤੇ ਸਭ ਯੂਨੀਵਰਸਿਟੀ ਅਧਿਆਪਨ ਵਿਭਾਗਾਂ, ਸੰਬੱਧ ਕਾਲਜਾਂ ਅਤੇ ਭਾਰਤ ਵਿੱਚ ਹੋਰ ਯੂਨੀਵਰਸਿਟੀਆਂ ਨੂੰ ਅਧਿਸੂਚਿਤ ਕਰੇਗਾ।

5. ਇਨ੍ਹਾਂ ਔਰਡਿਨੈਂਸਾਂ ਦੇ ਪ੍ਰਯੋਜਨਾਂ ਲਈ :-

(ੳ) ਨਿਕਾਲੇ ਦਾ ਮਤਲਬ ਹੋਵੇਗਾ ਇਕ ਅਕਾਦਮਿਕ ਸਾਲ ਦਾ ਮਾਰਿਆ ਜਾਣਾ ਅਰਥਾਤ ਸੰਬੰਧਤ ਵਿਦਿਆਰਥੀ ਨੂੰ ਉਸ ਅਕਾਦਮਿਕ ਸਾਲ ਦੇ ਦੌਰਾਨ ਕਿਸੇ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਨਹੀਂ ਦਿੱਤਾ ਜਾਵੇਗਾ।

(ਅ) ਕੱਢੇ ਜਾਣ ਦਾ ਮਤਲਬ ਹੋਵੇਗਾ ਘੱਟ ਤੋਂ ਘੱਟ ਦੋ ਅਕਾਦਮਿਕ ਸਾਲਾਂ ਦਾ ਮਾਰਿਆ ਜਾਣਾ ਅਰਥਾਤ ਸੰਬੰਧਤ ਵਿਦਿਆਰਥੀ ਨੂੰ ਹੁਕਮ ਵਿੱਚ ਉਲਿੱਖਤ ਅਕਾਦਮਿਕ ਸਾਲਾਂ ਦੇ ਦੌਰਾਨ ਕਿਸੇ ਯੂਨੀਵਰਸਿਟੀ ਪਰੀਖਿਆ ਵਿੱਚ ਨਹੀਂ ਬੈਠਣ ਦਿੱਤਾ ਜਾਵੇਗਾ :

ਪਰੰਤੂ, ਇਹ ਕਿ, ਜੇ ਨਿਯਮ ਇਜਾਜ਼ਤ ਦੇਣ, ਤਾਂ ਨਿਕਾਲਾ ਦਿੱਤਾ/ਕੱਢਿਆ ਗਿਆ ਵਿਦਿਆਰਥੀ ਨਿਕਾਲਾ ਦਿੱਤੇ/ਕੱਢੇ ਜਾਣ ਦੀ ਮੁੱਦਤ ਤੋਂ ਪਿਛੋਂ ਪ੍ਰਾਈਵੇਟ ਤੌਰ ਤੇ ਪਰੀਖਿਆ ਵਿੱਚ ਬੈਠ ਸਕੇਗਾ। ਸੰਬੰਧਤ ਵਿਭਾਗ ਦਾ ਮੁਖੀ ਜਾਂ ਕਾਲਜ ਦਾ ਪ੍ਰਿੰਸੀਪਲ ਨਿਕਾਲੇ/ਕੱਢੇ ਜਾਣ ਦੀ ਮੁੱਦਤ ਤੋਂ ਪਿਛੋਂ, ਆਪਣੇ ਵਿਵੇਕ ਤੇ, ਉਸ ਨੂੰ ਜਮਾਤ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇ ਸਕੇਗਾ। ਨਿਕਾਲਾ ਦਿੱਤੇ/ਕੱਢੇ ਜਾਣ ਕਾਰਨ ਜਿਨ੍ਹਾਂ ਉਮੀਦਵਾਰਾਂ ਨੇ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਦੇ ਜਿਤਨੇ ਮੌਕੇ ਖੁੰਝਾਏ ਹੋਣ ਉਨ੍ਹਾਂ ਨੂੰ ਉਤਨੇ ਮੌਕੇ ਦਿੱਤੇ ਜਾਣਗੇ :

ਪਰੰਤੂ ਇਹ ਹੋਰ ਕਿ ਜਦੋਂ ਯੂਨੀਵਰਸਿਟੀ ਅਧਿਆਪਨ ਵਿਭਾਗ ਦਾ ਕੋਈ ਵਿਦਿਆਰਥੀ ਕੱਢਿਆ ਜਾਂਦਾ ਹੈ ਤਾਂ ਉਸ ਨੂੰ ਸਿੰਡੀਕੇਟ ਦੀ ਪੂਰਵ-ਮਨਜ਼ੂਰੀ ਤੋਂ ਬਿਨਾਂ ਉਸ ਹੀ ਵਿਭਾਗ ਵਿੱਚ ਜਾਂ ਕਿਸੇ ਹੋਰ ਵਿਭਾਗ ਵਿੱਚ ਮੁੜ-ਦਾਖ਼ਲ ਨਹੀਂ ਕੀਤਾ ਜਾਵੇਗਾ।

6. ਜੇ ਕਾਲਜ ਦਾ ਪ੍ਰਿੰਸੀਪਲ/ਵਿਭਾਗ ਦਾ ਮੁਖੀ/ਯੂਨੀਵਰਸਿਟੀ ਹੋਸਟਲਾਂ ਦਾ ਪ੍ਰੋਵੋਸਟ/ਡੀਨ, ਵਿਦਿਆਰਥੀ ਭਲਾਈ ਕਿਸੇ ਵਿਦਿਆਰਥੀ ਬਾਰੇ ਰਿਪੋਰਟ ਕਰਦਾ ਹੈ ਕਿ ਉਹ ਕਿਸੇ ਅਣਸਦਾਚਾਰਕ ਕੰਮ ਦਾ ਜਾਂ ਕਿਸੇ ਗੰਭੀਰ ਦੁਰਾਚਾਰ ਦਾ ਜਾਂ ਅਨੁਸ਼ਾਸਨੀ ਨਿਯਮਾਂ ਦੀ ਗੰਭੀਰ ਖ਼ਿਲਾਫ਼ ਵਰਜ਼ੀ ਦਾ ਕਸੂਰਵਾਰ ਹੈ, ਤਾਂ ਸਿੰਡੀਕੇਟ ਉਸ ਨੂੰ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਤੋਂ ਮਨ੍ਹਾਂ ਕਰ ਸਕੇਗੀ। ਅਜਿਹੇ ਕੇਸਾਂ ਵਿੱਚ ਸਿੰਡੀਕੇਟ :

(ੳ) ਉਸ ਪਰੀਖਿਆ ਲਈ ਉਸ ਦੀ ਉਮੀਦਵਾਰੀ ਰੱਦ ਕਰ ਸਕੇਗੀ ਅਤੇ ਹੁਕਮ ਕਰ ਸਕੇਗੀ ਕਿ ਉਸ ਦਾ ਨਤੀਜਾ ਨਾ ਐਲਾਨਿਆ ਜਾਵੇ; ਜਾਂ

(ਅ) ਉਸ ਨੂੰ ਸਥਾਈ ਤੌਰ ਤੇ ਜਾਂ ਉਲਿੱਖਤ ਮੁੱਦਤ ਲਈ ਨਾਕਾਬਲ ਕਰ ਸਕੇਗੀ। ਇਹ ਗੱਲ ਨਤੀਜੇ ਦੇ ਐਲਾਨ ਤੱਕ ਕਿਸੇ ਅਜਿਹੇ ਵਿਦਿਆਰਥੀ ਨੂੰ ਵੀ ਲਾਗੂ ਹੋਵੇਗੀ ਜਿਸ ਦਾ ਨਾਂ ਕਾਲਜ ਦੇ ਪ੍ਰਿੰਸੀਪਲ/ਅਧਿਆਪਨ ਵਿਭਾਗ ਦੇ ਮੁਖੀ ਦੁਆਰਾ ਯੂਨੀਵਰਸਿਟੀ ਪਰੀਖਿਆ ਲਈ ਭੇਜਿਆ ਗਿਆ ਹੈ।

7. ਜੇ ਕਿਸੇ ਕਾਲਜ ਦੇ ਪ੍ਰਿੰਸੀਪਲ ਨੂੰ ਕਿਸੇ ਹੋਰ ਪ੍ਰਿੰਸੀਪਲ ਤੋਂ ਕਿਸੇ ਵਿਦਿਆਰਥੀ ਦੇ ਦੁਰਾਚਾਰ ਬਾਰੇ ਕੋਈ ਰਿਪੋਰਟ ਮਿਲਦੀ ਹੈ ਤਾਂ ਉਸ ਕਾਲਜ ਦਾ ਪ੍ਰਿੰਸੀਪਲ ਜਿਸ ਦਾ ਉਹ ਵਿਦਿਆਰਥੀ ਹੈ, ਤੁਰੰਤ ਉਸ ਵਿਦਿਆਰਥੀ ਨੂੰ ਅਗਲੇ ਹੁਕਮਾਂ ਤੱਕ ਜਮਾਤਾਂ ਵਿੱਚ ਹਾਜ਼ਰ ਹੋਣ ਤੋਂ ਮੁਅੱਤਲ ਕਰ ਦੇਵੇਗਾ। ਅਗਲੀ ਕਾਰਵਾਈ ਕਰਨ ਲਈ ਹੇਠ-ਲਿਖੀ ਜਾਂਚ ਕਮੇਟੀ/ਹੇਠ ਲਿਖਿਆਂ ਜਾਂਚ ਕਮੇਟੀਆਂ ਗਠਿਤ ਕੀਤੀ ਜਾਵੇਗੀ/ਕੀਤੀਆਂ ਜਾਣਗੀਆਂ :

(ੳ) ਕਮੇਟੀ, ਉਸ ਕਾਲਜ ਦੇ ਪ੍ਰਿੰਸੀਪਲ ਜਿਥੇ ਘਟਨਾ ਵਾਪਰੀ ਹੈ, ਉਸ ਕਾਲਜ ਦੇ ਪ੍ਰਿੰਸੀਪਲ, ਜਿਸ ਦਾ/ਦੇ ਉਹ ਵਿਦਿਆਰਥੀ ਹੈ/ਹਨ, ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡੀਨ, ਵਿਦਿਆਰਥੀ ਭਲਾਈ ਅਤੇ/ਜਾਂ ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਵਿਅਕਤੀ ਤੋਂ ਮਿਲ ਕੇ ਬਣੇਗੀ।

(ਅ) ਜੇ ਘਟਨਾ ਯੂਨੀਵਰਸਿਟੀ ਕੈਂਪਸ ਵਿੱਚ ਵਾਪਰੀ ਹੋਵੇ ਅਤੇ ਕਿਸੇ ਸੰਬੱਧ ਕਾਲਜ ਦਾ/ਦੇ ਵਿਦਿਆਰਥੀ ਉਸ ਵਿੱਚ ਪਲਚਿਆ ਹੋਵੇ/ਪਲਚੇ ਹੋਣ ਤਾਂ ਕਮੇਟੀ ਡੀਨ, ਵਿਦਿਆਰਥੀ ਭਲਾਈ ਅਤੇ/ਜਾਂ ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਵਿਅਕਤੀ, ਉਸ ਕਾਲਜ ਦੇ ਪ੍ਰਿੰਸੀਪਲ ਜਿਸ ਦਾ/ਦੇ ਉਹ ਵਿਦਿਆਰਥੀ ਹੈ/ਹਨ ਅਤੇ ਇੱਕ ਹੋਰ ਕਾਲਜ ਦੇ ਪ੍ਰਿੰਸੀਪਲ ਤੋਂ ਮਿਲਕੇ ਬਣੇਗੀ।

(ੲ) ਜੇ ਕਿਸੇ ਸੰਬੱਧ ਕਾਲਜ ਵਿੱਚ ਕਿਸੇ ਘਟਨਾਂ ਵਿੱਚ ਕੋਈ ਯੂਨੀਵਰਸਿਟੀ ਵਿਦਿਆਰਥੀ ਪਲਚਿਆ ਹੋਵੇ, ਤਦ ਕਮੇਟੀ ਡੀਨ, ਵਿਦਿਆਰਥੀ ਭਲਾਈ ਅਤੇ/ਜਾਂ ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਵਿਅਕਤੀ, ਉਸ ਕਾਲਜ ਦੇ ਪ੍ਰਿੰਸੀਪਲ ਜਿਥੇ ਘਟਨਾ ਵਾਪਰੀ ਅਤੇ ਉਸ ਅਧਿਆਪਨ ਵਿਭਾਗ ਦੇ ਮੁੱਖੀ ਤੋਂ ਮਿਲ ਕੇ ਬਣੇਗੀ ਜਿਸ ਦਾ ਵਿਦਿਆਰਥੀ ਹੈ।

(ਸ) ਜੇ ਘਟਨਾ ਵਿੱਚ ਕੋਈ ਸਾਬਕਾ ਵਿਦਿਆਰਥੀ ਪਲਚਿਆ ਹੋਵੇ ਤਾਂ ਉਪਰ (ੳ), (ਅ) ਅਤੇ (ੲ) ਵਿੱਚ ਸੁਝਾਈ ਗਈ ਕਮੇਟੀ (ਜੋ ਵੀ ਲਾਗੂ ਹੋਵੇ) ਵਿੱਚ ਉਸ ਕਾਲਜ ਦਾ ਪ੍ਰਿੰਸੀਪਲ/ਯੂਨੀਵਰਸਿਟੀ ਅਧਿਆਪਨ ਵਿਭਾਗ ਦਾ ਮੁਖੀ ਸ਼ਾਮਲ ਹੋਵੇਗਾ ਜਿਥੇ ਉਹ ਵਿਦਿਆਰਥੀ ਆਖ਼ਰ ਵਿੱਚ ਦਾਖ਼ਲ ਸੀ।

(ਹ) ਜੇ ਘਟਨਾ ਵਿੱਚ ਕੋਈ ਅਧਿਆਪਕ ਵੀ ਪਲਚਿਆ ਹੋਵੇ ਤਾਂ ਉਪਰ (ੳ), (ਅ), (ੲ), (ਸ) ਵਿੱਚ ਸੁਝਾਈ ਗਈ ਕਮੇਟੀ (ਜੋ ਵੀ ਲਾਗੂ ਹੋਵੇ) ਵਿੱਚ ਉਸ ਅਧਿਆਪਨ ਵਿਭਾਗ ਦਾ ਮੁਖੀ/ਕਾਲਜ ਦਾ ਪ੍ਰਿੰਸੀਪਲ ਸ਼ਾਮਲ ਹੋਵੇਗਾ ਜਿਸ ਦਾ ਉਹ ਅਧਿਆਪਕ ਹੈ।

ਸਥਿਤੀ ਤੇ ਨਿਰਭਰ ਕਰਦਿਆਂ, ਕਮੇਟੀ ਦੀ ਇਕੱਤਰਤਾ ਜਾਂ ਤਾਂ ਯੂਨੀਵਰਸਿਟੀ ਕੈਂਪਸ ਵਿੱਚ ਜਾਂ ਉਸ ਕਾਲਜ ਵਿੱਚ ਹੋਵੇਗੀ ਜਿਥੇ ਘਟਨਾ ਵਾਪਰੀ ਸੀ, ਅਤੇ ਜਾਂਚ ਉਸ ਕਮੇਟੀ ਦੇ ਗਠਨ ਤੋਂ ਇੱਕ ਹਫ਼ਤੇ ਦੇ ਅੰਦਰ ਮੁਕੰਮਲ ਕੀਤੀ ਜਾਵੇਗੀ। ਕਮੇਟੀ ਦੁਆਰਾ ਸੁਝਾਈ ਗਈ ਸਜ਼ਾ ਉਨ੍ਹਾਂ ਨਿਯਮਾਂ ਦੀ ਅਨੁਸਾਰਤਾ ਵਿੱਚ ਹੋਵੇਗੀ ਜੋ ਯੂਨੀਵਰਸਿਟੀ ਦੁਆਰਾ ਪਹਿਲਾਂ ਹੀ ਸੰਬੱਧ ਕਾਲਜਾਂ/ਯੂਨੀਵਰਸਿਟੀ ਅਧਿਆਪਨ ਵਿਭਾਗਾਂ ਦੇ ਵਿਦਿਆਰਥੀਆਂ ਲਈ ਬਣਾਏ ਗਏ ਹਨ। ਸਾਬਕਾ ਵਿਦਿਆਰਥੀ ਦੀ ਸੂਰਤ ਵਿੱਚ, ਕਮੇਟੀ ਅਜਿਹੀ ਸਜ਼ਾ ਦੀ ਸਿਫ਼ਾਰਸ਼ ਕਰ ਸਕੇਗੀ ਜੋ ਉਹ ਠੀਕ ਸਮਝੇ, ਅਤੇ ਇਸ ਵਿੱਚ ਹੇਠ-ਲਿਖੀਆਂ ਸਜ਼ਾਵਾਂ ਸ਼ਾਮਲ ਹੋਣਗੀਆਂ :

(i) ਕਿਸੇ ਯੂਨੀਵਰਸਿਟੀ ਪਰੀਖਿਆ ਲਈ ਉਸ ਵਿਦਿਆਰਥੀ ਦੀ ਉਮੀਦਵਾਰੀ ਦਾ ਰੱਦ ਕੀਤਾ ਜਾਣਾ ;

(ii) ਯੂਨੀਵਰਸਿਟੀ ਦੁਆਰਾ ਜਾਂ ਕਿਸੇ ਸੰਬੱਧ ਕਾਲਜ ਵਿੱਚ ਚਲਾਏ ਜਾਂਦੇ ਕਿਸੇ ਅਧਿਐਨ ਕੋਰਸ ਵਿੱਚ ਦਾਖ਼ਲਾ ਨਾ ਦੇਣਾ ;

(iii) ਉਸ ਨੂੰ ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੀ ਗਈ ਜਾਂ ਪ੍ਰਦਾਨ ਕੀਤੀ ਜਾਣ ਵਾਲੀ ਡਿਗਰੀ, ਡਿਪਲੋਮਾ, ਸਰਟੀਫ਼ਿਕੇਟ ਵਾਪਸ ਲੈਣਾ।

8. ਇਸ ਵਿੱਚ ਇਸ ਤੋਂ ਪਹਿਲਾਂ ਕਿਸੇ ਗੱਲ ਦੇ ਦਰਜ ਹੁੰਦਿਆਂ ਹੋਇਆਂ ਵੀ ਕਾਲਜ ਦੇ ਪ੍ਰਿੰਸੀਪਲ/ਯੂਨੀਵਰਸਿਟੀ ਅਧਿਆਪਨ ਵਿਭਾਗ ਜਾਂ ਇੰਸਟੀਚੂਟ ਦੇ ਮੁਖੀ/ਯੂਨੀਵਰਸਿਟੀ ਹੋਸਟਲਾਂ ਦੇ ਵਾਰਡਨਾਂ ਨੂੰ ਆਪਣੇ ਕਾਲਜ/ਵਿਭਾਗ/ਇੰਸਟੀਚੂਟ/ਹੋਸਟਲ ਦੇ ਅਜਿਹੇ ਵਿਦਿਆਰਥੀਆਂ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦਾ ਇਖ਼ਤਿਆਰ ਹੋਵੇਗਾ ਜਿਨ੍ਹਾਂ ਨੇ ਕਾਲਜ/ਵਿਭਾਗ/ਇੰਸਟੀਚੂਟ/ ਹੋਸਟਲ ਤੋਂ ਬਾਹਰ ਅਨੁਸ਼ਾਸਨ-ਹੀਨਤਾ ਦਾ ਕੋਈ ਕੰਮ ਕੀਤਾ ਹੋਵੇ :
ਪਰੰਤੂ ਅਜਿਹੇ ਕੇਸਾਂ ਨੂੰ ਵੀ ਜ਼ਾਬਤੇ ਅਤੇ ਸਜ਼ਾ ਬਾਰੇ ਇਸ ਵਿੱਚ ਇਸ ਤੋਂ ਪਹਿਲਾਂ ਦਰਜ ਉਪਬੰਧ ਲਾਗੂ ਹੋਣਗੇ।

9. ਪੋਸਟ-ਗ੍ਰੈਜੂਏਟ ਕੋਰਸ ਦੇ ਵਿਦਿਆਰਥੀਆਂ, ਜਿਨ੍ਹਾਂ ਵਿੱਚ ਕਾਨੂੰਨ, ਇੰਜੀਨੀਅਰਿੰਗ ਅਤੇ ਮੈਡੀਸਨ ਫ਼ੈਕਲਟੀ ਦੇ ਵਿਦਿਆਰਥੀ ਸ਼ਾਮਲ ਹਨ, ਨੂੰ ਛੱਡ ਕੇ, ਹਰਿਕ ਕਾਲਜ ਦਾ ਪ੍ਰਿੰਸੀਪਲ ਸਾਲ ਵਿੱਚ ਇੱਕ ਵਾਰ, ਹਾਊਸ ਪਰੀਖਿਆ ਆਦਿ ਦੇ ਨਤੀਜੇ ਦੇ ਨਾਲ ਵਿਦਿਆਰਥੀ ਦੇ ਆਚਰਨ ਬਾਰੇ ਉਸ ਵਿਦਿਆਰਥੀ ਦੇ ਮਾਪਿਆਂ/ਸਰਪ੍ਰਸਤਾਂ ਨੂੰ ਰਿਪੋਰਟ ਭੇਜੇਗਾ। ਜੇ ਕੋਈ ਜੁਰਮਾਨਾ ਕੀਤਾ ਜਾਵੇ/ਸਜ਼ਾ ਦਿੱਤੀ ਜਾਵੇ ਤਾਂ ਉਸ ਬਾਰੇ ਕਾਰਵਾਈ ਕਰਨ ਤੋਂ ਤੁਰੰਤ ਬਾਅਦ ਮਾਪਿਆਂ/ਸਰਪ੍ਰਸਤ ਨੂੰ ਇਤਲਾਹ ਦਿੱਤੀ ਜਾਵੇਗੀ।

10. ਇਸ ਵਿੱਚ ਇਸ ਤੋਂ ਪਹਿਲਾਂ ਕਿਸੇ ਗੱਲ ਦੇ ਦਰਜ ਹੁੰਦਿਆਂ ਹੋਇਆਂ ਵੀ, ਵਿਭਾਗਾਂ ਦੇ/ਈਵਨਿੰਗ ਇੰਸਟੀਚੂਟ ਅਤੇ ਯੂਨੀਵਰਸਿਟੀ ਦੁਆਰਾ ਪਟਿਆਲੇ ਵਿੱਚ ਜਾਂ ਕਿਸੇ ਹੋਰ ਥਾਂ ਚਲਾਈਆਂ ਜਾਂਦੀਆਂ ਜਾਂ ਕਾਇਮ ਰੱਖੀਆਂ ਜਾਂਦੀਆਂ ਜਮਾਤਾਂ ਦੇ ਵਿਦਿਆਰਥੀਆਂ ਦੇ ਅਨੁਸ਼ਾਸਨੀ ਮਾਮਲਿਆ ਵਿੱਚ ਲਏ ਗਏ ਸਭ ਫ਼ੈਸਲੇ ਵਾਈਸ-ਚਾਂਸਲਰ ਦੁਆਰਾ ਅਤੇ ਯੂਨੀਵਰਸਿਟੀ ਨਾਲ ਸੰਬੱਧ ਕਾਲਜਾਂ ਦੇ ਵਿਦਿਆਰਥੀਆਂ ਦੇ ਅਨੁਸ਼ਾਸਨੀ ਮਾਮਲਿਆਂ ਵਿੱਚ ਲਏ ਗਏ ਸਭ ਫ਼ੈਸਲੇ ਕਾਲਜ ਦੇ ਪ੍ਰਿੰਸੀਪਲ ਦੁਆਰਾ, ਉਸ ਤਰੀਕ ਤੋਂ ਇੱਕ ਸਾਲ ਬਾਅਦ ਜਿਸ ਨੂੰ ਵਿਦਿਆਰਥੀ ਨੂੰ ਨਿਕਾਲਾ ਦਿੱਤਾ ਗਿਆ/ਕੱਢਿਆ ਗਿਆ, ਵਿਦਿਆਰਥੀ ਦੇ ਸਮੁੱਚੇ ਵਤੀਰੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮਾਨਵ-ਭਾਵੀ ਆਧਾਰ ਤੇ ਨਜ਼ਰਸਾਨੀ ਕੀਤੇ ਜਾਣ ਦੇ ਤਾਬੇ ਹੋਣਗੇ।

# ਅਧਿਆਏ-IX

# ਵਿਦਿਆਰਥੀ ਯੂਨੀਅਨ - ਇਸ ਦਾ ਸੰਵਿਧਾਨ
## (ਅਧਿਆਪਨ ਵਿਭਾਗ/ਕਾਲਜ)

### ਨਾਂ, ਅਹੁਦਾ ਆਦਿ

1. ਯੂਨੀਵਰਸਿਟੀ ਨਾਲ ਸੰਬੱਧ ਹਰਿਕ ਕਾਲਜ ਲਈ ਅਤੇ ਯੂਨੀਵਰਸਿਟੀ ਕੈਂਪਸ ਲਈ ਇੱਕ ਵਿਦਿਆਰਥੀ ਯੂਨੀਅਨ ਹੋਵੇਗੀ ਜਿਸ ਨੂੰ ਇਸ ਵਿੱਚ ਇਸ ਤੋਂ ਪਿਛੋਂ ਸਥਾਨਿਕ ਯੂਨੀਅਨ ਕਿਹਾ ਜਾਵੇਗਾ:

   ਪਰੰਤੂ ਜਦੋਂ ਯੂਨੀਵਰਸਿਟੀ ਕੋਈ ਕਾਲਜ/ਈਵਨਿੰਗ ਇੰਸਟੀਚੂਟ/ਸ਼ਾਮ ਦੀ ਸ਼ਿਫ਼ਟ ਵੀ ਚਲਾ ਰਿਹਾ ਹੋਵੇ ਅਤੇ ਉਸ ਈਵਨਿੰਗ ਇੰਸਟੀਚੂਟ/ਸ਼ਾਮ ਦੀ ਸ਼ਿਫ਼ਟ ਵਿੱਚ ਘੱਟ ਤੋਂ ਘੱਟ 100 ਵਿਦਿਆਰਥੀ ਹੋਣ ਤਾਂ ਅਜਿਹੇ ਵਿਦਿਆਰਥੀਆਂ ਲਈ ਇੱਕ ਵੱਖਰੀ ਸਥਾਨਿਕ ਯੂਨੀਅਨ ਹੋਵੇਗੀ। ਜੇ ਵਿਦਿਆਰਥੀਆਂ ਦੀ ਗਿਣਤੀ 100 ਤੋਂ ਘੱਟ ਹੋਵੇ ਤਾਂ ਕੋਈ ਯੂਨੀਅਨ ਨਹੀਂ ਹੋਵੇਗੀ ਅਤੇ ਵਿਦਿਆਰਥੀਆਂ ਨੂੰ ਸਵੇਰ ਦੀ ਸ਼ਿਫ਼ਟ ਵਿੱਚ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ ਪਰ ਸ਼ਾਮ ਦੀ ਸ਼ਿਫ਼ਟ ਦੇ ਵਿਦਿਆਰਥੀਆਂ ਦੇ ਹਿੱਤਾਂ ਦੀ ਰਾਖੀ ਲਈ ਸ਼ਾਮ ਦੀ ਸ਼ਿਫ਼ਟ ਲਈ ਇਕ ਭਲਾਈ ਕਮੇਟੀ ਬਣਾਈ ਜਾ ਸਕੇਗੀ।

2. ਸਥਾਨਿਕ ਯੂਨੀਅਨ ਦਾ ਨਾਂ, ਕਾਲਜ/ਵਿਭਾਗ ਜਾਂ ਕੈਂਪਸ ਦਾ ਨਾਂ, ਜਿਹੀ ਕਿ ਸੂਰਤ ਹੋਵੇ, ਪਹਿਲਾਂ ਦੇ ਕੇ "ਵਿਦਿਆਰਥੀ ਯੂਨੀਅਨ" ਹੋਵੇਗਾ, ਉਦਾਹਰਨ ਲਈ, "ਮਹਿੰਦਰਾ ਕਾਲਜ ਵਿਦਿਆਰਥੀ ਯੂਨੀਅਨ।"

3. ਇਨ੍ਹਾਂ ਆਰਡੀਨੈਂਸਾਂ ਵਿੱਚ ਜੇਕਰ ਵਿਸ਼ੇ ਜਾਂ ਪ੍ਰਸੰਗ ਵਿੱਚ ਕੋਈ ਗੱਲ ਇਸਦੇ ਵਿਰੁੱਧ ਨਾ ਹੋਵੇ ਤਾਂ :

   (ੳ) "ਯੂਨੀਵਰਸਿਟੀ" ਦਾ ਮਤਲਬ ਹੈ ਪੰਜਾਬੀ ਯੂਨੀਵਰਸਿਟੀ, ਪਟਿਆਲਾ ; ਅਤੇ

   (ਅ) "ਯੂਨੀਵਰਸਿਟੀ ਵਿਭਾਗ" ਦਾ ਮਤਲਬ ਹੈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਕੋਈ ਅਧਿਆਪਨ ਵਿਭਾਗ।

4. ਮੰਤਵ ਅਤੇ ਉਦੇਸ਼

   (ੳ) ਕਾਲਜ/ਸੰਸਥਾ/ਯੂਨੀਵਰਸਿਟੀ ਵਿੱਚ ਉਚਿੱਤ ਅਕਾਦਮਿਕ ਵਾਤਾਵਰਨ ਪੈਦਾ ਕਰਨਾ;

   (ਅ) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿੱਚ ਪਰਸਪਰ ਸੰਪਰਕ, ਲੋਕਤੰਤਰਿਕ ਦ੍ਰਿਸ਼ਟੀਕੋਣ, ਅਤੇ ਆਪਸੀ ਏਕਤਾ ਦੀ ਭਾਵਨਾ ਨੂੰ ਬੜ੍ਹਾਵਾ ਦੇਣਾ;

(ਞ) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਸਮਾਜਿਕ, ਸਭਿਆਚਾਰਿਕ ਅਤੇ ਬੌਧਿਕ ਵਿਕਾਸ ਨੂੰ ਬੜ੍ਹਾਵਾ ਦੇਣਾ;

(ਸ) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿੱਚ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਚੇਤੰਨਤਾ ਪੈਦਾ ਕਰਨਾ ਤਾਂ ਜੋ ਉਹ ਜ਼ਿੰਮੇਦਾਰ ਅਤੇ ਪੜ੍ਹੇ-ਲਿਖੇ ਨਾਗਰਿਕ ਬਣਨ ਲਈ ਚੰਗੀ ਤਰ੍ਹਾਂ ਤਿਆਰ ਕੀਤੇ ਜਾ ਸਕਣ;

(ਹ) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿੱਚ ਲੋਕ-ਸੇਵਾ ਅਤੇ ਰਾਜ ਵੱਲ ਉਨ੍ਹਾਂ ਦੇ ਫ਼ਰਜ਼ਾਂ ਦੀ ਭਾਵਨਾ ਨੂੰ ਬੜ੍ਹਾਵਾ ਦੇਣਾ;

(ਕ) ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚਕਾਰ ਨੇੜੇ ਦੇ ਸੰਬੰਧ ਪੈਦਾ ਕਰਨਾ; ਅਤੇ

(ਖ) ਵਿਦਿਆਰਥੀਆਂ ਦੇ ਸਾਂਝੇ ਹਿੱਤਾਂ ਦੇ ਮਾਮਲਿਆਂ ਸੰਬੰਧੀ ਯੂਨੀਵਰਸਿਟੀ ਅਥਾਰਿਟੀਆਂ ਨੂੰ ਮਿਲਣਾ, ਵਿਚਾਰ ਵਟਾਂਦਰਾ ਕਰਨਾ ਅਤੇ ਪ੍ਰਤਿਬੇਨਤੀਆਂ ਕਰਨਾ।

5. ਸਰਗਰਮੀਆਂ

(ੳ) ਬਹਿਸਾਂ, ਲੈਕਚਰ, ਚਰਚਾ, ਸਟੱਡੀ ਸਰਕਲ, ਲੇਖ-ਮੁਕਾਬਲਿਆਂ ਆਦਿ;

(ਅ) ਸਭਿਆਚਾਰਕ ਸਮਾਰੋਹਾਂ ਅਤੇ ਮੁਕਾਬਲਿਆਂ;

(ੲ) ਇਨਡੋਰ ਅਤੇ ਆਊਟਡੋਰ ਗੇਮਾਂ;

(ਸ) ਮੈਗਜ਼ੀਨ, ਬੁਲੇਟਿਨ ਆਦਿ ਦੇ ਪ੍ਰਕਾਸ਼ਨ;

(ਹ) ਇਤਿਹਾਸਕ ਅਤੇ ਸਿੱਖਿਅਕ ਮਹੱਤਤਾ ਦੇ ਅਸਥਾਨਾਂ ਦੀ ਸੈਰ ਅਤੇ, ਦੌਰਿਆਂ ਦਾ ਆਯੋਜਨ;

(ਕ) ਸਮਾਜ-ਸੇਵਾ ਅਤੇ ਸਮਾਜ-ਰਾਹਤ ਦੀਆਂ ਸਰਗਰਮੀਆਂ;

(ਖ) ਸਹਿਕਾਰੀ ਸੋਸਾਇਟੀਆਂ ਬਣਾਉਣ ਅਤੇ ਉਨ੍ਹਾਂ ਨੂੰ ਚਲਾਉਣ; ਅਤੇ

(ਗ) ਹੋਰ ਅਜਿਹੀਆਂ ਸਰਗਰਮੀਆਂ, ਜੋ ਉਪਰੋਕਤ ਮੰਤਵਾਂ ਅਤੇ ਉਦੇਸ਼ਾਂ ਦੀਆਂ ਪ੍ਰਾਪਤੀਆਂ ਨੂੰ ਅੱਗੇ ਵਧਾਉਣ ਦਾ ਪ੍ਰਬੰਧ ਕਰਨਾ।

6. ਮੈਂਬਰਸ਼ਿਪ

(ੳ) ਯੂਨੀਵਰਸਿਟੀ ਵਿਭਾਗਾਂ ਅਤੇ ਯੂਨੀਵਰਸਿਟੀ ਨਾਲ ਸੰਬੱਧ ਕਾਲਜਾਂ ਦੇ ਰਜਿਸਟਰ ਤੇ ਹਰਿਕ ਪੂਰਨਕਾਲੀ ਅਤੇ *ਬਾਕਾਇਦਾ ਵਿਦਿਆਰਥੀ ਆਪਣੀ ਸੰਸਥਾ ਦੀ ਸਥਾਨਿਕ ਯੂਨੀਅਨ ਦਾ ਮੈਂਬਰ ਹੋਵੇਗਾ;

---

* ਕੋਈ ਵਿਦਿਆਰਥੀ ਜੋ ਯੂਨੀਵਰਸਿਟੀ/ਸੰਬੱਧ ਕਾਲਜਾਂ/ਸੰਸਥਾਵਾਂ ਵਿੱਚ ਦਾਖ਼ਲੇ ਦੇ ਬਾਕਾਇਦਾ ਦਿਨਾਂ ਦੇ ਦੌਰਾਨ ਜਾਂ ਵਾਈਸ-ਚਾਂਸਲਰ ਦੀ ਵਿਸ਼ੇਸ਼ ਇਜਾਜ਼ਤ ਨਾਲ ਦਾਖ਼ਲ ਕੀਤਾ ਗਿਆ ਹੈ, ਉਹ ਬਾਕਾਇਦਾ (ਨਾ ਕਿ ਇਤਫ਼ਾਕੀਆ) ਵਿਦਿਆਰਥੀ ਹੈ।

(ਅ) ਐਮ.ਫਿਲ. ਦਾ ਵਿਦਿਆਰਥੀ ਕੇਵਲ ਇੱਕ ਅਕਾਦਮਿਕ ਸਾਲ ਲਈ
ਵਿਦਿਆਰਥੀ ਯੂਨੀਅਨ ਦਾ ਮੈਂਬਰ ਹੋਵੇਗਾ :
ਪਰੰਤੂ ਇਹ ਤਦ ਜੇ ਉਹ ਐਮ.ਫ਼ਿਲ. ਦਾ ਬਾਕਾਇਦਾ ਵਿਦਿਆਰਥੀ ਹੋਵੇ।
(ਇਸ ਵਿੱਚ ਉਹ ਵਿਦਿਆਰਥੀ ਸ਼ਾਮਲ ਨਹੀਂ ਹੋਣਗੇ ਜਿਨ੍ਹਾਂ ਲਈ ਬਾਕਾਇਦਾ ਜਮਾਤ ਨਾ ਹੋਵੇ) ਅਤੇ ਉਹ :-

(i) ਅਧਿਆਪਕ ਫ਼ੈਲੋਸ਼ਿਪ ਸਕੀਮ ਅਧੀਨ ਨ ਆਉਂਦਾ ਹੋਵੇ;

(ii) ਕਿਸੇ ਪ੍ਰਾਜੈਕਟ/ਸਕੀਮ ਅਧੀਨ ਕੰਮ ਕਰ ਰਿਹਾ ਖੋਜ ਸਕਾਲਰ/ਖੋਜ ਫ਼ੈਲੋ ਨਾ ਹੋਵੇ;

(iii) ਜਮਾਤ/ ਜਮਾਤਾਂ ਨੂੰ ਪੜ੍ਹਾਉਣ ਦੇ ਕੰਮ ਵਿੱਚ ਨਾ ਲੱਗਿਆ ਹੋਵੇ।

ਜੇ ਕੋਰਸ ਦੇ ਦੌਰਾਨ ਕੋਈ ਐਮ.ਫ਼ਿਲ. ਵਿਦਿਆਰਥੀ ਉੱਪਰ ਦਰਜ ਤਿੰਨਾਂ ਖੰਡਾਂ ਵਿੱਚੋਂ ਕਿਸੇ ਅਧੀਨ ਆ ਜਾਵੇ ਤਾਂ ਉਹ ਤੁਰੰਤ ਮੈਂਬਰ ਨਹੀਂ ਰਹਿ ਜਾਵੇਗਾ।

(ੲ) ਇਤਫ਼ਾਕੀਆ ਵਿਦਿਆਰਥੀ ਜਾਂ ਪੁਰਾਣਾ ਵਿਦਿਆਰਥੀ ਜਾਂ ਭਾਸ਼ਾਵਾਂ ਵਿੱਚ ਡਿਪਲੋਮਾ ਕੋਰਸ ਲਈ ਦਾਖ਼ਲ ਕੀਤਾ ਗਿਆ ਵਿਦਿਆਰਥੀ ਪੂਰਨਕਾਲੀ ਵਿਦਿਆਰਥੀ ਨਹੀਂ ਸਮਝਿਆ ਜਾਵੇਗਾ ਅਤੇ ਯੂਨੀਅਨ ਦੀ ਮੈਂਬਰੀ ਦੇ ਯੋਗ ਨਹੀਂ ਹੋਵੇਗਾ।

7. ਮੈਂਬਰਸ਼ਿਪ ਫ਼ੀਸ

ਮੈਂਬਰਸ਼ਿਪ ਲਈ ਕੋਈ ਫ਼ੀਸ ਨਹੀਂ ਹੋਵੇਗੀ।

8. ਮੈਂਬਰਸ਼ਿਪ ਦੀ ਸਮਾਪਤੀ

ਕੋਈ ਵਿਦਿਆਰਥੀ ਜਦੋਂ ਉਪਰੋਕਤ ਅਨੁਸਾਰ ਹਾਜ਼ਰੀ ਦੇ ਰਜਿਸਟਰ ਤੇ ਉਸ ਦਾ ਨਾਂ ਨਾ ਰਹਿ ਜਾਵੇ ਤਾਂ ਆਪਣੇ ਆਪ ਮੈਂਬਰ ਨਹੀਂ ਰਹਿ ਜਾਵੇਗਾ।

9. ਸਰਪ੍ਰਸਤ

ਹਰਿਕ ਸਥਾਨਿਕ ਯੂਨੀਅਨ ਦਾ ਇਕ ਸਰਪ੍ਰਸਤ ਹੋਵੇਗਾ, ਜੋ ਸੰਬੰਧਤ ਸੰਸਥਾ ਦਾ ਮੁਖੀ ਹੋਵੇਗਾ। ਐਪਰ, ਕੈਂਪਸ ਵਿਦਿਆਰਥੀ ਯੂਨੀਅਨ(ਸਥਾਨਿਕ ਯੂਨੀਅਨ) ਦਾ ਵਾਈਸ-ਚਾਂਸਲਰ ਮੁੱਖ ਸਰਪ੍ਰਸਤ ਹੋਵੇਗਾ ਅਤੇ ਡੀਨ, ਵਿਦਿਆਰਥੀ ਭਲਾਈ ਸਰਪ੍ਰਸਤ ਹੋਵੇਗਾ।

10. ਸਰਪ੍ਰਸਤ ਨੂੰ ਇਹ ਹੱਕ ਹੋਵੇਗਾ ਕਿ ਉਹ ਸਟਾਫ਼ ਦੇ ਇੱਕ ਜਾਂ ਵੱਧ ਮੈਂਬਰਾਂ ਨੂੰ ਨਾਮਜ਼ਦ ਕਰੇ ਜੋ ਯੂਨੀਅਨ ਦੇ ਸਟਾਫ਼ ਸਲਾਹਕਾਰ (ਾਂ) ਵਜੋਂ ਕੰਮ ਕਰੇਗਾ/ਕਰਨਗੇ ਅਤੇ ਸਾਰੀਆਂ ਇੱਕਤਰਤਾਵਾਂ ਵਿੱਚ ਸ਼ਾਮਲ ਹੋਵੇਗਾ/ਹੋਣਗੇ, ਪਰ ਉਨ੍ਹਾਂ ਨੂੰ ਵੋਟ ਦਾ ਹੱਕ ਨਹੀਂ ਹੋਵੇਗਾ। ਕੈਂਪਸ ਵਿਦਿਆਰਥੀ ਯੂਨੀਅਨ ਦੀ ਸੂਰਤ ਵਿੱਚ ਸਟਾਫ਼ ਸਲਾਹਕਾਰ ਮੁੱਖ ਸਰਪ੍ਰਸਤ ਦੁਆਰਾ ਨਾਮਜ਼ਦ ਕੀਤਾ ਜਾਵੇਗਾ/ਕੀਤੇ ਜਾਣਗੇ।

11. ਕਾਰਜਪਾਲਕ ਕਮੇਟੀ

ਯੂਨੀਅਨ ਦੀ ਕਾਰਜਪਾਲਕ ਕਮੇਟੀ ਚਾਰ ਅਹੁਦੇਦਾਰਾਂ ਅਤੇ ਸੰਬੰਧਤ ਸੰਸਥਾ ਦੇ ਸਭ ਜਮਾਤ-ਪ੍ਰਤੀਨਿੱਧਾਂ ਤੋਂ ਮਿਲ ਕੇ ਬਣੇਗੀ।

12. ਜਮਾਤਾਂ ਦੇ ਪ੍ਰਤੀਨਿੱਧ*

(ੳ) ਈਵਨਿੰਗ ਇੰਸਟੀਚੂਟ/ਕਾਨੂੰਨ ਵਿਭਾਗ ਦੀ ਸ਼ਾਮ ਦੀ ਸ਼ਿਫ਼ਟ ਨੂੰ ਛੱਡ ਕੇ, ਸਥਾਨਿਕ ਯੂਨੀਅਨ ਸੰਬੰਧਤ ਸੰਸਥਾ ਦੇ ਚੁਣੇ ਗਏ ਜਮਾਤ ਪ੍ਰਤੀਨਿੱਧਾਂ ਤੋਂ ਮਿਲ ਕੇ ਬਣੇਗੀ ਅਤੇ ਕਿਸੇ ਜਮਾਤ ਦੇ ਜਾਂ ਉਸ ਦੇ ਕਿਸੇ ਸੈਕਸ਼ਨ ਦੇ ਹਰ 8● ਵਿਦਿਆਰਥੀਆਂ ਪਿੱਛੇ ਇੱਕ ਪ੍ਰਤੀਨਿੱਧ ਹੋਵੇਗਾ :

ਪਰੰਤੂ ਜਿਥੇ ਕਿਸੇ ਜਮਾਤ ਜਾਂ ਉਸ ਦੇ ਸੈਕਸ਼ਨ ਵਿੱਚ 8● ਤੋਂ ਵੱਧ ਵਿਦਿਆਰਥੀ ਹੋਣ ਉਸ ਜਮਾਤ/ਸੈਕਸ਼ਨ ਤੋਂ ਦੋ ਪ੍ਰਤੀਨਿੱਧ ਹੋਣਗੇ :

ਪਰੰਤੂ ਇਹ ਹੋਰ ਕਿ ਜਿਥੇ ਕਿਸੇ ਸੈਕਸ਼ਨ/ਜਮਾਤ ਜਾਂ ਵਿਭਾਗ ਵਿੱਚ 2● ਤੋਂ ਘੱਟ ਵਿਦਿਆਰਥੀ ਹੋਣ, ਉਥੇ ਸੈਕਸ਼ਨਾਂ/ਜਮਾਤਾਂ ਜਾਂ ਵਿਭਾਗਾਂ ਨੂੰ ਮਿਲਾ ਦਿੱਤਾ ਜਾਵੇਗਾ ਤਾਂ ਜੋ ਹਰ 6● ਜਾਂ ਉਸ ਤੋਂ ਘੱਟ ਵਿਦਿਆਰਥੀਆਂ ਲਈ ਇੱਕ ਪ੍ਰਤੀਨਿੱਧ ਚੁਣਿਆ ਜਾਵੇ। ਵਿਦਿਆਰਥੀਆਂ ਦੀ ਉਹ ਨਫ਼ਰੀ ਹਿਸਾਬ ਵਿੱਚ ਲਈ ਜਾਵੇਗੀ ਜੋ ਪ੍ਰਿੰਸੀਪਲ/ਵਿਭਾਗ ਦੇ ਮੁਖੀ ਦੇ ਇਖ਼ਤਿਆਰ ਵਿੱਚ ਲੇਟ ਫ਼ੀਸ ਨਾਲ ਦਾਖ਼ਲੇ ਦੀ ਅੰਤਮ ਤਰੀਕ ਨੂੰ ਹੋਵੇ। ਜੇ ਐਮ. ਫ਼ਿਲ. ਦੇ ਵਿਦਿਆਰਥੀਆਂ ਦੀ ਕਿਸੇ ਜਮਾਤ ਵਿੱਚ ਗਿਣਤੀ 2● ਤੋਂ ਘੱਟ ਹੋਵੇ ਤਾਂ ਉਨ੍ਹਾਂ ਨੂੰ ਗਰੁੱਪ ਵਿੱਚ ਮਿਲਾ ਲਿਆ ਜਾਵੇਗਾ ਅਤੇ ਉਹ ਹਰ 6● ਜਾਂ ਉਸ ਤੋਂ ਘੱਟ ਵਿਦਿਆਰਥੀਆਂ ਲਈ ਇੱਕ ਪ੍ਰਤੀਨਿੱਧ ਚੁਣਨਗੇ।

(ਅ) ਕੈਂਪਸ ਵਿਦਿਆਰਥੀ ਯੂਨੀਅਨ ਦੀ ਸੂਰਤ ਵਿੱਚ ਉਨ੍ਹਾਂ ਲੜਕੀਆਂ ਤੋਂ ਇਲਾਵਾ ਜੋ ਜਮਾਤ ਪ੍ਰਤੀਨਿੱਧ ਚੁਣੀਆਂ ਜਾਣ, ਇੱਕ ਲੜਕੀ ਕੈਂਪਸ ਦੇ ਵੱਖ-ਵੱਖ ਅਧਿਆਪਨ ਵਿਭਾਗਾਂ ਦੇ ਹਾਜ਼ਰੀ ਦੇ ਰਜਿਸਟਰਾਂ ਤੇ ਦਰਜ ਲੜਕੀਆਂ ਦੁਆਰਾ ਕਾਰਜਪਾਲਕ ਕਮੇਟੀ ਦੀ ਮੈਂਬਰ ਵਜੋਂ ਚੁਣੀ ਜਾਵੇਗੀ।

(ੲ) ਕਿਸੇ ਕਾਲਜ ਦੀ ਸੂਰਤ ਵਿੱਚ ਜੇ ਕੋਈ ਵੀ ਲੜਕੀ ਜਮਾਤ ਪ੍ਰਤੀਨਿੱਧ ਵਜੋਂ ਨਾ ਚੁਣੀ ਗਈ ਹੋਵੇ ਤਾਂ ਕਾਲਜ ਦੇ ਹਾਜ਼ਰੀ ਦੇ ਰਜਿਸਟਰਾਂ ਤੇ ਦਰਜ ਲੜਕੀਆਂ ਇੱਕ ਜਮਾਤ ਪ੍ਰਤੀਨਿੱਧ ਚੁਣਨ ਗੀਆਂ ਜੋ ਕਾਰਜਪਾਲਕ ਕਮੇਟੀ ਦੀ ਮੈਂਬਰ ਹੋਵੇਗੀ।

(ਸ) ਈਵਨਿੰਗ ਇੰਸਟੀਚੂਟ/ਕਾਨੂੰਨ ਵਿਭਾਗ ਦੀਆਂ ਸ਼ਾਮ ਦੀਆਂ ਜਮਾਤਾਂ ਦੀ ਸੂਰਤ ਵਿੱਚ, ਸਥਾਨਿਕ ਯੂਨੀਅਨ ਵਿਦਿਆਰਥੀਆਂ ਦੇ ਚੁਣੇ ਹੋਏ ਪ੍ਰਤੀਨਿੱਧਾਂ ਤੋਂ ਮਿਲ ਕੇ ਬਣੇਗੀ, ਅਤੇ ਚੋਣ 5● ਵਿਦਿਆਰਥੀਆਂ ਜਾਂ ਉਸ ਤੋਂ ਵੱਧ ਦੇ ਇੱਕ ਸੈਕਸ਼ਨ ਪਿਛੇ ਦੋ ਪ੍ਰਤੀਨਿੱਧਾਂ ਦੇ ਆਧਾਰ ਤੇ ਹੋਵੇਗੀ:

---

* ਹੇਠ-ਲਿਖੇ ਮਿਲ ਕੇ ਜਮਾਤ ਗੱਠਤ ਕਰਨਗੇ :

(1) ਬੀ.ਏ./ਬੀ.ਐਸ-ਸੀ./ਬੀ. ਕਾਮ.ਭਾਗ-I, ਪ੍ਰੀ-ਮੈਡੀਕਲ ਅਤੇ ਪ੍ਰੀ-ਇੰਜੀਨੀਰਿੰਗ

(2) ਬੀ.ਏ./ਬੀ. ਐਸ-ਸੀ./ਬੀ. ਕਾਮ, ਭਾਗ-II;

(3) ਬੀ. ਏ./ਬੀ. ਐਸ-ਸੀ./ਬੀ. ਕਾਮ. ਭਾਗ-III;

ਪਰੰਤੂ ਜਿਥੇ ਕਿਸੇ ਸੈਕਸ਼ਨ ਵਿੱਚ ਗਿਣਤੀ 50 ਤੋਂ ਘੱਟ ਹੋਵੇ ਉਸ ਸੈਕਸ਼ਨ ਤੋਂ ਕੇਵਲ ਇੱਕ ਪ੍ਰਤੀਨਿੱਧ ਚੁਣਿਆ ਜਾਵੇਗਾ।

ਵਿਆਖਿਆ

(i) ਜਮਾਤ ਪ੍ਰਤੀਨਿੱਧ ਆਪੋ-ਆਪਣੀਆਂ ਜਮਾਤਾਂ/ਸੈਕਸ਼ਨਾਂ ਦੇ ਵਿਦਿਆਰਥੀਆਂ ਦੁਆਰਾ ਚੁਣੇ ਜਾਣਗੇ।

(ii) ਜੇ ਕਿਸੇ ਸੈਕਸ਼ਨ/ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ 20 ਜਾਂ 20 ਤੋਂ ਵੱਧ ਹੈ ਪਰ 80 ਤੋਂ ਘੱਟ ਹੈ ਤਾਂ ਇੱਕ ਪ੍ਰਤੀਨਿੱਧ ਚੁਣਿਆ ਜਾਵੇਗਾ। (ਇਹ ਗੱਲ ਈਵਨਿੰਗ ਇੰਸਟੀਚੂਟ/ਕਾਨੂੰਨ ਵਿਭਾਗ ਦੀਆਂ ਸ਼ਾਮ ਦੀਆਂ ਜਮਾਤਾਂ ਨੂੰ ਲਾਗੂ ਨਹੀਂ ਹੋਵੇਗੀ)।

(iii) ਚੋਣਾਂ ਗੁਪਤ ਪਰਚੀਆਂ ਦੁਆਰਾ ਹੋਣਗੀਆਂ ਅਤੇ ਹਰਿਕ ਵਿਦਿਆਰਥੀ ਦੀ ਇੱਕ ਬਦਲੀ ਨਾ ਜਾਣ ਵਾਲੀ ਵੋਟ ਹੋਵੇਗੀ। ਸਭ ਤੋਂ ਵੱਧ ਵੋਟਾਂ ਲੈਣ ਵਾਲੇ ਉਮੀਦਵਾਰ ਚੁਣੇ ਗਏ ਐਲਾਨੇ ਜਾਣਗੇ।

13. ਅਹੁਦੇਦਾਰ

ਚਾਰ ਅਹੁਦੇਦਾਰ ਅਰਥਾਤ ਪ੍ਰਧਾਨ, ਉਪ-ਪ੍ਰਧਾਨ, ਸਕੱਤਰ ਅਤੇ ਸੰਯੁਕਤ ਸਕੱਤਰ ਕਾਲਜ/ਕੈਂਪਸ/ਸੰਸਥਾ ਦੇ ਵਿਦਿਆਰਥੀਆਂ ਦੁਆਰਾ ਸਿੱਧੇ ਚੁਣੇ ਜਾਣਗੇ।

(ੳ) ਪ੍ਰਧਾਨ

ਪ੍ਰਧਾਨ ਯੂਨੀਅਨ ਦਾ ਮੁੱਖ ਕਾਰਜਪਾਲਕ ਹੋਵੇਗਾ ਅਤੇ ਯੂਨੀਅਨ ਦੀਆਂ ਸਭ ਇਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ।

ਐਪਰ ਯੂਨੀਅਨ ਦੀ ਕਿਸੇ ਅਜਿਹੀ ਇੱਕਤਰਤਾ ਦੀ ਪ੍ਰਧਾਨਗੀ ਮੁੱਖ ਸਰਪ੍ਰਸਤ ਕਰੇਗਾ ਜੋ ਉਹ ਆਪ ਬੁਲਾਵੇ ਅਤੇ ਜਿਸ ਵਿੱਚ ਉਹ ਆਪ ਹਾਜ਼ਰ ਹੋਵੇ। ਪ੍ਰਧਾਨ ਯੂਨੀਅਨ ਦੇ ਉਦੇਸ਼ਾਂ ਦੀ ਪੂਰਤੀ ਲਈ ਅਤੇ ਕਾਰਜਪਾਲਕ ਕਮੇਟੀ ਦੁਆਰਾ ਉਲੀਕੇ ਗਏ ਸਭ ਪ੍ਰੋਗਰਾਮਾਂ ਅਤੇ ਸਰਗਰਮੀਆਂ ਨੂੰ ਉਚਿੱਤ ਤੌਰ ਤੇ ਅਮਲੀ ਰੂਪ ਦੇਣ ਲਈ ਜ਼ੁੰਮੇਵਾਰ ਹੋਵੇਗਾ।

(ਅ) ਉਪ-ਪ੍ਰਧਾਨ

ਪ੍ਰਧਾਨ, ਮੁੱਖ-ਸਰਪ੍ਰਸਤ/ਸਰਪ੍ਰਸਤ ਦੀ ਗ਼ੈਰ-ਹਾਜ਼ਰੀ ਵਿੱਚ ਉਪ-ਪ੍ਰਧਾਨ ਯੂਨੀਅਨ ਦੀਆਂ ਸਭ ਇਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ ਅਤੇ ਹੋਰ ਅਜਿਹੇ ਕਰਤੱਵ ਨਿਭਾਏਗਾ ਜੋ ਕਾਰਜਪਾਲਕ ਕਮੇਟੀ ਨਾਲ ਮਸ਼ਵਰਾ ਕਰਕੇ ਪ੍ਰਧਾਨ ਉਸ ਨੂੰ ਸੌਂਪੇ।

(ੲ) ਸਕੱਤਰ

ਸਕੱਤਰ ਯੂਨੀਅਨ ਦੇ ਸਾਰੇ ਰਿਕਾਰਡਾਂ ਦਾ ਕਸਟੋਡੀਅਨ ਹੋਵਗਾ। ਉਹ ਯੂਨੀਅਨ ਦੀਆਂ ਸਭ ਇਕੱਤਰਤਾਵਾਂ ਦੀਆਂ ਕਾਰਵਾਈਆਂ ਕਲਮਬੰਦ ਕਰੇਗਾ ਅਤੇ ਉਨ੍ਹਾਂ ਦਾ ਰਿਕਾਰਡ ਰੱਖੇਗਾ।

(ਸ) ਸੰਯੁਕਤ ਸਕੱਤਰ

ਉਹ ਸਕੱਤਰ ਦੀ ਗ਼ੈਰ-ਹਾਜ਼ਰੀ ਵਿੱਚ ਉਸ ਦੇ ਕਰੱਤਵ ਨਿਭਾਵੇਗਾ ਅਤੇ ਹੋਰ ਅਜਿਹੇ ਕੰਮ-ਕਾਜ ਕਰੇਗਾ ਜੋ ਸਕੱਤਰ, ਕਾਰਜਪਾਲਕ ਕਮੇਟੀ ਨਾਲ ਮਸ਼ਵਰਾ ਕਰਕੇ ਉਸ ਨੂੰ ਸੌਂਪੇ।

14. ਸਥਾਨਿਕ ਯੂਨੀਅਨ ਦੀ ਚੋਣ ਲਈ ਸਮੇਂ ਦੀ ਸੀਮਾਂ

(ੳ) ਜਮਾਤ ਪ੍ਰਤੀਨਿੱਧਾਂ ਅਤੇ ਅਹੁਦੇਦਾਰਾਂ ਦੀ ਚੋਣ ਹਰ ਸਾਲ 16 ਅਗਸਤ ਅਤੇ 15 ਸਤੰਬਰ ਦੇ ਵਿਚਕਾਰ ਕਾਲਜਾਂ ਵਿੱਚ ਅਤੇ ਕੈਂਪਸ ਵਿਖੇ ਇ ੱਕੋ ਸਮੇਂ ਕਿਸੇ ਅਜਿਹੀ ਤਰੀਕ ਨੂੰ ਕਰਵਾਈ ਜਾਵੇਗੀ ਜੋ ਵਾਈਸ-ਚਾਂਸਲਰ ਦੁਆਰਾ ਨਿਯਤ ਕੀਤੀ ਜਾਵੇ।

(ਅ) ਜਿਥੇ ਇੱਕ ਵੀ ਨਾਮਜ਼ਦਗੀ ਪੱਤਰ ਨਾ ਆਵੇ ਜਾਂ ਆਏ ਸਭ ਨਾਮਜ਼ਦਗੀ-ਪੱਤਰ ਵਾਪਸ ਲੈ ਲਏ ਜਾਣ ਜਾਂ ਜਿਥੇ ਕਿਸੇ ਜਮਾਤ/ਸੈਕਸ਼ਨ ਲਈ ਚੁਣੇ ਜਾਣ ਵਾਲੇ ਜਮਾਤ ਪ੍ਰਤੀਨਿੱਧਾਂ ਦੀ ਗਿਣਤੀ ਤੋਂ ਘੱਟ ਨਾਮਜ਼ਦਗੀ ਪੱਤਰ ਆਉਣ, ਉਥੇ ਨਵੀਂ ਚੋਣ ਨਹੀਂ ਹੋਵੇਗੀ।

(ੲ) ਜਿਥੇ ਸਭ ਨਾਮਜ਼ਦਗੀ ਪੱਤਰ ਨਾਜਾਇਜ਼ ਐਲਾਨੇ ਜਾਣ ਉਥੇ ਸਰਪ੍ਰਸਤ ਨਾਮਜ਼ਦਗੀ ਪੱਤਰ ਲੈਣ ਲਈ ਹੋਰ ਤਰੀਕ ਨਿਯਤ ਕਰੇਗਾ ਅਤੇ ਉਸ ਤੋਂ ਪਿਛੋਂ ਚੋਣ ਕਰਵਾਏਗਾ।

15. ਜਮਾਤ ਪ੍ਰਤੀਨਿਧਾਂ ਲਈ ਨਾਕਾਬਲੀਅਤਾਂ

ਕੋਈ ਵਿਦਿਆਰਥੀ ਜਮਾਤ ਦਾ ਪ੍ਰਤੀਨਿਧ ਬਣਨ ਦਾ ਪਾਤਰ ਨਹੀਂ ਹੋਵੇਗਾ, ਜੇ :-

(ੳ) ਉਹ ਉਸ ਸਾਲ ਦੀ, ਜਿਸ ਵਿੱਚ ਉਸਨੇ ਚੋਣ ਲੜਨੀ ਹੈ, ਪਹਿਲੀ ਅਗਸਤ ਨੂੰ ਬੀ.ਏ./ਬੀ.ਐਸ-ਸੀ./ਬੀ.ਕਾਮ./ਬੀ.ਪੀ.ਐਡ/ਸੀ.ਪੀ.ਐਡ./ ਅਲੈਕਟਰਾਨਿਕ ਸੰਦਾਂ ਦੀ ਸਾਂਭ ਸੰਭਾਲ ਅਤੇ ਸਰਵਿਸ ਕਰਨ ਦੇ ਬੀ.ਐਸ-ਸੀ. ਪੋਸਟ ਡਿਪਲੋਮੇ ਲਈ 22 ਸਾਲ ਅਤੇ ਐਮ.ਏ./ ਐਮ.ਐਸ-ਸੀ./ਐਮ.ਫ਼ਿਲ./ਬੀ.ਐਡ./ਐਮ.ਐਡ./ਐਮ.ਪੀ. ਐਡ./ਐਮ.ਕਾਮ./ਡੀ.ਪੀ.ਐਡ./ਬੀ. ਈ./ਕਾਨੂੰਨ ਕੋਰਸਾਂ, ਜਿਸ ਵਿੱਚ ਉਨ੍ਹਾਂ ਦੇ ਸ਼ਾਮ ਦੇ ਕੋਰਸ, ਜੇ ਹੋਣ, ਸ਼ਾਮਲ ਹਨ, 25 ਸਾਲ ਦੀ ਉਮਰ ਪੂਰੀ ਕਰ ਚੁੱਕਿਆ ਹੈ; ਜਾਂ

(ਅ) ਉਹ ਆਪਣੇ ਕਾਲਜ/ਯੂਨੀਵਰਸਿਟੀ ਪੜ੍ਹਾਈ ਦੇ ਦੌਰਾਨ ਇੱਕ ਤੋਂ ਵੱਧ ਵਾਰ ਫ਼ੇਲ੍ਹ ਹੋਇਆ ਹੈ; ਜਾਂ

(ੲ) ਉਸ ਜਮਾਤ ਵਿੱਚ ਫ਼ੇਲ੍ਹ ਹੋਇਆ ਹੈ। ਕਿਸੇ ਅਜਿਹੇ ਵਿਦਿਆਰਥੀ ਨੂੰ, ਜਿਸ ਦੀ ਕੰਪਾਰਟਮੈਂਟ ਆ ਗਈ ਹੋਵੇ ਜਾਂ ਜਿਸ ਨੇ ਇਕ ਵਿਸ਼ੇ/ਪਰਚੇ ਜਾਂ ਵੱਧ ਵਿਸ਼ਿਆਂ/ਪਰਚਿਆਂ ਦੀ ਮੁੜ-ਪਰੀਖਿਆ ਦੇਣੀ ਹੋਵੇ, ਪਰ ਜੋ ਅਗਲੀ ਉਚੇਰੀ ਜਮਾਤ ਵਿੱਚ ਦਾਖ਼ਲ ਹੋਣ ਦਾ ਪਾਤਰ ਹੋਵੇ, ਵੋਟ ਦੇਣ ਦੀ ਇਜਾਜ਼ਤ ਹੋਵੇਗੀ, ਪਰ ਚੋਣ ਲੜਨ ਦੀ ਇਜਾਜ਼ਤ ਨਹੀਂ ਹੋਵੇਗੀ; ਜਾਂ

ਨੋਟ : ਕੋਈ ਵਿਦਿਆਰਥੀ ਜੋ ਪਰੀਖਿਆ ਵਿੱਚੇ ਛੱਡ ਦਿੰਦਾ ਹੈ ਅਤੇ ਦੂਜੀ ਵਾਰ ਉਸ ਜਮਾਤ ਦੀ ਪਰੀਖਿਆ ਦਿੰਦਾ ਹੈ, ਫ਼ੇਲ੍ਹ ਹੋਇਆ ਵਿਦਿਆਰਥੀ ਮੰਨਿਆ ਜਾਵੇਗਾ।

(ਸ) ਉਹ ਜਬਰ ਅਤੇ/ਜਾਂ ਹਿੰਸਾ ਦਾ ਕਸੂਰਵਾਰ ਠਹਿਰਾਇਆ ਗਿਆ ਹੈ; ਜਾਂ

(ਹ) ਉਹ ਯੂਨੀਵਰਸਿਟੀ/ਕਾਲਜ ਦੁਆਰਾ ਦੁਰਾਚਾਰ ਦਾ ਕਸੂਰਵਾਰ ਠਹਿਰਾਇਆ ਗਿਆ ਹੈ; ਜਾਂ

(ਕ) ਉਹ ਕਿਸੇ ਪਰੀਖਿਆ ਵਿੱਚ ਅਣਉੱਚਿਤ ਸਾਧਨਾਂ ਦੀ ਵਰਤੋਂ ਕਰਨ ਦਾ ਕਸੂਰਵਾਰ ਪਾਇਆ ਗਿਆ ਹੈ; ਜਾਂ

(ਖ) ਉਹ ਪਹਿਲਾਂ ਹੀ ਦੋ ਵਾਰ ਜਮਾਤ ਦਾ ਪ੍ਰਤੀਨਿੱਧ ਅਤੇ/ਜਾਂ ਅਹੁਦੇਦਾਰ ਰਹਿ ਚੁੱਕਾ ਹੈ; ਜਾਂ

(ਗ) ਉਹ ਕਿਸੇ ਫ਼ਿਰਕੂ ਜਾਂ ਰਾਜਨੀਤਿਕ ਪਾਰਟੀ ਦਾ ਮੈਂਬਰ ਹੈ; ਜਾਂ

(ਘ) ਉਸ ਨੇ ਸਰਪ੍ਰਸਤ ਦੁਆਰਾ ਨਿਰਦੇਸ਼ਤ ਅਨੁਸਾਰ ਕਾਲਜ/ਇੰਸਟੀਚੂਟ ਲਈ ਵਿਦਿਆਰਥੀ ਯੂਨੀਅਨ ਦੀਆਂ ਸਰਗਰਮੀਆਂ ਲਈ ਉਸ ਨੂੰ ਦਿੱਤੇ ਗਏ ਪੇਸ਼ਗੀ ਧਨ ਦਾ ਲੇਖਾ ਨਹੀਂ ਦਿੱਤਾ ; ਜਾਂ

(ਙ) ਉਹ ਸਦਾਚਾਰਕ ਗਿਰਾਵਟ ਦਾ ਕਸੂਰਵਾਰ ਪਾਇਆ ਗਿਆ ਹੈ।

16. ਅਹੁਦੇਦਾਰਾਂ ਲਈ ਨਾਕਾਬਲੀਅਤਾਂ

ਇਹ ਨਾਕਾਬਲੀਅਤਾਂ ਉਨ੍ਹਾਂ ਨਾਕਾਬਲੀਅਤਾਂ ਤੋਂ ਅਤਿਰਿਕਤ ਹਨ ਜਿਨ੍ਹਾਂ ਦਾ ਜਮਾਤ ਪ੍ਰਤੀਨਿੱਧਾਂ ਦੇ ਸੰਬੰਧ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ।

ਕੋਈ ਵਿਦਿਆਰਥੀ ਅਹੁਦੇਦਾਰ ਬਣਨ ਦਾ ਪਾਤਰ ਨਹੀਂ ਹੋਵੇਗਾ ਜੇ ਉਹ :

(ੳ) ਉਹੀ ਅਹੁਦਾ ਪਹਿਲਾਂ ਧਾਰਨ ਕਰ ਚੁੱਕਾ ਹੈ;

(ਅ) ਕੋਈ ਹੋਰ ਅਹੁਦਾ ਦੋ ਵਾਰ ਧਾਰਨ ਕਰ ਚੁੱਕਾ ਹੈ;

(ੲ) ਜਮਾਤ ਪ੍ਰਤੀਨਿੱਧ ਦੋ ਵਾਰ ਚੁਣਿਆ ਜਾ ਚੁੱਕਾ ਹੈ।

17. ਅਹੁਦੇਦਾਰਾਂ ਦਾ ਹਟਾਇਆ ਜਾਣਾ

(ੳ) ਜਿਸ ਸਾਲ ਚੋਣ ਹੋਈ ਹੈ ਉਸ ਸਾਲ ਦੀ 31 ਦਸੰਬਰ ਤੋਂ ਪਹਿਲਾਂ ਬੇਪ੍ਰਤੀਤੀ ਦਾ ਕੋਈ ਪ੍ਰਸਤਾਵ ਗ੍ਰਹਿਣ ਨਹੀਂ ਕੀਤਾ ਜਾਵੇਗਾ।

(ਅ) ਕਿਸੇ ਅਹੁਦੇਦਾਰ ਦੇ ਵਿਰੁੱਧ ਬੇਪ੍ਰਤੀਤੀ ਦਾ ਪ੍ਰਸਤਾਵ ਤਦ ਹੀ ਪ੍ਰਚਾਲਤ ਕੀਤਾ ਜਾ ਸਕੇਗਾ, ਜੇ ਮੁੱਖ ਸਰਪ੍ਰਸਤ/ਸਰਪ੍ਰਸਤ ਨੂੰ 15 ਦਿਨਾਂ ਦਾ ਲਿਖਤੀ ਨੋਟਿਸ ਦੇਣ ਉਪਰੰਤ ਕਾਰਜਪਾਲਕ ਕਮੇਟੀ ਦੇ 1/3 ਮੈਂਬਰ ਉਸ ਪ੍ਰਸਤਾਵ ਦੇ ਪੱਖ ਵਿੱਚ ਹੋਣ। ਪ੍ਰਸਤਾਵ ਤੇ ਚਰਚਾ ਉਪਰੰਤ ਵੋਟਾਂ ਲਈਆਂ ਜਾਣਗੀਆਂ। ਜੇ ਵਿਦਿਆਰਥੀ ਯੂਨੀਅਨ ਦੇ ਕੁੱਲ ਮੈਂਬਰਾਂ ਦੇ 2/3 ਮੈਂਬਰ ਬੇਪ੍ਰਤੀਤੀ ਦੇ ਪ੍ਰਸਤਾਵ ਦੇ ਪੱਖ ਵਿੱਚ ਹੋਣ ਤਾਂ ਉਹ ਪਾਸ ਹੋ ਗਿਆ ਮੰਨਿਆ ਜਾਵੇਗਾ।

(ੲ) ਜੇ ਕੋਈ ਅਹੁਦੇਦਾਰ ਆਪਣਾ ਅਸਤੀਫ਼ਾ ਮੁੱਖ ਸਰਪ੍ਰਸਤ/ਸਰਪ੍ਰਸਤ ਨੂੰ ਸੰਬੋਧਤ ਕਰਕੇ ਦੇ ਦੇਵੇ ਤਾਂ ਜਿਸ ਤਰੀਕ ਨੂੰ ਉਸ ਦਾ ਅਸਤੀਫ਼ਾ ਸਰਪ੍ਰਸਤ ਦੁਆਰਾ ਸਵੀਕਾਰ ਕੀਤਾ ਜਾਵੇ ਉਸ ਤਰੀਕ ਤੋਂ ਉਹ ਅਹੁਦੇਦਾਰ ਨਹੀਂ ਰਹਿ ਜਾਵੇਗਾ।

(ਸ) ਜੇ ਕੋਈ ਅਹੁਦੇਦਾਰ ਯੂਨੀਵਰਸਿਟੀ/ਕਾਲਜ/ਇੰਸਟੀਚੂਟ ਦਾ ਵਿਦਿਆਰਥੀ ਨ ਰਹਿ ਜਾਵੇ ਤਾਂ ਉਹ ਅਹੁਦਾ ਧਾਰਨ ਕਰਨ ਤੋਂ ਹੱਟ ਜਾਵੇਗਾ।

(ਹ) ਜੇ ਕੋਈ ਅਹੁਦੇਦਾਰ ਯੂਨੀਵਰਸਿਟੀ/ਕਾਲਜ/ਇੰਸਟੀਚੂਟ ਦੁਆਰਾ ਦੁਰਾਚਾਰ ਦਾ ਕਸੂਰਵਾਰ ਕਰਾਰ ਦਿੱਤਾ ਜਾਵੇ ਤਾਂ ਉਹ ਅਹੁਦੇਦਾਰ ਨਹੀਂ ਰਹਿ ਜਾਵੇਗਾ।

(ਕ) ਕਿਸੇ ਅਹੁਦੇਦਾਰ ਦੇ ਹਟਾਏ ਜਾਣ, ਅਸਤੀਫ਼ੇ ਜਾਂ ਹੋਰ ਕਿਸੇ ਕਾਰਨ ਕਰਕੇ ਖ਼ਾਲੀ ਹੋਈ ਥਾਂ ਜਮਾਤ ਪ੍ਰਤੀਨਿੱਧਾਂ ਦੁਆਰਾ ਆਪਣੇ ਵਿੱਚੋਂ, ਅਹੁਦੇ ਦੀ ਬਾਕੀ ਮੁੱਦਤ ਲਈ, ਨਵੀਂ ਚੋਣ ਦੁਆਰਾ ਭਰੀ ਜਾਵੇਗੀ।

18. ਮੈਬਰਾਂ ਦਾ ਵਾਪਸ ਬੁਲਾਇਆ ਜਾਣਾ ਅਤੇ ਅਸਤੀਫ਼ਾ

ਇੱਕ ਵਾਰ ਚੁਣਿਆ ਗਿਆ ਮੈਂਬਰ ਵਾਪਸ ਨਹੀਂ ਬੁਲਾਇਆ ਜਾ ਸਕਦਾ। ਐਪਰ, ਜੇ ਉਹ ਅਸਤੀਫ਼ਾ ਦੇ ਦੇਵੇ ਜਾਂ ਸੰਸਥਾ ਛੱਡ ਜਾਵੇ, ਤਾਂ ਇਸ ਤਰ੍ਹਾਂ ਖ਼ਾਲੀ ਹੋਈ ਥਾਂ ਨਵੀਂ ਚੋਣ ਦੁਆਰਾ ਭਰੀ ਜਾ ਸਕੇਗੀ:

ਪਰੰਤੂ ਕੋਈ ਮੈਂਬਰ ਜਿਸ ਦਾ ਨਾਂ ਦੇਣਯੋਗ ਰਕਮਾਂ ਆਦਿ ਦੀ ਅਦਾਇਗੀ ਨ ਕਰਨ ਦੇ ਕਾਰਨ ਵਿਭਾਗ/ਕਾਲਜ ਦੇ ਹਾਜ਼ਰੀ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇ ਅਤੇ ਉਹ ਸੰਬੰਧਤ ਔਰਡਿਨੈਂਸ ਵਿੱਚ ਮੁਕੱਰਰ ਮੁੱਦਤ ਦੇ ਅੰਦਰ ਦੁਬਾਰਾ ਦਾਖ਼ਲ ਹੋਣ ਦੀ ਮੰਗ ਕਰੇ ਤਾਂ ਉਸ ਨੂੰ ਅਹੁਦੇ ਤੇ ਬਣਿਆ ਰਿਹਾ ਸਮਝਿਆ ਜਾਵੇਗਾ।

19. ਸਥਾਨਿਕ ਯੂਨੀਅਨ ਦਾ ਵਿੱਤ-ਪ੍ਰਬੰਧ

(ੳ) ਯੂਨੀਅਨ ਦੀਆਂ ਸਭ ਜਾਇਜ਼ ਮੰਗਾਂ ਦੀ ਪੂਰਤੀ, ਮੁਕੱਰਰ ਰਾਸ਼ੀ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਦੇ ਤਾਬੇ, ਕੈਂਪਸ/ਕਾਲਜ/ਇੰਸਟੀਚੂਟ ਦੇ ਸੰਮਿਲਤ ਫ਼ੰਡ ਵਿੱਚੋਂ ਕੀਤੀ ਜਾਵੇਗੀ (ਬਾਕੀ ਦਾ ਸੰਮਿਲਤ ਫ਼ੰਡ ਉਸੇ ਤਰ੍ਹਾਂ ਖ਼ਰਚਿਆ ਜਾਂਦਾ ਰਹੇਗਾ ਜਿਵੇਂ ਉਹ ਹੁਣ ਤੱਕ ਕੀਤਾ ਜਾਂਦਾ ਰਿਹਾ ਹੈ)।

(ਅ) ਖ਼ਰਚ ਅਜਿਹੀਆਂ ਸਰਗਰਮੀਆਂ ਤੇ ਉਠਾਇਆ ਜਾਵੇਗਾ ਜੋ ਮੁੱਖ ਸਰਪ੍ਰਸਤ/ਸਰਪ੍ਰਸਤ ਦੁਆਰਾ ਪਰਵਾਨ ਕੀਤੀਆਂ ਜਾਣ, ਨਾ ਕਿ ਵਿਅਕਤੀਗਤ, ਅਨੁਭਾਗੀ ਜਾਂ ਪੱਖਪਾਤੀ ਹਿੱਤਾਂ ਤੇ।

(ੲ) ਜੇ ਫ਼ਾਇਦਾ ਕੇਵਲ ਅਹੁਦੇਦਾਰਾਂ ਅਤੇ/ਜਾਂ ਜਮਾਤ ਪ੍ਰਤੀਨਿੱਧਾਂ ਨੂੰ ਹੀ ਪਹੁੰਚਦਾ ਹੋਵੇ ਤਾਂ ਅਜਿਹਾ ਕੋਈ ਖ਼ਰਚ ਨਹੀਂ ਉਠਾਇਆ ਜਾਵੇਗਾ।

20. ਸਾਧਾਰਨ ਇਕੱਤਰਤਾਵਾਂ

ਯੂਨੀਅਨ ਦੀਆਂ ਸਭ ਸਾਧਾਰਣ ਇਕੱਤਰਤਾਵਾਂ ਸਕੱਤਰ ਬੁਲਾਵੇਗਾ। ਇਕੱਤਰਤਾ ਦੀ ਤਰੀਕ ਤੋਂ ਘੱਟ ਤੋਂ ਘੱਟ 5 ਦਿਨ ਪਹਿਲਾਂ ਉਹ, ਪ੍ਰਧਾਨ ਦੀ ਪੂਰਵ-ਪਰਵਾਨਗੀ ਨਾਲ ਅਤੇ ਸਲਾਹਕਾਰ (ਾਂ) ਨਾਲ ਮਸ਼ਵਰਾ ਕਰਕੇ, ਨੋਟਿਸ ਅਤੇ ਏਜੰਡੇ ਦੇ ਕਾਗਜ਼ ਜਾਰੀ ਕਰੇਗਾ :

ਪਰੰਤੂ ਮੁੱਖ ਸਰਪ੍ਰਸਤ/ਸਰਪ੍ਰਸਤ ਜਾਂ ਸਲਾਹਕਾਰ ਨਾਲ ਲਿਖਤੀ ਰੂਪ ਵਿੱਚ ਕੀਤੇ ਗਏ ਮਸ਼ਵਰੇ ਤੋਂ ਬਿਨਾਂ ਬੁਲਾਈ ਗਈ ਇਕੱਤਰਤਾ ਅਣ-ਸੰਵਿਧਾਨਕ ਸਮਝੀ ਜਾਵੇਗੀ ਅਤੇ ਉਸ ਦੀ ਕਾਰਵਾਈ ਬਾਤਲ ਅਤੇ ਸੁੰਨ ਮੰਨੀ ਜਾਵੇਗੀ।

21. ਵਿਸ਼ੇਸ਼ ਇਕੱਤਰਤਾਵਾਂ

ਕਾਰਜਪਾਲਕ ਕਮੇਟੀ ਦੇ ਕੁੱਲ ਮੈਂਬਰਾਂ ਦੀ ਇੱਕ ਤਿਹਾਈ ਗਿਣਤੀ ਦੁਆਰਾ ਮੰਗ ਕੀਤੇ ਜਾਣ ਤੇ ਪ੍ਰਧਾਨ, ਸਲਾਹਕਾਰ (ਾਂ) ਨਾਲ ਮਸ਼ਵਰਾ ਕਰਕੇ, ਕਿਸੇ ਵੀ ਸਮੇਂ ਵਿਸ਼ੇਸ਼ ਇਕੱਤਰਤਾ ਬੁਲਾ ਸਕੇਗਾ। ਅਜਿਹੀ ਵਿਸ਼ੇਸ਼ ਇਕੱਤਰਤਾ ਵਿੱਚ ਕੇਵਲ ਉਹੀ ਕਾਜਕਾਰ ਕੀਤਾ ਜਾਵੇਗਾ ਜਿਸ ਲਈ ਉਹ ਇਕੱਤਰਤਾ ਵਿਸ਼ੇਸ਼ ਤੌਰ ਤੇ ਬੁਲਾਈ ਗਈ ਸੀ। ਐਪਰ, ਅਜਿਹੀਆਂ ਵਿਸ਼ੇਸ਼ ਇਕੱਤਰਤਾਵਾਂ ਮੁੱਖ ਸਰਪ੍ਰਸਤ/ਸਰਪ੍ਰਸਤ ਦੁਆਰਾ, ਜਦ ਵੀ ਉਹ ਜ਼ਰੂਰੀ ਸਮਝੇ, ਬੁਲਾਈਆਂ ਜਾ ਸਕਦੀਆਂ ਹਨ।

22. ਕੋਰਮ

ਸਾਧਾਰਨ ਇਕੱਤਰਤਾ ਵਿੱਚ ਕਾਰਜਪਾਲਕ ਕਮੇਟੀ ਦੇ ਕੁੱਲ ਮੈਂਬਰਾਂ ਦਾ 33 ਪ੍ਰਤੀਸ਼ਤ ਅਤੇ ਵਿਸ਼ੇਸ਼ ਇਕੱਤਰਤਾ ਵਿੱਚ ਕੁੱਲ ਮੈਂਬਰਾਂ ਦਾ 50 ਪ੍ਰਤੀਸ਼ਤ ਕੋਰਮ ਗਠਿਤ ਕਰੇਗਾ।

23. ਸਥੱਗਤ ਕੀਤੀ ਗਈ ਇਕੱਤਰਤਾ

ਸਥੱਗਤ ਕੀਤੀ ਗਈ ਇਕੱਤਰਤਾ ਹਮੇਸ਼ਾ ਸਾਧਾਰਨ ਇਕੱਤਰਤਾ ਸਮਝੀ ਜਾਵੇਗੀ।

24. ਵੋਟਾਂ

ਹਰਿਕ ਮੈਂਬਰ ਦੀ ਇੱਕ ਵੋਟ ਹੋਵੇਗੀ। ਵੋਟਾਂ ਦੇ ਬਰਾਬਰ ਹੋਣ ਦੀ ਸੂਰਤ ਵਿੱਚ, ਪ੍ਰਧਾਨ ਦੀ ਨਿਰਣਾਇਕ ਵੋਟ ਹੋਵੇਗੀ।

25. ਇਕੱਤਰਤਾਵਾਂ ਦਾ ਸੰਚਾਲਣ

ਅਨੁਛੇਦ 13 (i) ਅਤੇ (ii) ਵਿੱਚ ਦਰਜ ਉਪਬੰਧਾਂ ਦੇ ਤਾਬੇ, ਪ੍ਰਧਾਨ ਜਾਂ ਉਪ-ਪ੍ਰਧਾਨ ਜਾਂ ਉਨ੍ਹਾਂ ਦੋਹਾਂ ਦੀ ਗ਼ੈਰ-ਹਾਜ਼ਰੀ ਵਿੱਚ ਕੋਈ ਹੋਰ ਵਿਅਕਤੀ ਜੋ ਇਸ ਪ੍ਰਯੋਜਨ ਲਈ ਚੁਣਿਆ ਜਾਵੇ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ। ਜਿਵੇਂ ਹੋਰਵੇਂ ਵਿਸ਼ੇਸ਼ ਤੌਰ ਤੇ ਬਿਆਨ ਕੀਤਾ ਗਿਆ ਹੈ ਉਸ ਨੂੰ ਛੱਡ ਕੇ, ਸਾਰੇ ਫ਼ੈਸਲੇ ਹਾਜ਼ਰ ਅਤੇ ਵੋਟ ਦੇਣ ਵਾਲੇ ਮੈਂਬਰਾਂ ਦੀ ਸਾਧਾਰਨ ਬਹੁ-ਸੰਮਤੀ ਨਾਲ ਕੀਤੇ ਜਾਣਗੇ।

26. ਵਿਸ਼ੇਸ਼ ਉਪੰਬਧ

(ੳ) ਮੁੱਖ ਸਰਪ੍ਰਸਤ/ਸਰਪ੍ਰਸਤ ਚੋਣ ਕਰਾਉਣ ਲਈ ਜ਼ਾਬਤਾ ਨਿਸਚਿਤ ਕਰਨ ਲਈ ਸ਼ਕਤਵਾਨ ਹੋਵੇਗਾ। ਨਾਮਜ਼ਦਗੀ ਦੇ ਕਾਗਜ਼ ਮੰਗਣ, ਉਨ੍ਹਾਂ ਦੀ ਪੜਤਾਲ ਅਤੇ ਨਾਂ ਵਾਪਸ ਲੈਣ/ਵੋਟਾਂ ਪਾਉਣ, ਅਤੇ ਵੋਟਾਂ ਦੀ ਗਿਣਤੀ ਆਦਿ ਬਾਰੇ ਸਾਰੇ ਮਾਮਲਿਆਂ ਵਿੱਚ ਉਸ ਦਾ ਫ਼ੈਸਲਾ ਅੰਤਮ ਹੋਵੇਗਾ। ਹੋਰ ਸਭ ਮਾਮਲਿਆਂ ਵਿੱਚ ਜਿਥੇ ਸੰਵਿਧਾਨ ਚੁੱਪ ਹੋਵੇ, ਮੁੱਖ ਸਰਪ੍ਰਸਤ/ਸਰਪ੍ਰਸਤ, ਜਿਵੇਂ ਉਹ ਠੀਕ ਸਮਝੇ, ਫ਼ੈਸਲਾ ਲੈਣ ਲਈ ਸ਼ਕਤਵਾਨ ਹੋਵੇਗਾ, ਅਤੇ ਇਸ ਬਾਰੇ ਉਸ ਦਾ ਫ਼ੈਸਲਾ ਅੰਤਿਮ ਹੋਵੇਗਾ।

(ਅ) ਅਹੁਦੇਦਾਰਾਂ ਅਤੇ ਚੁਣੇ ਹੋਏ ਪ੍ਰਤੀਨਿੱਧਾਂ ਦੇ ਅਹੁਦੇ ਦੀ ਅਉਧ ਉਨ੍ਹਾਂ ਦੀ ਚੋਣ ਤੋਂ ਅਗਲੇ ਸਾਲ ਦੀ 30 ਅਪ੍ਰੈਲ ਨੂੰ ਗੁਜ਼ਰੇਗੀ।

27. ਸੋਧ

ਵਾਈਸ-ਚਾਂਸਲਰ, ਤਦ-ਅਰਥ ਕਮੇਟੀ ਦੀ ਸਿਫ਼ਾਰਸ਼ ਤੇ, ਜੋ ਹਰ ਸਾਲ ਅਕਾਦਮਿਕ ਕੌਂਸਲ ਦੁਆਰਾ ਨਿਯੁਕਤ ਕੀਤੀ ਜਾਵੇਗੀ, ਅਕਾਦਮਿਕ ਕੌਂਸਲ ਨੂੰ ਉਸ ਦੀ ਪਰਵਾਨਗੀ ਲਈ ਸੰਵਿਧਾਨ ਵਿੱਚ ਜਾਂ ਉਸ ਦੇ ਕਿਸੇ ਉਪਬੰਧ ਵਿੱਚ, ਕਿਸੇ ਅਜਿਹੀ ਸੋਧ ਦੀ ਸਿਫ਼ਾਰਸ਼ ਕਰ ਸਕੇਗਾ ਜੋ ਉਹ ਜ਼ਰੂਰੀ ਸਮਝੇ :

ਪਰੰਤੂ ਸੰਵਿਧਾਨ ਦੇ ਅਰਥਨਿਰਣੇ ਨਾਲ ਸੰਬੰਧਤ ਮਾਮਲੇ ਜਾਂ ਕਿਸੇ ਅਜਿਹੇ ਮਾਮਲੇ ਦਾ, ਜੋ ਸੰਵਿਧਾਨ ਵਿੱਚ ਸਪਸ਼ੱਟ ਰੂਪ ਵਿੱਚ ਨ ਆਇਆ ਹੋਵੇ, ਤਦ-ਅਰਥ ਕਮੇਟੀ ਨੂੰ ਹਵਾਲਾ ਕੀਤਾ ਜਾਵੇਗਾ ਜਿਸ ਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

28. ਨਿਯਮ ਬਣਾਉਣਾ

ਮੁੱਖ ਸਰਪ੍ਰਸਤ/ਸਰਪ੍ਰਸਤ ਦੀ ਪਰਵਾਨਗੀ ਨਾਲ, ਪ੍ਰਧਾਨ ਅਜਿਹੇ ਨਿਯਮ ਬਣਾਉਣ ਲਈ ਇੱਕ ਕਮੇਟੀ ਨਿਯੁਕਤ ਕਰ ਸਕੇਗਾ ਜੋ ਸੰਵਿਧਾਨ ਦੀ ਅਮਲਦਾਰੀ ਲਈ ਜ਼ਰੂਰੀ ਹੋਣ; ਪਰੰਤੂ ਇਸ ਤਰ੍ਹਾਂ ਬਣਾਇਆ ਗਿਆ ਕੋਈ ਨਿਯਮ ਅਨੁਛੇਦ 4 ਵਿੱਚ ਦੱਸੇ ਉਦੇਸ਼ਾਂ ਜਾਂ ਇਸ ਸੰਵਿਧਾਨ ਦੇ ਕਿਸੇ ਹੋਰ ਉਲਿਖਤ ਉਪਬੰਧ ਦੇ ਪ੍ਰਤਿਕੂਲ ਨਹੀਂ ਹੋਵੇਗਾ।

29. ਚੋਣ ਪ੍ਰਕਿਰਿਆ ਦੇ ਭਾਗ ਵਜੋਂ ਹਰਿਕ ਕਾਲਜ/ਸੰਸਥਾ/ਕੈਂਪਸ ਵਿੱਚ ਇੱਕ "ਚੋਣ ਟਰੀਬਿਊਨਲ" ਹੋਵੇਗਾ ਜੋ ਦੋ ਜਾਂ ਤਿੰਨ ਅਜਿਹੇ ਸੀਨੀਅਰ ਅਧਿਆਪਕਾਂ/ਸਿਰਕੱਢ ਵਿਅਕਤੀਆਂ ਤੋਂ ਮਿਲਕੇ ਬਣੇਗਾ ਜੋ ਕਾਲਜ/ਇੰਸਟੀਚੂਟ ਦੀ ਸੂਰਤ ਵਿੱਚ ਸਰਪ੍ਰਸਤ ਦੁਆਰਾ ਅਤੇ ਪੰਜਾਬੀ ਯੂਨੀਵਰਸਿਟੀ ਕੈਂਪਸ ਦੀ ਸੂਰਤ ਵਿੱਚ ਮੁੱਖ ਸਰਪ੍ਰਸਤ ਦੁਆਰਾ ਨਿਯੁਕਤ ਕੀਤੇ ਜਾਣਗੇ। ਕਿਸੇ ਵੀ ਅਜਿਹੇ ਉਮੀਦਵਾਰ ਨੂੰ ਜਿਸ ਨੂੰ ਚੋਣ ਸੰਚਾਲਣ/ਗਿਣਤੀ ਬਾਰੇ ਕੋਈ ਇਤਰਾਜ਼ ਹੋਵੇ, ਚੋਣ ਦਾ ਨਤੀਜਾ ਐਲਾਨੇ ਜਾਣ ਤੋਂ ਤਿੰਨ ਦਿਨ ਦੇ ਅੰਦਰ ਸ਼ਿਕਾਇਤ ਦੇ ਨਾਲ ਮੁਕੱਰਰ ਰਾਸ਼ੀ ਦੀ ਇਤਰਾਜ਼-ਫ਼ੀਸ ਨਾਲ ਮੁੱਖ ਸਰਪ੍ਰਸਤ/ਸਰਪ੍ਰਸਤ ਅੱਗੇ ਸ਼ਿਕਾਇਤ ਕਰਨ ਦੀ ਇਜਾਜ਼ਤ ਹੋਵੇਗੀ। ਤਿੰਨ ਦਿਨ ਗੁਜ਼ਰਨ ਤੋਂ ਬਾਅਦ ਕੋਈ ਸ਼ਿਕਾਇਤ ਗ੍ਰਹਿਣ ਨਹੀਂ ਕੀਤੀ ਜਾਵੇਗੀ। ਜੇ ਇਤਰਾਜ਼ ਮੰਨ ਲਿਆ ਜਾਵੇ ਤਾਂ ਇਤਰਾਜ਼ ਫ਼ੀਸ ਵਾਪਸ ਕਰ ਦਿੱਤੀ ਜਾਵੇਗੀ ਅਤੇ ਜੇ ਇਤਰਾਜ਼ ਸਾਬਤ ਨਹੀਂ ਕੀਤਾ ਜਾਂਦਾ ਤਾਂ ਇਤਰਾਜ਼ ਫ਼ੀਸ ਜ਼ਬਤ ਕਰ ਲਈ ਜਾਵੇਗੀ।

## ਪੰਜਾਬੀ ਯੂਨੀਵਰਸਿਟੀ, ਪਟਿਆਲਾ

## …………ਵਿਦਿਆਰਥੀ ਯੂਨੀਅਨ ਦੀ ਚੋਣ ਲਈ ਨਾਮਜ਼ਦਗੀ ਪੱਤਰ

ਸੈਸ਼ਨ …………………

I. ਮੈਂ ਇਸ ਦੁਆਰਾ ਸ੍ਰੀ ………………… ਪੁੱਤਰ ਸ੍ਰੀ…………………
ਜਮਾਤ……………ਰੋਲ ਨੰਬਰ………………… ਦਾ ਨਾਂ ਜਮਾਤ ਪ੍ਰਤੀਨਿੱਧ/……
ਦੇ ਅਹੁਦੇ ਲਈ ਤਜਵੀਜ਼ ਕਰਦਾ ਹਾਂ।
ਨਾਂ……………………………
ਜਮਾਤ………………… ਰੋਲ ਨੰਬਰ……………………

……………………
ਦਸਖ਼ਤ

II. ਪ੍ਰੌੜ੍ਹਤਾਕਾਰ
ਨਾਂ………………………
ਜਮਾਤ……………………ਰੋਲ ਨੰਬਰ………………

……………………
ਦਸਖ਼ਤ

III. ਉਮੀਦਵਾਰ ਦੁਆਰਾ ਐਲਾਨ
ਮੈਂ ਵਿਦਿਆਰਥੀ ਯੂਨੀਅਨ ਦੀ ਚੋਣ ਨਾਲ ਸੰਬੰਧਤ ਉਪਬੰਧਾਂ ਦਾ ਅਧਿਐਨ ਕੀਤਾ ਹੈ ਅਤੇ ਐਲਾਨ ਕਰਦਾ ਹਾਂ ਕਿ ਵਿਦਿਆਰਥੀ ਯੂਨੀਅਨ ਦੇ ਅਨੁਛੇਦ 15 ਅਤੇ 16 ਵਿੱਚ ਦਿੱਤੀਆਂ ਨਾਕਾਬਲੀਅਤਾਂ ਅਧੀਨ ਮੈਂ ਨਹੀਂ ਆਉਂਦਾ।
ਮੈਂ ਪਰਮਾਤਮਾ ਦੀ ਸਹੁੰ ਖਾ ਕੇ/ਸੱਚੇ ਦਿੱਲੋਂ ਪ੍ਰਤਿਗਿਆ ਕਰਦਾ ਹਾਂ ਕਿ ਮੈਂ ਕਿਸੇ ਰਾਜਨੀਤਕ ਜਾਂ ਫ਼ਿਰਕੂ ਪਾਰਟੀ ਦਾ ਮੈਂਬਰ ਨਹੀਂ ਹਾਂ।
ਨਾਂ………………… ਪਿਤਾ ਦਾ ਨਾਂ…………………………
ਜਮਾਤ……………………ਰੋਲ ਨੰਬਰ…………………………
ਪੱਕਾ ਪਤਾ……………………
ਤਰੀਕ……………………… …………………

ਉਮੀਦਵਾਰ ਦੇ ਦਸਖ਼ਤ

---

(ਕੇਵਲ ਦਫ਼ਤਰ ਦੀ ਵਰਤੋਂ ਲਈ)
ਨਾਮਜ਼ਦਗੀ ਕਾਗਜ਼ ਦਫ਼ਤਰ ਵਿੱਚ ਪ੍ਰਾਪਤ ਹੋਏ……………………
ਤਰੀਕ…………………… ਸਮਾਂ…………………
ਦੁਆਰਾ

…………………………
ਦਸਖ਼ਤ

---

ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਕੀਤੀ ਗਈ। ਠੀਕ ਪਾਏ ਗਏ/ਰੱਦ ਕੀਤੇ ਗਏ । ਨਾਮਜ਼ਗੀ ਕਾਗਜ਼ ਰੱਦ ਕਰਨ ਦੇ ਕਾਰਨ
……………ਦੁਆਰਾ ਪੜਤਾਲ ਕੀਤੀ ਗਈ

……………………
ਦਸਖ਼ਤ

## ਅਧਿਆਏ-X

# ਵਿਦਿਆਰਥੀਆਂ ਦੀ ਰਜਿਸਟਰੀਕਰਨ

1. ਰਜਿਸਟਰਾਰ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ ਸੰਸਥਾਵਾਂ ਵਿੱਚ ਜਾਂ ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਵਿੱਚ ਯੂਨੀਵਰਸਿਟੀ ਪਰੀਖਿਆਵਾਂ ਲਈ ਅਧਿਐਨ ਕਰ ਰਹੇ ਜਾਂ ਯੂਨੀਵਰਸਿਟੀ ਵਿੱਚ ਖੋਜ ਕਾਰਜ ਲਈ ਸਕਾਲਰਾਂ ਦੇ ਤੌਰ ਤੇ ਸੂਚੀਦਰਜ਼ ਵਿਦਿਆਰਥੀਆਂ ਦਾ ਇੱਕ ਰਜਿਸਟਰ ਰੱਖੇਗਾ। ਰਜਿਸਟਰ ਵਿੱਚ ਹਰਿਕ ਵਿਦਿਆਰਥੀ ਦਾ ਪੂਰਾ ਨਾਂ, ਪਿਤਾ ਦਾ ਨਾਂ, ਸੰਸਥਾ ਜਿਸ ਵਿੱਚ ਉਹ ਦਾਖ਼ਲ ਹੋਇਆ, ਦਾਖ਼ਲੇ ਦੀ ਤਰੀਕ, ਸੰਸਥਾ ਛੱਡਣ ਦੀ ਤਰੀਕ, ਹਰ ਯੂਨੀਵਰਸਿਟੀ ਪਰੀਖਿਆ ਵਿੱਚ ਪਾਸ ਜਾਂ ਫ਼ੇਲ੍ਹ ਹੋਣ ਦਾ ਵੇਰਵਾ, ਰੋਲ ਨੰਬਰ ਸਹਿਤ, ਕੋਈ ਯੂਨੀਵਰਸਿਟੀ ਵਜ਼ੀਫ਼ਾ, ਤਕਮਾ ਜਾਂ ਇਨਾਮ ਜੋ ਵਿਦਿਆਰਥੀ ਨੇ ਹਾਸਲ ਕੀਤਾ, ਉਸ ਨੂੰ ਦਿੱਤੀ ਗਈ ਕੋਈ ਸਜ਼ਾ ਅਤੇ ਉਸ ਦੁਆਰਾ ਪ੍ਰਾਪਤ ਕੀਤੀ ਗਈ ਹਰਿਕ ਡਿਗਰੀ ਦਰਜ ਕੀਤੀ ਜਾਵੇਗੀ।
2. ਪੂਰਵਗਾਮੀ ਔਰਡਿਨੈਂਸ ਅਧੀਨ ਰਜਿਸਟਰ ਕੀਤੇ ਸਾਰੇ ਵਿਅਕਤੀਆਂ ਨੂੰ "ਯੂਨੀਵਰਸਿਟੀ ਦੇ ਵਿਦਿਆਰਥੀ" ਕਿਹਾ ਜਾਵੇਗਾ।
3. ਯੂਨੀਵਰਸਿਟੀ ਦੇ ਵਿਸ਼ੇਸ਼ -ਅਧਿਕਾਰ-ਪ੍ਰਾਪਤ ਹਰਿਕ ਕਾਲਜ ਦਾ ਪ੍ਰਿੰਸੀਪਲ, ਦਾਖ਼ਲੇ ਦੀ ਆਖ਼ਰੀ ਤਰੀਕ ਤੋਂ ਇੱਕਮਹੀਨੇਦੇਅੰਦਰਵਿਦਿਆਰਥੀਆਂਦੇਨਾਂਅਤੇ ਔਰਡਿਨੈਂਸਾਂ ਅਧੀਨ ਲੋੜੀਂਦੀ ਉਨ੍ਹਾਂ ਦੀ ਰਜਿਸਟਰੀਕਰਨ ਫ਼ੀਸ ਰਜਿਸਟਰਾਰ ਨੂੰ ਭੇਜੇਗਾ।
   *ਸਮੈਸਟਰ ਸਕੀਮ ਅਧੀਨ ਆਉਂਦੇ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਲਈ ਰਜਿਸ਼ਟਰੇਸ਼ਨ ਰਿਟਰਨ ਅਤੇ ਅਸਲ ਦਸਤਾਵੇਜ਼ ਸਮੇਤ ਮਾਈਗਰੇਸ਼ਨ ਸਰਟੀਫ਼ਿਕੇਟ ਭੇਜਣ ਦਾ ਸ਼ੈਡਿਊਲ ਅਕਾਦਮਿਕ ਸੈਸ਼ਨ 2●●5-2●●6 ਤੋਂ ਹੇਠ-ਲਿਖੇ ਅਨੁਸਾਰ ਹੋਵੇਗਾ :

| | | |
|---|---|---|
| 3● ਸਤੰਬਰ | – | ਬਿਨਾਂ ਲੇਟ ਫ਼ੀਸ |
| 31 ਅਕਤੂਬਰ | – | 5●●/- ਰੁ. ਲੇਟ ਫ਼ੀਸ ਨਾਲ |
| ਪਰੀਖਿਆ ਸ਼ੁਰੂ ਹੋਣ ਤੋਂ ਦਸ ਦਿਨ ਪਹਿਲਾਂ ਤੱਕ | – | 1●●●/- ਰੁਪਏ ਲੇਟ ਫ਼ੀਸ ਨਾਲ |

---

* ਸਿੰਡੀਕੇਟ 3●.8.2●●5 (ਪੰਨਾ 45.33)

ਜੇ ਕਿਸੇ ਵਿਦਿਆਰਥੀ ਦਾ ਨਾਂ ਸੰਸਥਾ ਦੇ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇ, ਜਾਂ ਉਸ ਨੂੰ ਨਿਕਾਲਾ ਦਿੱਤਾ ਜਾਵੇ ਜਾਂ ਕੱਢ ਦਿੱਤਾ ਜਾਵੇ, ਤਾਂ ਵਿਦਿਆਰਥੀਆਂ ਦੇ ਰਜਿਸਟਰ ਵਿੱਚ ਰਿਕਾਰਡ ਕੀਤੇ ਜਾਣ ਲਈ ਇਸ ਤੱਥ ਦੀ ਰਜਿਸਟਰਾਰ ਨੂੰ ਤੁਰੰਤ ਇਤਲਾਹ ਦਿੱਤੀ ਜਾਵੇਗੀ।

4. ਅਜਿਹੇ ਵਿਦਿਆਰਥੀਆਂ ਬਾਰੇ ਜੋ ਮੈਟ੍ਰਿਕ ਜਾਂ 1●+2 ਪਰੀਖਿਆ ਪਾਸ ਕਰਨ ਤੋਂ ਬਾਅਦ ਕਿਸੇ ਕਾਲਜ ਵਿੱਚ ਦਾਖ਼ਲ ਹੋਏ ਹੋਣ ਉਸ ਕਾਲਜ ਦਾ ਪ੍ਰਿੰਸੀਪਲ, ਵਿਦਿਆਰਥੀ ਦੇ ਪਰੀਖਿਆ ਵਿੱਚੋਂ ਪਾਸ ਹੋਣ ਦੀ ਤਰੀਕ, ਰੋਲ ਨੰਬਰ ਜਿਸ ਅਧੀਨ ਉਸ ਨੇ ਪਰੀਖਿਆ ਦਿੱਤੀ ਅਤੇ ਯੂਨੀਵਰਸਿਟੀ/ਬੋਰਡ ਦਾ ਨਾਂ, ਜਿਸ ਦੀ ਉਸ ਨੇ ਪਰੀਖਿਆ ਪਾਸ ਕੀਤੀ, ਬਾਬਤ ਰਜਿਸਟਰਾਰ ਨੂੰ ਸੂਚਨਾ ਦੇਵੇਗਾ। ਜਿਥੇ ਕੋਈ ਰਜਿਸਟਰ-ਸ਼ੁਦਾ ਵਿਦਿਆਰਥੀ ਕਿਸੇ ਸੰਸਥਾ ਵਿੱਚ ਦਾਖ਼ਲ ਜਾਂ ਮੁੜ-ਦਾਖ਼ਲ ਹੋਇਆ ਹੋਵੇ ਤਾਂ ਪ੍ਰਿੰਸੀਪਲ ਵਿਦਿਆਰਥੀ ਦਾ ਰਜਿਸਟਰਡ ਨੰਬਰ ਰਜਿਸਟਰਾਰ ਨੂੰ ਸੰਸੂਚਿਤ ਕਰੇਗਾ।

5. ਰਜਿਸਟਰੇਸ਼ਨ ਹੋਣ ਤੇ, ਵਿਦਿਆਰਥੀ ਨੂੰ ਪ੍ਰਿੰਸੀਪਲ ਰਾਹੀਂ ਉਸ ਨੰਬਰ ਦੀ ਸੂਚਨਾ ਦਿੱਤੀ ਜਾਵੇਗੀ ਜਿਸ ਅਧੀਨ ਉਸ ਦਾ ਨਾਂ ਰਜਿਸਟਰ ਵਿੱਚ ਦਰਜ਼ ਕੀਤਾ ਗਿਆ ਹੈ, ਅਤੇ ਉਸ ਤੋਂ ਪਿਛੋਂ ਵਿਦਿਆਰਥੀ ਸੰਬੰਧੀ ਸਭ ਰਿਪੋਰਟਾਂ ਵਿੱਚ ਅਤੇ ਉਸ ਵਿਦਿਆਰਥੀ ਦੁਆਰਾ ਯੂਨੀਵਰਸਿਟੀ ਪਰੀਖਿਆ ਵਿੱਚ ਦਾਖ਼ਲੇ ਲਈ ਦਿੱਤੀ ਗਈ ਹਰ ਦਰਖ਼ਾਸਤ ਵਿੱਚ ਇਸ ਨੰਬਰ ਦਾ ਹਵਾਲਾ ਦਿੱਤਾ ਜਾਵੇਗਾ।

6. ਕਾਲਜ ਵਿੱਚ ਦਾਖ਼ਲ ਹੋਣ ਵਾਲਾ ਕੋਈ ਅਜਿਹਾ ਵਿਦਿਆਰਥੀ ਜਿਸ ਦਾ ਨਾਂ ਰਜਿਸਟਰ ਨ ਹੋਇਆ ਹੋਵੇ, ਆਪਣੇ ਕਾਲਜ ਰਾਹੀਂ ਯੂਨੀਵਰਸਿਟੀ ਨੂੰ ਮੁਕੱਰਰ ਰਜਿਸਟਰੇਸ਼ਨ ਫ਼ੀਸ ਦੇਵੇਗਾ; ਜੇਕਰ ਵਿਦਿਆਰਥੀ ਦਾ ਨਾਂ, ਕਾਲਜ ਵਿੱਚੋਂ ਜਾਇਜ਼ ਪਰਵਾਸ ਤੋਂ ਬਿਨਾਂ ਕਿਸੇ ਹੋਰ ਕਾਰਨ ਕਰਕੇ ਨ ਕਟਿਆ ਗਿਆ ਹੋਵੇ ਤਾਂ ਉਸ ਤੋਂ ਰਜਿਸਟਰੇਸ਼ਨ ਲਈ ਹੋਰ ਫ਼ੀਸ ਵਸੂਲ ਨਹੀਂ ਕੀਤੀ ਜਾਵੇਗੀ। ਉਸ ਸੂਰਤ ਵਿੱਚ ਉਹ ਆਪਣਾ ਨਾਂ ਯੂਨੀਵਰਸਿਟੀ ਰਜਿਸਟਰ ਵਿੱਚ ਮੁੜ-ਦਰਜ ਕਰਾਉਣ ਲਈ ਮੁਕੱਰਰ ਫ਼ੀਸ ਅਦਾ ਕਰੇਗਾ :
ਪਰੰਤੂ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਨਿਰੰਤਰਤਾ ਫ਼ੀਸ ਉਨ੍ਹਾਂ ਸਾਰੇ ਵਿਦਿਆਰਥੀਆਂ ਤੋਂ ਲਈ ਜਾਵੇਗੀ ਜੋ ਯੂਨੀਵਰਸਿਟੀ ਤੋਂ ਕੋਈ ਹੇਠਲੀ ਪਰੀਖਿਆ ਪਾਸ ਕਰਨ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਰਖਦੇ ਹਨ ਅਤੇ ਜਿਨ੍ਹਾਂ ਦੇ ਨਾਂ ਇਸ ਯੂਨੀਵਰਸਿਟੀ ਵਿੱਚ ਪਹਿਲਾਂ ਹੀ ਰਜਿਸਟਰ ਕੀਤੇ ਜਾ ਚੁੱਕੇ ਹਨ।*

7. ਯੂਨੀਵਰਸਿਟੀ ਪਰੀਖਿਆਵਾਂ ਵਿੱਚ ਦਾਖ਼ਲੇ ਲਈ ਸਭ ਦਰਖ਼ਾਸਤਾਂ ਦੀ ਪੜਤਾਲ ਯੂਨੀਵਰਸਿਟੀ ਦੇ ਰਜਿਸਟਰ ਮੁਤਾਬਕ ਕੀਤੀ ਜਾਵੇਗੀ ਅਤੇ ਰਜਿਸਟਰਾਰ ਕਿਸੇ ਅਜਿਹੇ ਉਮੀਦਵਾਰ ਦੀ ਦਰਖ਼ਾਸਤ ਨੂੰ ਅਪਰਵਾਨ ਕਰ ਸਕੇਗਾ, ਜਿਸ ਸੰਬੰਧੀ ਮੁਕੰਮਲ ਵੇਰਵੇ ਨਹੀਂ ਦਿੱਤੇ ਗਏ ਅਤੇ ਉਸ ਨੂੰ ਆਪਣੇ ਪ੍ਰਿੰਸੀਪਲ ਰਾਹੀਂ ਵੇਰਵਿਆਂ ਦਾ ਮੁਕੰਮਲ ਵਿਵਰਣ ਭੇਜਣ ਲਈ ਕਹਿ ਸਕੇਗਾ।

---

* ਕਿਸੇ ਹੋਰ ਯੂਨੀਵਰਸਿਟੀ/ਬੋਰਡ ਤੋਂ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਅਧਿਆਪਨ ਵਿਭਾਗ/ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ ਕਿਸੇ ਕਾਲਜ ਵਿੱਚ ਪਰਵਾਸ ਕਰਨ ਦਾ ਖ਼ਾਹਿਸ਼ਮੰਦ ਵਿਦਿਆਰਥੀ, ਮੁਕੱਰਰ ਪਰਵਾਸ ਫ਼ੀਸ ਵੀ ਅਦਾ ਕਰੇਗਾ।

8. ਰਜਿਸਟਰ-ਸ਼ੁਦਾ ਵਿਦਿਆਰਥੀ, ਮੁਕੱਰਰ ਫ਼ੀਸ ਅਦਾ ਕਰਨ ਤੇ ਆਪਣੇ ਨਾਂ ਦੇ ਸਾਹਮਣੇਦਰਜਸਾਰੇਇੰਦਰਾਜਾਂਦੀਤਸਦੀਕੀਨਕਲਪ੍ਰਾਪਤਕਰਨਦਾਹੱਕਦਾਰ ਹੋਵੇਗਾ।

9. ਕੋਈ ਵਿਅਕਤੀ ਜੋ ਪ੍ਰਾਈਵੇਟ ਉਮੀਦਵਾਰ ਦੇ ਤੌਰ ਤੇ ਕਿਸੇ ਪਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਲਈ ਦਰਖ਼ਾਸਤ ਕਰਦਾ ਹੈ, ਆਪਣੇ ਰਜਿਸਟਰਡ ਨੰਬਰ ਦਾ ਹਵਾਲਾ ਦੇਵੇਗਾ ਅਤੇ ਜੇ ਉਸ ਦਾ ਨਾਂ ਪਹਿਲਾਂ ਹੀ ਇਸ ਯੂਨੀਵਰਸਿਟੀ ਵਿੱਚ ਰਜਿਸਟਰਡ ਨਹੀਂ ਹੈ ਤਾਂ ਉਹ ਉਸ ਪਰੀਖਿਆ ਵਿੱਚ ਬੈਠਣ ਤੋਂ ਪਹਿਲਾਂ, ਜਿਸ ਵਿੱਚ ਉਹ ਦਾਖ਼ਲੇ ਦੀ ਇਜਾਜ਼ਤ ਮੰਗਦਾ ਹੈ, ਮੁਕੱਰਰ ਰਜਿਸਟਰੇਸ਼ਨ ਫ਼ੀਸ ਅਦਾ ਕਰਕੇ ਆਪਣਾ ਨਾਂ ਰਜਿਸਟਰ ਕਰਵਾਏਗਾ।

10. ਰਜਿਸਟਰ ਵਿੱਚ ਆਪਣੇ ਨਾਂ ਦੀ ਬਦਲੀ ਲਈ ਦਰਖ਼ਾਸਤ ਕਰਨ ਵਾਲਾ ਵਿਅਕਤੀ ਆਪਣੀ ਦਰਖ਼ਾਸਤ ਹੇਠ-ਲਿਖੇ ਅਨੁਸਾਰ ਪੇਸ਼ ਕਰੇਗਾ :

(ੳ) ਜੇ ਉਹ ਬਾਕਾਇਦਾ ਵਿਦਿਆਰਥੀ ਹੈ ਤਾਂ ਆਪਣੇ ਕਾਲਜ ਦੇ ਪ੍ਰਿੰਸੀਪਲ ਰਾਹੀਂ;

(ਅ) ਜੇ ਉਹ ਪ੍ਰਾਈਵੇਟ ਉਮੀਦਵਾਰ ਹੈ ਤਾਂ ਕਿਸੇ ਗਜ਼ਟਿਡ ਅਫ਼ਸਰ ਜਾਂ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ-ਪ੍ਰਾਪਤ ਕਿਸੇ ਕਾਲਜ ਦੇ ਪ੍ਰਿੰਸੀਪਲ ਜਾਂ ਯੂਨੀਵਰਸਿਟੀ ਦੇ ਕਿਸੇ ਅਜਿਹੇ ਅਫ਼ਸਰ ਰਾਹੀਂ ਜਿਸ ਦਾ ਰੈਂਕ ਸਹਾਇਕ ਰਜਿਸਟਰਾਰ ਤੋਂ ਥੱਲੇ ਨਹੀਂ ਹੈ, ਜਾਂ ਸਰਕਾਰੀ ਕਰਮਚਾਰੀ ਦੀ ਸੂਰਤ ਵਿੱਚ ਉਸ ਵਿਭਾਗ ਦੇ ਮੁਖੀ ਰਾਹੀਂ ਜਿਸ ਵਿੱਚ ਉਹ ਨਿਯੋਜਤ ਹੈ।

ਦਰਖ਼ਾਸਤ ਦੇ ਨਾਲ ਨਿਮਨ-ਦਰਜ ਲਗਾਏ ਜਾਣਗੇ :

(i) ਮੁਕੱਰਰ ਫ਼ੀਸ,

(ii) ਉਸ ਦੇ ਵਰਤਮਾਨ ਅਤੇ ਤਜਵੀਜ਼ੇ ਨਾਂਵਾਂ ਸੰਬੰਧੀ ਇੱਕ ਹਲਫ਼ੀਆ ਬਿਆਨ ਹੋਵੇਗਾ ਜੋ ਵਿਦਿਆਰਥੀ ਦੇ ਨਾਬਾਲਗ਼ ਹੋਣ ਦੀ ਸੂਰਤ ਵਿੱਚ ਉਸ ਦੇ ਪਿਤਾ ਜਾਂ ਮਾਤਾ ਜਾਂ ਸਰਪ੍ਰਸਤ ਦੁਆਰਾ ਜਾਂ ਉਸ ਦੇ ਬਾਲਗ਼ ਹੋਣ ਦੀ ਸੂਰਤ ਵਿੱਚ ਖ਼ੁਦ ਉਸ ਦੁਆਰਾ ਮੈਜਿਸਟਰੇਟ ਦੇ ਸਾਹਮਣੇ ਸਹੁੰ ਚੁੱਕ ਕੇ ਦਿੱਤਾ ਗਿਆ ਹੋਵੇ; ਅਤੇ

(iii) ਅਖ਼ਬਾਰ ਦੀ ਕਟਿੰਗ ਜਿਸ ਵਿੱਚ ਨਾਂ ਵਿੱਚ ਤਜਵੀਜ਼ੀ ਤਬਦੀਲੀ ਦਾ ਇਸ਼ਤਿਹਾਰ ਦਿੱਤਾ ਗਿਆ ਹੈ।

11. ਜਦੋਂ ਨਾਂ ਬਦਲਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਇਹ ਬਦਲੀ ਵਿਦਿਆਰਥੀਆਂ ਦੇ ਰਜਿਸਟਰ ਵਿੱਚ ਦਰਜ਼ ਕੀਤੀ ਜਾਵੇਗੀ ਅਤੇ ਉਸ ਦਾ ਮੂਲ ਨਾਂ ਉਰਫ਼ ਵਜੋਂ ਵਿਖਾਇਆ ਜਾਵੇਗਾ।

12. ਪੰਜਾਬ ਰਾਜ ਦੇ ਸਕੂਲ ਸਿੱਖਿਆ ਬੋਰਡ ਅਤੇ ਯੂਨੀਵਰਸਿਟੀਆਂ ਸਮੇਤ ਬਾਹਰਲੇ ਸਾਰੇ ਬੋਰਡਾਂ/ਯੂਨੀਵਰਸਿਟੀਆਂ ਤੋਂ ਹੇਠਲੀ ਪਰੀਖਿਆ ਪਾਸ ਕੀਤੇ ਹੋਣ ਦੇ ਆਧਾਰ ਤੇ ਪਰੀਖਿਆ ਦੇਣ ਵਾਲੇ ਪਰੀਖਿਆਰਥੀਆਂ ਦੇ ਸਰਟੀਫ਼ਿਕੇਟ/ਡਿਗਰੀਆਂ ਦੀ ਪੜਤਾਲ ਅਤੇ ਵਿੱਦਿਅਕ ਯੋਗਤਾ ਦੀ ਤਸਦੀਕ ਆਦਿ ਲਈ ਅਦਾ ਕੀਤੀ ਜਾਣ ਵਾਲੀ ਫ਼ੀਸ ਉਹ ਹੋਵੇਗੀ ਜੋ ਮੁਕੱਰਰ ਕੀਤੀ ਜਾਵੇ।

ਇਹ ਉਪਬੰਧ ਸਾਰੇ ਬਾਕਾਇਦਾ ਅਤੇ ਪ੍ਰਾਈਵੇਟ ਵਿਦਿਆਰਥੀਆਂ ਅਤੇ ਪੱਤਰ-ਵਿਹਾਰ ਵਿਭਾਗ ਕੋਰਸਾਂ ਦੇ ਵਿਦਿਆਰਥੀਆਂ ਨੂੰ ਲਾਗੂ ਹੋਵੇਗਾ।

## ਅਧਿਆਏ-XI
# ਵਿਦਿਆਰਥੀਆਂ ਦਾ ਪਰਵਾਸ

### ਇੱਕ ਕਾਲਜ ਤੋਂ ਦੂਜੇ ਵਿੱਚ ਪਰਵਾਸ

1. ਜੇਕਰ ਲੇਟ ਤੋਂ ਲੇਟ 15 ਦਸੰਬਰ ਤੱਕ ਮੁਕੱਰਰ ਫ਼ੀਸ ਦੇ ਨਾਲ ਕਿਸੇ ਵਿਦਿਆਰਥੀ ਦੁਆਰਾ ਪੇਸ਼ ਕੀਤੇ ਗਏ ਦਰਖ਼ਾਸਤ ਫ਼ਾਰਮ ਉੱਤੇ ਸੰਬੰਧਤ ਕਾਲਜਾਂ ਦੇ ਪ੍ਰਿੰਸੀਪਲ ਸਹਿਮਤ ਨਾ ਹੋ ਗਏ ਹੋਣ ਅਤੇ ਵਾਈਸ ਚਾਂਸਲਰ ਦੀ ਮਨਜ਼ੂਰੀ ਨਾ ਲੈ ਲਈ ਗਈ ਹੋਵੇ, ਤਾਂ ਕੋਈ ਵਿਦਿਆਰਥੀ ਜੋ ਕਿਸੇ ਇੱਕ ਕਾਲਜ ਵਿੱਚ ਦਾਖ਼ਲ ਹੋ ਗਿਆ ਹੈ, ਉਸ ਹੀ ਕੋਰਸ ਦੇ ਦੌਰਾਨ ਕਿਸੇ ਹੋਰ ਕਾਲਜ ਵਿੱਚ ਦਾਖ਼ਲ ਨਹੀਂ ਕੀਤਾ ਜਾਵੇਗਾ।*
2. ਔਰਡਿਨੈਂਸ 1 ਅਧੀਨ ਨਾ ਆਉਂਦੇ ਵਿਸ਼ੇਸ਼ ਕੇਸਾਂ ਵਿੱਚ ਪਰਵਾਸ ਦੀ ਇਜਾਜ਼ਤ ਸਿੰਡੀਕੇਟ ਦੇ ਸਕੇਗੀ।
3. ਉਸ ਕਾਲਜ ਦਾ ਪ੍ਰਿੰਸੀਪਲ, ਜਿਥੋਂ ਵਿਦਿਆਰਥੀ ਪਰਵਾਸ ਕਰਨਾ ਚਾਹੁੰਦਾ ਹੈ, ਯੂਨੀਵਰਸਿਟੀ ਦੁਆਰਾ ਪਰਵਾਸ ਲਈ ਮਨਜ਼ੂਰੀ ਅਧਿਸੂਚਿਤ ਕੀਤੇ ਜਾਣ ਤੋਂ ਇੱਕ ਮਹੀਨੇ ਦੇ ਅੰਦਰ, ਮੁਕੱਰਰ ਫ਼ਾਰਮ ਤੇ ਕਾਲਜ ਛੱਡਣ ਦਾ ਸਰਟੀਫ਼ਿਕੇਟ ਜਾਰੀ ਕਰੇਗਾ।
4. ਪਰਵਾਸ ਕਰਨ ਵਾਲੇ ਵਿਦਿਆਰਥੀ ਲਈ ਜ਼ਰੂਰੀ ਹੋਵੇਗਾ ਕਿ ਉਹ ਪਰਵਾਸ ਦੀ ਮਨਜ਼ੂਰੀ ਤੋਂ ਪੰਦਰਾਂ ਦਿਨਾਂ ਦੇ ਅੰਦਰ ਨਵੇਂ ਕਾਲਜ ਵਿੱਚ ਦਾਖ਼ਲ ਹੋ ਜਾਵੇ, ਵਰਨਾ ਉਸ ਦੇ ਪਰਵਾਸ ਕਰਨ ਦੀ ਇਜਾਜ਼ਤ ਆਪਣੇ -ਆਪ ਰੱਦ ਹੋ ਜਾਵੇਗੀ, ਸਿਵਾਏ ਤਦ ਦੇ ਜਦ ਕਾਫ਼ੀ ਕਾਰਨ ਕਰਕੇ, ਵਾਈਸ-ਚਾਂਸਲਰ ਦੁਆਰਾ ਉਸ ਮੁੱਦਤ ਵਿੱਚ ਵਾਧਾ ਕੀਤਾ ਜਾਵੇ।
5 ਜੇਕਰ ਕੋਈ ਵਿਦਿਆਰਥੀ ਪਰਵਾਸ ਲਈ ਦਰਖ਼ਾਸਤ ਦੇਣ ਪਿਛੋਂ ਆਪਣਾ ਇਰਾਦਾ ਬਦਲ ਲੈਂਦਾ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਸੰਬੰਧਤ ਕਾਲਜਾਂ ਅਤੇ ਨਾਲੇ ਯੂਨੀਵਰਸਿਟੀ ਨੂੰ ਵੀ ਇਸ ਬਾਰੇ ਤੁਰੰਤ ਸੂਚਿਤ ਕਰੇ।
6 ਜੇਕਰ ਯੂਨੀਵਰਸਿਟੀ ਦੁਆਰਾ ਰੱਖੇ ਜਾਂਦੇ ਵਿਦਿਆਰਥੀਆਂ ਦੇ ਰਜਿਸਟਰ ਵਿੱਚ ਵਿਦਿਆਰਥੀ ਦਾ ਨਾਂ ਦਰਜ਼ ਨਾ ਹੋ ਚੁੱਕਾ ਹੋਵੇ ਤਾਂ ਤਬਦੀਲੀ ਦਾ ਕੋਈ ਸਰਟੀਫ਼ਿਕੇਟ ਜਾਰੀ ਨਹੀਂ ਕੀਤਾ ਜਾਵੇਗਾ।
7. ਜਿਸ ਕਾਲਜ ਤੋਂ ਵਿਦਿਆਰਥੀ ਪਰਵਾਸ ਕਰਨਾ ਚਾਹੁੰਦਾ ਹੈ, ਉਸ ਨੂੰ ਉਸ ਮਹੀਨੇ ਦੀ ਟਿਊਸ਼ਨ ਫ਼ੀਸ ਲੈਣ ਦਾ ਹੱਕ ਹੈ ਜਿਸ ਮਹੀਨੇ ਯੂਨੀਵਰਸਿਟੀ ਨੇ ਪਰਵਾਸ ਲਈ ਦਰਖ਼ਾਸਤ ਮਨਜ਼ੂਰ ਕੀਤੀ ਹੈ, ਅਤੇ ਉਹ ਕਾਲਜ ਜਿਸ ਵਿੱਚ ਵਿਦਿਆਰਥੀ ਪਰਵਾਸ ਕਰਕੇ ਜਾਵੇ ਉਹ ਉਸ ਮਹੀਨੇ ਦੀ ਫ਼ੀਸ ਨਹੀਂ ਲਵੇਗਾ।

---

* ਸਿੰਡੀਕੇਟ ਮਿਤੀ 13.6.1997 ਦੁਆਰਾ ਸੋਧੇ ਅਨੁਸਾਰ (ਪੈਰਾ 2●)

7ੳ. ਯੂਨੀਵਰਸਿਟੀ ਕੈਂਪਸ ਤੋਂ ਬਾਹਰ ਸਥਿਤ ਸੈਂਟਰ/ਨੇਬਰਹੁੱਡ/ਯੂਨੀਵਰਸਿਟੀ ਕਾਲਜ ਅਤੇ ਇੱਕ ਯੂਨੀਵਰਸਿਟੀ ਕੇਂਦਰ/ਨੇਬਰਹੁੱਡ/ਯੂਨੀਵਰਸਿਟੀ ਕਾਲਜ ਤੋਂ ਹੋਰ ਯੂਨੀਵਰਸਿਟੀ ਕੇਂਦਰ/ਨੇਬਰਹੁੱਡ/ਯੂਨੀਵਰਸਿਟੀ ਕਾਲਜ ਵਿੱਚ ਮਾਈਗ੍ਰੇਸ਼ਨ

(i) ਮਾਈਗ੍ਰੇਸ਼ਨ ਦੀ ਇਜਾਜ਼ਤ ਸੀਟ ਉਪਲਬਧ ਹੋਣ ਤੇ ਹੀ ਦਿੱਤੀ ਜਾ ਸਕੇਗੀ,

(ii) ਦੋਹਾਂ ਮੁਖੀਆਂ (ਜਿਥੋਂ ਵਿਦਿਆਰਥੀ ਨੇ ਮਾਈਗ੍ਰੇਟ ਕਰਨਾ ਹੈ ਅਤੇ ਜਿੱਥੇ ਮਾਈਗ੍ਰੇਟ ਕਰਕੇ ਜਾਣਾ ਹੈ) ਦੀ ਸਹਿਮਤੀ ਲੈਣੀ ਜ਼ਰੂਰੀ ਹੋਵੇਗੀ।

(iii) ਜੇ ਕੋਈ ਵਿਦਿਆਰਥੀ ਯੂਨੀਵਰਸਿਟੀ ਦੇ ਕਿਸੇ ਇਕ ਸੈਂਟਰ/ਨੇਬਰਹੁੱਡ/ਯੂਨੀਵਰਸਿਟੀ ਕਾਲਜ ਤੋਂ ਹੋਰ ਸੈਂਟਰ/ਨੇਬਰਹੁੱਡ/ਯੂਨੀਵਰਸਿਟੀ ਕਾਲਜ ਵਿਖੇ ਮਾਈਗ੍ਰੇਸ਼ਨ ਚਾਹੁੰਦਾ ਹੈ ਤਾਂ ਇਹ ਵੇਖਿਆ ਜਾਵੇਗਾ ਕਿ ਜੇ ਉਸ ਦੀ ਮੈਰਿਟ ਅਨੁਸਾਰ ਜਦੋਂ ਉਹ ਉਸ ਕੋਰਸ ਦੇ ਪਹਿਲੇ ਸਾਲ ਵਿੱਚ ਦਾਖ਼ਲ ਹੋਇਆ ਸੀ, ਜਿਸ ਸੰਸਥਾ ਵਿੱਚ ਉਹ ਮਾਈਗ੍ਰੇਟ ਹੋ ਕੇ ਜਾ ਰਿਹਾ ਹੈ, ਵਿੱਚ ਦਾਖ਼ਲਾ ਮਿਲ ਸਕਦਾ ਸੀ ਤਾਂ ਉਸ ਤੋਂ ਨਾਰਮਲ ਮਾਈਗ੍ਰੇਸ਼ਨ ਫ਼ੀਸ ਲਈ ਜਾਵੇਗੀ।*

8. ਕਿਸੇ ਵਿਦਿਆਰਥੀ ਨੂੰ ਪੇਸ਼ਾਵਰਾਨਾ ਕਾਲਜ ਤੋਂ ਆਰਟਸ ਜਾਂ ਸਾਇੰਸ ਕਾਲਜ ਵਿੱਚ ਪਰਵਾਸ ਕਰਨ ਦੀ ਇਜਾਜ਼ਤ ਨਹੀਂ ਹੈ, ਅਤੇ ਨਾ ਹੀ ਆਰਟਸ ਜਾਂ ਸਾਇੰਸ ਕਾਲਜ ਤੋਂ ਪੇਸ਼ਾਵਰਾਨਾ ਕਾਲਜ ਵਿੱਚ ਪਰਵਾਸ ਕਰਨ ਦੀ ਇਜਾਜ਼ਤ ਹੈ।

## ਹੋਰ ਯੂਨੀਵਰਸਿਟੀਆਂ ਤੋਂ ਇਸ ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਅਤੇ ਵਿਸ਼ੇਸ਼-ਅਧਿਕਾਰ ਪ੍ਰਾਪਤ ਕਾਲਜਾਂ ਵਿਚ ਵਿਦਿਆਰਥੀਆਂ ਦਾ ਪਰਵਾਸ

### ਇੰਜੀਨੀਅਰਿੰਗ ਕਾਲਜ

ਹੋਰ ਸੰਸਥਾਵਾਂ/ਯੂਨੀਵਰਸਿਟੀ ਤੋਂ ਪਰਵਾਸ ਕਰਨ ਦੀ ਇਜਾਜ਼ਤ ਕੇਵਲ ਪਹਿਲਾ ਸਾਲ ਮੁਕੰਮਲ ਕਰ ਲੈਣ ਪਿਛੋਂ ਤੀਜਾ ਸੈਮੈਸਟਰ ਸ਼ੁਰੂ ਹੋਣ ਤੋਂ 30 ਦਿਨਾਂ ਦੇ ਅੰਦਰ ਦਿੱਤੀ ਜਾਵੇਗੀ :

ਪਰੰਤੂ ਇਹ ਕਿ :-

(ੳ) ਉਮੀਦਵਾਰ ਨੇ ਸੀ.ਈ.ਟੀ. ਪਰੀਖਿਆ ਪਾਸ ਕੀਤੀ ਹੋਈ ਹੋਵੇ ਅਤੇ ਉਸ ਦੀ ਮੈਰਿਟ ਉਸ ਵਿਸ਼ੇ ਵਿੱਚ ਦਾਖ਼ਲ ਕੀਤੇ ਆਖ਼ਰੀ ਵਿਦਿਆਰਥੀ ਨਾਲੋਂ ਉਚੇਰੀ ਹੋਵੇ ;

(ਅ) ਉਮੀਦਵਾਰ ਦੁਆਰਾ ਅਧਿਐਨ ਕੀਤੇ ਕੋਰਸ ਉਹ ਹੀ ਹਨ ਜੋ ਸਕੀਮ ਵਿੱਚ ਉਪਬੰਧਤ ਅਤੇ ਕਾਲਜ ਦੇ ਸਿਲੇਬਸ ਵਿੱਚ ਹਨ ਅਤੇ ਉਸ ਨੇ ਸਾਰੇ ਕੋਰਸ ਸਫ਼ਲਤਾ ਸਹਿਤ ਪਾਸ ਕੀਤੇ ਹਨ;

---

* ਸਿੰਡੀਕੇਟ ਮਿਤੀ 28.6.2008 (ਪੈਰਾ 27.15)

(ੲ) ਉਸ ਸੰਸਥਾ ਅਤੇ ਯੂਨੀਵਰਸਿਟੀ ਨੂੰ ਜਿਸ ਵਿੱਚ ਵਿਦਿਆਰਥੀ ਪੜ੍ਹ ਰਿਹਾ ਹੈ ਅਤੇ ਉਸ ਸੰਸਥਾ ਅਤੇ ਯੂਨੀਵਰਸਿਟੀ ਨੂੰ ਜਿਸ ਵਿੱਚ ਪਰਵਾਸ ਚਾਹਿਆ ਗਿਆ ਹੈ, ਪਰਵਾਸ ਵਿੱਚ ਕੋਈ ਇਤਰਾਜ਼ ਨਾ ਹੋਵੇ;

(ਸ) ਜਿਸ ਵਿਸ਼ੇ ਵਿੱਚ ਪਰਵਾਸ ਚਾਹਿਆ ਗਿਆ ਹੋਵੇ ਉਸ ਵਿੱਚ ਸੀਟ ਉਪਲਬਧ ਹੋਵੇ।*

## ਬੀ.ਐਡ. ਕੋਰਸ

1. ਦਾਖ਼ਲੇ ਖੁਲ੍ਹੇ ਹੋਣ ਦੀ ਮੁੱਦਤ ਦੇ ਦੌਰਾਨ ਪਰਵਾਸ ਦੀ ਇਜਾਜ਼ਤ (ਇਥੋਂ ਤੱਕ ਕਿ ਵਾਈਸ-ਚਾਂਸਲਰ ਦੀ ਇਜਾਜ਼ਤ ਨਾਲ ਜਾਂ ਅਕਾਦਮਿਕ ਕੌਂਸਲ ਦੀ ਪਰਵਾਨਗੀ ਨਾਲ ਵੀ) ਬਿਲਕੁਲ ਨਹੀਂ ਦਿੱਤੀ ਜਾਵੇਗੀ, ਕਿਉਂਕਿ ਖ਼ਾਲੀ ਸੀਟ, ਜੇ ਕੋਈ ਹੋਵੇ ਦੀ ਪੇਸ਼ਕਸ ਉਨ੍ਹਾਂ ਉਮੀਦਵਾਰਾਂ ਨੂੰ ਕੀਤੀ ਜਾਣੀ ਹੈ, ਜਿਨ੍ਹਾਂ ਦੇ ਨਾਂ ਉਡੀਕ-ਸੂਚੀ ਵਿੱਚ ਹੋਣ।
2. ਸਾਧਾਰਨ ਤੌਰ ਤੇ ਪਰਵਾਸ ਦੀ ਇਜਾਜ਼ਤ ਤਦ ਹੀ ਦਿੱਤੀ ਜਾਵੇਗੀ ਜੇ ਕੋਈ ਖ਼ਾਲੀ ਸੀਟ ਉਪਲੱਬਧ ਹੋਵੇ, ਪਰ ਲੋਕ ਸੇਵਕ ਦੀ ਭਿੰਨ-ਭਿੰਨ ਥਾਵਾਂ ਵਿਖੇ ਤਬਦੀਲੀ ਦੀ ਸੂਰਤ ਵਿੱਚ ਉਸ ਦੇ ਪ੍ਰਤਿਪਾਲਤ/ਪਤੀ ਜਾਂ ਪਤਨੀ ਦੀ ਸੂਰਤ ਵਿੱਚ ਔਕੜ ਦੂਰ ਕਰਨ ਲਈ, ਸੰਸਥਾ ਦੇ ਮੁਖੀ ਦੀ ਸਿਫ਼ਾਰਸ਼ ਤੇ ਅਤਿਰਿਕਤ ਸੀਟ/ਸੀਟਾਂ ਸਿਰਜੀਆਂ ਜਾ ਸਕਣਗੀਆਂ।
3. ਬੀ. ਐਡ. ਕੋਰਸ ਵਿੱਚ ਦਾਖ਼ਲੇ ਲਈ ਮੁਕੱਰਰ ਕੀਤੀ ਆਖ਼ਰੀ ਤਰੀਕ ਗੁਜ਼ਰਨ ਤੋਂ ਇੱਕ ਮਹੀਨਾ ਪਿੱਛੋਂ ਯੂਨੀਵਰਸਿਟੀ ਦੁਆਰਾ ਪਰਵਾਸ ਦੀ ਇਜਾਜ਼ਤ, ਡੀਨ ਅਕਾਦਮਿਕ ਕਾਰ-ਵਿਹਾਰ/ਵਾਈਸ-ਚਾਂਸਲਰ ਦੀ ਪਰਵਾਨਗੀ ਨਾਲ, ਦਿੱਤੀ ਜਾ ਸਕੇਗੀ।
4. ਇਹ ਜ਼ਰੂਰੀ ਹੈ ਕਿ ਪਰਵਾਸ ਕਰਨ ਵਾਲੇ ਉਮੀਦਵਾਰਾਂ ਨੇ ਘੱਟ ਤੋਂ ਘੱਟ ਉਤਨੇ ਨੰਬਰ ਲਏ ਹੋਣ ਜਿਤਨੇ ਯੋਗਤਾ-ਕ੍ਰਮ ਦੇ ਆਧਾਰ ਤੇ, ਉਸ ਸੰਸਥਾ ਵਿੱਚ, ਜਿਸ ਵਿੱਚ ਉਹ ਪਰਵਾਸ ਕਰਨਾ ਚਾਹੁੰਦੇ ਹਨ, ਦਾਖ਼ਲ ਕੀਤੇ ਗਏ ਆਖ਼ਰੀ ਉਮੀਦਵਾਰ ਨੇ ਲਏ। ਇਹ ਨੰਬਰ ਉਸ ਕਸਵੱਟੀ ਦੇ ਆਧਾਰ ਤੇ ਤੈਅ ਕੀਤੇ ਜਾਣਗੇ ਜੋ ਦਾਖ਼ਲੇ ਲਈ ਰੱਖੀ ਗਈ ਹੋਵੇ। ਇਸ ਦਾ ਮਤਲਬ ਇਹ ਹੋਵੇਗਾ ਕਿ ਮੈਰਿਟ, ਦਾਖ਼ਲੇ ਲਈ ਮੰਨੀਆਂ ਗਈਆਂ ਵੱਖ-ਵੱਖ ਸ਼੍ਰੇਣੀਆਂ ਅਨੁਸਾਰ ਨਿਯਤ ਕੀਤੀ ਜਾਵੇਗੀ।

## ਕਾਨੂੰਨ ਦੇ ਕੋਰਸ

1. ਐਲ-ਐਲ. ਬੀ. ਪਹਿਲੇ ਸਾਲ ਵਿੱਚ ਪਰਵਾਸ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।
2. ਐਲ-ਐਲ. ਬੀ. ਦੂਜੇ ਸਾਲ/ਐਲ-ਐਲ. ਬੀ. ਤੀਜੇ ਸਾਲ ਵਿੱਚ ਪਰਵਾਸ ਦਾ ਦਾਅਵਾ ਅਧਿਕਾਰ ਦੇ ਤੌਰ ਤੇ ਨਹੀਂ ਕੀਤਾ ਜਾ ਸਕਦਾ।
3. ਵਾਈਸ-ਚਾਂਸਲਰ ਆਪਣੇ ਵਿਵੇਕ ਦੀ ਵਰਤੋਂ ਕਰਦੇ ਹੋਏ ਵਿਦਿਆਰਥੀ ਦੁਆਰਾ ਪਰਵਾਸ ਲਈ ਦਿੱਤੀ ਅਰਜ਼ੀ ਨੂੰ ਨਾ-ਮਨਜ਼ੂਰ ਕਰ ਸਕੇਗਾ ਅਤੇ ਵਾਈਸ-ਚਾਂਸਲਰ ਲਈ ਅਜਿਹੀ ਅਰਜ਼ੀ ਨਾ-ਮਨਜ਼ੂਰ ਕਰਨ ਲਈ ਕੋਈ ਕਾਰਨ ਦੇਣਾ ਜ਼ਰੂਰੀ ਨਹੀਂ ਹੋਵੇਗਾ।

---

* ਸਿੰਡੀਕੇਟ ਮਿਤੀ 31.10.1996 (ਪੈਰਾ 44)

4. 31 ਅਕਤੂਬਰ ਦੇ ਬਾਅਦ ਪਰਵਾਸ ਲਈ ਕੋਈ ਵੀ ਅਰਜ਼ੀ ਨਹੀਂ ਲਈ ਜਾਵੇਗੀ।

5. ਐਲ-ਐਲ. ਬੀ. ਦੂਜਾ ਸਾਲ/ਐਲ-ਐਲ. ਬੀ. ਤੀਜਾ ਸਾਲ, ਜਿਹੀ ਕਿ ਸੂਰਤ ਹੋਵੇ, ਵਿੱਚ ਪਰਵਾਸ ਦੇ ਇੱਛੁਕ ਵਿਦਿਆਰਥੀ ਨੂੰ ਹੇਠ-ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ :-

(i) ਉਸ ਨੇ ਐਲ-ਐਲ.ਬੀ. ਪਹਿਲੇ ਸਾਲ ਦੀ ਪਰੀਖਿਆ ਇੰਟਰ-ਯੂਨੀਵਰਸਿਟੀ ਬੋਰਡ ਦੁਆਰਾ ਮਾਨਤਾ ਪ੍ਰਾਪਤ ਕਿਸੇ ਸਟੈਚੂਟਰੀ ਯੂਨੀਵਰਸਿਟੀ ਤੋਂ ਪਾਸ ਕੀਤੀ ਹੋਵੇ;

(ii) ਉਸ ਨੇ ਬਾਰ ਵਿੱਚ ਨਾਂ ਦਰਜ ਕਰਾਉਣ ਦੇ ਪ੍ਰਯੋਜਨ ਲਈ ਕਾਰ ਕੌਂਸਲ ਦੁਆਰਾ ਮਾਨਤਾ-ਪ੍ਰਾਪਤ ਬਾਕਾਇਦਾ ਤਿੰਨ ਸਾਲਾ ਕੋਰਸ ਦੇ ਪਹਿਲੇ ਜਾਂ ਦੂਜੇ ਸਾਲ ਦੀ ਪਰੀਖਿਆ ਪਾਸ ਕੀਤੀ ਹੋਈ ਹੈ;

(iii) ਉਸ ਨੇ ਘੱਟ ਤੋਂ ਘੱਟ ਉਤਨੇ ਨੰਬਰ ਪ੍ਰਾਪਤ ਕੀਤੇ ਹੋਣ ਜਿਤਨੇ ਕਿ ਐਲ-ਐਲ.ਬੀ. ਦੂਜੇ ਸਾਲ/ਐਲ-ਐਲ. ਬੀ. ਤੀਜੇ ਸਾਲ ਦੀ ਜਮਾਤ ਵਿੱਚ, ਜਿਹੀ ਕਿ ਸੂਰਤ ਹੋਵੇ, ਪੰਜਾਬੀ ਯੂਨੀਵਰਸਿਟੀ ਦੀ ਸਾਲਾਨਾ ਪਰੀਖਿਆ ਵਿੱਚ ਕੱਢੇ ਗਏ ਨਤੀਜੇ ਦੇ ਆਧਾਰ ਤੇ ਯੋਗਤਾ ਤੇ ਦਾਖ਼ਲ ਹੋਏ ਆਖ਼ਰੀ ਉਮੀਦਵਾਰ ਨੇ ਪ੍ਰਾਪਤ ਕੀਤੇ ਹਨ;

(iv) ਉਸ ਨੇ ਉਸ ਯੂਨੀਵਰਸਿਟੀ ਤੋਂ, ਜਿਸ ਤੋਂ ਉਹ ਪਰਵਾਸ ਲੈ ਰਿਹਾ ਹੈ, ਐਲ-ਐਲ.ਬੀ. ਪਹਿਲੇ ਸਾਲ/ਦੂਜੇ ਸਾਲ ਦੀ ਪਰੀਖਿਆ, ਜਿਹੀ ਕਿ ਸੂਰਤ ਹੋਵੇ, ਇੱਕ ਰੈਗੂਲਰ ਵਿਦਿਆਰਥੀ ਦੀ ਹੈਸੀਅਤ ਵਿੱਚ, ਨਾ ਕਿ ਪ੍ਰਾਈਵੇਟ ਵਿਦਿਆਰਥੀ ਦੀ ਹੈਸੀਅਤ ਵਿੱਚ ਜਾਂ ਪੱਤਰ-ਵਿਹਾਰ ਕੋਰਸਾਂ ਦੇ ਵਿਦਿਆਰਥੀ ਦੀ ਹੈਸੀਅਤ ਵਿੱਚ, ਪਾਸ ਕੀਤੀ ਹੋਵੇ;

(v) ਉਹ ਉਸ ਸੰਸਥਾ ਜਿਸ ਤੋਂ ਉਹ ਪਰਵਾਸ ਲੈ ਰਿਹਾ ਹੈ, ਦੇ ਮੁਖੀ/ਪ੍ਰਿੰਸੀਪਲ ਤੋਂ ਚੰਗੇ ਚਾਲ ਚਲਨ ਦਾ ਸਰਟੀਫ਼ਿਕੇਟ ਪੇਸ਼ ਕਰੇਗਾ;

(vi) ਉਸ ਨੂੰ ਰਹਿ ਗਿਆ ਪਰਚਾ/ਰਹਿ ਗਏ ਪਰਚੇ ਅਰਥਾਤ ਅਜਿਹਾ ਪਰਚਾ/ਅਜਿਹੇ ਪਰਚੇ ਜਿਹੜੇ ਕਿ ਉਸ ਨੇ ਐਲ-ਐਲ. ਬੀ. ਪਹਿਲੇ ਸਾਲ/ਐਲ-ਐਲ. ਬੀ. ਦੂਜੇ ਸਾਲ ਵਿੱਚ, ਜਿਹੀ ਕਿ ਸੂਰਤ ਹੋਵੇ, ਨਹੀਂ ਪੜ੍ਹੇ ਸਨ, ਪਾਸ ਕਰਨੇ ਹੋਣਗੇ।

ਵਿਦਿਆਰਥੀ, ਜਿਸ ਨੂੰ ਪਰਵਾਸ ਦੀ ਇਜਾਜ਼ਤ ਦੇ ਦਿੱਤੀ ਗਈ ਹੈ, ਪਰਵਾਸ ਦੀ ਮਨਜ਼ੂਰੀ ਦਿੱਤੇ ਜਾਣ ਤੋਂ 15 ਦਿਨਾਂ ਦੇ ਅੰਦਰ ਇਸ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵਿੱਚ ਦਾਖ਼ਲਾ ਲੈ ਲਵੇਗਾ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਦਾ ਪਰਵਾਸ ਆਪਣੇ-ਆਪ ਰੱਦ ਹੋ ਜਾਵੇਗਾ, ਜੇਕਰ ਵਾਈਸ-ਚਾਂਸਲਰ ਦੁਆਰਾ ਕ ਾ ਫ਼ੀ ਕਾਰਨਾਂ ਕਰਕੇ ਉਸ ਮੁੱਦਤ ਵਿੱਚ ਵਾਧਾ ਨਾ ਕਰ ਦਿੱਤਾ ਜਾਵੇ।

6. (i) *ਜਿਥੋਂ ਤੱਕ ਲਾਅ ਕਾਲਜਾਂ ਵਿੱਚ ਚੱਲ ਰਹੇ ਪੰਜ ਸਾਲਾ ਜਾਂ ਤਿੰਨ ਸਾਲਾ (ਐਲ–ਐਲ.ਬੀ.) ਕੋਰਸ ਦੇ ਕਿਸੇ ਵਿਦਿਆਰਥੀ ਦੇ ਪਰਵਾਸ ਦਾ ਤੱਲਕ ਹੈ, ਉਸ ਨੇ ਉਸ ਕਾਲਜ ਵਿਚ, ਜਿਸ ਤੋਂ ਉਹ ਪਰਵਾਸ ਕਰਨਾ ਚਾਹੁੰਦਾ ਹੈ, ਇੱਕ ਸਾਲ ਪੂਰਾ ਕੀਤਾ ਹੋਵੇ। ਇੱਕ ਸਾਲ ਤੋਂ ਬਾਅਦ ਇੱਕ ਕਾਲਜ ਤੋਂ ਦੂਜੇ ਕਾਲਜ ਵਿੱਚ ਪਰਵਾਸ/ਬਦਲੀ ਦੀ ਇਜਾਜ਼ਤ ਦਿੱਤੀ ਜਾ ਸਕੇਗੀ :

ਪਰੰਤੂ ਇਹ ਕਿ ਵਿਦਿਆਰਥੀ ਜਿਸ ਕਾਲਜ ਵਿੱਚ ਜਾਣਾ ਚਾਹੁੰਦਾ ਹੈ, ਉਸ ਕਾਲਜ ਵਿੱਚ ਖ਼ਾਲੀ ਸੀਟ ਉਪਲੱਬਧ ਹੋਵੇ ਅਤੇ ਦੋਹਾਂ ਕਾਲਜਾਂ ਦੇ ਪ੍ਰਿੰਸੀਪਲ ਉਸ ਲਈ ਸਹਿਮਤ ਹੋਣ :

ਪਰੰਤੂ ਇਹ ਹੋਰ ਕਿ ਜੇ ਉਸ ਕਾਲਜ ਦਾ ਪ੍ਰਿੰਸੀਪਲ, ਜਿਥੋਂ ਵਿਦਿਆਰਥੀ ਜਾਣਾ ਚਾਹੁੰਦਾ ਹੋਵੇ, ਸਹਿਮਤ ਨਾ ਹੋਵੇ ਤਾਂ ਡੀਨ, ਕਾਲਜ ਵਿਕਾਸ ਕੌਂਸਲ ਉਸ ਕੇਸ ਦੇ ਗੁਣਾਂ ਦੇ ਆਧਾਰ ਤੇ ਪਰਵਾਸ ਦੀ ਇਜਾਜ਼ਤ ਦੇ ਸਕੇਗਾ ਅਤੇ ਉਸ ਦਾ ਫ਼ੈਸਲਾ ਅੰਤਿਮ ਹੋਵੇਗਾ। ਇਹ ਜਾਬਤਾ ਕਾਲਜ ਤੋਂ ਕਾਲਜ ਮਾਈਗ੍ਰੇਸ਼ਨ/ ਟਰਾਂਸਫ਼ਰ ਲਈ ਲਾਗੂ ਹੋਵੇਗਾ।

(ii) ਪਰਵਾਸ ਵਾਸਤੇ ਲਈ ਜਾਣ ਵਾਲੀ ਫ਼ੀਸ ਅਜਿਹੀ ਹੋਵੇਗੀ ਜਿਹੀ ਸਮੇਂ–ਸਮੇਂ ਮੁਕੱਰਰ ਕੀਤੀ ਜਾਵੇ।

ਵਿਆਖਿਆ :–

ਕਾਨੂੰਨ ਵਿਭਾਗ ਦੀ ਸ਼ਾਮ ਦੀ ਸ਼ਿਫ਼ਟ ਤੋਂ ਸਵੇਰ ਦੀ ਸ਼ਿਫ਼ਟ ਵਿੱਚ ਜਾਂ ਸਵੇਰ ਦੀ ਸ਼ਿਫ਼ਟ ਤੋਂ ਸ਼ਾਮ ਦੀ ਸ਼ਿਫ਼ਟ ਵਿੱਚ ਜਾਂ ਬਠਿੰਡਾ ਦੇ ਲਾਅ ਸੈਂਟਰ ਤੋਂ ਪਟਿਆਲਾ ਦੀਆਂ ਦੋਹਾਂ ਸ਼ਿਫ਼ਟਾਂ ਵਿੱਚੋਂ ਕਿਸੇ ਸ਼ਿਫ਼ਟ ਵਿੱਚ ਕਿਸੇ ਵਿਦਿਆਰਥੀ ਦੀ ਤਬਦੀਲੀ ਪਰਵਾਸ ਵਿੱਚ ਸ਼ਾਮਲ ਨਹੀਂ ਹੈ।

ਆਮ

1. ਵਿਸ਼ੇਸ਼ ਕੇਸਾਂ ਵਿੱਚ ਯੂਨੀਵਰਸਿਟੀ ਦੇ ਬਠਿੰਡਾ/ਤਲਵੰਡੀ ਸਾਬੋ/ਮੋਹਾਲੀ ਦੇ ਰੀਜਨਲ ਸੈਂਟਰਾਂ ਤੋਂ ਯੂਨੀਵਰਸਿਟੀ ਕੈਂਪਸ ਵਿਖੇ, ਸ਼ਿਫ਼ਟ ਕਰਨ ਦੀ ਅਤੇ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪਰਵਾਸ ਦੀ ਜਾਂ ਸਵੇਰ ਤੋਂ ਸ਼ਾਮ ਦੀ ਸ਼ਿਫ਼ਟ ਵਿੱਚ ਜਾਂ ਸ਼ਾਮ ਤੋਂ ਸਵੇਰ ਦੀ ਸ਼ਿਫ਼ਟ ਵਿੱਚ ਬਦਲੀ ਕੋਰਸ ਦੇ ਪਹਿਲੇ ਸਾਲ ਉਪਰੰਤ ਖਾਲੀ ਉਪਲਬਧ ਸੀਟਾਂ ਵਿਰੁੱਧ, ਹੇਠ–ਲਿਖੇ ਅਨੁਸਾਰ ਵਿਸ਼ੇਸ਼ ਬਦਲੀ ਫ਼ੀਸ ਚਾਰਜ ਕਰਕੇ ਇਜਾਜ਼ਤ ਦਿੱਤੀ ਜਾ ਸਕੇਗੀ :–

(ੳ) ਪ੍ਰੋਫ਼ੈਸ਼ਨਲ ਕੋਰਸਿਜ਼ : ਬੀ. ਫ਼ਾਰਮੇਸੀ, ਐਮ. ਫ਼ਾਰਮੇਸੀ, ਬੀ. ਟੈਕ. /ਐਮ. ਟੈਕ., ਐਮ.ਐਸ–ਸੀ. ਬਾਇਓਟੈਕਨੋਲੋਜੀ, ਐਮ. ਬੀ. ਏ., ਐਮ. ਸੀ. ਏ., ਐਮ.ਐਸ–ਸੀ. ਮਾਈਕਰੋਬੀਅਲ ਐਂਡ ਫ਼ੂਡ ਟੈਕਨਾਲੋਜੀ ਕੋਰਸਾਂ ਲਈ 2,00,000/– ਰੁਪਏ

* ਸਿੰਡੀਕੇਟ : 375, ਮਿਤੀ 29.3.2007.

(ਅ) ਐਲ-ਐਲ. ਬੀ./ ਐਲ-ਐਲ. ਐਮ./ ਐਮ. ਲਿਬ., ਬੀ. ਲਿਬ. — 1,●●,●●●/- ਰੁਪਏ

(ੲ) ਐਮ. ਕਾਮ., ਐਮ. ਏ., ਐਮ. ਐਸ-ਸੀ. ਅਤੇ — 5●,●●●/-ਰੁਪਏ

ਉਪਰੋਕਤ ਦਰਸਾਏ ਕੋਰਸਾਂ ਤੋਂ ਇਲਾਵਾ ਸਾਰੇ ਹੀ ਵਿਸ਼ੇ

ਪਰੰਤੂ ਪਰਵਾਸ/ਬਦਲੀ ਚਾਹੁਣ ਵਾਲੇ ਵਿਦਿਆਰਥੀ ਦੀ ਮੈਰਿਟ, ਉਸ ਵਿਭਾਗ/ ਸੈਂਟਰ/ਕਾਲਜ ਵਿਚ ਦਾਖ਼ਲ ਹੋਏ ਆਖ਼ਰੀ ਵਿਦਿਆਰਥੀ ਤੋਂ ਘੱਟ ਨਾ ਹੋਵੇ।*

2. ਨੰਬਰਾਂ ਵਿਚ ਵਾਧੇ ਲਈ ਪਰੀਖਿਆ ਵਿੱਚ ਬੈਠ ਰਹੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਲਈ ਪਰੀਖਿਆ ਦਾਖ਼ਲਾ ਫ਼ਾਰਮ ਨਾਲ ਪਰਵਾਸ ਸਰਟਿਫ਼ਿਕੇਟ ਪੇਸ਼ ਕਰਨ ਦੀ ਕੋਈ ਲੋੜ ਨਹੀਂ ਹੈ।

3. ਬਦੇਸ਼ੀ ਯੂਨੀਵਰਸਿਟੀਆਂ, ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਅਤੇ ਓਪਨ ਯੂਨੀਵਰਸਿਟੀਆਂ (ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਤੋਂ ਮਾਨਤਾ ਪ੍ਰਾਪਤ) ਤੋਂ ਪਰਵਾਸ ਕਰਨ ਵਾਲੇ ਵਿਦਿਅਰਥੀ ਜੋ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ, ਇਸ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਕਾਲਜਾਂ ਵਿਚ ਦਾਖ਼ਲ ਹੋਣ, ਬਦਲੀ ਸਰਟੀਫ਼ਿਕੇਟ ਪੇਸ਼ ਕਰਨ ਤੋਂ ਛੋਟ-ਪ੍ਰਾਪਤ ਹੋਣਗੇ। ਇਹ ਗੱਲ ਉਨ੍ਹਾਂ ਉਮੀਦਵਾਰਾਂ ਨੂੰ ਵੀ ਲਾਗੂ ਹੋਵੇਗੀ ਜੋ ਯੂਨੀਵਰਸਿਟੀ ਦੀਆਂ ਵੱਖ-ਵੱਖ ਪਰੀਖਿਆਵਾਂ ਵਿੱਚ ਪ੍ਰਾਈਵੇਟ ਉਮੀਦਵਾਰਾਂ ਦੇ ਤੌਰ ਤੇ ਬੈਠਣ।**

4. ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਸਕੂਲ ਬੋਰਡਾਂ ਤੋਂ ਮੈਟ੍ਰਿਕੁਲੇਸ਼ਨ ਜਾਂ 1●+2 ਪਰੀਖਿਆ ਪਾਸ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਕਿਸੇ ਕਾਲਜ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਬਦਲੀ ਸਰਟੀਫ਼ਿਕੇਟ ਪੇਸ਼ ਕਰਨ ਤੋਂ ਛੋਟ-ਪ੍ਰਾਪਤ ਹੋਣਗੇ।***

5. ਕੈਂਬ੍ਰਿਜ ਲੋਕਲ ਐਗਜ਼ਾਮੀਨੇਸ਼ਨ ਸਿੰਡੀਕੇਟ ਦੀ ਸੀਨੀਅਰ ਕੈਂਬ੍ਰਿਜ ਸਕੂਲ ਸਰਟੀਫ਼ਿਕੇਟ ਪਰੀਖਿਆ ਪਾਸ ਕਰਨ ਉਪਰੰਤ ਇਸ ਯੂਨੀਵਰਸਿਟੀ* ਦੇ ਵੱਖ-ਵੱਖ ਕੋਰਸਾਂ ਵਿੱਚ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ ਬਦਲੀ ਸਰਟੀਫ਼ਿਕੇਟ ਪੇਸ਼ ਕਰਨ ਤੋਂ ਛੋਟ ਪ੍ਰਾਪਤ ਹੋਣਗੇ।****

---

* ਸਿੰਡੀਕੇਟ ਮਿਤੀ 21.6.2●●3 (ਪੈਰਾ 1●)

** ਸਿੰਡੀਕੇਟ ਮਿਤੀ 21.6.2●●3 (ਪੈਰਾ 15.1) ਦੁਆਰਾ ਅੰਤਰ ਸਥਾਪਤ

*** ਸਿੰਡੀਕੇਟ ਮਿਤੀ 13.6.1997 ਦੁਆਰਾ ਸੋਧੇ ਅਨੁਸਾਰ (ਪੈਰਾ 2●)

**** ਉਨ੍ਹਾਂ ਪ੍ਰਾਈਵੇਟ ਉਮੀਦਵਾਰਾਂ ਦੀ ਸੂਰਤ ਵਿੱਚ ਜਿਨ੍ਹਾਂ ਨੇ ਪਹਿਲੀ ਪਰੀਖਿਆ ਯੂ .ਪੀ. ਬੋਰਡ ਤੋਂ ਪਾਸ ਕੀਤੀ ਹੋਵੇ, ਉਨ੍ਹਾਂ ਦੀ ਸੂਰਤ ਵਿੱਚ ਉਸ ਜ਼ਿਲ੍ਹੇ ਦੀ, ਜਿਸ ਤੋਂ ਉਮੀਦਵਾਰ ਨੇ ਪਰੀਖਿਆ ਪਾਸ ਕੀਤੀ, ਕਿਸੇ ਸਬੰਧ ਸੰਸਥਾ ਦੇ ਮੁਖੀ ਤੋਂ ਅਜਿਹਾ ਸਰਟੀਫ਼ਿਕੇਟ ਬਦਲੀ ਸਰਟੀਫ਼ਿਕੇਟ ਦਾ ਕੰਮ ਦੇ ਦੇਵੇਗਾ ਜਿਸ ਵਿੱਚ ਉਹ ਪਰੀਖਿਆ ਦਸੀ ਹੋਵੇ ਜੋ ਉਸ ਨੇ ਪਾਸ ਕੀਤੀ ਅਤੇ ਜਿਸ ਸਰਟੀਫ਼ਿਕੇਟ ਤੇ ਸੰਬੰਧਤ ਡਵੀਜ਼ਨ ਦੇ ਡਿਸਟ੍ਰਿਕਟ ਇਨਸਪੈਕਟਰ ਆਫ਼ ਸਕੂਲਜ਼ ਦੇ ਪ੍ਰਤਿ-ਦਸਖ਼ਤ ਹੋਣ।

6. ਡਿਪਲੋਮਾ ਕੋਰਸ ਇਨ ਡਿਵਨਿਟੀ ਵਿੱਚ ਦਾਖ਼ਲਾ ਲੈਣ ਵਾਲੇ ਉਨ੍ਹਾਂ ਵਿਦਿਆਰਥੀਆਂ, ਜਿਹੜੇ ਯੂਨੀਵਰਸਿਟੀ ਅਧਿਕਾਰ-ਖੇਤਰ ਤੋਂ ਬਾਹਰ ਕਿਸੇ ਮਾਨਤਾ-ਪ੍ਰਾਪਤ ਸੰਸਥਾ ਵਿਚ ਪੜ੍ਹਦੇ ਹਨ, ਨੂੰ ਮਾਈਗਰੇਸ਼ਨ ਸਰਟੀਫ਼ਿਕੇਟ ਤੋਂ ਛੋਟ ਇਸ ਸ਼ਰਤ ਤੇ ਦਿਤੀ ਜਾਵੇਗੀ ਕਿ ਉਹ ਉਸ ਸੰਸਥਾ ਦੇ ਮੁਖੀ ਤੋਂ ਸਰਟਫ਼ਿਕੇਟ ਲਿਆ ਕੇ ਦੇਣਗੇ ਕਿ ਉਹ ਉਸ ਸੰਸਥਾ ਦੇ ਵਾਸਤਵਿਕ ਵਿਦਿਆਰਥੀ ਹਨ ਅਤੇ ਉਨ੍ਹਾਂ ਵਿਰੁੱਧ ਕਿਸੇ ਕਿਸਮ ਦੇ ਅਯੋਗ ਸਾਧਨਾਂ ਦੀ ਵਰਤੋਂ ਸੰਬੰਧੀ ਕੇਸ ਨਹੀਂ ਹੈ।*

7. ਅਜਿਹੇ ਉਮੀਦਵਾਰ, ਜਿਹੜੇ ਹੋਰ ਯੂਨੀਵਰਸਿਟੀਆਂ/ਬੋਰਡਾਂ ਤੋਂ ਪਰਵਾਸ ਲੈਂਦੇ ਹਨ ਅਤੇ ਕਿਸੇ ਕਾਲਜ/ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਵਿੱਚੋਂ ਕਿਸੇ ਵਿਚ ਦਾਖ਼ਲਾ ਲੈਣਾ ਚਾਹੁੰਦੇ ਹਨ, ਦਾਖ਼ਲੇ ਤੋਂ ਪਹਿਲਾਂ ਯੂਨੀਵਰਸਿਟੀ ਤੋਂ ਪਾਤਰਤਾ ਦਾ ਪ੍ਰਮਾਣ-ਪੱਤਰ ਹਾਸਲ ਕਰਨਗੇ ਅਤੇ ਇਸ ਪ੍ਰਯੋਜਨ ਲਈ ਉਹ ਮੁਕੱਰਰ ਫ਼ੀਸ ਜਮ੍ਹਾਂ ਕਰਾਉਣਗੇ।

8. ਵਿਦਿਆਰਥੀ ਨੂੰ ਡੁਪਲੀਕੇਟ ਪਰਵਾਸ ਸਰਟੀਫ਼ਿਕੇਟ ਪਹਿਲਾਂ ਜਾਰੀ ਕੀਤੇ ਪਰਵਾਸ ਸਰਟੀਫ਼ਿਕੇਟ ਦੇ ਗੁੰਮ ਹੋਣ ਬਾਰੇ ਸਬੰਧਤ ਜ਼ਿਲ੍ਹੇ ਦੇ ਪਹਿਲੇ ਦਰਜੇ ਦੇ ਮੈਜਿਸਟਰੇਟ ਤੋਂ ਯਥਾ-ਰੀਤੀ ਤਸਦੀਕ ਕੀਤਾ ਸਟੈਂਪ ਪੇਪਰ ਉੱਤੇ ਐਲਾਨ ਪੇਸ਼ ਕਰਨ ਤੇ ਜਾਰੀ ਕੀਤਾ ਜਾਵੇਗਾ। ਵਿਦਿਆਰਥੀ ਮੁਕੱਰਰ ਫ਼ਾਰਮ ਅਤੇ ਫ਼ੀਸ ਜਮ੍ਹਾਂ ਕਰਵਾਏਗਾ। ਦੂਜੀ ਵਾਰ ਡੁਪਲੀਕੇਟ ਪਰਵਾਸ ਸਰਟੀਫ਼ਿਕੇਟ ਜਾਰੀ ਕਰਨ ਵੇਲੇ ਸਰਟੀਫ਼ਿਕੇਟ ਉਤੇ "ਦੂਜਾ ਡੁਪਲੀਕੇਟ" ਸ਼ਬਦ ਲਿਖੇ ਜਾਣਗੇ। ਡੁਪਲੀਕੇਟ ਪਰਵਾਸ ਸਰਟੀਫ਼ਿਕੇਟ ਅਤੇ ਇੰਟਰ-ਕਾਲਜ ਪਰਵਾਸ ਸਰਟੀਫ਼ਿਕੇਟ ਜਾਰੀ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਦੀ ਪਰਵਾਨਗੀ ਦੀ ਜ਼ਰੂਰਤ ਹੋਵੇਗੀ।**

9. ਪਰਵਾਸ ਸਰਟੀਫ਼ਿਕੇਟ/ਡੁਪਲੀਕੇਟ ਪਰਵਾਸ ਸਰਟੀਫ਼ਿਕੇਟ, ਫ਼ੀਸਾਂ ਦੀਆਂ ਸਮੇਂ ਸਮੇਂ ਮੁਕੱਰਰ ਦਰਾਂ ਚਾਰਜ ਕਰਕੇ ਜਾਰੀ ਕੀਤੇ ਜਾਣਗੇ :

   ਪਰੰਤੂ ਇਹ ਕਿ ਹੇਠ ਲਿਖੇ ਮੰਤਵਾਂ ਲਈ ਫ਼ੀਸਾਂ ਦੇ ਦਰ ਵੱਖ-ਵੱਖ ਮੁਕੱਰਰ ਕੀਤੇ ਜਾ ਸਕਣਗੇ :-

   1. ਨਵਾਂ ਪਰਵਾਸ :-

      (ੳ) ਦਰਖ਼ਾਸਤ ਕਰਨ ਦੀ ਮਿਤੀ ਤੋਂ ਪਿਛਲੇ ਤਿੰਨ ਸਾਲਾਂ ਦੇ ਸਮੇਂ ਨਾਲ ਸੰਬੰਧਤ।

---

* ਸਿੰਡੀਕੇਟ ਮਿਤੀ 19.8.1989 (ਪੈਰਾ 2.22)

** ਸਿੰਡੀਕੇਟ ਮਿਤੀ 13.6.1997 (ਪੈਰਾ 2●)

(ਅ) ਦਰਖ਼ਾਸਤ ਕਰਨ ਦੀ ਮਿਤੀ ਤੋਂ ਪਿਛਲੇ ਤਿੰਨ ਸਾਲਾਂ ਤੋਂ ਵੱਧ ਦੇ ਸਮੇਂ ਨਾਲ ਸੰਬੰਧਤ।

2. ਦਰਖ਼ਾਸਤ ਕਰਨ ਦੀ ਮਿਤੀ ਤੋਂ ਪੰਜ ਸਾਲ ਦੇ ਪਿਛਲੇ ਸਮੇਂ ਨਾਲ ਸੰਬੰਧਤ ਡੁਪਲੀਕੇਟ ਪਰਵਾਸ ਸਰਟੀਫ਼ਿਕੇਟ, ਰਿਕਾਰਡ ਦੇ ਉਪਲੱਬਧ ਹੋਣ ਦੀ ਸੂਰਤ ਵਿੱਚ ਜਾਰੀ ਕੀਤਾ ਜਾਵੇਗਾ।

3. ਦਰਖ਼ਾਸਤ ਕਰਨ ਦੀ ਮਿਤੀ ਤੋਂ ਪੰਜ ਸਾਲ ਤੋਂ ਵੱਧ ਪਿਛਲੇ ਸਮੇਂ ਨਾਲ ਸੰਬੰਧਤ ਡੁਪਲੀਕੇਟ ਪਰਵਾਸ ਸਰਟੀਫ਼ਿਕੇਟ, ਰਿਕਾਰਡ ਦੇ ਉਪਲੱਬਧ ਹੋਣ ਦੀ ਸੂਰਤ ਵਿੱਚ ਜਾਰੀ ਕੀਤਾ ਜਾਵੇਗਾ।

10. *ਸਮੈਸਟਰ ਸਕੀਮ ਦੇ ਵੱਖ-ਵੱਖ ਕੋਰਸਾਂ ਅਧੀਨ ਆਉਂਦੇ ਵਿਦਿਆਰਥੀਆਂ ਲਈ ਰਜਿਸਟਰੇਸ਼ਨ ਵਿਵਰਨ ਅਤੇ ਪਰਵਾਸ ਸਰਟੀਫਿਕੇਟ ਨਾਲ ਅਸਲ ਦਸਤਾਵੇਜ਼ ਭੇਜਣ ਦਾ ਤਰੀਕ-ਵੇਰਵਾ ਹੇਠ ਅਨੁਸਾਰ ਹੋਵੇਗਾ :

| | | |
|---|---|---|
| 30 ਸਤੰਬਰ | : | ਬਿਨਾਂ ਲੇਟ ਫ਼ੀਸ |
| 31 ਅਕਤੂਬਰ | : | ਮੁਕੱਰਰ ਲੇਟ ਫ਼ੀਸ ਨਾਲ |
| ਪਰੀਖਿਆ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਤੱਕ | : | ਮੁਕੱਰਰ ਲੇਟ ਫ਼ੀਸ ਨਾਲ |

11. ਬਿਨਾਂ ਲਾਭ ਲਏ ਪਰਵਾਸ ਸਰਟੀਫਿਕੇਟ ਰੱਦ ਕਰਵਾਉਣਾ :

ਪਰਵਾਸ ਸਰਟੀਫ਼ਿਕੇਟ, ਬਿਨਾਂ ਲਾਭ ਲਏ ਰਦ ਕਰਾਉਣ ਲਈ, ਅਜਿਹੀ ਫ਼ੀਸ ਚਾਰਜ ਕੀਤੀ ਜਾਵੇਗੀ, ਜਿਹੀ ਮੁਕੱਰਰ ਕੀਤੀ ਜਾਵੇ :

ਪਰੰਤੂ ਇਹ ਕਿ ਪਿਛਲੇ ਤਿੰਨ ਸਾਲਾਂ ਜਾਂ ਉਸ ਤੋਂ ਵੱਧ ਮੁੱਦਤ ਨਾਲ ਸੰਬੰਧਤ, ਪਿਛਲੇ ਇੱਕ ਸਾਲ ਤੋਂ ਤਿੰਨ ਸਾਲ ਤੱਕ ਨਾਲ ਸੰਬੰਧਤ ਅਤੇ ਇੱਕ ਸਾਲ ਤੋਂ ਘੱਟ ਦੀ ਮੁੱਦਤ ਨਾਲ ਸੰਬੰਧਤ ਮੁਦੱਤ ਲਈ ਵੱਖ-ਵੱਖ ਦਰ ਮੁਕੱਰਰ ਕੀਤੇ ਜਾ ਸਕਣਗੇ।

ਵਿਦਿਆਰਥੀ ਵੱਲੋਂ ਅਣ-ਵਰਤਿਆ ਪਰਵਾਸ ਸਰਟੀਫ਼ਿਕੇਟ ਵਾਪਸ ਕਰਨ ਤੇ ਆਪਣਾ ਰੱਦ ਕੀਤਾ ਨਤੀਜਾ ਮੁਕੱਰਰ ਜਰਮਾਨਾ ਅਦਾ ਕਰਕੇ ਸੁਰਜੀਤ (ਰੀਵਾਈਵ) ਕਰਵਾਇਆ ਜਾ ਸਕਦਾ ਹੈ।

---

* ਸਿੰਡੀਕੇਟ ਮਿਤੀ 30.8.2005 (ਪੈਰਾ 45.33)

## ਅਧਿਆਏ–XII
# ਯੂਨੀਵਰਸਿਟੀ ਹੋਸਟਲ

### ਯੂਨੀਵਰਸਿਟੀ ਹੋਸਟਲਾਂ ਦੇ ਨਾਂ

ਹੇਠ ਲਿਖੇ ਹੋਸਟਲ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚ ਹਨ :

| | | |
|---|---|---|
| 1) | ਬੀਬੀ ਸਾਹਿਬ ਕੌਰ ਹੋਸਟਲ | ਲੜਕੀਆਂ ਲਈ |
| 2) | ਮਾਤਾ ਗੁਜਰੀ ਹੋਸਟਲ | " " |
| 3) | ਸਿਲਵਰ ਜੁਬਲੀ ਹੋਸਟਲ | " " |
| 4) | ਅੰਮ੍ਰਿਤਾ ਸ਼ੇਰਗਿੱਲ ਹੋਸਟਲ | " " |
| 5) | ਅੰਬੇਦਕਰ ਹੋਸਟਲ | " " |
| 6) | ਮਾਈ ਭਾਗੋ ਹੋਸਟਲ* | " " |
| 7) | ਭਗਤ ਪੂਰਨ ਸਿੰਘ ਹੋਸਟਲ | ਲੜਕਿਆਂ ਲਈ |
| 8) | ਹੋਮੀ ਭਾਭਾ ਹੋਸਟਲ | " " |
| 9) | ਭਾਈ ਵੀਰ ਸਿੰਘ ਹੋਸਟਲ | " " |
| 10) | ਸ਼ਹੀਦ ਭਗਤ ਸਿੰਘ ਹੋਸਟਲ | " " |
| 11) | ਬੰਦਾ ਸਿੰਘ ਬਹਾਦਰ ਹੋਸਟਲ* | " " |

ਕੈਂਪਸ ਵਿਖੇ ਸਥਿਤ ਉਪਰੋਕਤ ਹੋਸਟਲਾਂ ਤੋਂ ਇਲਾਵਾ ਨਿਮਨ-ਲਿਖਤ ਹੋਸਟਲ ਗੁਰੂ ਕਾਸ਼ੀ ਰੀਜਨਲ ਸੈਂਟਰ, ਤਲਵੰਡੀ ਸਾਬੋ ਅਤੇ ਨੇਬਰਹੁੱਡ ਕੈਂਪਸ, ਰਾਮਪੁਰਾ ਫੂਲ ਵਿਖੇ ਸਥਾਪਿਤ ਕੀਤੇ ਗਏ ਹਨ :-

(ੳ) ਗੁਰੂ ਕਾਸ਼ੀ ਰੀਜਨਲ ਸੈਂਟਰ, ਤਲਵੰਡੀ ਸਾਬੋ :-

(i) ਬਾਬਾ ਦੀਪ ਸਿੰਘ ਹੋਸਟਲ (ਲੜਕਿਆਂ ਲਈ)

(ii) ਬਾਬਾ ਅਜੀਤ ਸਿੰਘ (ਹੰਸਾਲੀ ਵਾਲੇ) ਹੋਸਟਲ (ਲੜਕੀਆਂ ਲਈ)*

(ਅ) ਨੇਬਰਹੁੱਡ ਕੈਂਪਸ ਰਾਮਪੁਰਾ ਫੂਲ :-

(i) ਸਾਹਿਬਜ਼ਾਦਾ ਫ਼ਤਿਹ ਸਿੰਘ ਹੋਸਟਲ (ਲੜਕਿਆਂ ਲਈ)

(ii) ਮਾਤਾ ਸੁੰਦਰੀ ਹੋਸਟਲ (ਲੜਕੀਆਂ ਲਈ)*

---

* ਸਿੰਡੀਕੇਟ ਮਿਤੀ 6.8.2007 (ਪੈਰਾ 28)

ਨੋਟ : ਯੂਨੀਵਰਸਿਟੀ ਕੈਂਪਸ ਵਿਖੇ ਉਪਰੋਕਤ ਸਾਰੇ ਹੋਸਟਲਾਂ ਵਿੱਚ ਜਿਸ ਸ਼ਖ਼ਸੀਅਤ ਦੇ ਨਾਂ ਤੇ ਹੋਸਟਲ ਦਾ ਨਾਂ ਰੱਖਿਆ ਗਿਆ ਹੈ, ਉਸ ਦੇ ਜੀਵਨ ਬਾਰੇ ਸੰਖਿਪਤ ਜੀਵਨ ਬਿਉਰਾ/ਜਾਣਕਾਰੀ ਪ੍ਰਵੇਸ਼ ਦੁਆਰ ਦੇ ਨਾਲ ਕਿਸੇ ਢੁੱਕਵੀਂ ਥਾਂ ਤੇ ਲਗਾਈ ਜਾਵੇਗੀ।

## ਹੋਸਟਲਾਂ ਵਿੱਚ ਦਾਖ਼ਲਾ

1. ਹੋਸਟਲ ਵਿੱਚ ਦਾਖ਼ਲੇ ਲਈ ਦਰਖ਼ਾਸਤ ਮੁਕੱਰਰ ਫ਼ਾਰਮ 'ਤੇ, (ਜੋ ਦਫ਼ਤਰ ਤੋਂ ਮਿਲ ਸਕਦੇ ਹਨ) ਵਿਦਿਆਰਥੀ ਦੁਆਰਾ ਆਪਣੇ ਹੱਥੀਂ ਲਿਖ ਕੇ ਦਿੱਤੀ ਜਾਵੇਗੀ ਅਤੇ ਉਸ ਦਾ ਨਿਪਟਾਰਾ ਵਾਰਡਨ ਦੁਆਰਾ ਕੀਤਾ ਜਾਵੇਗਾ।
2. ਹੋਸਟਲ ਵਿੱਚ ਕਮਰਿਆਂ ਦੀ ਅਲਾਟਮੈਂਟ ਐਨ 'ਪਹਿਲਾਂ ਆਵੇ ਪਹਿਲਾਂ ਪਾਵੇ' ਦੇ ਆਧਾਰ ਤੇ ਕੀਤੀ ਜਾਵੇਗੀ ਅਤੇ ਇਹ ਅਲਾਟਮੈਂਟ ਅੰਤਿਮ ਅਤੇ ਸਥਾਈ ਹੋਵੇਗੀ।
3. (i) ਕੈਂਪਸ ਵਿਖੇ ਹੋਸਟਲਾਂ ਵਿੱਚ ਅਨੁਸੂਚਿਤ ਜਾਤਾਂ/ਅਨੁਸੂਚਿਤ ਕਬੀਲਿਆਂ ਦੇ ਵਿਦਿਆਰਥੀਆਂ ਲਈ ਕ੍ਰਮਵਾਰ 15% ਅਤੇ 7.5% ਸੀਟਾਂ ਰਾਖਵੀਆਂ ਕੀਤੀਆਂ ਜਾਣਗੀਆਂ।*

   ਅਨੁਸੂਚਿਤ ਜਾਤਾਂ/ਅਨੁਸੂਚਿਤ ਕਬੀਲਿਆਂ ਦੇ ਖੋਜਾਰਥੀਆਂ ਲਈ ਕ੍ਰਮਵਾਰ 15% ਅਤੇ 7.5% ਫ਼ਲੈਟ ਰਾਖਵੇਂ ਕੀਤੇ ਜਾਣਗੇ।**

   (ii) ਯੂਨੀਵਰਸਿਟੀ ਹੋਸਟਲ ਵਿੱਚ ਰਹਿਣ ਵਾਲੇ ਘੱਟ ਆਮਦਨੀ ਵਾਲੇ ਦਸ ਵਿਦਿਆਰਥੀਆਂ, ਪੰਜ ਉੱਘੇ ਖਿਡਾਰੀਆਂ ਅਤੇ ਸਭਿਆਚਾਰਿਕ ਸਰਗਰਮੀਆਂ ਵਿੱਚ ਦੇਣ ਲਈ ਦੋ ਵਿਦਿਆਰਥੀਆਂ ਨੂੰ ਕੇਵਲ ਕਿਰਾਏ ਤੋਂ ਛੋਟ ਦਿੱਤੀ ਜਾਵੇਗੀ।***
4. ਨਿੱਜੀ ਸੰਪਰਕ ਪ੍ਰੋਗਰਾਮ ਵਿੱਚ ਹਾਜ਼ਰ ਹੋਣ ਵਾਲੇ ਪੱਤਰ-ਵਿਹਾਰ ਕੋਰਸਾਂ ਦੇ ਵਿਦਿਆਰਥੀਆਂ ਅਤੇ ਪਰੀਖਿਆ ਵਿੱਚ ਮੁੜ ਬੈਠਣ ਵਾਲੇ ਅਤੇ ਇੰਪਰੂਵਮੈਂਟ ਕੇਸਾਂ ਦੇ ਪੁਰਾਣੇ ਵਿਦਿਆਰਥੀ ਜੋ ਹੋਸਟਲ ਵਿੱਚ ਥੋੜ੍ਹੇ ਚਿਰ (ਸਬੰਧਤ ਪਰੀਖਿਆ ਦੀ ਡੇਟ-ਸ਼ੀਟ ਅਨੁਸਾਰ ਪਰੀਖਿਆ ਸ਼ੁਰੂ ਹੋਣ ਤੋਂ ਪੰਦਰਾਂ ਦਿਨ ਪਹਿਲਾਂ) ਲਈ ਰਹਿਣ ਦੇ ਇੱਛੁਕ ਹੋਣ, ਤੋਂ ਮੁਕੱਰਰ ਹੋਸਟਲ ਚਾਰਜ਼ਿਜ ਪੇਸ਼ਗੀ ਲਏ ਜਾਣਗੇ।
5. ਹੋਸਟਲ ਵਿੱਚ ਦਾਖ਼ਲਾ ਲੈਣ ਵਾਲੇ ਬੋਰਡਰਾਂ ਪਾਸੋਂ ਵਸੂਲੀ ਦਾਖ਼ਲੇ ਦੀ ਤਰੀਕ ਤੋਂ ਕੀਤੀ ਜਾਵੇਗੀ, ਨਾ ਕਿ ਪੂਰੇ ਮਹੀਨੇ ਦੀ। ਕੋਈ ਅਜਿਹਾ ਬੋਰਡਰ ਜੋ ਪੂਰੀ ਤਿਮਾਹੀ ਲਈ ਪੇਸ਼ਗੀ ਅਦਾਇਗੀ ਕਰਨ ਉਪਰੰਤ ਹੋਸਟਲ ਛੱਡ ਦਿੰਦਾ ਹੈ, ਉਸ ਪਾਸੋਂ ਉਸ ਮਹੀਨੇ ਦੀਆਂ ਪੂਰੀਆਂ ਹੋਸਟਲ ਫ਼ੀਸਾਂ ਵਸੂਲ ਕੀਤੀਆਂ ਜਾਣਗੀਆਂ ਜਿਸ ਦੇ ਦੌਰਾਨ ਉਹ ਹੋਸਟਲ ਛੱਡਦਾ ਹੈ ਅਤੇ ਬਾਕੀ ਮੁੱਦਤ ਲਈ ਹੋਸਟਲ ਫ਼ੀਸਾਂ ਵਾਪਸੀ-ਯੋਗ ਹੋਣਗੀਆਂ।

* ਸਿੰਡੀਕੇਟ ਮਿਤੀ 23.12.1989 (ਪੈਰਾ 15)

** ਸਿੰਡੀਕੇਟ ਮਿਤੀ 29.6.199●.

*** ਸਿੰਡੀਕੇਟ ਮਿਤੀ 24.12.1993 (ਪੈਰਾ 32)

6. ਬੋਰਡਰ ਦੇ ਹੋਸਟਲ ਛੱਡਣ ਤੇ ਉਸ ਦੁਆਰਾ ਦੇਣ ਯੋਗ ਸਭ ਅਦਾਇਗੀਆਂ ਕੀਤੇ ਜਾਣ ਤੋਂ ਮਗਰੋਂ ਉਸ ਨੂੰ ਸੀਕਿਉਰਟੀ ਵਾਪਸ ਕੀਤੀ ਜਾਵੇਗੀ :

ਪਰੰਤੂ ਇਹ ਕਿ ਵਾਪਸੀ ਦਾ ਦਾਅਵਾ ਹੋਸਟਲ ਛੱਡਣ ਦੀ ਤਰੀਕ ਤੋਂ ਇੱਕ ਸਾਲ ਦੇ ਅੰਦਰ ਕੀਤਾ ਜਾਵੇ।

ਜਦੋਂ ਵੀ ਹੋਸਟਲ ਵਿਚ ਰਹਿਣ ਵਾਲਾ ਵਿਦਿਆਰਥੀ ਹੋਸਟਲ ਦਾ ਕਮਰਾ ਛੱਡੇਗਾ ਜੇ ਉਹ ਮੁਕੱਰਰ ਸਮੇਂ ਦੇ ਅੰਦਰ-ਅੰਦਰ ਹੋਸਟਲ ਸੀਕਿਉਰਟੀ ਵਾਪਸ ਲੈਣ ਲਈ ਦਰਖ਼ਾਸਤ ਦਿੰਦਾ ਹੈ ਤਾਂ ਉਸ ਨੂੰ ਪ੍ਰੋਵੋਸਟ ਵੱਲੋਂ 'ਕੋਈ ਬਕਾਇਆ ਨਹੀਂ ਸਰਟੀਫ਼ਿਕੇਟ' ਦੇਣ ਦੀ ਤਰੀਕ ਤੋਂ ਸੱਤ ਕੰਮ-ਕਾਜੀ ਦਿਨਾਂ ਅੰਦਰ ਸੀਕਿਉਰਟੀ ਵਾਪਸ ਕੀਤੀ ਜਾਵੇਗੀ।*

7. ਕਮਰਿਆਂ ਵਿੱਚ ਖਾਣਾ ਪਕਾਉਣ ਦੀ ਇਜਾਜ਼ਤ ਨਹੀਂ ਹੈ।

8. ਪੁਰਾਣੇ ਵਿਦਿਆਰਥੀ, ਜੋ ਨਿਯੋਜਤ ਹਨ ਜਾਂ ਆਪਣਾ ਕੰਮ-ਕਾਰ ਕਰਦੇ ਹਨ, ਰੀਅਪੀਅਰ/ ਇੰਪਰੂਵਮੈਂਟ ਕੇਸ ਆਦਿ ਲਈ ਹੋਸਟਲ ਵਿੱਚ ਠਹਿਰਨ ਲਈ ਆਉਣ ਮੁਕੱਰਰ ਫ਼ੀਸ ਪ੍ਰਤੀ ਮਹੀਨਾ ਜਾਂ ਉਸ ਦੇ ਭਾਗ ਲਈ ਅਦਾ ਕਰਨਗੇ। ਇਨ੍ਹਾਂ ਖ਼ਰਚਿਆਂ ਵਿੱਚ ਪਾਣੀ ਅਤੇ ਬਿਜਲੀ ਦੇ ਖ਼ਰਚ, ਅਮਲਾ ਫ਼ੀਸ, ਮੈਡੀਕਲ ਫ਼ੀਸ ਅਤੇ ਮੁਰੰਮਤ ਦੇ ਖ਼ਰਚੇ ਆਦਿ ਸ਼ਾਮਲ ਹੋਣਗੇ।

9. ਹੋਸਟਲ ਫ਼ੀਸਾਂ ਸਭ ਬੋਰਡਰਾਂ ਪਾਸੋਂ ਤਿਮਾਹੀ (ਇੱਕ ਵਕਤ ਤਿੰਨ ਮਹੀਨਿਆਂ ਲਈ) ਨਿਮਨ ਅਨੁਸਾਰ ਕਿਸ਼ਤਾਂ ਵਿੱਚ ਵਸੂਲ ਕੀਤੀਆਂ ਜਾਣਗੀਆਂ :

| | |
|---|---|
| (1) ਪਹਿਲੀ ਤਿਮਾਹੀ | ਦਾਖ਼ਲੇ ਸਮੇਂ (ਜੂਨ ਤੋਂ ਅਗਸਤ) |
| (2) ਦੂਜੀ ਤਿਮਾਹੀ | ਅਗਸਤ (ਸਤੰਬਰ ਤੋਂ ਨਵੰਬਰ) |
| (3) ਤੀਜੀ ਤਿਮਾਹੀ | ਨਵੰਬਰ (ਦਸੰਬਰ ਤੋਂ ਫ਼ਰਵਰੀ) |
| (4) ਚੌਥੀ ਤਿਮਾਹੀ | ਫ਼ਰਵਰੀ (ਮਾਰਚ ਤੋਂ ਮਈ) |

ਫ਼ੀਸਾਂ

10. (ੳ) ਦਾਖ਼ਲੇ ਸਮੇਂ ਵਿਦਿਆਰਥੀ ਦੁਆਰਾ ਹੇਠ-ਲਿਖੀਆਂ ਰਕਮਾਂ ਦੇਣ-ਯੋਗ ਹੋਣਗੀਆਂ:

| | |
|---|---|
| I. ਹੋਸਟਲ ਸੀਕਿਉਰਟੀ | ਜੋ ਮੁਕੱਰਰ ਕੀਤੀ ਜਾਵੇ(ਵਾਪਸੀ ਯੋਗ) |
| II. ਲੰਗਰ ਸੀਕਿਉਰਟੀ | -ਉਪਰੋਕਤ- |
| III. (i) ਕਮਰੇਦਾਕਿਰਾਇਆ** | ਜੋ ਮੁਕੱਰਰ ਕੀਤੀ ਜਾਵੇ (ਪ੍ਰਤੀ ਮਹੀਨਾ) |
| (ii) ਪਾਣੀ ਦਾ ਖ਼ਰਚ | -ਉਪਰੋਕਤ- |

---

* ਸਿੰਡੀਕੇਟ ਮਿਤੀ 19.8.1994 ਦੁਆਰਾ ਸੋਧਿਆ ਗਿਆ।

** (i) ਜੇ ਦੋ ਵਿਦਿਆਰਥਣਾਂ ਇੱਕੋ ਕਮਰੇ ਵਿੱਚ ਰਹਿ ਰਹੀਆਂ ਹੋਣ ਤਾਂ ਉਨ੍ਹਾਂ ਕੋਲੋਂ ਸੀਟ ਦੇ ਆਧਾਰ ਤੇ ਕਿਰਾਇਆ ਲਿਆ ਜਾਵੇਗਾ।

(ii) ਲੜਕਿਆਂ/ਲੜਕੀਆਂ ਦੇ ਹੋਸਟਲਾਂ ਵਿੱਚ ਰਹਿਣ ਵਾਲੇ ਰੀਸਰਚ ਸਕਾਲਰਾਂ ਤੋਂ ਉਤਨਾ ਹੀ ਕਿਰਾਇਆ ਲਿਆ ਜਾਵੇਗਾ ਜਿਤਨਾ ਹੋਸਟਲਾਂ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਤੋਂ ਲਿਆ ਜਾਂਦਾ ਹੈ।

(iii) ਬਿਜਲੀ ਖ਼ਰਚ* -ਉਪਰੋਕਤ-

(iv) ਅਮਲਾ ਫ਼ੀਸ -ਉਪਰੋਕਤ-

(v) ਮੈਡੀਕਲ ਫ਼ੀਸ -ਉਪਰੋਕਤ-

(vi) ਟੁੱਟ-ਭੱਜ ਫ਼ੀਸ -ਉਪਰੋਕਤ-

(vii) ਚਾਹਕੇਤਲੀਦਾਖਰਚਾ -ਉਪਰੋਕਤ-

ਪਰੰਤੂ ਜੋ ਵਿਦਿਆਰਥੀ ਗਰਮੀਆਂ ਦੀਆਂ ਛੁੱਟੀਆਂ ਦੇ ਦੋ ਮਹੀਨੇ ਵਾਸਤਵ ਵਿੱਚ ਹੋਸਟਲ ਵਿੱਚ ਨਹੀਂ ਰਹਿੰਦੇ ਉਨ੍ਹਾਂ ਨੂੰ ਉਸ ਮੁੱਦਤ ਲਈ ਉੱਕਤ ਰਕਮਾਂ ਦੀ ਅਦਾਇਗੀ ਨਹੀਂ ਕਰਨੀ ਪਵੇਗੀ।

(ਅ) ਆਈ.ਏ.ਐਸ. ਸਿਖਲਾਈ ਕੇਂਦਰ ਵਿੱਚ ਸਿਖਲਾਈ ਲੈਣ ਵਾਲਿਆਂ ਤੋਂ/ ਕਿਸੇ ਸੰਸਥਾ ਦੇ ਕਰਮਚਾਰੀ ਤੋਂ ਖ਼ਰਚ ਹੇਠ-ਲਿਖੇ ਅਨੁਸਾਰ ਲਿਆ ਜਾਵੇਗਾ :

| | | |
|---|---|---|
| 1. | ਕਮਰੇ ਦਾ ਕਿਰਾਇਆ | ਜੋ ਮੁਕੱਰਰ ਕੀਤਾ ਜਾਵੇ |
| 2. | ਬਿਜਲੀ ਖ਼ਰਚ | " " " " |
| 3. | ਪਾਣੀ ਦਾ ਖ਼ਰਚ | " " " " |
| 4. | ਕਾਮਨ ਰੂਮ ਅਤੇ ਇਨਡੋਰ ਗੇਮਾਂ | " " " " |
| 5. | ਸੇਵਕ ਫ਼ੀਸ | " " " " |

ਜੇ ਸਿਖਲਾਈ ਲੈਣ ਵਾਲੇ ਦੋ ਵਿਅਕਤੀ ਇੱਕੋ ਕਮਰੇ ਵਿੱਚ ਰਹਿ ਰਹੇ ਹੋਣ ਤਾਂ ਉਨ੍ਹਾਂ ਤੋਂ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ ਦੇ ਹਿਸਾਬ ਖ਼ਰਚ ਲਿਆ ਜਾਵੇਗਾ।

11. ਫ਼ੀਸਾਂ ਅਦਾਇਗੀ ਦੇ ਮਹੀਨੇ ਦੀ 10 ਤਰੀਕ ਤੱਕ ਲਈਆਂ ਜਾਣਗੀਆਂ। ਇਸ ਤਰੀਕ ਤੋਂ ਬਾਅਦ ਮੁਕੱਰਰ ਪ੍ਰਤੀ ਦਿਨ ਜਰਮਾਨੇ ਦੇ ਨਾਲ ਫ਼ੀਸ, ਮਹੀਨੇ ਦੀ 20 ਤਰੀਕ ਤੱਕ ਲਈ ਜਾਵੇਗੀ, ਜਿਸ ਤੋਂ ਪਿਛੋਂ ਕੋਤਾਹੀਕਾਰ ਦਾ ਨਾਂ ਅਧਿਆਪਨ ਵਿਭਾਗ/ਹੋਸਟਲ ਦੇ ਰਜਿਸਟਰ ਵਿੱਚੋਂ ਕੱਟ ਦਿੱਤਾ ਜਾਵੇਗਾ, ਅਤੇ ਅਜਿਹੇ ਵਿਦਿਆਰਥੀ ਨੂੰ ਹੋਸਟਲ ਛੱਡਣ ਲਈ ਕਿਹਾ ਜਾਵੇਗਾ ਅਤੇ ਉਹ ਰਕਮ ਹੋਸਟਲ ਸੀਕਉਰਟੀ ਵਿੱਚੋਂ ਕੱਟ ਲਈ ਜਾਵੇਗੀ।

---

* ਯੂਨੀਵਰਸਿਟੀ ਹੋਸਟਲ ਦੇ ਵਿਦਿਆਰਥੀ ਜੋ ਆਪਣੇ ਕਮਰਿਆਂ ਵਿੱਚ ਆਪਣੇ ਪੱਖੇ ਵਰਤਣਾਂ ਚਾਹੁੰਦੇ ਹੋਣ, ਉਨ੍ਹਾਂ ਨੂੰ ਮੁਕੱਰਰ ਰਾਸ਼ੀ ਪ੍ਰਤੀ ਮਹੀਨਾ ਬਿਜਲੀ ਖ਼ਰਚ ਬਾਬਤ ਅਦਾ ਕਰਨ ਤੇ ਪੱਖੇ ਵਰਤਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਹ ਖ਼ਰਚ ਉਨ੍ਹਾਂ ਵਿਦਿਆਰਥੀਆਂ ਤੋਂ ਵਸੂਲ ਕੀਤੇ ਜਾਣਗੇ ਜੋ ਉਨ੍ਹਾਂ ਕਮਰਿਆਂ ਵਿੱਚ ਰਹਿੰਦੇ ਹੋਣ ਜਿਥੇ ਪੱਖੇ ਹੋਣ ਅਤੇ ਇਹ ਖ਼ਰਚ ਉਨ੍ਹਾਂ ਮਹੀਨਿਆਂ ਲਈ ਹੋਣਗੇ ਜਿਨ੍ਹਾਂ ਵਿੱਚ ਉਸ ਸਾਲ ਦੇ ਅਪ੍ਰੈਲ ਤੋਂ ਅਕਤੂਬਰ ਦੇ ਵਿਚਕਾਰ ਰਹਿਣ ਅਤੇ ਸਿਵਾਏ ਉਸ ਸੂਰਤ ਦੇ ਜਦ ਕੋਈ ਵਿਦਿਆਰਥੀ ਪਰੀਖਿਆ ਖ਼ਤਮ ਹੋਣ ਤੋਂ ਬਾਅਦ ਕਮਰਾ ਖ਼ਾਲੀ ਕਰ ਦੇਵੇ, ਕਮਰੇ ਦਾ ਕਿਰਾਇਆ ਅਤੇ ਪੱਖੇ ਦਾ ਕਿਰਾਇਆ ਉਨ੍ਹਾਂ ਦਿਨਾਂ ਲਈ ਲਿਆ ਜਾਵੇਗਾ ਜਦੋਂ ਉਹ ਕਮਰੇ ਵਿੱਚ ਰਿਹਾ ਸੀ, ਹੋਰ ਸਭ ਸੂਰਤਾਂ ਵਿੱਚ ਕਿਰਾਇਆ ਪੂਰੇ ਕੈਲੰਡਰ ਮਹੀਨੇ ਲਈ ਲਿਆ ਜਾਵੇਗਾ।

ਅਜਿਹੇ ਵਿਦਿਆਰਥੀ ਨੂੰ ਬਕਾਇਆ ਰਕਮ ਅਤੇ ਜਰਮਾਨਾ ਅਤੇ ਮੁੜ-ਦਾਖ਼ਲੇ ਦੇ ਖ਼ਰਚੇ ਅਦਾ ਕਰਨ ਤੇ ਮੁੜ-ਦਾਖ਼ਲ ਕੀਤਾ ਜਾ ਸਕਦਾ ਹੈ। ਜਿਥੇ ਟਿਊਸ਼ਨ ਅਤੇ ਹੋਸਟਲ ਫ਼ੀਸ ਦੋਵੇਂ ਲੇਟ ਦਿੱਤੇ ਜਾਣ ਉਥੇ ਕੇਵਲ ਇੱਕੋ ਮੁਕੱਰਰ ਪ੍ਰਤੀ ਦਿਨ ਜਰਮਾਨਾ ਲਿਆ ਜਾਵੇਗਾ।*

ਹਾਜ਼ਰ

ੀ

12. ਬੋਰਡਰਾਂ ਤੋਂ ਲੋੜਿਆ ਜਾਂਦਾ ਹੈ ਕਿ ਉਹ ਸ਼ਾਮ ਨੂੰ ਅਨੁਸੂਚਿਤ ਸਮੇਂ ਤੱਕ ਹੋਸਟਲ ਵਾਪਸ ਆ ਜਾਣ। ਵਾਰਡਨ/ਸਹਾਇਕ ਵਾਰਡਨ ਨੂੰ ਅਗੇਤਰੀ ਸੂਚਨਾ ਦਿੱਤੇ ਬਿਨਾਂ ਹੋਸਟਲ ਵਿੱਚ ਲੇਟ ਆਉਣ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕੇਗੀ। ਰਾਤ 10.00 ਵਜੇ ਤੋਂ ਬਾਅਦ ਬਾਹਰਲੇ ਵਿਅਕਤੀਆਂ ਨੂੰ ਹੋਸਟਲ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਹ ਗੱਲ ਦੂਜੇ ਹੋਸਟਲਾਂ ਦੇ ਨਿਵਾਸੀਆਂ ਨੂੰ ਵੀ ਲਾਗੂ ਹੋਵੇਗੀ। ਹੋਸਟਲ ਵਿੱਚੋਂ ਬਿਨਾਂ ਛੁੱਟੀ ਗ਼ੈਰ-ਹਾਜ਼ਰ ਹੋਣ ਦੀ ਇਜਾਜ਼ਤ ਨਹੀਂ ਹੈ।

13. ਪੰਦਰਾਂ ਦਿਨ ਜਾਂ ਉਸ ਤੋਂ ਵੱਧ ਸਮੇਂ ਲਈ ਬਿਨਾਂ ਇਜਾਜ਼ਤ ਗ਼ੈਰ-ਹਾਜ਼ਰ ਬੋਰਡਰਾਂ ਦੇ ਨਾਂ ਰਜਿਸਟਰਾਂ ਵਿੱਚੋਂ ਕੱਟ ਦਿੱਤੇ ਜਾਣਗੇ ਅਤੇ ਵਾਰਡਨ ਉਨ੍ਹਾਂ ਦੇ ਕਮਰੇ ਆਪਣੇ ਕਬਜ਼ੇ ਵਿੱਚ ਲੈ ਲਵੇਗਾ।

ਬਿਜਲੀ

14. ਬੋਰਡਰਾਂ ਨੂੰ ਬਿਜਲੀ ਦੇ ਇੱਕ ਬਲਬ ਤੋਂ ਵੱਧ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਬੋਰਡਰਾਂ ਨੂੰ ਚਾਹੀਦਾ ਹੈ ਕਿ ਕਮਰੇ ਤੋਂ ਬਾਹਰ ਜਾਣ ਸਮੇਂ ਬਿਜਲੀ ਦੀ ਰੋਸ਼ਨੀ ਅਤੇ ਪੱਖਾ ਬੰਦ ਕਰ ਦੇਣ।

15. ਕਿਸੇ ਨੂੰ ਵੀ ਕਮਰਿਆਂ ਵਿੱਚ ਬਿਜਲੀ ਦਾ ਸਾਜ਼-ਸਮਾਨ ਜਿਵੇਂ ਕਿ ਬਿਜਲੀ ਦਾ ਹੀਟਰ, ਬਿਜਲੀ ਦੀ ਰਾਡ, ਬਿਜਲੀ ਦੀ ਪ੍ਰੈਸ ਆਦਿ ਵਰਤਣ ਦੀ ਇਜਾਜ਼ਤ ਨਹੀਂ ਹੈ। ਜੇਕਰ ਕੋਈ ਬੋਰਡਰ ਇਨ੍ਹਾਂ ਵਸਤਾਂ ਦੀ ਵਰਤੋਂ ਕਰਦਾ ਪਾਇਆ ਜਾਵੇ ਤਾਂ ਉਸ ਨੂੰ ਭਾਰੀ ਜਰਮਾਨਾ ਕੀਤਾ ਜਾਵੇਗਾ ਅਤੇ ਉਸ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

---

*1. ਵਾਈਸ-ਚਾਂਸਲਰ ਨੂੰ ਆਪਣੇ ਵਿਵੇਕ ਤੇ ਲੇਟ ਫ਼ੀਸ, ਹੋਸਟਲ ਫ਼ੀਸ ਆਦਿ ਵਾਪਸ ਕਰਨ ਜਾਂ ਮਾਫ਼ ਕਰਨ ਦਾ ਅਧਿਕਾਰ ਹੋਵੇਗਾ।

2. ਹੋਸਟਲ ਵਿੱਚ ਰਹਿਣ ਵਾਲੀ ਹਰਿਕ ਲੜਕੀ ਤੋਂ ਮੁਕੱਰਰ ਫ਼ੀਸ ਪ੍ਰਤੀ ਮਹੀਨਾ ਉਨ੍ਹਾਂ ਸਹੂਲਤਾਂ ਬਾਬਤ ਲਈ ਜਾਵੇਗੀ ਜੋ ਯੂਨੀਵਰਸਿਟੀ ਉਨ੍ਹਾਂ ਨੂੰ ਬਿਜਲੀ ਦੀਆਂ ਪ੍ਰੈਸਾਂ ਹੋਸਟਲਾਂ ਵਿੱਚ ਕੁਝ ਪੁਆਇੰਟਾਂ ਤੇ ਵਰਤਣ ਲਈ ਦੇਵੇ।

3. ਹਰਿਕ ਵਿਦਿਆਰਥੀ ਤੋਂ ਮੁਕੱਰਰ ਫ਼ੀਸ ਪ੍ਰਤੀ ਸਾਲ ਹੋਸਟਲਾਂ ਵਿੱਚ ਬਿਜਲੀ ਦੇ ਪੱਖਿਆਂ ਦੀ ਸਹੂਲਤ ਵਧਾਉਣ ਹਿੱਤ ਲਈ ਜਾਵੇਗੀ।

ਆਮ ਨਿਯਮ

16. ਕਿਸੇ ਵਿਦਿਆਰਥੀ ਦੀ ਕੇਵਲ ਮਾਤਾ ਜਾਂ ਸਕੀ ਭੈਣ ਨੂੰ ਹੀ, ਹੋਸਟਲ ਵਾਰਡਨ ਦੀ ਅਗੇਤਰੀ ਮਨਜ਼ੂਰੀ ਨਾਲ ਹੋਸਟਲ ਵਿੱਚ ਆਉਣ ਦੀ ਇਜਾਜ਼ਤ ਹੈ ਅਤੇ ਉਸ ਦੀ ਖ਼ਾਤਰਦਾਰੀ ਕੇਵਲ ਮਹਿਮਾਨਾਂ ਦੇ ਕਮਰੇ ਵਿੱਚ ਕੀਤੀ ਜਾ ਸਕਦੀ ਹੈ। ਕਿਸੇ ਅਣਅਧਿਕਾਰਿਤ ਮਹਿਲਾ ਦਾ ਹੋਸਟਲ ਵਿੱਚ ਆਉਣਾ ਇੱਕ ਗੰਭੀਰ ਅਪਰਾਧ ਸਮਝਿਆ ਜਾਵੇਗਾ।

17. ਵਾਰਡਨ/ਸਹਾਇਕ ਵਾਰਡਨ ਦੀ ਅਗੇਤਰੀ ਇਜਾਜ਼ਤ ਤੋਂ ਬਿਨਾਂ ਕਿਸੇ ਬੋਰਡਰ ਨੂੰ ਰਾਤ ਸਮੇਂ ਆਪਣਾ ਕੋਈ ਮਹਿਮਾਨ ਆਪਣੇ ਕਮਰੇ ਵਿੱਚ ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ। ਰਾਤ ਸਮੇਂ ਕਿਸੇ ਅਣਅਧਿਕਾਰਤ ਮਹਿਮਾਨ ਦੀ ਖ਼ਾਤਰ ਕਰਨ ਦੀ ਇਜਾਜ਼ਤ ਨਹੀਂ ਹੈ। ਅਜਿਹੇ ਸਭ ਮਹਿਮਾਨ, ਜਿਨ੍ਹਾਂ ਨੂੰ ਰਾਤ ਨੂੰ ਹੋਸਟਲ ਵਿੱਚ ਠਹਿਰਨ ਦੀ ਇਜਾਜ਼ਤ ਨਾ ਦਿੱਤੀ ਗਈ ਹੋਵੇ, ਰਾਤ 9.30 ਵਜੇ ਤੋਂ ਪਹਿਲਾਂ ਹੋਸਟਲ ਤੋਂ ਲਾਜ਼ਮੀ ਤੌਰ ਤੇ ਚਲੇ ਜਾਣਗੇ।

18. ਬੋਰਡਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਕਮਰਿਆਂ ਵਿੱਚ ਨਕਦੀ ਜਾਂ ਜ਼ੇਵਰ ਨਾ ਰੱਖਣ। ਜੇਕਰ ਉਹ ਰਖਣਗੇ ਤਾਂ ਇਹ ਉਨ੍ਹਾਂ ਦੀ ਆਪਣੀ ਜ਼ੁੰਮੇਵਾਰੀ ਤੇ ਹੋਵੇਗਾ।

19. ਵਿਦਿਆਰਥੀਆਂ ਲਈ ਲਾਜ਼ਮੀ ਹੈ ਕਿ ਉਹ ਆਪਣੇ ਕਮਰਿਆਂ ਵਿੱਚ ਸ਼ੋਰ ਮਚਾ ਕੇ/ਗਾ ਕੇ/ਸੀਟੀਆਂ ਮਾਰਕੇ/ਸੰਗੀਤਕ ਸਾਜ਼ ਵਜਾ ਕੇ ਜਾਂ ਇਨਡੋਰ ਗੇਮਾਂ ਖੇਡ ਕੇ ਜਾਂ ਹੋਰ ਕਿਸੇ ਸਾਧਨ ਦੁਆਰਾ ਆਪਣੇ ਸਾਥੀ ਨਿਵਾਸੀਆਂ ਦੇ ਕੰਮ ਵਿੱਚ ਖ਼ਲਲ ਨਾ ਪਾਉਣ।

20. ਹੋਸਟਲ ਦੀ ਹਦੂਦ ਅੰਦਰ ਅਲਕੋਹਲਿਕ ਪੀਣ ਪਦਾਰਥ/ਨਸ਼ੀਲੀਆਂ ਚੀਜ਼ਾਂ ਦੀ ਵਰਤੋਂ, ਤਮਾਕੂਨੋਸ਼ੀ, ਅਤੇ ਹਥਿਆਰ ਰੱਖਣ ਦੀ ਸਖ਼ਤ ਮਨਾਹੀ ਹੈ। ਬਾਹਰੋਂ ਅਲਕੋਹਲਿਕ ਪਦਾਰਥ ਪੀ ਕੇ ਵਿਦਿਆਰਥੀਆਂ ਨੂੰ ਹੋਸਟਲ ਵਿੱਚ ਦਾਖ਼ਲ ਹੋਣ ਦੀ ਵੀ ਇਜਾਜ਼ਤ ਨਹੀਂ ਹੈ। ਇਸ ਤੋਂ ਇਲਾਵਾ ਹੋਸਟਲ ਵਿੱਚ ਜੂਆ ਖੇਡਣ ਦੀ ਇਜਾਜ਼ਤ ਨਹੀਂ ਹੈ।

21. ਹਰਿਕ ਵਿਦਿਆਰਥੀ ਪਾਸੋਂ ਆਸ ਕੀਤੀ ਜਾਂਦੀ ਹੈ ਕਿ ਉਹ ਸਫ਼ਾਈ ਰੱਖਣ ਵਿੱਚ ਸਹਿਯੋਗ ਦੇਵੇ। ਰੱਦੀ ਕਾਗ਼ਜ਼ ਬਰਾਮਦਿਆਂ ਜਾਂ ਖੁਲ੍ਹੀ ਥਾਂ ਤੇ ਨਾ ਸੁੱਟੇ ਜਾਣ। ਜਦੋਂ ਗੁਸਲਖ਼ਾਨਿਆਂ/ਬਰਾਮਦਿਆਂ ਵਿੱਚ ਨਲਕਿਆਂ ਅਤੇ ਰੋਸ਼ਨੀ ਦੀ ਲੋੜ ਨਾ ਹੋਵੇ ਤਾਂ ਉਹ ਬੰਦ ਕਰ ਦਿੱਤੇ ਜਾਣ।

22. ਡੀਨ, ਵਿਦਿਆਰਥੀ ਭਲਾਈ/ਸੀਨੀਅਰ ਵਾਰਡਨ/ਵਾਰਡਨ ਕਿਸੇ ਵੀ ਕਮਰੇ ਦਾ ਕਿਸੇ ਵੀ ਸਮੇਂ ਨਿਰੀਖਣ ਕਰ ਸਕਣਗੇ।

23. ਜੇ ਯੂਨੀਵਰਸਿਟੀ ਅਥਾਰਿਟੀਆਂ ਦੀ ਕਿਸੇ ਬੋਰਡਰ ਦੀ ਸਿਹਤ ਜਾਂ ਆਚਰਨ ਬਾਰੇ ਤਸੱਲੀ ਨਾ ਹੋਵੇ ਤਾਂ ਉਹ ਉਸ ਨੂੰ ਕਿਸੇ ਵੀ ਸਮੇਂ ਕੱਢ ਸਕਦੀਆਂ ਹਨ।

24. ਯੂਨੀਵਰਸਿਟੀ ਹੋਸਟਲਾਂ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਤੋਂ ਉਨ੍ਹਾਂ ਦੇ ਹੋਸਟਲ ਵਿੱਚ ਅਸਲ ਵਿੱਚ ਰਹਿਣ ਦੇ ਸਮੇਂ ਦੇ ਅਨੁਪਾਤ ਅਨੁਸਾਰ ਖ਼ਰਚੇ ਲਏ ਜਾਣਗੇ, ਅਤੇ ਉਨ੍ਹਾਂ ਨੂੰ ਆਪਣੀਆਂ ਸਾਲਾਨਾ ਪਰੀਖਿਆਵਾਂ ਦੇ ਖ਼ਤਮ ਹੋਣ ਦੇ ਦੋ ਦਿਨਾਂ ਦੇ ਅੰਦਰ ਹੋਸਟਲ ਖ਼ਾਲੀ ਕਰਨੇ ਹੋਣਗੇ ਤਾਂ ਜੋ ਉਸਾਰੀ ਸ਼ਾਖ਼ਾ ਹੋਸਟਲਾਂ ਦੀ ਅਗਲੇ ਸੈਸ਼ਨ ਲਈ ਸਮੇਂ ਸਿਰ ਮੁਰੰਮਤ ਅਤੇ ਨਵਕਰਨ ਕਰ ਸਕੇ।

25. ਹੋਸਟਲ ਨਿਵਾਸੀ ਕਿਸੇ ਹੋਰ ਅਜਿਹੇ ਹੁੱਕਮ ਦੇ ਪਾਬੰਦ ਹੋਣਗੇ ਜੋ ਸਮੇਂ-ਸਮੇਂ ਡੀਨ, ਵਿਦਿਆਰਥੀ ਭਲਾਈ, ਦੁਆਰਾ ਯੂਨੀਵਰਸਿਟੀ ਹੋਸਟਲਾਂ ਵਿੱਚ ਉਚਿੱਤ ਅਨੁਸ਼ਾਸਨ ਬਣਾਏ ਰਖਣ ਲਈ ਦਿੱਤਾ ਜਾਵੇ।

26. ਹਰਿਕ ਵਿਦਿਆਰਥੀ ਉਸ ਨੂੰ ਕਮਰੇ ਵਿੱਚ ਦਿੱਤੇ ਗਏ ਫ਼ਰਨੀਚਰ, ਫ਼ਿਟਿੰਗਜ਼ ਦੀ ਉਚਿੱਤ ਸਾਂਭ-ਸੰਭਾਲ ਲਈ ਜ਼ੁੰਮੇਵਾਰ ਹੋਵੇਗਾ। ਸੰਪਤੀ ਨੂੰ ਹੋਈ ਕੋਈ ਹਾਨੀ/ਨੁਕਸਾਨ ਉਸ ਤੋਂ ਵਸੂਲ ਕੀਤਾ ਜਾਵੇਗਾ। ਨਿਵਾਸੀਆਂ ਨੂੰ ਚਾਹੀਦਾ ਹੈ ਕਿ ਹੋਸਟਲ ਛੱਡਣ ਤੋਂ ਪਹਿਲਾਂ ਕਮਰੇ ਦਾ ਚਾਰਜ ਦੇਣ।

27. ਹੋਸਟਲ ਨਿਯਮਾਂ ਦੀ ਖ਼ਿਲਾਫ਼ਵਰਜ਼ੀ ਜਰਮਾਨੇ ਨਾਲ ਜਾਂ ਹੋਸਟਲ ਵਿੱਚੋਂ ਮੁਅੱਤਲੀ ਅਤੇ ਕੱਢੇ ਜਾਣ ਨਾਲ ਸਜ਼ਾਯੋਗ ਹੋਵੇਗੀ। ਅਪਰਾਧ ਦੀ ਗੰਭੀਰਤਾ ਦੇ ਆਧਾਰ ਤੇ ਹੋਸਟਲ ਦਾ ਸੀਨੀਅਰ ਵਾਰਡਨ ਮੁਕੱਰਰ ਰਾਸ਼ੀ ਤੱਕ ਜਰਮਾਨੇ ਦੀ ਸਜ਼ਾ ਦੇ ਸਕੇਗਾ ਜਾਂ ਵਿਦਿਆਰਥੀ ਨੂੰ ਹੋਸਟਲ ਵਿੱਚੋਂ ਇੱਕ ਸਮੇਂ 15 ਦਿਨ ਦੀ ਮੁੱਦਤ ਲਈ ਮੁਅੱਤਲ ਕਰ ਸਕੇਗਾ। ਵਾਰਡਨ, ਇਸ ਹੱਦ ਤੋਂ ਵਧੀਕ ਸਜ਼ਾਯੋਗ ਮਾਮਲੇ ਡੀਨ, ਵਿਦਿਆਰਥੀ ਭਲਾਈ ਕੋਲ ਭੇਜੇਗਾ, ਜੋ ਮੁਕੱਰਰ ਰਾਸ਼ੀ ਤਕ ਜਰਮਾਨਾ ਕਰ ਸਕਦਾ ਹੈ ਅਤੇ/ਜਾਂ ਵਿਦਿਆਰਥੀ ਨੂੰ ਹੋਸਟਲ ਵਿੱਚੋਂ ਕੱਢ ਸਕਦਾ ਹੈ।

28. ਸਮੇਂ ਦੀ ਉਹ ਸੀਮਾ ਜਿਸ ਤੱਕ ਕਿਸੇ ਵਿਦਿਆਰਥੀ ਨੂੰ ਹੋਸਟਲ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ :

| | | |
|---|---|---|
| 1. | ਅੰਡਰ-ਗ੍ਰੈਜੂਏਟ ਕੋਰਸ (ਕਾਲਜਾਂ ਵਿੱਚ) | 4 ਸਾਲ |
| | ਪੋਸਟ-ਗ੍ਰੈਜੂਏਟ ਕੋਰਸ (ਕਾਲਜਾਂ ਵਿੱਚ) | 4+2 ਸਾਲ |
| 2. | ਪੋਸਟ-ਗ੍ਰੈਜੂਏਟ ਕੋਰਸ ਐਮ.ਏ./ਐਮ.ਐਸ-ਸੀ. (ਯੂਨੀਵਰਸਿਟੀ ਵਿੱਚ) | 2 ਸਾਲ |
| 3. | ਐਲ-ਐਲ.ਬੀ. 2 ਸਾਲਾ ਕੋਰਸ | 2 ਸਾਲ |
| | ਐਲ-ਐਲ.ਬੀ. 3 ਸਾਲਾ ਕੋਰਸ | 3 ਸਾਲ |
| 4. | ਹੋਰ ਕੋਰਸ ਜਿਵੇਂ ਕਿ ਬੀ.ਲਿਬ. ਸਾਇੰਸ | ਕੋਰਸ ਦੀ ਮੁਨਿਆਦ ਲਈ |

5. ਤਿੰਨ ਸਾਲਾਂ ਦੀ ਮੁਣਿਆਦ ਦੇ ਆਨਰਜ਼ ਕੋਰਸ 3 ਸਾਲ

ਪੰਜ ਸਾਲਾਂ ਦੀ ਮੁਣਿਆਦ ਦੇ ਆਨਰਜ਼ ਕੋਰਸ 5 ਸਾਲ

6. ਐਮ.ਫ਼ਿਲ.ਕੋਰਸ 18 ਮਹੀਨੇ

7. ਪੀ-ਐੱਚ.ਡੀ. 4 ਸਾਲ

8. ਅੰਸ਼ਕਾਲੀ/ਪੂਰਨਕਾਲੀ ਕਰਮਕਾਰਾਂ ਨੂੰ ਹੋਸਟਲਾਂ ਵਿੱਚ ਜਗ੍ਹਾ ਨਹੀਂ ਦਿੱਤੀ ਜਾਵੇਗੀ।

9. ਪਹਿਲ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ ਜੋ ਵੱਖ-ਵੱਖ ਯੂਨੀਵਰਸਿਟੀ/ਕਾਲਜ ਕੋਰਸਾਂ ਵਿੱਚ ਨਵੇਂ ਦਾਖ਼ਲ ਹੋਏ ਹੋਣ।

10. ਉਪਰੋਕਤ ਨਿਯਮਾਂ ਵਿੱਚ ਢਿੱਲ ਨਹੀਂ ਦਿੱਤੀ ਜਾਵੇਗੀ।

11. ਜੇ ਲੋੜ ਪਵੇ ਤਾਂ ਹੋਸਟਲ ਵਿੱਚ ਜਗ੍ਹਾ ਬਾਰੇ ਨਿਯਮਾਂ ਦਾ ਅਰਥ-ਨਿਰਣਾ ਡੀਨ, ਅਕਾਦਮਿਕ ਕਾਰ-ਵਿਹਾਰ, ਡੀਨ, ਕਾਲਜ ਵਿਕਾਸ ਕੌਂਸਲ ਅਤੇ ਡੀਨ, ਵਿਦਿਆਰਥੀ ਭਲਾਈ ਤੋਂ ਮਿਲਕੇ ਬਣੀ ਕਮੇਟੀ ਕਰੇਗੀ। ਉਨ੍ਹਾਂ ਦੁਆਰਾ ਕੀਤਾ ਗਿਆ ਅਰਥ ਨਿਰਨਾ ਅੰਤਿਮ ਹੋਵੇਗਾ।

## ਅਧਿਆਏ-XIII
# ਝੂਠੇ ਬਿਆਨ ਲਈ ਸਜ਼ਾ

1. ਜੇ ਕੋਈ ਵਿਅਕਤੀ ਅਜਿਹਾ ਸਰਟੀਫ਼ਿਕੇਟ ਜਾਂ ਡਿਪਲੋਮਾ ਜਿਸ ਦਾ ਉਹ ਹੱਕਦਾਰ ਨਹੀਂ ਹੈ, ਹਾਸਲ ਕਰਨ ਦਾ ਜਾਂ ਹਾਸਲ ਕਰਨ ਦੀ ਕੋਸ਼ਿਸ਼ ਕਰਨ ਦਾ ਕਸੂਰਵਾਰ ਪਾਇਆ ਜਾਂਦਾ ਹੈ, ਤਾਂ ਵਾਈਸ-ਚਾਂਸਲਰ ਨੂੰ ਸ਼ਕਤੀ ਹੋਵੇਗੀ ਕਿ ਉਸ ਨੂੰ ਇੰਨੀ ਮੁੱਦਤ ਲਈ, ਜਿੰਨੀ ਉਹ ਜ਼ਰੂਰੀ ਸਮਝੇ, ਨਾਕਾਬਲ ਕਰ ਦੇਵੇ। ਅਜਿਹੇ ਕੇਸਾਂ ਦੀ ਰਿਪੋਰਟ ਸਿੰਡੀਕੇਟ ਨੂੰ ਦਿੱਤੀ ਜਾਵੇਗੀ।
2. ਕੋਈ ਉਮੀਦਵਾਰ, ਜੋ ਆਪਣੇ ਦਰਖ਼ਾਸਤ ਦੇ ਫ਼ਾਰਮ ਵਿੱਚ ਦਿੱਤੇ ਝੂਠੇ ਬਿਆਨ ਦੇ ਆਧਾਰ ਤੇ ਕਿਸੇ ਪਰੀਖਿਆ ਵਿੱਚ ਬੈਠਣਾ ਚਾਹੁੰਦਾ ਹੈ, ਨੂੰ ਹੇਠ-ਲਿਖੇ ਅਨੁਸਾਰ ਸਜ਼ਾ ਦਿੱਤੀ ਜਾਵੇਗੀ :

| | | |
|---|---|---|
| (i) | ਪੂਰਵ-ਪਰੀਖਿਆ ਸੰਬੰਧੀ ਝੂਠਾ ਬਿਆਨ ਜੋ ਕਿ ਉਮੀਦਵਾਰ ਨੇ ਵਾਸਤਵ ਵਿੱਚ ਪਾਸ ਨਾ ਕੀਤੀ ਹੋਵੇ। | ਕੋਈ ਵੀ ਪਰੀਖਿਆ ਦੇਣ ਲਈ ਤਿੰਨ ਸਾਲ ਤੋਂ ਪੰਜ ਸਾਲ ਤੱਕ ਲਈ ਨਾਕਾਬਲੀਅਤ ਜਿਵੇਂ ਸਿੰਡੀਕੇਟ ਫ਼ੈਸਲਾ ਕਰੇ। |
| (ii) | ਪਰਾਈਵੇਟ ਉਮੀਦਵਾਰ ਦੀ ਹੈਸੀਅਤ ਵਿੱਚ ਪਰੀਖਿਆ ਦੇਣ ਦੀ ਉਸ ਦੀ ਪਾਤਰਤਾ ਜਾਂ ਕੋਈ ਹੋਰ ਮਾਮਲਾ ਜੋ ਕਿ (i) ਅਧੀਨ ਨਾ ਆਉਂਦਾ ਹੋਵੇ, ਸੰਬੰਧੀ ਝੂਠਾ ਬਿਆਨ। | ਕੋਈ ਵੀ ਪਰੀਖਿਆ ਦੇਣ ਤੋਂ ਦੋ ਸਾਲ ਤੋਂ ਤਿੰਨ ਸਾਲ ਤੱਕ ਲਈ ਨਾਕਾਬਲੀਅਤ ਜਿਵੇਂ ਸਿੰਡੀਕੇਟ ਫ਼ੈਸਲਾ ਕਰੇ। |

3. ਜੇ ਇਹ ਪਾਇਆ ਜਾਵੇ ਕਿ ਦਾਖ਼ਲੇ ਦੀ ਦਰਖ਼ਾਸਤ ਦੇ ਫ਼ਾਰਮ ਵਿੱਚ ਜਾਂ ਫ਼ਾਰਮ ਦੇ ਨਾਲ ਲਾਏ ਹਲਫ਼ੀਆ ਬਿਆਨ ਵਿੱਚ ਜਨਮ ਦੀ ਗ਼ਲਤ ਮਿਤੀ ਜਾਣ-ਬੁੱਝ ਕੇ ਦਰਜ ਕੀਤੀ ਗਈ ਹੈ ਤਾਂ ਸਿੰਡੀਕੇਟ ਨੂੰ ਇਹ ਅਖ਼ਤਿਆਰ ਹੋਵੇਗਾ ਕਿ ਉਸ ਨੂੰ ਪਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦੇਵੇ ਜਾਂ ਜੇਕਰ ਉਮੀਦਵਾਰ ਦੁਆਰਾ ਪਰੀਖਿਆ ਦੇ ਚੁੱਕਣ ਤੋਂ ਬਾਅਦ ਇਸ ਤੱਥ ਦਾ ਪਤਾ ਲੱਗਦਾ ਹੈ ਤਾਂ ਉਸ ਦਾ ਨਤੀਜਾ ਰੱਦ ਕਰ ਦੇਵੇ।

4. ਜੇਕਰ ਕੋਈ ਉਮੀਦਵਾਰ ਆਪਣੇ ਦਾਖ਼ਲਾ ਫ਼ਾਰਮ ਵਿੱਚ ਕਿਸੇ ਹੋਰ ਵਿਅਕਤੀ ਦੇ ਜਾਹਲੀ ਦਸਖ਼ਤ ਕਰਦਾ ਹੈ ਜਾਂ ਇਹ ਜਾਣਦੇ ਹੋਏ ਕਿ ਕੋਈ ਦਸਤਾਵੇਜ਼ ਜਾਹਲੀ ਹੈ, ਉਸ ਦਸਤਾਵੇਜ਼ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਹੇਠ ਲਿਖੇ-ਅਨੁਸਾਰ ਨਾਕਾਬਲ ਕੀਤਾ ਜਾਵੇਗਾ :

(i) ਐਮ.ਆਈ.ਐਲ. ਜਾਂ ਓ. ਟੀ. ਪਰੀਖਿਆ ਵਿੱਚ ਹਾਈ ਪ੍ਰਾਫੀਸੈਂਸੀ ਦੀ ਪਰੀਖਿਆ ਵਿੱਚ ਉਸ ਸਾਲ ਅਤੇ ਅਗਲੇ ਸਾਲ ਵਿੱਚ ਕੋਈ ਪਰੀਖਿਆ ਦੇਣ ਜਾਂ ਪਾਸ ਕਰਨ ਤੋਂ:

(ii) ਕਿਸੇ ਹੋਰ ਪਰੀਖਿਆ ਦੀ ਹਾਲਤ ਵਿੱਚ ਤਿੰਨ ਸਾਲ ਲਈ, ਜਿਸ ਵਿੱਚ ਉਹ ਸਾਲ ਵੀ ਸ਼ਾਮਲ ਹੋਵੇਗਾ ਜਿਸ ਵਿੱਚ ਉਹ ਦੋਸ਼ੀ ਪਾਇਆ ਗਿਆ ਹੋਵੇ।

5. ਜੇਕਰ ਕੋਈ ਵਿਅਕਤੀ :

(i) ਆਪਣੇ ਸਰਟੀਫ਼ਿਕੇਟ ਨਾਲ ਛੇੜ-ਛਾੜ ਕਰਨ ਦਾ; ਜਾਂ

(ii) ਕੋਈ ਸਰਟੀਫ਼ਿਕੇਟ ਜਿਸ ਲਈ ਉਹ ਹੱਕਦਾਰ ਨਹੀਂ ਹੈ, ਲੈਣ ਜਾਂ ਲੈਣ ਦੀ ਕੋਸ਼ਿਸ਼ ਕਰਨ ਦਾ,

ਦੋਸ਼ੀ ਪਾਇਆ ਜਾਂਦਾ ਹੈ; ਤਾਂ ਵਾਈਸ-ਚਾਂਸਲਰ ਦੁਆਰਾ ਉਸ ਨੂੰ ਅਜਿਹੀ ਮੁੱਦਤ ਲਈ ਜੋ ਉਹ ਠੀਕ ਸਮਝੇ, ਨਾਕਾਬਲ ਕਰਾਰ ਦਿੱਤਾ ਜਾ ਸਕੇਗਾ। ਵਾਈਸ-ਚਾਂਸਲਰ ਦੁਆਰਾ ਪਾਸ ਕੀਤੇ ਹੁਕਮ ਦੀ ਇਤਲਾਹ ਰਿਪੋਰਟ ਸਿੰਡੀਕੇਟ ਨੂੰ ਦਿੱਤੀ ਜਾਵੇਗੀ।

## ਅਧਿਆਏ–XIV
# ਦਾਖ਼ਲਾ ਫ਼ਾਰਮ ਵਾਪਸ ਲੈਣਾ ਅਤੇ ਫ਼ੀਸ ਦੀ ਵਾਪਸ ਅਦਾਇਗੀ

1. ਇੱਕ ਵਾਰ ਭੇਜਿਆ ਦਾਖ਼ਲਾ ਫ਼ਾਰਮ ਕਿਸੇ ਪ੍ਰਿੰਸੀਪਲ ਜਾਂ ਵਿਭਾਗ ਦੇ ਮੁਖੀ ਦੁਆਰਾ ਕੇਵਲ ਨਿਮਨ ਪਰਿਸਥਿਤੀਆਂ ਅਧੀਨ ਹੀ ਵਾਪਸ ਲਿਆ ਜਾ ਸਕੇਗਾ :–
   (i) ਜਦੋਂ ਕਿਸੇ ਉਮੀਦਵਾਰ ਦਾ ਫ਼ਾਰਮ ਹਾਜ਼ਰੀਆਂ ਦੀ ਕਮੀ ਕਾਰਨ ਆਰਜ਼ੀ ਤੌਰ ਤੇ ਭੇਜਿਆ ਗਿਆ ਹੋਵੇ ਅਤੇ ਉਹ ਕਮੀ ਨਾ ਤਾਂ ਪੂਰੀ ਹੀ ਕੀਤੀ ਗਈ ਹੋਵੇ ਅਤੇ ਨਾ ਹੀ ਔਰਡਿਨੈਂਸਾਂ ਅਨੁਸਾਰ ਖਿਮਾ ਕੀਤੀ ਗਈ ਹੋਵੇ:
   ਪਰੰਤੂ ਇਹ ਕਿ ਹਾਜ਼ਰੀ ਦੀ ਕਮੀ ਦੇ ਕੇਸਾਂ ਵਿੱਚ ਅੰਤਿਮ ਰਿਪੋਰਟ ਇਸ ਪ੍ਰਕਾਰ ਭੇਜੀ ਜਾਵੇਗੀ ਕਿ ਉਹ ਪਰੀਖਿਆ ਸ਼ੁਰੂ ਹੋਣ ਤੋਂ ਘੱਟ ਤੋਂ ਘੱਟ ਦਸ ਦਿਨ ਪਹਿਲਾਂ ਯੂਨੀਵਰਸਿਟੀ ਦੇ ਦਫ਼ਤਰ ਵਿੱਚ ਪਹੁੰਚ ਜਾਵੇ :
   ਪਰੰਤੂ ਇਹ ਹੋਰ ਕਿ ਪਰੀਖਿਆ ਸ਼ੁਰੂ ਹੋਣ ਤੋਂ ਪੰਜ ਦਿਨ ਪਹਿਲਾਂ ਦੇ ਸਮੇਂ ਦੇ ਦੌਰਾਨ ਉਮੀਦਵਾਰੀ ਬਹਾਲ ਕਰਨ ਸੰਬੰਧੀ ਕੋਈ ਪ੍ਰਾਰਥਨਾ ਗ੍ਰਹਿਣ ਨਹੀਂ ਕੀਤੀ ਜਾਵੇਗੀ। ਕਿਸੇ ਅਜਿਹੇ ਉਮੀਦਵਾਰ ਦਾ ਦਾਖ਼ਲਾ ਫ਼ਾਰਮ ਵਾਪਸ ਨਹੀਂ ਲਿਆ ਜਾ ਸਕਦਾ ਜਿਸ ਨੇ ਪਰੀਖਿਆਵਾਂ ਸ਼ੁਰੂ ਹੋਣ ਦੀ ਤਰੀਕ ਤੋਂ ਇੱਕ ਮਹੀਨਾ ਪਹਿਲਾਂ ਤੱਕ ਦਿੱਤੇ ਗਏ ਲੈਕਚਰਾਂ ਦੇ ਆਧਾਰ ਤੇ ਲੇਖਾ ਲਾਈ ਗਈ ਲੈਕਚਰਾਂ ਦੀ ਪ੍ਰਤੀਸ਼ਤਤਾ ਪੂਰੀ ਕਰ ਲਈ ਹੋਵੇ।
   (ii) ਜਦੋਂ ਕਿਸੇ ਉਮੀਦਵਾਰ ਦਾ ਨਾਂ ਕਾਲਜ/ਵਿਭਾਗ ਦੀਆਂ ਬਣਦੀਆਂ ਰਕਮਾਂ ਅਦਾ ਨਾ ਕਰਨ ਕਾਰਨ ਸੰਸਥਾ ਦੇ ਰਜਿਸਟਰਾਂ ਵਿੱਚੋਂ ਕੱਟ ਦਿੱਤਾ ਗਿਆ ਹੋਵੇ:
   ਪਰੰਤੂ ਇਹ ਕਿ ਅਜਿਹੀ ਕਾਰਵਾਈ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਕੀਤੀ ਗਈ ਹੋਵੇ।
   (iii) ਜਦੋਂ ਕਿਸੇ ਉਮੀਦਵਾਰ ਨੂੰ ਦੁਰਾਚਰਨ ਕਾਰਨ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਨਿਕਾਲਾ ਦੇ ਦਿੱਤਾ ਗਿਆ ਹੋਵੇ ਜਾਂ ਕੱਢ ਦਿੱਤਾ ਗਿਆ ਹੋਵੇ ਜਾਂ ਉਸ ਦਾ ਚਾਲ–ਚਲਣ ਸਰਟੀਫ਼ਿਕੇਟ ਵਾਪਸ ਲੈ ਲਿਆ ਗਿਆ ਹੋਵੇ।

(iv) ਜਦੋਂ ਬੀ.ਏ/ ਬੀ.ਐਸ-ਸੀ. ਦਾ ਕੋਈ ਉਮੀਦਵਾਰ, ਜਿਸ ਬਾਰੇ ਰਿਪੋਰਟ ਕੀਤੀ ਜਾਂਦੀ ਹੈ ਕਿ ਉਹ ਹਾਊਸ ਪਰੀਖਿਆ (ਪਰੀਖਿਆਵਾਂ), ਜਿਸ ਵਿੱਚ ਵਿਸ਼ੇਸ਼ ਪਰੀਖਿਆ ਵੀ ਸ਼ਾਮਲ ਹੈ, ਵਿੱਚ ਵਿਨਿਯਮਾਂ ਅਧੀਨ ਲੋੜੀਂਦੇ ਪ੍ਰਤੀਸ਼ਤ ਨੰਬਰ ਨਾ ਲੈ ਸਕਣ ਕਾਰਨ ਪਰੀਖਿਆ ਵਿੱਚ ਬੈਠਣ ਦਾ ਪਾਤਰ ਨਹੀਂ ਹੈ :

ਪਰੰਤੂ ਇਹ ਤਦ ਜਦ ਕਾਲਜ ਦਾ ਪ੍ਰਿੰਸੀਪਲ ਇਸ ਗੱਲ ਦੀ ਸੂਚਨਾ ਰਜਿਸਟਰਾਰ ਨੂੰ ਇਸ ਹਿਸਾਬ ਨਾਲ ਦੇ ਦੇਵੇ ਕਿ ਪਰੀਖਿਆ ਸ਼ੁਰੂ ਹੋਣ ਤੋਂ ਘੱਟ ਤੋਂ ਘੱਟ ਇੱਕ ਹਫ਼ਤਾ ਪਹਿਲਾਂ ਉਸ ਨੂੰ ਮਿਲ ਜਾਵੇ:

ਪਰੰਤੂ ਇਹ ਹੋਰ ਕਿ ਅਜਿਹੇ ਉਮੀਦਵਾਰ ਦਾ ਦਾਖ਼ਲਾ ਫ਼ਾਰਮ ਆਰਜ਼ੀ ਤੌਰ ਤੇ ਭੇਜਿਆ ਗਿਆ ਸੀ।

2. ਫ਼ੀਸਾਂ ਦੀ ਵਾਪਸੀ ਦੀ ਇਜਾਜ਼ਤ ਕੇਵਲ ਤਦ ਦਿੱਤੀ ਜਾਵੇਗੀ, ਜੇ:
   (i) ਪ੍ਰਿੰਸੀਪਲ/ਵਿਭਾਗ ਦਾ ਮੁਖੀ ਪਰੀਖਿਆ ਸ਼ੁਰੂ ਹੋਣ ਤੋਂ ਘੱਟ ਤੋਂ ਘੱਟ ਇੱਕ ਹਫ਼ਤਾ ਪਹਿਲਾਂ ਕਿਸੇ ਅਜਿਹੇ ਉਮੀਦਵਾਰ ਦਾ ਦਾਖ਼ਲਾ ਫ਼ਾਰਮ, ਜਿਸ ਦਾ ਨਾਂ ਹਾਜ਼ਰੀਆਂ ਦੀ ਕਮੀ ਕਾਰਨ ਆਰਜ਼ੀ ਤੌਰ ਤੇ ਭੇਜਿਆ ਗਿਆ ਸੀ, ਵਾਪਸ ਲੈਣ ਸੰਬੰਧੀ ਯੂਨੀਵਰਸਿਟੀ ਦਫ਼ਤਰ ਨੂੰ ਸੂਚਿਤ ਕਰੇ।
   (ii) ਪ੍ਰਿੰਸੀਪਲ/ਵਿਭਾਗ ਦਾ ਮੁਖੀ ਪਰੀਖਿਆ ਸ਼ੁਰੂ ਹੋਣ ਤੋਂ ਘੱਟ ਤੋਂ ਘੱਟ ਇੱਕ ਹਫ਼ਤਾ ਪਹਿਲਾਂ ਯੂਨੀਵਰਸਿਟੀ ਦਫ਼ਤਰ ਨੂੰ ਸੂਚਿਤ ਕਰੇ ਕਿ ਦਾਖ਼ਲਾ ਫ਼ਾਰਮ ਭੇਜਣ ਤੋਂ ਪਿਛੋਂ ਉਮੀਦਵਾਰ ਦੇ ਲੈਕਚਰਾਂ ਦੀ ਗਿਣਤੀ ਘੱਟ ਗਈ ਹੈ ਅਤੇ ਇਸ ਕਰਕੇ ਉਹ ਪਰੀਖਿਆ ਵਿੱਚ ਬੈਠਣ ਦਾ ਪਾਤਰ ਨਹੀਂ ਹੈ।
3. ਨਿਮਨ ਸੂਰਤਾਂ ਵਿੱਚ ਫ਼ੀਸਾਂ ਦੀ ਵਾਪਸੀ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ :-
   (i) ਜਦੋਂ ਕਿਸੇ ਉਮੀਦਵਾਰ ਦਾ ਨਾਂ ਕਾਲਜ/ਵਿਭਾਗ ਦੀਆਂ ਬਣਦੀਆਂ ਰਕਮਾਂ ਦੀ ਅਦਾਇਗੀ ਨਾ ਕਰਨ ਕਰਕੇ ਵਾਪਸ ਲਿਆ ਗਿਆ ਹੋਵੇ; ਅਤੇ
   (ii) ਜਦੋਂ ਕਿਸੇ ਉਮੀਦਵਾਰ ਦਾ ਨਾਂ ਦੁਰਾਚਰਨ ਦੇ ਕਾਰਨ ਕਰਕੇ ਕਾਲਜ/ਵਿਭਾਗ ਵਿੱਚੋਂ ਨਿਕਾਲਾ ਦਿੱਤੇ ਜਾਣ ਜਾਂ ਕੱਢੇ ਜਾਣ ਜਾਂ ਉਸ ਦਾ ਚਾਲ-ਚਲਨ ਸਰਟੀਫ਼ਿਕੇਟ ਵਾਪਸ ਲੈ ਲਏ ਜਾਣ ਕਾਰਨ, ਵਾਪਸ ਲਿਆ ਗਿਆ ਹੋਵੇ।

## ਅਧਿਆਏ-XV

# ਆਰਟਸ, ਵਿਗਿਆਨ, ਵਣਜ, ਕਾਨੂੰਨ ਅਤੇ ਸਿੱਖਿਆ ਦੀਆਂ ਫ਼ੈਕਲਟੀਆਂ ਵਿੱਚ ਕਾਲਜਾਂ ਵਿੱਚ ਲੇਟ ਦਾਖ਼ਲਾ

1. ਦਾਖ਼ਲੇ ਦੀਆਂ ਸਾਧਾਰਨ ਤਰੀਕਾਂ ਤੋਂ ਪਿੱਛੋਂ ਕਿਸੇ ਕਾਲਜ ਦਾ ਪ੍ਰਿੰਸੀਪਲ ਉਸ ਤਰੀਕ/ਉਨ੍ਹਾਂ ਤਰੀਕਾਂ ਤੱਕ ਜੋ ਇਸ ਪ੍ਰਯੋਜਨ ਲਈ ਨਿਯਤ ਕੀਤੀਆਂ ਜਾਣ, ਹਰ ਸਾਲ ਅਧਿਸੂਚਿਤ ਕੀਤੀਆਂ ਗਈਆਂ ਤਰੀਕਾਂ ਦੀ ਅਨੁਸੂਚੀ ਅਨੁਸਾਰ ਵਿਦਿਆਰਥੀ ਤੋਂ ਮੁਕੱਰਰ ਲੇਟ ਫ਼ੀਸ ਦੀ ਅਦਾਇਗੀ ਲੈ ਕੇ ਦਾਖ਼ਲ ਕਰ ਸਕੇਗਾ; ਪਰੰਤੂ ਔਰਡੀਨੈਂਸ 5 ਵਿੱਚ ਮੁਕੱਰਰ ਕੀਤੀ ਤਰੀਕ ਤੋਂ ਬਾਅਦ ਇਸ ਔਰਡੀਨੈਂਸ ਅਧੀਨ ਕਿਸੇ ਦਾਖ਼ਲੇ ਦੀ ਇਜਾਜ਼ਤ ਨਹੀਂ ਹੋਵੇਗੀ।
2. ਲੇਟ ਦਾਖ਼ਲਾ ਲੈਣ ਦੀ ਇਜਾਜ਼ਤ ਲੈਕਚਰਾਂ ਵਿੱਚ ਕਮੀ ਪੂਰੀ ਕਰਾਉਣ ਦੀ ਉਚਿੱਤਤਾ ਲਈ ਦਲੀਲ ਨਹੀਂ ਹੋਵੇਗੀ।*
3. ਅਜਿਹੇ ਵਿਦਿਆਰਥੀ ਜੋ ਸਤੰਬਰ ਵਿੱਚ ਪਰੀਖਿਆ ਦਿੰਦੇ ਹਨ ਅਤੇ ਫ਼ੇਲ੍ਹ ਹੋ ਜਾਂਦੇ ਹਨ, ਆਪਣੇ ਨਤੀਜੇ ਦੇ ਐਲਾਨ ਤੋਂ 10 ਕੰਮ-ਕਾਜੀ ਦਿਨਾਂ ਦੇ ਅੰਦਰ ਸੰਬੱਧ ਕਾਲਜਾਂ ਵਿੱਚ ਆਪੋ-ਆਪਣੀਆਂ ਜਮਾਤਾਂ ਵਿੱਚ ਦੁਬਾਰਾ ਦਾਖ਼ਲ ਹੋ ਸਕਦੇ ਹਨ।
4. ਸਤੰਬਰ ਵਿੱਚ ਬੀ.ਏ. ਦੀ ਪਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਐਮ.ਏ. ਭਾਗ-I, ਜਾਂ ਬੀ.ਐਡ. ਜਾਂ ਕਾਨੂੰਨ ਦੀਆਂ ਜਮਾਤਾਂ ਵਿੱਚ ਆਰਜ਼ੀ ਤੌਰ ਤੇ ਜਾਂ ਹੋਰਵੇਂ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
5. ਵਾਸਤਵਿਕ ਔਕੜ ਤੋਂ ਬਚਣ ਦੇ ਮੰਤਵ ਨਾਲ ਵਾਈਸ-ਚਾਂਸਲਰ ਉੱਪਰਲੇ ਔਰਡਿਨੈਂਸ ਹੇਠ ਨਾ ਆਉਣ ਵਾਲੇ ਲੇਟ ਦਾਖ਼ਲੇ ਦੀ ਇਜਾਜ਼ਤ, ਮੁਕੱਰਰ ਲੇਟ ਫ਼ੀਸ ਦੀ ਅਦਾਇਗੀ ਤੇ ਦੇ ਸਕੇਗਾ। ਇਹ ਰਕਮ ਯੂਨੀਵਰਸਿਟੀ ਦੁਆਰਾ ਨਿਯਤ ਤਰੀਕ ਤੱਕ ਕਾਲਜ ਦੁਆਰਾ ਲਈ ਜਾਵੇਗੀ।

---

* ਜੋ ਵਿਦਿਆਰਥੀ ਲੇਟ ਦਾਖ਼ਲ ਹੋਣ ਅਤੇ ਜਿਨ੍ਹਾਂ ਦੇ ਦਾਖ਼ਲੇ ਦੀ ਪਰਵਾਨਗੀ ਸਿੰਡੀਕੇਟ ਦੁਆਰਾ ਦਿੱਤੀ ਜਾਵੇ, ਹਾਜ਼ਰੀ ਵਾਲੇ ਲੈਕਚਰਾਂ ਦੀ ਪ੍ਰਤੀਸ਼ਤਤਾ ਦਾ ਹਿਸਾਬ ਲਾਉਣ ਲਈ ਉਨ੍ਹਾਂ ਦੀ ਜਮਾਤ ਦੀ ਹਾਜ਼ਰੀ ਉਨ੍ਹਾਂ ਦੇ ਦਾਖ਼ਲ ਹੋਣ ਦੀ ਤਰੀਕ ਤੋਂ ਗਿਣੀ ਜਾਵੇਗੀ। ਪ੍ਰਿੰਸੀਪਲ ਦੀ ਪਰਵਾਨਗੀ ਨਾਲ ਦਾਖ਼ਲੇ ਦੀ ਮੁਕੱਰਰ ਤਰੀਕ ਗੁਜ਼ਰ ਜਾਣ ਤੋਂ ਬਾਅਦ ਵਾਈਸ-ਚਾਂਸਲਰ/ਅਕਾਦਮਿਕ ਕੌਂਸਿਲ ਦੀ ਪਰਵਾਨਗੀ ਨਾਲ ਲੇਟ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਤੋਂ ਲਈ ਜਾਣ ਵਾਲੀ ਲੇਟ ਫ਼ੀਸ ਯੂਨੀਵਰਸਿਟੀ ਪਾਸ ਜਮ੍ਹਾਂ ਕਰਵਾਈ ਜਾਵੇਗੀ।

6. ਲੇਟ ਦਾਖ਼ਲੇ ਦੇ ਫ਼ਾਰਮ, ਅਜਿਹੇ ਦਾਖ਼ਲੇ ਦੀ ਨਿਯਤ ਤਰੀਕ ਤੋਂ ਇੱਕ ਹਫ਼ਤੇ ਦੇ ਅੰਦਰ ਵਾਈਸ-ਚਾਂਸਲਰ ਦੀ ਮਨਜ਼ੂਰੀ ਲਈ ਦਫ਼ਤਰ ਨੂੰ ਭੇਜੇ ਜਾਣੇ ਜ਼ਰੂਰੀ ਹਨ।

7. ਕੋਈ ਉਮੀਦਵਾਰ ਜਿਸ ਦਾ ਨਤੀਜਾ, ਅਜਿਹੇ ਉਮੀਦਵਾਰ ਦੁਆਰਾ ਲੋੜੀਂਦੀਆਂ ਰਸਮੀ ਕਾਰਵਾਈਆਂ ਪੂਰੀਆਂ ਨਾ ਕੀਤੇ ਜਾਣ ਤੋਂ ਬਿਨਾਂ ਹੋਰ ਕਾਰਨਾਂ ਕਰਕੇ, ਯੂਨੀਵਰਸਿਟੀ ਦੁਆਰਾ ਦੇਰ ਨਾਲ ਪ੍ਰਕਾਸ਼ਤ ਕੀਤਾ ਗਿਆ ਹੋਵੇ, ਨਤੀਜੇ ਦੇ ਪ੍ਰਕਾਸ਼ਤ ਹੋਣ ਦੇ 10 ਕੰਮ-ਕਾਜੀ ਦਿਨਾਂ ਦੇ ਅੰਦਰ ਬਿਨਾਂ ਲੇਟ ਫ਼ੀਸ ਦੇ ਦਾਖ਼ਲ ਕੀਤਾ ਜਾ ਸਕਦਾ ਹੈ।

8. 30 ਨਵੰਬਰ ਤੋਂ ਬਾਅਦ ਲੇਟ ਦਾਖ਼ਲਾ ਨਹੀਂ ਦਿੱਤਾ ਜਾਵੇਗਾ।

9. ਸਾਲਾਨਾ ਪਰੀਖਿਆਵਾਂ ਦੇ ਨਤੀਜਿਆਂ ਦੇ ਪੁਨਰ-ਮੁਲਾਂਕਣ ਕੇਸਾਂ ਵਿੱਚ ਲੇਟ ਨਤੀਜੇ ਘੋਸ਼ਿਤ ਹੋਣ ਤੇ ਅਗਲੀ ਕਲਾਸ ਵਿੱਚ ਦਾਖ਼ਲੇ ਦੇ ਪਾਤਰ ਵਿਦਿਆਰਥੀਆਂ ਨੂੰ ਦਾਖ਼ਲਾ ਲੈਣ ਲਈ ਨਤੀਜਾ ਕਾਰਡ ਜਾਰੀ ਹੋਣ ਦੀ ਤਰੀਕ ਤੋਂ 15 ਕੰਮ-ਕਾਜੀ ਦਿਨਾਂ ਦਾ ਸਮਾਂ ਦਿੱਤਾ ਜਾਵੇਗਾ।

10. (i) ਜਿਹੜਾ ਵਿਦਿਆਰਥੀ ਫ਼ੀਸ ਜਮ੍ਹਾਂ ਕਰਵਾ ਦਿੰਦਾ ਹੈ ਲੇਕਿਨ ਲਗਾਤਾਰ 15 ਦਿਨ ਜਮਾਤਾਂ ਵਿੱਚ ਹਾਜ਼ਰ ਨਹੀਂ ਹੁੰਦਾ ਉਸਦਾ ਨਾਂ ਕੱਟ ਦਿਤਾ ਜਾਵੇਗਾ ਜੇ ਅਜਿਹਾ ਵਿਦਿਆਰਥੀ ਨਾਂ ਕਟੇ ਜਾਣ ਦੀ ਤਰੀਕ ਤੋਂ ਪੰਦਰਾਂ ਦਿਨਾਂ ਦੇ ਅੰਦਰ ਸਥਿਤੀ ਸਪਸ਼ਟ ਕਰਦਿਆਂ ਮੁੜ ਦਾਖ਼ਲੇ ਲਈ ਬੇਨਤੀ ਕਰਦਾ ਹੈ ਤਾਂ ਸੰਬੰਧਤ ਅਧਿਆਪਨ ਵਿਭਾਗ ਦਾ ਮੁਖੀ/ਪ੍ਰਿੰਸੀਪਲ ਸਥਿਤੀ ਨੂੰ ਦੇਖਦੇ ਹੋਏ, ਕੇਸ ਉਤੇ ਗੁਣਾਂ ਔਗੁਣਾਂ ਦੇ ਆਧਾਰ ਤੇ ਵਿਚਾਰ ਕਰੇਗਾ ਅਤੇ ਉਸ ਅਨੁਸਾਰ ਫ਼ੈਸਲਾ ਕਰੇਗਾ। ਤਿੰਨ ਹਫ਼ਤੇ ਬੀਤ ਜਾਣ ਤੋਂ ਬਾਅਦ ਮੁੜ ਦਾਖ਼ਲੇ ਦੀ ਬੇਨਤੀ ਪਰਵਾਨ ਨਹੀਂ ਕੀਤੀ ਜਾਵੇਗੀ।

(ii) ਜੋ ਵਿਦਿਆਰਥੀ ਅਕਾਦਮਿਕ ਸੈਸ਼ਨ ਦੌਰਾਨ ਲਗਾਤਾਰ 10 ਦਿਨ ਗ਼ੈਰ-ਹਾਜ਼ਰ ਰਹਿੰਦਾ ਹੈ ਉਸ ਦਾ ਨਾਂ ਕੱਟ ਦਿੱਤਾ ਜਾਵੇਗਾ ਅਤੇ ਜੇ ਅਜਿਹਾ ਵਿਦਿਆਰਥੀ ਨਾਂ ਕਟੇ ਜਾਣ ਦੀ ਤਰੀਕ ਤੋਂ 15 ਦਿਨਾਂ ਦੇ ਅੰਦਰ ਵਿਭਾਗ ਦੇ ਮੁਖੀ/ਪ੍ਰਿੰਸੀਪਲ/ਡੀਨ ਵਿਦਿਆਰਥੀ ਭਲਾਈ ਰਾਹੀਂ ਡੀਨ ਅਕਾਦਮਿਕ ਕਾਰਵਿਹਾਰ ਨੂੰ ਮੁੜ ਦਾਖ਼ਲੇ ਲਈ ਦਰਖ਼ਾਸਤ ਦੇ ਕੇ ਦਾਖ਼ਲਾ ਨਾ ਲਵੇ ਤਾਂ ਉਸ ਨੂੰ ਮੁੜ ਦਾਖ਼ਲ ਨਹੀਂ ਕੀਤਾ ਜਾਵੇਗਾ।*

11. ਕੋਰਸ ਦਾ ਪਹਿਲਾ ਭਾਗ (ਪਹਿਲਾ ਸਮੈਸਟਰ ਅਤੇ ਦੂਜਾ ਸਮੈਸਟਰ) ਪਾਸ ਕਰਨ ਉਪਰੰਤ ਦੂਜੇ ਸਾਲ (ਤੀਜੇ ਸਮੈਸਟਰ) ਵਿੱਚ ਦਾਖ਼ਲਾ ਦੂਜੇ ਸਮੈਸਟਰ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ 10 ਕੰਮ-ਕਾਜੀ ਦਿਨਾਂ ਵਿੱਚ ਕੀਤਾ ਜਾਵੇਗਾ।*

---

* ਸਿੰਡੀਕੇਟ ਮਿਤੀ 13.6.1997 ਦੁਆਰਾ ਸੋਧੇ ਗਏ।

12. ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ, ਸੰਬੱਧ ਕਾਲਜਾਂ ਅਤੇ ਪੱਤਰ-ਵਿਹਾਰ ਸਿੱਖਿਆ ਵਿਭਾਗ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਵਿਵਰਨ (ਦਸਤਾਵੇਜ਼ਾਂ ਸਮੇਤ) ਯੂਨੀਵਰਸਿਟੀ ਵਿੱਚ ਪਹੁੰਚਣ ਦੀ ਸਮਾਂ ਸੂਚੀ ਹੇਠ ਲਿਖੇ ਅਨੁਸਾਰ ਹੋਵੇਗੀ :-

ੳ) ਬਿਨਾਂ ਲੇਟ ਫ਼ੀਸ :

ਅੰਡਰ-ਗ੍ਰੈਜੂਏਟ ਜਮਾਤ ਵਿੱਚ, ਜਿਸ ਜਮਾਤ ਵਿੱਚ ਦਾਖ਼ਲਾ ਸਭ ਤੋਂ ਬਾਅਦ ਵਿੱਚ ਕੀਤਾ ਜਾਂਦਾ ਹੈ, ਉਸ ਕਲਾਸ ਦੇ ਦਾਖ਼ਲਾ ਸ਼ਡਿਊਲ ਅਨੁਸਾਰ ਵਾਈਸ-ਚਾਂਸਲਰ ਦੀ ਪਰਵਾਨਗੀ ਨਾਲ ਦਿੱਤੀ ਗਈ ਆਖ਼ਰੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ ਜਾਂ 3● ਅਕਤੂਬਰ (ਜੋ ਵੀ ਬਾਅਦ ਵਿੱਚ ਹੋਵੇ) ਤੱਕ।

ਅ) ਪ੍ਰਤੀ ਵਿਦਿਆਰਥੀ ਮੁਕੱਰਰ ਲੇਟ ਫ਼ੀਸ ਨਾਲ :

ਉਪਰੋਕਤ ਅਨੁਸਾਰ ਦਰਸਾਈ ਮੁੱਦਤ ਤੋਂ ਬਾਅਦ 3● ਨਵੰਬਰ ਤੱਕ।

ੲ) ਪ੍ਰਤੀ ਵਿਦਿਆਰਥੀ ਮੁਕੱਰਰ ਲੇਟ ਫ਼ੀਸ ਅਤੇ ਰਜਿਸਟਰਾਰ ਦੀ ਪਰਵਾਨਗੀ ਨਾਲ :

3● ਨਵੰਬਰ ਤੋਂ ਬਾਅਦ ਪਰੀਖਿਆ ਸ਼ੁਰੂ ਹੋਣ ਤੋਂ 1● ਦਿਨ ਪਹਿਲਾਂ ਤੱਕ।

ਸ) ਸਮਾਂ ਸੂਚੀ ਦੀਆਂ ਤਰੀਕਾਂ ਤੋਂ ਪਿਛੋਂ ਵਿਭਾਗ/ਕਾਲਜ ਪਾਸੋਂ ਮੁਕੱਰਰ ਲੇਟ ਫ਼ੀਸ ਸਹਿਤ ਇਹ ਵਿਵਰਨ ਰਜਿਸਟਰਾਰ ਦੀ ਇਜਾਜ਼ਤ ਨਾਲ ਅਗਾਮੀ ਅਕਾਦਮਿਕ ਸਾਲ ਦੀ 15 ਜੂਨ ਤੱਕ, ਸਵੀਕਾਰ ਕੀਤੇ ਜਾਣਗੇ।

13. ਸਮੈਸਟਰ ਸਕੀਮ ਅਧੀਨ ਆਉਂਦੇ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਵਿਵਰਨ ਅਤੇ ਅਸਲ ਦਸਤਾਵੇਜ਼ ਸਮੇਤ ਪਰਵਾਸ ਸਰਟੀਫ਼ਿਕੇਟ ਦੇ ਭੇਜਣ ਦੀ ਸਮਾਂ ਸੂਚੀ ਹੇਠ ਅਨੁਸਾਰ ਹੋਵੇਗੀ :

| | | |
|---|---|---|
| ੳ) ਬਿਨਾਂ ਲੇਟ ਫ਼ੀਸ | : | 3● ਸਤੰਬਰ |
| ਅ) ਮੁਕੱਰਰ ਲੇਟ ਫ਼ੀਸ ਨਾਲ | : | 31 ਅਕਤੂਬਰ |
| ੲ) ਅਤਿਰਿਕਤ ਮੁਕੱਰਰ ਲੇਟ ਫ਼ੀਸ ਨਾਲ | : | ਪਰੀਖਿਆ ਸ਼ੁਰੂ ਹੋਣ ਤੋਂ 1● ਦਿਨ ਪਹਿਲਾਂ ਤੱਕ |

## ਅਧਿਆਏ-XVI
# ਕੇਂਦਰ ਬਦਲਣਾ

1. ਉਮੀਦਵਾਰਾਂ ਨੂੰ ਹੇਠ-ਲਿਖੇ ਹਾਲਾਤ ਅਧੀਨ ਪਰੀਖਿਆ ਕੇਂਦਰ ਬਦਲਣ ਦੀ ਇਜਾਜ਼ਤ ਦਿੱਤੀ ਜਾ ਸਕੇਗੀ:-
   (ੳ) ਜੇ ਉਮੀਦਵਾਰ ਜਾਂ ਉਸ ਦੇ ਪਿਤਾ ਜਾਂ ਸਰਪ੍ਰਸਤ ਦਾ ਤਬਾਦਲਾ ਹੋ ਜਾਵੇ ਅਤੇ ਉਸ ਦੇ ਤਬਾਦਲੇ ਦੇ ਤੱਥ ਦੀ ਉਸ ਦਫ਼ਤਰ ਜਾਂ ਵਿਭਾਗ ਦੇ ਮੁਖੀ ਦੁਆਰਾ ਤਸਦੀਕ ਕੀਤੀ ਗਈ ਹੋਵੇ, ਜਿਸ ਵਿੱਚ ਉਹ ਜਾਂ ਉਸ ਦਾ ਪਿਤਾ ਜਾਂ ਸਰਪ੍ਰਸਤ ਨਿਯੋਜਤ ਹੈ।
   (ਅ) ਜੇ ਕੇਂਦਰ ਦੀ ਤਬਦੀਲੀ ਉਮੀਦਵਾਰ ਦੀ ਬੀਮਾਰੀ ਕਾਰਨ ਜ਼ਰੂਰੀ ਹੋ ਜਾਵੇ ਅਤੇ ਉਸ ਦੇ ਬੀਮਾਰ ਹੋਣ ਦੇ ਤੱਥ ਦੀ ਕਿਸੇ ਅਜਿਹੇ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਦੁਆਰਾ ਤਸਦੀਕ ਕੀਤੀ ਗਈ ਹੋਵੇ, ਜਿਸ ਦਾ ਰੈਂਕ ਸਹਾਇਕ ਸਰਜਨ ਤੋਂ ਥੱਲੇ ਨਾ ਹੋਵੇ।
   (ੲ) ਰਜਿਸਟਰਾਰ ਅਜਿਹੇ ਅਪਵਾਦੀ ਕੇਸਾਂ ਵਿੱਚ ਜੋ ਉਪਰੋਕਤ ਔਰਡਿਨੈਂਸਾਂ ਅਧੀਨ ਨਾ ਆਉਂਦੇ ਹੋਣ ਔਕੜ ਤੋਂ ਬਚਣ ਲਈ ਕੇਂਦਰ ਬਦਲੀ ਦੀ ਇਜਾਜ਼ਤ ਦੇ ਸਕੇਗਾ।
2. ਕੇਂਦਰ ਦੀ ਤਬਦੀਲੀ ਲਈ ਦਰਖ਼ਾਸਤ ਮੁਕੱਰਰ ਫ਼ਾਰਮ ਤੇ ਕਾਲਜ ਦੇ ਵਿਦਿਆਰਥੀਆਂ ਦੀ ਸੂਰਤ ਵਿੱਚ ਸੰਬੰਧਤ ਸੰਸਥਾ ਦੇ ਮੁਖੀ ਦੇ ਰਾਹੀਂ, ਅਤੇ ਪ੍ਰਾਈਵੇਟ ਉਮੀਦਵਾਰ ਦੀ ਸੂਰਤ ਵਿੱਚ ਦਾਖ਼ਲੇ ਦੇ ਫ਼ਾਰਮ ਤੇ ਦਸਖ਼ਤ ਜਾਂ ਪ੍ਰਤਿ-ਦਸਖ਼ਤ ਕਰਨ ਵਾਲੇ ਵਿਅਕਤੀ ਦੇ ਰਾਹੀਂ ਆਉਣੀ ਚਾਹੀਦੀ ਹੈ ਜੇ ਕਿਸੇ ਪ੍ਰਾਈਵੇਟ ਉਮੀਦਵਾਰ ਦੇ ਦਾਖ਼ਲਾ ਫ਼ਾਰਮ ਤੇ ਦਸਖ਼ਤ ਜਾਂ ਪ੍ਰਤਿ-ਦਸਖ਼ਤ ਕਰਨ ਵਾਲਾ ਵਿਅਕਤੀ ਨਾ ਮਿਲ ਸਕੇ ਤਾਂ ਮੁਕੱਰਰ ਫ਼ਾਰਮ ਕਿਸੇ ਗਜ਼ਟਿਡ ਅਫ਼ਸਰ ਰਾਹੀਂ ਭੇਜਿਆ ਜਾ ਸਕੇਗਾ, ਜਿਸ ਦਾ ਰੈਂਕ ਦੂਜੇ ਦਰਜੇ ਦੇ ਮੈਜਿਸਟਰੇਟ ਤੋਂ ਥੱਲੇ ਨਾ ਹੋਵੇ।
3. ਦਰਖ਼ਾਸਤ ਦੇ ਨਾਲ ਉਮੀਦਵਾਰ ਦੀ ਫ਼ੋਟੋ ਦੀਆਂ ਦੋ ਕਾਪੀਆਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਤੇ ਉਮੀਦਵਾਰ ਦੇ ਪੂਰੇ ਦਸਖ਼ਤ ਹੋਣ ਅਤੇ ਜਿਨ੍ਹਾਂ ਦੇ ਪਿਛਲੇ ਪਾਸੇ ਔਰਡਿਨੈਂਸ 2 ਵਿੱਚ ਜ਼ਿਕਰ ਕੀਤੇ ਅਫ਼ਸਰ ਦੁਆਰਾ ਤਸਦੀਕ ਕੀਤੀ ਹੋਵੇ।

4. (ੳ) ਪੂਰੀ ਪਰੀਖਿਆ ਅਤੇ ਪ੍ਰੈਕਟੀਕਲ ਪਰੀਖਿਆ ਲਈ ਕੇਂਦਰ ਇੱਕ ਸਟੇਸ਼ਨ ਤੋਂ ਬਦਲ ਕੇ ਦੂਜੇ ਸਟੇਸ਼ਨ ਕਰਾਉਣ ਲਈ ਅਦਾਇਗੀ ਯੋਗ ਫ਼ੀਸ ਅਜਿਹੀ ਹੋਵੇਗੀ ਜੋ ਸਮੇਂ-ਸਮੇਂ ਮੁਕੱਰਰ ਕੀਤੀ ਜਾਵੇ।

(ਅ) ਇਹ ਫ਼ੀਸ ਵਾਪਸੀਯੋਗ ਨਹੀਂ ਹੈ ਜੇਕਰ ਤਬਦੀਲੀ ਯੂਨੀਵਰਸਿਟੀ ਦੁਆਰਾ ਨਾਮਨਜ਼ੂਰ ਨਾ ਕਰ ਦਿੱਤੀ ਜਾਵੇ। ਫ਼ੀਸ ਦੀ ਵਾਪਸੀ ਲਈ ਦਰਖ਼ਾਸਤ ਕੇਵਲ ਤਦ ਹੀ ਗ੍ਰਹਿਣ ਕੀਤੀ ਜਾਵੇਗੀ ਜੇ ਉਹ ਦਰਖ਼ਾਸਤ ਦੀ ਨਾਮਨਜ਼ੂਰੀ ਦੀ ਚਿੱਠੀ ਦੇ ਜਾਰੀ ਹੋਣ ਤੋਂ ਤਿੰਨ ਮਹੀਨਿਆਂ ਦੇ ਅੰਦਰ ਪਹੁੰਚ ਜਾਵੇ।

5. ਕੇਂਦਰ ਦੀ ਤਬਦੀਲੀ ਲਈ ਦਰਖ਼ਾਸਤ ਅਤੇ ਫ਼ੀਸ ਸੰਬੰਧਤ ਪਰੀਖਿਆ ਦੇ ਸ਼ੁਰੂ ਹੋਣ ਦੀ ਤਰੀਕ ਤੋਂ ਇੱਕ ਮਹੀਨਾ ਪਹਿਲਾਂ ਤੱਕ ਗ੍ਰਹਿਣ ਕੀਤੀ ਜਾਵੇਗੀ, ਸਿਵਾਏ ਸਰਕਾਰੀ ਕਰਮਚਾਰੀਆਂ ਦੇ ਤਬਾਦਲੇ ਦੀ ਸੂਰਤ ਵਿੱਚ ਜਦੋਂ ਅਜਿਹੀਆਂ ਦਰਖ਼ਾਸਤਾਂ ਪਰੀਖਿਆ ਸ਼ੁਰੂ ਹੋਣ ਤੋਂ 15 ਦਿਨ ਪਹਿਲਾਂ ਤੱਕ ਗ੍ਰਹਿਣ ਕੀਤੀਆਂ ਜਾ ਸਕਣਗੀਆਂ :

ਪਰੰਤੂ ਕੇਂਦਰ ਬਦਲਣ ਦੀ ਇਜਾਜ਼ਤ ਬਹੁਤ ਟਾਵੇਂ-ਟਲੇ ਕੇਸ ਵਿੱਚ ਦਿੱਤੀ ਜਾਵੇਗੀ। ਪਰ ਸ਼ਹਿਰੀ ਤੋਂ ਪੇਂਡੂ ਕੇਂਦਰ ਲਈ ਤਬਦੀਲੀ ਦੀ ਇਜਾਜ਼ਤ ਬਿਲਕੁਲ ਨਹੀਂ ਦਿੱਤੀ ਜਾਵੇਗੀ ਅਤੇ ਅਜਿਹੀ ਇਜਾਜ਼ਤ ਵਾਈਸ-ਚਾਂਸਲਰ ਦੀ ਵਿਸ਼ੇਸ਼ ਮਨਜ਼ੂਰੀ ਨਾਲ ਹੀ ਦਿੱਤੀ ਜਾ ਸਕੇਗੀ।

## ਅਧਿਆਏ-XVII
# ਪਰੀਖਿਆਵਾਂ ਵਿੱਚ ਦਾਖ਼ਲਾ

1. ਪਰੀਖਿਆ ਵਿੱਚ ਦਾਖ਼ਲੇ ਲਈ ਦਰਖ਼ਾਸਤ ਔਰਡਿਨੈਂਸਾਂ ਵਿੱਚ ਦਰਜ਼ ਫ਼ੀਸਾਂ ਸਹਿਤ, ਮੁਕੱਰਰ ਫ਼ਾਰਮ ਉੱਤੇ ਦਿੱਤੀ ਜਾਵੇਗੀ। ਦਰਖ਼ਾਸਤ ਅਤੇ ਫ਼ੀਸ ਸੰਬੰਧਤ ਪਰੀਖਿਆ ਲਈ ਔਰਡਿਨੈਂਸਾਂ ਵਿੱਚ ਮੁਕੱਰਰ ਤਰੀਕ ਤੱਕ ਯੂਨੀਵਰਸਿਟੀ ਨੂੰ ਪਹੁੰਚ ਜਾਣੀ ਚਾਹੀਦੀ ਹੈ। ਆਖ਼ਰੀ ਤਰੀਕ ਤੋਂ ਬਾਅਦ ਵਾਈਸ-ਚਾਂਸਲਰ ਅਤਿਰਿਕਤ ਲੇਟ ਫ਼ੀਸ ਨਾਲ ਦਾਖ਼ਲਾ ਫ਼ਾਰਮ ਅਤੇ ਫ਼ੀਸ ਗ੍ਰਹਿਣ ਕਰਨ ਦੀ ਇਜਾਜ਼ਤ ਦੇ ਸਕੇਗਾ। ਅਕਾਦਮਿਕਸੈਸ਼ਨ2●●7-●8ਤੋਂਲੈਕੇਰੈਗੂਲਰ(ਸਾਲਾਨਾਅਤੇਸਮੈਸਟਰ)ਅਤੇਪ੍ਰਾਈਵੇਟ ਪਰੀਖਿਆਵਾਂ ਨਾਲ ਸੰਬੰਧਤ ਫ਼ਾਰਮ/ਫ਼ੀਸ ਪ੍ਰਾਪਤੀ ਦੀ ਅਨੁਸੂਚੀ ਨਿਮਨ-ਅਨੁਸਾਰ ਹੋਵੇਗੀ :

| ਪਰੀਖਿਆਵਾਂ | ਬਿਨਾਂਜਰਮਾਨੇ ਤੋਂ | 5●●/- ਰੁਪਏ ਜਰਮਾਨੇ ਨਾਲ | 1●●●/- ਰੁਪਏ ਜਰਮਾਨੇ ਨਾਲ | 5●●●/- ਰੁਪਏ ਜਰਮਾਨੇ ਨਾਲ | 1●,●●●/- ਰੁਪਏ ਜਰਮਾਨੇ ਨਾਲ |
|---|---|---|---|---|---|
| ਰੈਗੂਲਰ (ਸਾਲਾਨਾ) | ਦਸੰਬਰ 31 | ਜਨਵਰੀ 12 | ਜਨਵਰੀ 21 | ਫ਼ਰਵਰੀ 1● | ਫ਼ਰਵਰੀ 21* |
| ਪ੍ਰਾਈਵੇਟ (ਸਾਲਾਨਾ) | ਅਕਤੂਬਰ 31 | ਨਵੰਬਰ 3● | ਦਸੰਬਰ 31 | ਜਨਵਰੀ 31 | ਫ਼ਰਵਰੀ 21* |
| ਅਨੁਪੂਰਕ ਪਰੀਖਿਆ | ਜੁਲਾਈ 15 | ਜੁਲਾਈ 31 | ਅਗਸਤ 16 | ਅਗਸਤ 31 | ਸਤੰਬਰ 7* |
| ਸਮੈਸਟਰ ਨਵੰਬਰ/ ਦਸੰਬਰ (ਆੱਡ) | ਸਤੰਬਰ 3● | ਅਕਤੂਬਰ 8 | ਅਕਤੂਬਰ 16 | ਅਕਤੂਬਰ 24 | ਅਕਤੂਬਰ 31* |
| ਅਪ੍ਰੈਲ/ਮਈ (ਈਵਨ) | ਫ਼ਰਵਰੀ 18 | ਫ਼ਰਵਰੀ 26 | ਮਾਰਚ ●6 | ਮਾਰਚ 14 | ਮਾਰਚ 21* |

*ਅੰਕਿਤ ਮਿਤੀ ਤੋਂ ਬਾਅਦ ਕੋਈ ਫ਼ਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ।

---

* ਸਿੰਡੀਕੇਟ ਮਿਤੀ 6.8.2●●7 (ਪੈਰਾ 47.36)

2. ਪਰੀਖਿਆ ਵਿੱਚ ਦਾਖ਼ਲੇ ਦੀ ਇਜਾਜ਼ਤ ਲਈ ਦਰਖ਼ਾਸਤ ਦੇ ਨਾਲ ਨਿਮਨ ਸਰਟੀਫ਼ਿਕੇਟ ਹੋਣੇ ਚਾਹੀਦੇ ਹਨ :

(ੳ) ਚੰਗੇ ਚਾਲ-ਚਲਨ ਦਾ ਸਰਟੀਫ਼ਿਕੇਟ;

(ਅ) ਇਸ ਆਸ਼ੇ ਦਾ ਸਰਟੀਫ਼ਿਕੇਟ ਕਿ ਉਮੀਦਵਾਰ ਸੰਬੰਧਤ ਪਰੀਖਿਆ ਲਈ ਮੁਕੱਰਰ ਪ੍ਰਵਿਧਾਨਾਂ ਅਤੇ ਔਰਡਿਨੈਂਸਾਂ ਅਧੀਨ ਪਰੀਖਿਆ ਦੇਣ ਦਾ ਪਾਤਰ ਹੈ।

3. ਜੇ ਸਿੰਡੀਕੇਟ ਦੀ ਇਹ ਤਸੱਲੀ ਹੋ ਜਾਵੇ ਕਿ ਕੋਈ ਉਮੀਦਵਾਰ ਕਿਸੇ ਪਰੀਖਿਆ ਵਿੱਚ ਦਾਖ਼ਲ ਕੀਤੇ ਜਾਣ ਦੇ ਲਾਇਕ ਅਤੇ ਉਚਿੱਤ ਵਿਅਕਤੀ ਨਹੀਂ ਹੈ ਤਾਂ ਸਿੰਡੀਕੇਟ ਨੂੰ ਇਹ ਇਖ਼ਤਿਆਰ ਹਾਸਲ ਹੋਵੇਗਾ ਕਿ ਉਹ ਅਜਿਹੇ ਉਮੀਦਵਾਰ ਨੂੰ ਸਥਾਈ ਤੌਰ ਤੇ ਜਾਂ ਉਲਿੱਖਤ ਮੁੱਦਤ ਲਈ ਪਰੀਖਿਆ ਤੋਂ ਬਾਹਰ ਕਰ ਦੇਵੇ। ਜੇ ਕੋਈ ਉਮੀਦਵਾਰ, ਪਰੀਖਿਆ ਵਿੱਚ ਦਾਖ਼ਲਾ ਮਿਲ ਜਾਣ ਤੋਂ ਬਾਅਦ ਕੋਈ ਅਣਸਦਾਚਾਰਕ ਕੰਮ ਕਰਦਾ ਹੈ, ਜਾਂ ਉਸ ਬਾਰੇ ਇਹ ਪਤਾ ਲਗਦਾ ਹੈ ਕਿ ਉਸ ਨੇ ਕੋਈ ਅਜਿਹਾ ਅਣਸਦਾਚਾਰਕ ਕੰਮ ਕੀਤਾ ਹੈ ਜੋ ਸਿੰਡੀਕੇਟ ਦੀ ਰਾਏ ਵਿੱਚ ਅਜਿਹਾ ਹੈ ਕਿ ਜੇ ਉਹ ਸਮੇਂ ਸਿਰ ਸਿੰਡੀਕੇਟ ਦੀ ਜਾਣਕਾਰੀ ਵਿੱਚ ਆ ਜਾਂਦਾ ਤਾਂ ਸਿੰਡੀਕੇਟ ਨੇ ਉਸ ਉਮੀਦਵਾਰ ਨੂੰ ਪਰੀਖਿਆ ਤੋਂ ਵੰਚਿਤ ਰੱਖਣਾ ਸੀ, ਤਦ ਸਿੰਡੀਕੇਟ :

(i) ਉਸ ਪਰੀਖਿਆ ਲਈ, ਉਸ ਦੀ ਉਮੀਦਵਾਰੀ ਰੱਦ ਕਰ ਸਕੇਗੀ ਅਤੇ ਹੁਕਮ ਕਰ ਸਕੇਗੀ ਕਿ ਉਸ ਦਾ ਨਤੀਜਾ ਨਾ ਐਲਾਨਿਆ ਜਾਵੇ; ਜਾਂ

(ii) ਉਸ ਨੂੰ ਸਥਾਈ ਤੌਰ ਤੇ ਜਾਂ ਕਿਸੇ ਉਲਿੱਖਤ ਮੁੱਦਤ ਲਈ ਨਾਕਾਬਲ ਕਰ ਸਕੇਗੀ।

ਅਜਿਹੇ ਕੇਸਾਂ ਵਿੱਚ ਮਾਮਲਾ ਅੰਤਿਮ ਫ਼ੈਸਲੇ ਲਈ ਸਿੰਡੀਕੇਟ ਅੱਗੇ ਪੇਸ਼ ਕਰਨ ਤੋਂ ਪਹਿਲਾਂ ਰਜਿਸਟਰਾਰ ਕਾਰਵਾਈ ਸ਼ੁਰੂ ਕਰੇਗਾ ਅਤੇ ਉਮੀਦਵਾਰ ਨੂੰ ਉਚਿੱਤ ਨੋਟਿਸ ਆਦਿ ਜਾਰੀ ਕਰੇਗਾ।

4. ਜੇ ਕਿਸੇ ਉਮੀਦਵਾਰ ਨੂੰ ਰੋਲ ਨੰਬਰ ਦੇ ਜਾਰੀ ਕੀਤੇ ਜਾਣ ਜਾਂ ਉਸ ਦੇ ਪਰੀਖਿਆ ਦੇਣ ਉਪਰੰਤ ਉਸ ਬਾਰੇ ਮਲੂਮ ਹੁੰਦਾ ਹੈ ਕਿ ਉਹ ਪਰੀਖਿਆ ਦੇਣ ਦੇ ਅਪਾਤਰ ਸੀ ਤਾਂ ਰਜਿਸਟਰਾਰ, ਨਤੀਜੇ ਦੇ ਐਲਾਨ ਤੋਂ ਪਹਿਲਾਂ, ਕਿਸੇ ਵੀ ਸਟੇਜ ਤੇ ਉਸ ਦੀ ਉਮੀਦਵਾਰੀ ਮਨਸੂਖ਼ ਕਰ ਸਕੇਗਾ।

5. ਸਭ ਪਰੀਖਿਆਵਾਂ ਲਈ ਉਮੀਦਵਾਰ ਆਪਣੇ ਦਾਖ਼ਲਾ ਫ਼ਾਰਮਾਂ ਨਾਲ ਪਾਸਪੋਰਟ ਸਾਈਜ਼ ਦੀਆਂ ਆਪਣੀਆਂ ਤਾਜ਼ਾ ਫ਼ੋਟੋ ਦੀਆਂ ਤਿੰਨ ਕਾਪੀਆਂ ਭੇਜਣਗੇ। ਇਨ੍ਹਾਂ ਫ਼ੋਟੋਆਂ ਤੇ ਉਮੀਦਵਾਰ ਦਾ ਨਾਂ, ਉਸ ਦੇ ਪਿਤਾ ਦਾ ਨਾਂ, ਪਰੀਖਿਆ ਦਾ ਨਾਂ ਅਤੇ ਦਾਖ਼ਲਾ ਫ਼ਾਰਮ ਤੇ ਪ੍ਰਤਿ-ਦਸਖ਼ਤ ਕਰਨ ਵਾਲੀ ਅਥਾਰਿਟੀ ਦੇ ਦਸਖ਼ਤ ਹੋਣਗੇ।*

---

* ਸ਼ਬਦ 'ਪ੍ਰਾਈਵੇਟ' ਸਿੰਡੀਕੇਟ ਮਿਤੀ 30.3.1993 ਦੁਆਰਾ ਲੋਪ ਕੀਤਾ ਗਿਆ।

6. ਕਿਸੇ ਵੀ ਵਿਅਕਤੀ ਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਕਿ ਉਹ ਇਸ ਯੂਨੀਵਰਸਿਟੀ ਦੀ ਕਿਸੇ ਅਜਿਹੀ ਪਰੀਖਿਆ ਵਿੱਚ ਮੁੜ ਬੈਠੇ ਜੋ ਉਹ ਪਹਿਲਾਂ ਪਾਸ ਕਰ ਚੁੱਕਾ ਹੈ। ਕੋਈ ਅਜਿਹਾ ਵਿਅਕਤੀ ਜਿਸ ਨੇ ਕਿਸੇ ਹੋਰ ਯੂਨੀਵਰਸਿਟੀ ਤੋਂ ਕੋਈ ਪਰੀਖਿਆ ਪਾਸ ਕੀਤੀ ਹੋਵੇ, ਸੰਬੰਧਤ ਪਰੀਖਿਆ ਦੇ ਮੁਤੱਲਕ ਔਰਡਿਨੈਂਸਾਂ ਵਿੱਚ ਦਰਜ ਉਪਬੰਧਾਂ ਦੇ ਤਾਬੇ ਇਸ ਯੂਨੀਵਰਸਿਟੀ ਦੀ ਉਹੀ ਪਰੀਖਿਆ ਦੇ ਸਕੇਗਾ।

7. ਕਿਸੇ ਹੋਰ ਔਰਡਿਨੈਂਸ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਿੰਡੀਕੇਟ ਨੂੰ ਕਿਸੇ ਅਜਿਹੇ ਵਿਅਕਤੀ ਨੂੰ, ਜੋ ਆਪਣੀ ਕਿਸੇ ਗ਼ਲਤੀ ਤੋਂ ਬਿਨਾਂ, ਕਿਸੇ ਪਰਚੇ ਜਾਂ ਪਰਚਿਆਂ ਦੀ ਪਰੀਖਿਆ ਨ ਦੇ ਸਕਿਆ ਹੋਵੇ, ਉਸ ਪਰਚੇ ਜਾਂ ਪਰਚਿਆਂ ਦੀ ਪਰੀਖਿਆ ਦੇਣ ਤੱਕ, ਅਗਲੀ ਉਚੇਰੀ ਜਮਾਤ ਵਿੱਚ ਆਰਜ਼ੀ ਤੌਰ ਤੇ ਦਾਖ਼ਲ ਕਰਨ ਦੀ ਸ਼ਕਤੀ ਹੋਵੇਗੀ।

8. ਕੋਈ ਵਿਦਿਆਰਥੀ ਇੱਕ ਕੈਲੰਡਰ ਸਾਲ ਵਿੱਚ ਦੋ ਵੱਡੀਆਂ ਪਰੀਖਿਆਵਾਂ ਨਹੀਂ ਦੇ ਸਕੇਗਾ। ਇਹ ਵੀ ਸਪੱਸ਼ਟ ਹੈ ਕਿ ਕੋਈ ਵਿਦਿਆਰਥੀ ਇੱਕ ਕੈਲੰਡਰ ਸਾਲ ਵਿੱਚ ਕਿਸੇ ਹੋਰ ਯੂਨੀਵਰਸਿਟੀ ਦੀ ਵੀ ਵੱਡੀ ਪਰੀਖਿਆ ਨਹੀਂ ਦੇ ਸਕੇਗਾ।

9. ਕਿਸੇ ਹੋਰ ਔਰਡਿਨੈਂਸ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਿਸੇ ਅਜਿਹੇ ਬਦੇਸ਼ੀ ਸਕਾਲਰ ਦੀ ਸੂਰਤ ਵਿੱਚ, ਜੋ ਭਾਰਤ ਦਾ ਅਧਿਵਾਸੀ ਨਹੀਂ ਹੈ, ਸਿੰਡੀਕੇਟ ਨੂੰ ਸ਼ਕਤੀ ਹੋਵੇਗੀ ਕਿ ਉਹ :

   (i) ਉਸ ਨੂੰ ਕਾਲਜ ਦੀ ਕਿਸੇ ਅਜਿਹੀ ਜਮਾਤ ਵਿੱਚ ਦਾਖ਼ਲ ਕਰ ਲਵੇ ਜਿਸ ਦੇ ਉਹ ਲਾਇਕ ਸਮਝਿਆ ਜਾਵੇ;

   (ii) ਉਸ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਕਿਸੇ ਕਾਲਜ ਵਿੱਚ ਸੰਬੰਧਤ ਪਰੀਖਿਆ ਦੇ ਔਰਡਿਨੈਂਸਾਂ ਦੁਆਰਾ ਮੁਕੱਰਰ ਮੁੱਦਤ ਨਾਲੋਂ ਥੋੜ੍ਹੀ ਮੁੱਦਤ ਪੜ੍ਹਨ ਉਪਰੰਤ ਕਿਸੇ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਦੇ ਦੇਵੇ।

ਅਜਿਹੇ ਸਕਾਲਰਾਂ ਦੀ ਸੂਰਤ ਵਿੱਚ ਵਾਈਸ-ਚਾਂਸਲਰ ਨੂੰ ਸ਼ਕਤੀ ਹੋਵੇਗੀ ਕਿ ਉਹ ਉਨ੍ਹਾਂ ਨੂੰ :

   (i) ਭਾਸ਼ਾ ਦੇ ਪਰਚੇ ਦੀ ਪਰੀਖਿਆ ਦੇਣ ਤੋਂ ਛੋਟ ਦੇ ਦੇਵੇ ਅਤੇ ਉਸ ਦੀ ਬਜਾਏ ਕਿਸੇ ਹੋਰ ਵਿਸ਼ੇ ਦੀ ਪਰੀਖਿਆ ਦੇਣ ਦੀ ਇਜਾਜ਼ਤ ਦੇਵੇ;

   (ii) ਬੀ.ਏ/ਬੀ.ਐਸ-ਸੀ. ਪਰੀਖਿਆਵਾਂ ਵਿੱਚ ਅਤਿਰਿਕਤ ਅਖ਼ਤਿਆਰੀ ਪਰਚੇ ਦੀ ਥਾਂ ਅੰਗਰੇਜ਼ੀ ਦਾ ਵਿਸ਼ੇਸ਼ ਪਰਚਾ ਦੇਣ ਦੀ ਇਜਾਜ਼ਤ ਦੇਵੇ;

   (iii) ਅੰਗਰੇਜ਼ੀ ਦੇ ਪਰਚਿਆਂ ਵਿੱਚ ਅਨੁਵਾਦ ਦੇ ਪ੍ਰਸ਼ਨ ਦੀ ਥਾਂ ਅਤਿਰਿਕਤ ਪ੍ਰਸ਼ਨ ਕਰਨ ਦੀ ਇਜਾਜ਼ਤ ਦੇਵੇ;

   (iv) ਬੀ.ਏ. (ਟੀ.ਡੀ.ਸੀ.) ਪਰੀਖਿਆਵਾਂ ਲਈ ਪੰਜਾਬੀ ਲਾਜ਼ਮੀ ਦੀ ਥਾਵੇਂ 'ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ' ਨਾਮਕ ਵਿਸ਼ੇਸ਼ ਪਰਚਾ ਦੇਣ ਦੀ ਇਜਾਜ਼ਤ ਦੇਵੇ।

1●. ਕਿਸੇ ਹੋਰ ਔਰਡਿਨੈਂਸ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰੀਰਕ ਤੌਰ ਤੇ ਸਥਾਈ ਰੂਪ ਵਿੱਚ ਕਿਸੇ ਅਪਾਹਜ ਵਿਅਕਤੀ ਦੀ ਸੂਰਤ ਵਿੱਚ ਸਿੰਡੀਕੇਟ ਨੂੰ ਸ਼ਕਤੀ ਹੋਵੇਗੀ ਕਿ :

(i) ਉਸ ਨੂੰ ਪ੍ਰਾਈਵੇਟ ਉਮੀਦਵਾਰ ਵਜੋਂ ਬੀ.ਏ./ਐਮ.ਏ ਪਰੀਖਿਆਵਾਂ ਦੇਣ ਦੀ ਇਜਾਜ਼ਤ ਦੇਵੇ;

(ii) ਉਸ ਨੂੰ ਪਰੀਖਿਆ ਵਿੱਚ ਉੱਤਰ ਲਿਖਣ ਲਈ, ਬਿਨਾਂ ਕਿਸੇ ਫ਼ੀਸ ਦੇ ਕਿਸੇ ਯੋਗ ਲਿਪਿਕ ਦੀਆਂ ਸੇਵਾਵਾਂ ਉਪਲੱਬਧ ਕਰਾਵੇ;

(iii) ਜੇਕਰ ਪਰੀਖਿਆਰਥੀ ਚਾਹੇ ਤਾਂ ਉਸ ਨੂੰ ਆਪਣੇ ਉੱਤਰ ਆਪ ਟਾਈਪ ਕਰਨ ਦੀ ਇਜਾਜ਼ਤ ਦੇਵੇ;

(iv) ਨਿਰਧਾਰਨ ਲਈ ਕੋਈ ਹੋਰ ਢੰਗ ਨਿਯਤ ਕਰੇ।

11. (i) ਜੋ ਵਿਦਿਆਰਥੀ ਐਸੋਸੀਏਸ਼ਨ ਔਫ਼ ਦ ਇੰਡੀਅਨ ਯੂਨੀਵਰਸਿਟੀਜ਼, ਨਵੀਂ ਦਿੱਲੀ ਦੀ ਮੈਂਬਰ ਕਿਸੇ ਯੂਨੀਵਰਸਿਟੀ ਦੁਆਰਾ ਕਿਸੇ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕਰ ਦਿੱਤਾ ਗਿਆ ਹੋਵੇ ਉਹ ਨਾਕਾਬਲੀਅਤ ਦੀ ਮੁੱਦਤ ਦੇ ਦੌਰਾਨ ਇਸ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਦਾ ਪਾਤਰ ਨਹੀਂ ਹੋਵੇਗਾ।

(ii) ਇਸ ਯੂਨੀਵਰਸਿਟੀ ਦੁਆਰਾ ਯੂਨੀਵਰਸਿਟੀ ਪਰੀਖਿਆਵਾਂ ਵਿੱਚ ਬੈਠਣ ਦੇ ਨਾਕਾਬਲ ਕੀਤੇ ਗਏ ਵਿਦਿਆਰਥੀਆਂ ਦੀ ਸੂਚੀ ਭਾਰਤ ਵਿੱਚ ਯੂਨੀਅਨ ਅਤੇ ਰਾਜ ਲੋਕ ਸੇਵਾ ਕਮਿਸ਼ਨਾਂ, ਰਾਜ ਸਿੱਖਿਆ ਬੋਰਡਾਂ, ਸਭ ਯੂਨੀਵਰਸਿਟੀਆਂ ਅਤੇ ਹੋਰ ਸੰਬੰਧਤ ਸੰਸਥਾਵਾਂ ਨੂੰ ਭੇਜੀ ਜਾਵੇਗੀ।

12. ਵਿਗਿਆਨ, ਕਾਮਰਸ, ਡਾਕਟਰੀ, ਇੰਜੀਨੀਅਰਿੰਗ ਅਤੇ ਹੋਰ ਤਕਨੀਕੀ ਵਿਸ਼ਿਆਂ, ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ, ਜਿਨ੍ਹਾਂ ਨੇ ਪਹਿਲਾਂ ਮੈਟ੍ਰਿਕ ਦੀ ਪੱਧਰ ਤੱਕ ਪੰਜਾਬੀ ਦੀ ਪਰੀਖਿਆ ਪਾਸ ਨਹੀਂ ਕੀਤੀ, ਉਨ੍ਹਾਂ ਲਈ ਆਪਣੇ ਕੋਰਸ ਦੌਰਾਨ ਮੈਟ੍ਰਿਕ ਪੱਧਰ ਦੀ ਪੰਜਾਬੀ ਜਾਂ ਪੰਜਾਬੀ ਪ੍ਰਵੇਸ਼ਕਾ ਜਾਂ ਭਾਸ਼ਾ ਵਿਭਾਗ, ਪੰਜਾਬ ਦੀ ਪ੍ਰਬੋਧ ਪਰੀਖਿਆ* ਪਾਸ ਕਰਨੀ ਲਾਜ਼ਮੀ ਹੋਵੇਗੀ।**

13. ਉਚੇਰੇ ਕੋਰਸ ਵਿੱਚ ਦਾਖ਼ਲੇ ਲਈ ਕਿਸੇ ਉਮੀਦਵਾਰ ਦੁਆਰਾ ਹੇਠਲੀ ਪਰੀਖਿਆ ਵਿੱਚ ਹਾਸਲ ਕੀਤੇ ਨੰਬਰਾਂ ਦੀ ਪ੍ਰਤੀਸ਼ਤਤਾ ਕੱਢਣ ਲਈ ਜੇ ਕੋਈ ਕਸਰ ½ ਜਾਂ ਵੱਧ ਨਿਕਲੇ ਤਾਂ ਉਸ ਨੂੰ 1 (ਇੱਕ) ਗਿਣਿਆ ਜਾਵੇਗਾ ਅਤੇ ਜੇ ½ ਤੋਂ ਘੱਟ ਹੋਵੇ ਤਾਂ ਉਸ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇਗਾ।***

---

* ਸਿੰਡੀਕੇਟ ਮਿਤੀ 29.6.2●●● ਦੁਆਰਾ ਜੋੜਿਆ ਗਿਆ।

** ਸਿੰਡੀਕੇਟ ਮਿਤੀ 31.8.1993 ਦੁਆਰਾ ਜੋੜਿਆ ਗਿਆ।

*** ਸਿੰਡੀਕੇਟ ਮਿਤੀ 24.3.1999 ਦੁਆਰਾ ਜੋੜਿਆ ਗਿਆ।

14. ਜੋ ਪਰੀਖਿਆਰਥੀ ਆਪਣੇ ਪਰੀਖਿਆ ਫ਼ਾਰਮ ਵਿੱਚ ਪਰੀਖਿਆ ਦੇਣ ਵਾਲੇ ਵਿਸ਼ੇ / ਆਪਸ਼ਨ ਤੋਂ ਇਲਾਵਾ ਕਿਸੇ ਹੋਰ ਵਿਸ਼ੇ/ਆਪਸ਼ਨ ਦੀ ਪਰੀਖਿਆ ਦੇ ਦਿੰਦਾ ਹੈ ਤਾਂ ਉਸ ਦੀ ਜਵਾਬ-ਕਾਪੀ ਰੱਦ ਕਰਨ ਦੀ ਬਜਾਏ, ਮੁਕੱਰਰ ਜੁਰਮਾਨੇ ਦੀ ਅਦਾਇਗੀ ਉਪਰੰਤ ਉਸ ਦਾ ਨਤੀਜਾ ਘੋਸ਼ਿਤ ਕੀਤਾ ਜਾਵੇਗਾ:

ਪਰੰਤੂ ਇਹ ਕਿ ਵਿਦਿਆਰਥੀ ਨੂੰ ਵਿਸ਼ਾ ਕੰਬੀਨੇਸ਼ਨ ਨੂੰ ਧਿਆਨ ਵਿ ੱਚ ਰੱਖਦੇ ਹੋਏ, ਵਿਸ਼ਾ ਬਦਲਣ ਦੀ ਇਜਾਜ਼ਤ ਨਹੀਂ ਹੋਵੇਗੀ। ਬਾਕਾਇਦਾ ਵਿਦਿਆਰਥੀਆਂ ਤੋਂ ਇਹ ਵੀ ਲੋੜਿਆ ਜਾਵੇਗਾ ਕਿ ਉਹ ਕਾਲਜ ਵਿੱਚ ਪੜ੍ਹੇ ਵਿਸ਼ੇ ਵਿੱਚ 75 % ਹਾਜ਼ਰੀਆਂ ਦੀ ਸ਼ਹਾਦਤ ਪੇਸ਼ ਕਰਨ।

15. ਜਿਹੜੇ ਵਿਦਿਆਰਥੀ ਵਿਸ਼ੇਸ਼ ਹਾਲਾਤ ਵਿਚ ਆਪਣੀ ਪੜ੍ਹਾਈ ਸਮੈਸਟਰ ਸਿਸਟਮ ਅਧੀਨ ਜਾਰੀ ਨਹੀਂ ਰੱਖ ਸਕਦੇ ਉਨ੍ਹਾਂ ਨੂੰ ਪੱਤਰ-ਵਿਹਾਰ ਸਿੱਖਿਆ ਵਿਭਾਗ ਵਿੱਚ ਦਾਖ਼ਲਾ ਲੈਣ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਦੀ ਡਿਗਰੀ ਦੇ ਨੰਬਰ ਪਹਿਲੇ ਸਾਲ ਵਿੱਚ ਸਮੈਸਟਰ ਸਿਸਟਮ ਵਾਲੇ ਅਤੇ ਦੂਜੇ ਸਾਲ ਵਿੱਚ ਸਾਲਾਨਾ ਪਰੀਖਿਆ ਵਾਲੇ ਹੋਣਗੇ। ਇਸ ਪ੍ਰਕਾਰ ਇਨ੍ਹਾਂ ਦੀ ਡਿਗਰੀ ਦੋਹਾਂ ਪ੍ਰਣਾਲੀਆਂ ਤੋਂ ਵੱਖਰੀ ਹੋਵੇਗੀ। ਜਿਥੇ ਵੀ ਡੈਫ਼ੀਸ਼ੈਟ ਪੇਪਰ (ਾਂ) ਦੀ ਲੋੜ ਹੋਵੇ, ਵਿਦਿਆਰਥੀ ਨੂੰ ਉਹ ਪੇਪਰ ਪਾਸ ਕਰਨਾ ਹੋਵੇਗਾ/ਪਾਸ ਕਰਨੇ ਹੋਣਗੇ।

## ਅਧਿਆਏ-XVIII
## ਪਰੀਖਿਆਵਾਂ ਦਾ ਸੰਚਾਲਨ

1. ਪ੍ਰਵਿਧਾਨਾਂ ਅਤੇ ਔਰਡਿਨੈਂਸਾਂ ਵਿੱਚ ਦਰਜ ਉਪਬੰਧਾਂ ਦੇ ਤਾਬੇ, ਰਜਿਸਟਰਾਰ ਪਰੀਖਿਆਵਾਂ ਦੇ ਸੰਚਾਲਨ ਨਾਲ ਸੰਬੰਧਤ ਸਾਰੇ ਇੰਤਜ਼ਾਮਾਂ ਅਤੇ ਉਨ੍ਹਾਂ ਨਾਲ ਤੱਲਕ ਰੱਖਦੇ ਸਭ ਵਿਸ਼ਿਆਂ ਲਈ ਜ਼ੁੰਮੇਵਾਰ ਹੋਵੇਗਾ।
2. ਪਰੀਖਿਆ ਕੇਂਦਰਾਂ ਦੇ ਸੁਪਰਡੈਂਟ ਵਾਈਸ-ਚਾਂਸਲਰ ਦੁਆਰਾ ਨਿਯੁਕਤ ਕੀਤੇ ਜਾਣਗੇ।
3. ਰਜਿਸਟਰਾਰ, ਜੇ ਉਹ ਜ਼ਰੂਰੀ ਸਮਝੇ, ਤਾਂ ਕਿਸੇ ਪਰੀਖਿਆ ਕੇਂਦਰ ਲਈ ਇੱਕ ਜਾਂ ਇੱਕ ਤੋਂ ਵੱਧ ਡਿਪਟੀ ਸੁਪਰਡੈਂਟ, ਸਹਾਇਕ ਸੁਪਰਡੈਂਟ ਅਤੇ ਇਨਵਿਜੀਲੇਟਰ ਨਿਯੁਕਤ ਕਰ ਸਕੇਗਾ।
4. ਸੁਪਰਡੈਂਟਾਂ, ਡਿਪਟੀ ਸੁਪਰਡੈਂਟਾਂ, ਸਹਾਇਕ ਸੁਪਰਡੈਂਟਾਂ ਅਤੇ ਇਨਵਿਜੀਲੇਟਰਾਂ ਦੀਆਂ ਡਿਊਟੀਆਂ ਅਕਾਦਮਿਕ ਕੌਂਸਲ ਦੁਆਰਾ ਨਿਸ਼ਚਿਤ ਕੀਤੀਆਂ ਜਾਣਗੀਆਂ। ਉਨ੍ਹਾਂ ਨੂੰ ਅਦਾ ਕੀਤੇ ਜਾਣ ਵਾਲੇ ਮਿਹਨਤਾਨੇ ਦੇ ਦਰ, ਅਕਾਦਮਿਕ ਕੌਂਸਲ ਦੀ ਸਿਫ਼ਾਰਸ਼ਾਂ ਤੇ, ਸਿੰਡੀਕੇਟ ਦੁਆਰਾ ਨਿਯਤ ਕੀਤੇ ਜਾਣਗੇ।
5. ਕਿਸੇ ਅਜਿਹੇ ਵਿਦਿਆਰਥੀ ਨੂੰ, ਜਿਸ ਦਾ ਪਰਚਾ ਪਰੀਖਿਆ ਕੇਂਦਰ ਦੇ ਸੁਪਰਡੈਂਟ ਜਾਂ ਉਸ ਦੇ ਕਿਸੇ ਸਹਾਇਕ ਦੁਆਰਾ ਪ੍ਰਾਪਤ ਕਰਨ ਉਪਰੰਤ ਗੁਆਚ ਗਿਆ ਹੋਵੇ, ਵਾਈਸ-ਚਾਂਸਲਰ ਦੁਆਰਾ ਉਸ ਪਰਚੇ ਦੀ, ਰਜਿਸਟਰਾਰ ਦੁਆਰਾ ਨਿਯਤ ਕੀਤੀ ਜਾਣ ਵਾਲੀ ਤਰੀਕ ਨੂੰ, ਮੁੜ-ਪਰੀਖਿਆ ਦੇਣ ਦੀ ਇਜਾਜ਼ਤ ਦਿੱਤੀ ਜਾ ਸਕੇਗੀ: ਪਰੰਤੂ ਉਹ ਉਸ ਪਰੀਖਿਆ ਦੇ ਬਾਕੀ ਸਭ ਲਾਜ਼ਮੀ ਵਿਸ਼ਿਆਂ ਵਿੱਚ ਪਾਸ ਹੋਵੇ। ਜੇ ਉਹ ਉਸ ਪਰਚੇ ਵਿੱਚ ਪਾਸ ਨੰਬਰ ਹਾਸਲ ਕਰ ਲਵੇ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਉਹ ਪਰੀਖਿਆ ਪਾਸ ਕਰ ਲਈ ਹੈ। ਜੇ ਇਸ ਬਾਰੇ ਝਗੜਾ ਹੋਵੇ ਕਿ ਕੀ ਕਿਸੇ ਉਮੀਦਵਾਰ ਦਾ ਪਰਚਾ ਵਾਸਤਵ ਵਿੱਚ ਪ੍ਰਾਪਤ ਕਰ ਲਿਆ ਗਿਆ ਸੀ ਜਾਂ ਨਹੀਂ, ਵਾਈਸ-ਚਾਂਸਲਰ ਦੁਆਰਾ ਪੁਸ਼ਟੀ ਕੀਤੇ ਜਾਣ ਦੇ ਤਾਬੇ, ਰਜਿਸਟਰਾਰ ਦਾ ਫ਼ੈਸਲਾ ਅੰਤਿਮ ਹੋਵੇਗਾ।
6. ਜੇਕਰ ਕੋਈ ਉਮੀਦਵਾਰ ਹੇਠ-ਲਿਖੇ ਕਾਰਨਾਂ ਕਰਕੇ ਪਰੀਖਿਆ ਦੇਣ ਜਾਂ ਉਸ ਨੂੰ ਮੁਕੰਮਲ ਕਰਨ ਤੋਂ ਅਸਮਰਥ ਹੈ :
   (i) ਪਰੀਖਿਆ ਦੇ ਦਿਨਾਂ ਦੌਰਾਨ ਉਸ ਦੀ ਆਪਣੀ ਸਖ਼ਤ ਬੀਮਾਰੀ ਜਾਂ ਆਪਣੇ ਨਾਲ ਹੋਈ ਦੁਰਘਟਨਾ ਕਾਰਨ; ਜਾਂ

(ii) ਪਰੀਖਿਆ ਦੀ ਅਸਲ ਤਰੀਕ ਤੋਂ ਤਿੰਨ ਹਫ਼ਤੇ ਪਹਿਲਾਂ ਦੇ ਅੰਦਰ ਕਿਸੇ *ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ ਹੋਵੇ, ਮੌਤ ਦਾ ਸਰਟੀਫ਼ਿਕੇਟ ਪੇਸ਼ ਕਰਨ ਤੇ ਵਾਈਸ-ਚਾਂਸਲਰ ਦੁਆਰਾ ਉਸ ਨੂੰ ਪਰੀਖਿਆ ਪਾਸ ਕਰਨ ਲਈ ਇੱਕ ਹੋਰ ਮੌਕਾ ਦਿੱਤਾ ਜਾ ਸਕੇਗਾ। ਜੇਕਰ ਪੇਸ਼ ਕੀਤੀ ਗਈ ਸ਼ਹਾਦਤ ਦੁਆਰਾ ਵਾਈਸ-ਚਾਂਸਲਰ ਦੀ ਤਸੱਲੀ ਹੋ ਜਾਵੇ ਕਿ ਮੰਗੀ ਗਈ ਰਿਆਇਤ ਨਿਆਂ-ਉਚਿੱਤ ਹੈ।

ਬੀਮਾਰੀ/ਦੁਰਘਟਨਾ ਦੀ ਹਾਲਤ ਵਿੱਚ, ਅਜਿਹਾ ਉਮੀਦਵਾਰ ਠੀਕ ਹੋ ਜਾਣ ਤੇ ਨਿਯਤ ਫ਼ੀਸ ਦੀ ਅਦਾਇਗੀ ਕਰਨ ਤੇ ਆਪਣੀ ਮਰਜ਼ੀ ਅਨੁਸਾਰ ਉਤਰਵਰਤੀ ਪਰੀਖਿਆ ਵਿੱਚ ਉਸ ਪਰਚੇ/ਉਨ੍ਹਾਂ ਪਰਚਿਆਂ ਜਿਸ/ਜਿਨ੍ਹਾਂ ਦੀ ਪਰੀਖਿਆ ਉਹ ਨਹੀਂ ਦੇ ਸਕਿਆ ਸੀ, ਪਰੀਖਿਆ ਦੇ ਸਕੇਗਾ। ਉਮੀਦਵਾਰ ਨੂੰ ਉਸ ਤੋਂ ਕੋਈ ਖ਼ਰਚਾ ਲਏ ਬਿਨਾਂ ਉਸਨੂੰ ਸੂਚਿਤ ਕੀਤਾ ਜਾਵੇਗਾ ਕਿ ਕੀ ਉਸ ਨੇ ਉਸ ਪਰਚੇ ਵਿੱਚ, ਜਾਂ ਉਨ੍ਹਾਂ ਪਰਚਿਆਂ ਵਿੱਚ ਜਿਸ/ਜਿਨ੍ਹਾਂ ਦੀ ਉਸ ਨੇ ਪਰੀਖਿਆ ਦਿੱਤੀ ਸੀ ਪਾਸ ਹੋਣ ਜੋਗੇ ਘੱਟ ਤੋਂ ਘੱਟ ਨੰਬਰ ਪ੍ਰਾਪਤ ਕੀਤੇ ਹਨ ਜਾਂ ਨਹੀਂ :

ਪਰੰਤੂ ਇਹ ਕਿ ਇਸ ਔਰਡਿਨੈਂਸ ਵਿੱਚ ਚਿਤਵੀ ਰਿਆਇਤ ਕਿਸੇ ਅਜਿਹੇ ਉਮੀਦਵਾਰ ਨੂੰ ਵੀ ਦਿੱਤੀ ਜਾ ਸਕੇਗੀ ਜੋ ਪਰੀਖਿਆ ਵਿੱਚ ਸਖ਼ਤ ਬੀਮਾਰ ਹੋ ਜਾਵੇ ਅਤੇ ਪਰੀਖਿਆ ਮੁਕੰਮਲ ਕਰਨ ਤੋਂ ਅਸਮਰਥ ਹੋਵੇ ਪਰ ਉਸ ਨੂੰ ਬੀਮਾਰੀ ਦਾ ਮੈਡੀਕਲ ਸਰਟੀਫ਼ਿਕੇਟ ਪੇਸ਼ ਕਰਨਾ ਹੋਵੇਗਾ ਅਤੇ ਸੰਬੰਧਤ ਕੇਂਦਰ ਸੁਪਰਡੈਂਟ ਦੀ ਸਿਫ਼ਾਰਿਸ਼ ਵੀ ਜ਼ਰੂਰੀ ਹੋਵੇਗੀ; ਪਰੰਤੂ ਇਹ ਜ਼ਰੂਰੀ ਹੋਵੇਗਾ ਕਿ ਪੇਸ਼ ਕੀਤੀ ਗਈ ਸ਼ਹਾਦਤ ਦੇ ਆਧਾਰ ਤੇ ਵਾਈਸ-ਚਾਂਸਲਰ ਦੀ ਤਸੱਲੀ ਹੋ ਗਈ ਹੋਵੇ ਕਿ ਮੰਗੀ ਗਈ ਰਿਆਇਤ ਨਿਆਂ-ਉਚਿੱਤ ਹੈ। ਇਹ ਸਪਸ਼ਟ ਹੈ ਕਿ ਅਜਿਹੇ ਕੇਸਾਂ ਵਿੱਚ ਕੇਂਦਰ ਸੁਪਰਡੈਂਟ ਉਮੀਦਵਾਰਾਂ ਦਾ ਉੱਤਰ-ਪਰਚਾ ਇੱਕ ਵੱਖਰੇ ਕੇਸ ਵਜੋਂ ਭੇਜੇਗਾ ਅਤੇ ਕੇਸ ਦੇ ਗੁਣਾਂ ਤੇ ਔਗੁਣਾਂ ਸੰਬੰਧੀ ਠੋਸ ਸਿਫ਼ਾਰਸ਼ਾਂ ਕਰੇਗਾ ਜਿਨ੍ਹਾਂ ਵਿੱਚ ਇਸ ਗੱਲ ਦੀ ਵੀ ਸੂਚਨਾ ਦੇਵੇਗਾ ਕਿ ਉਮੀਦਵਾਰ ਕੇਂਦਰ ਵਿੱਚ ਕਿਸ ਵਕਤ ਬੀਮਾਰ ਹੋਇਆ ਸੀ ਅਤੇ ਉਸ ਵਕਤ ਤੱਕ ਉਮੀਦਵਾਰ ਦੁਆਰਾ ਕਿਤਨੇ ਪ੍ਰਸ਼ਨ ਕੀਤੇ ਜਾ ਚੁੱਕੇ ਸਨ।

ਅਜਿਹੇ ਉਮੀਦਵਾਰ ਦੀ ਦਰਖ਼ਾਸਤ ਕੇਵਲ ਤਦ ਦੀ ਗ੍ਰਹਿਣ ਕੀਤੀ ਜਾਵੇਗੀ ਜੇ ਉਹ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ:

(ੳ) ਦਰਖ਼ਾਸਤ ਉਸ ਤਰੀਕ ਤੋਂ, ਜਿਸ ਨੂੰ ਉਮੀਦਵਾਰ ਪਰੀਖਿਆ ਨਹੀਂ ਸੀ ਦੇ ਸਕਿਆ, ਵਾਜਬ ਸਮੇਂ ਦੇ ਅੰਦਰ ਪੇਸ਼ ਕੀਤੀ ਗਈ ਹੋਵੇ;

---

* ਨਜ਼ਦੀਕੀ ਰਿਸ਼ਤੇਦਾਰ ਦਾ ਮਤਲਬ ਹੈ ਪਿਤਾ, ਮਾਤਾ, ਸੱਕਾ ਅਤੇ ਮਤਰੇਆ ਭਰਾ ਅਤੇ ਸੱਕੀ ਅਤੇ ਮਤਰੇਈ ਭੈਣ, ਦਾਦਾ, ਪਤਨੀ, ਪੁੱਤਰ, ਪੁੱਤਰੀ ਅਤੇ ਪਤੀ।

(ਅ) ਦਰਖ਼ਾਸਤ ਵਿ ੱਦਿਅਕ ਸੰਸਥਾ ਦੇ ਮੁਖੀ ਰਾਹੀਂ ਪੇਸ਼ ਕੀਤੀ ਗਈ ਹੋਵੇ ਅਤੇ ਮੁਖੀ ਨੇ ਇਹ ਤਸਦੀਕ ਕੀਤਾ ਹੋਵੇ ਕਿ ਉਮੀਦਵਾਰ ਆਪਣੀ ਸਖ਼ਤ ਬੀਮਾਰੀ ਜਾਂ ਉਸ ਨਾਲ ਦੁਰਘਟਨਾ ਵਾਪਰ ਜਾਣ ਕਾਰਨ ਜਾਂ ਪਰੀਖਿਆ ਸ਼ੁਰੂ ਹੋਣ ਦੀ ਤਰੀਕ ਤੋਂ ਪਹਿਲਾਂ ਤਿੰਨ ਹਫ਼ਤਿਆਂ ਦੇ ਅੰਦਰ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਜਾਣ ਦੇ ਕਾਰਨ ਪਰੀਖਿਆ ਵਿੱਚ ਨਹੀਂ ਬੈਠ ਸਕਿਆ ਜਾਂ ਪਰੀਖਿਆ ਮੁਕੰਮਲ ਨਹੀਂ ਕਰ ਸਕਿਆ।

ਇਸ ਔਰਡਿਨੈਂਸ ਅਧੀਨ ਦਿੱਤੀ ਰਿਆਇਤ ਇੱਕ ਅਤੀਰਿਕਤ ਮੌਕਾ ਸਮਝਿਆ ਜਾਵੇਗਾ ਜੋ ਕਿ ਉਨ੍ਹਾਂ ਸਾਧਾਰਨ ਮੌਕਿਆਂ ਤੋਂ ਇਲਾਵਾ ਹੋਵੇਗਾ ਜਿਹੜੇ ਕਿ ਉਸ ਪਰੀਖਿਆ, ਜਿਹੜੀ ਕਿ ਵਿਦਿਆਰਥੀ ਨੇ ਦਿੱਤੀ ਹੋਵੇ, ਨਾਲ ਸੰਬੰਧਤ ਔਰਡਿਨੈਂਸਾਂ ਅਧੀਨ ਉਪਲੱਬਧ ਹੋਣ।

ਇਸ ਔਰਡਿਨੈਂਸ ਅਧੀਨ ਪਾਸ ਹੋਣ ਵਾਲੇ ਉਮੀਦਵਾਰ, ਯੋਗਤਾ-ਵਜ਼ੀਫ਼ਾ ਜਾਂ ਇਨਾਮ ਪ੍ਰਾਪਤ ਕਰਨ ਦੇ ਪਾਤਰ ਨਹੀਂ ਹੋਣਗੇ।

7. ਲਿਪਿਕ ਦੀ ਨਿਯੁਕਤੀ

(ੳ) ਲਿਪਿਕ ਸਿਰਫ਼ ਹੇਠ ਲਿਖੀਆਂ ਸੂਰਤਾਂ ਵਿੱਚ ਦਿੱਤਾ ਜਾਵੇਗਾ :-

(i) ਨੇਤਰਹੀਣ ਉਮੀਦਵਾਰ।

(ii) ਆਪਣੇ ਹੱਥਾਂ ਨਾਲ ਸਥਾਈ ਤੌਰ ਤੇ ਲਿਖਣ ਤੋਂ ਅਸਮਰਥ ਪਰੀਖਿਆਰਥੀ।

(iii) ਨਜ਼ਰ ਤੋਂ ਅਪੰਗ ਉਮੀਦਵਾਰ ਜਿਨ੍ਹਾਂ ਬਾਰੇ ਡਾਕਟਰੀ ਤੌਰ ਤੇ ਤਸਦੀਕ ਕੀਤਾ ਗਿਆ ਹੋਵੇ ਕਿ ਉਹ ਲਿਖ ਅਤੇ ਪੜ੍ਹ ਨਹੀਂ ਸਕਦੇ।

(iv) ਉਹ ਉਮੀਦਵਾਰ ਜੋ ਅਸਥਾਈ ਤੌਰ ਤੇ ਲਿਖਣ ਤੋਂ ਅਸਮਰਥ ਹਨ; ਜਿਵੇਂ ਕਿ ਸੱਜੀ ਬਾਂਹ (ਖੱਬਚੂ ਦੇ ਕੇਸ ਵਿੱਚ ਖੱਬੀ ਬਾਂਹ), ਬਾਂਹ ਦੇ ਅਗਲੇ ਹਿੱਸੇ ਦਾ ਟੁੱਟਣਾ ਜਾਂ ਮੋਢੇ, ਕੂਹਣੀ ਜਾਂ ਗੁੱਟ ਦਾ ਉਤਰਨਾ ਆਦਿ। ਉਮੀਦਵਾਰ ਮੈਡੀਕਲ ਕਾਲਜ ਦੇ ਸੰਬੰਧਤ ਵਿਸ਼ੇਸ਼ੱਗਤਾ ਵਾਲੇ ਪ੍ਰੋਫ਼ੈਸਰ ਤੋਂ ਅਤੇ ਜਿਥੇ ਕੋਈ ਮੈਡੀਕਲ ਕਾਲਜ ਨਹੀਂ ਹੈ, ਸੰਬੰਧਤ ਜ਼ਿ ਲ੍ਹੇ ਦੇ ਚੀਫ਼ ਮੈਡੀਕਲ ਅਫ਼ਸਰ ਤੋਂ ਇਹ ਸਰਟੀਫ਼ਿ ਕੇਟ ਪੇ ਸ਼ ਕਰੇਗਾ ਕਿ ਉਮੀਦਵਾਰ ਅਸਥਾਈ ਨਾਕਾਰਗੀ ਕਾਰਨ ਆਪਣੀ ਉੱਤਰ-ਕਾਪੀ ਲਿਖਣ ਤੋਂ ਅਸਮਰਥ ਹੈ। ਨੇਤਰਹੀਣ/ਸਥਾਈ ਤੌਰ ਤੇ ਅਪੰਗ ਉਮੀਦਵਾਰਾਂ ਅਤੇ ਨਜ਼ਰ ਤੋਂ ਅਪੰਗ ਉਮੀਦਵਾਰ ਦੀ ਸੂਰਤ ਵਿਚ ਮੈਡੀਕਲ ਸਰਟੀਫ਼ਿਕੇਟ ਇਸ ਆਸ਼ੇ ਦਾ ਹੋਵੇਗਾ ਕਿ ਉਹ ਪੜ੍ਹਨ ਅਤੇ ਲਿਖਣ ਤੋਂ ਅਸਰਮਥ ਹਨ। ਅਜਿਹਾ ਮੈਡੀਕਲ ਸਰਟੀਫ਼ਿਕੇਟ, ਉਨ੍ਹਾਂ ਦੇ ਯੂਨੀਵਰਸਿਟੀ ਪਰੀਖਿਆ ਵਿੱਚ ਪਹਿਲੀ ਵਾਰ ਬੈਠਣ ਤੇ ਸਿਰਫ਼ ਇੱਕ ਵਾਰ ਪੇਸ਼ ਕੀਤਾ ਜਾਵੇਗਾ।*

---

* ਸਿੰਡੀਕੇਟ ਮਿਤੀ 16.11.1998 (ਪੈਰਾ 16)

(ਅ) ਪਰੀਖਿਆਰਥੀ ਵੱਲੋਂ, ਪਰੀਖਿਆ ਲਈ ਦਾਖ਼ਲਾ ਫ਼ਾਰਮ ਅਤੇ ਫ਼ੀਸ ਦਿੱਤੇ ਜਾਣ ਦੇ ਸਮੇਂ, ਅਧਿਆਪਨ ਵਿਭਾਗ ਦੇ ਮੁਖੀ/ਕਾਲਜ ਦੇ ਪ੍ਰਿੰਸੀਪਲ ਰਾਹੀਂ ਲਿਖਤੀ ਬੇਨਤੀ ’ਤੇ ਵਿਭਾਗ ਦੇ ਮੁਖੀ/ਕਾਲਜ ਦੇ ਪ੍ਰਿੰਸੀਪਲ ਦੁਆਰਾ, ਲਿਪਿਕ ਦੀ ਨਿਯੁਕਤੀ ਲਈ ਦੋ ਵਿਅਕਤੀਆਂ ਦੇ ਨਾਵਾਂ ਦੀ ਸਿਫ਼ਾਰਸ਼ ਕੀਤੀ ਜਾਵੇਗੀ। ਪ੍ਰਾਈਵੇਟ ਵਿਦਿਆਰਥੀ ਦੀ ਸੂਰਤ ਵਿੱਚ ਦੋ ਨਾਂ ਤਜਵੀਜ਼ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਚੀਫ਼-ਕੋਆਰਡੀਨੇਟਰ (ਪਰੀਖਿਆਵਾਂ), ਇੱਕ ਨੂੰ ਲਿਪਿਕ ਦੇ ਤੌਰ ਤੇ ਪਰਵਾਨ ਕਰਨਗੇ।

ਉਮੀਦਵਾਰ ਦਾ ਰਿਸ਼ਤੇਦਾਰ ਲਿਪਿਕ ਵਜੋਂ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ। ਲਿਪਿਕ ਦੀ ਨਿਯੁਕਤੀ ਤੋਂ ਬਾਅਦ, ਜਿਸ ਨੂੰ ਪਰੀਖਿਆ ਦੇ ਸ਼ੁਰੂ ਹੋਣ ਤੋਂ ਘੱਟੋ-ਘੱਟ ਪੰਦਰਾਂ ਦਿਨ ਪਹਿਲਾਂ ਅੰਤਿਮ ਰੂਪ ਦੇ ਦਿੱਤਾ ਜਾਵੇਗਾ, ਉਮੀਦਵਾਰ ਅਤੇ ਕੇਂਦਰ ਸੁਪਰਡੈਂਟ ਨੂੰ ਯੂਨੀਵਰਸਿਟੀ ਦੁਆਰਾ ਸੂਚਿਤ ਕਰ ਦਿੱਤਾ ਜਾਵੇਗਾ। ਜੇਕਰ ਸੰਭਵ ਹੋਵੇ, ਮਹਿਲਾ ਪਰੀਖਿਆਰਥੀਆਂ ਨਾਲ ਮਹਿਲਾ ਲਿਪਿਕਾਂ ਨੂੰ ਤਰਜੀਹ ਦਿੱਤੀ ਜਾਵੇਗੀ।

(ੲ) ਲਿਪਿਕ, ਉਮੀਦਵਾਰ ਨਾਲੋਂ ਹੇਠਲੇ ਦਰਜੇ ਦੀ ਪੜ੍ਹਾਈ ਵਾਲਾ ਹੋਵੇਗਾ।

(i) ਜੇਕਰ ਇੱਕ ਨੇਤਰਹੀਣ/ਸਰੀਰਕ ਤੌਰ ਤੇ ਅਪਾਹਜ ਉਮੀਦਵਾਰ ਬੀ.ਏ.ਭਾਗ- ਤੀਜਾ ਦੀ ਪਰੀਖਿਆ ਵਿੱਚ ਬੈਠ ਰਿਹਾ ਹੈ ਤਾਂ ਉਸ ਨੂੰ ਬੀ.ਏ .ਭਾਗ-ਦੂਜਾ ਜਾਂ ਉਸ ਤੋਂ ਹੇਠਲੀ ਕਲਾਸ ਵਿੱਚ ਪੜ੍ਹ ਰਿਹਾ ਲਿਪਿਕ ਦਿੱਤਾ ਜਾਵੇਗਾ। ਪੋਸਟ-ਗ੍ਰੈਜੂਏਟ ਉਮੀਦਵਾਰ ਲਈ ਪੋਸਟ-ਗ੍ਰੈਜੂਏਟ ਯੋਗਤਾ ਵਾਲੇ ਲਿਪਿਕ ਦੀ ਇਜਾਜ਼ ਤ ਨਹੀਂ ਦਿੱਤੀ ਜਾਵੇਗੀ।

(ii) ਜਿਸ ਸੂਰਤ ਵਿੱਚ ਲਿਪਿਕ ਦੀ ਸਹਾਇਤਾ ਦੀ ਇਜਾਜਤ ਦਿੱਤੀ ਗਈ ਹੋਵੇ, ਤਿੰਨ ਘੰਟੇ ਦੇ ਸਮੇਂ ਵਾਲੇ ਪਰਚੇ ਲਈ 3● ਮਿੰਟ ਅਤਿਰਿਕਤ ਸਮਾਂ ਦਿੱਤਾ ਜਾਵੇਗਾ। ਐਪਰ ਦੋ ਘੰਟੇ ਦੇ ਸਮੇਂ ਵਾਲੇ ਪਰਚੇ ਲਈ 2● ਮਿੰਟ ਦਾ ਅਤਿਰਿਕਤ ਸਮਾਂ ਦਿੱਤਾ ਜਾਵੇਗਾ।

(ਸ) ਕੇਂਦਰ ਸੁਪਰਡੈਂਟ, ਨਕਾਰਗੀ ਵਾਲੇ ਉਮੀਦਵਾਰ ਲਈ ਇੱਕ ਵੱਖਰੇ ਢੁੱਕਵੇਂ ਕਮਰੇ ਦਾ ਪ੍ਰਬੰਧ ਕਰੇਗਾ ਅਤੇ ਦਫ਼ਤਰ ਵੱਲੋਂ ਦਿਤੀ ਗਈ ਲਿਸਟ ਵਿੱਚੋਂ ਉਸ ਲਈ ਸੁਪਰਵਾਈਜ਼ਰ ਨਿਯੁਕਤ ਕਰੇਗਾ। ਸੁਪਰਵਾਈਜ਼ਰ ਹਰ ਰੋਜ਼ ਬਦਲ ਦੇਣਾ ਚਾਹੀਦਾ ਹੈ।

(ਹ) ਉਮੀਦਵਾਰ ਰਜਿਸਟਰਾਰ ਕੋਲ, ਲਿਪਕ ਅਤੇ ਡਿਪਟੀ ਸੁਪਰਡੈਂਟ ਦੀ ਅਸਲ ਲਾਗਤ, ਪ੍ਰਤੀ ਸੈਸ਼ਨ ਦੇ ਹਿਸਾਬ, ਪੇਸ਼ਗੀ ਜਮ੍ਹਾਂ ਕਰਵਾਏਗਾ :

ਪਰੰਤੂ ਇਹ ਕਿ ਨੇਤਰਹੀਣ/ਨਜ਼ਰ ਤੋਂ ਅਪੰਗ ਅਤੇ ਦੋਹਾਂ ਹੱਥਾਂ ਤੋਂ ਨਕਾਰਾ ਉਮੀਦਵਾਰ ਇਸ ਅਦਾਇਗੀ ਤੋਂ ਛੋਟ ਪ੍ਰਾਪਤ ਹੋਣਗੇ।

ਨੇਤਰਹੀਣ/ਨਜ਼ਰ ਤੋਂ ਅਪੰਗ ਪਰੀਖਿਆਰਥੀਆਂ ਅਤੇ ਅਜਿਹੇ ਹੋਰ ਪਰੀਖਿਆਰਥੀਆਂ ਜਿਨ੍ਹਾਂ ਨੂੰ ਯੂਨੀਵਰਸਿਟੀ ਦੁਆਰਾ ਨਿਯਮਾਂ ਅਧੀਨ ਲਿਪਿਕ ਦਿੱਤੇ ਗਏ ਹਨ, ਦੀਆਂ ਉੱਤਰ-ਕਾਪੀਆਂ ਕੇਂਦਰ ਸੁਪਰਡੈਂਟ ਦੀ ਰਿਪੋਰਟ ਸਹਿਤ ਸੁਪਰਡੰਟ (ਸੀਕਰੇਸੀ) ਦੇ ਦਫ਼ਤਰ ਨੂੰ ਭੇਜੀਆਂ ਜਾਣਗੀਆਂ।

(ਕ) ਲਿਪਿਕ ਅਤੇ ਸੁਪਰਵਾਈਜ਼ਰ/ਡਿਪਟੀ ਸੁਪਰਡੈਂਟ ਨੂੰ ਪ੍ਰਤੀ ਪਰਚੇ ਦੇ ਹਿਸਾਬ, ਸਮੇਂ-ਸਮੇਂ ਮੁਕੱਰਰ ਦਰਾਂ ਤੇ ਅਦਾਇਗੀ ਕੀਤੀ ਜਾਵੇਗੀ।

8. ਅਤਿਰਿਕਤ ਪਰੀਖਿਆਵਾਂ

ਇਨ੍ਹਾਂ ਔਰਡਿਨੈਂਸਾਂ ਵਿੱਚ ਹੋਰਥੇ ਉਪਬੰਧਤ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਿੰਡੀਕੇਟ ਨੂੰ ਸ਼ਕਤੀ ਹੋਵੇਗੀ ਕਿ ਉਹ ਇਸ ਯੂਨੀਵਰਸਿਟੀ ਦੁਆਰਾ ਲਈਆਂ ਜਾਂਦੀਆਂ ਸਾਰੀਆਂ ਪਰੀਖਿਆਵਾਂ ਦੀ ਸੂਰਤ ਵਿੱਚ, ਵਿਸ਼ੇਸ਼ ਕਾਰਨਾਂ ਕਰਕੇ, ਜੋ ਕਲਮਬੰਦ ਕੀਤੇ ਜਾਣ, ਕੋਈ ਵੀ ਪਰੀਖਿਆ ਉਸੇ ਸਾਲ ਲੈ ਲਵੇ।

## ਅਧਿਆਏ-XIX
# ਰਿਆਇਤੀ ਨੰਬਰ ਦੇਣਾ

*ਇਹ ਔਰਡਿਨੈਂਸ ਸਾਰੀਆਂ ਪਰੀਖਿਆਵਾਂ ਨੂੰ ਲਾਗੂ ਹੋਣਗੇ।

ਦਿੱਤੇ ਜਾਣ ਵਾਲੇ ਰਿਆਇਤੀ ਨੰਬਰਾਂ ਦਾ ਹਿਸਾਬ ਸੰਬੰਧਤ ਪਰੀਖਿਆ ਦੇ ਲਿਖਤੀ ਅਤੇ ਪ੍ਰੈਕਟੀਕਲ ਪਰਚਿਆਂ ਦੇ ਕੁੱਲ-ਜੋੜ ਨੰਬਰਾਂ ਦੇ 1% ਦੇ ਆਧਾਰ ਤੇ ਲਾਇਆ ਜਾਵੇਗਾ। ਜ਼ਬਾਨੀ ਪਰੀਖਿਆ/ਅੰਦਰੂਨੀ ਨਿਰਧਾਰਨ/ਸੈਸ਼ਨ ਕੰਮ/ਅਧਿਆਪਨ ਵਿੱਚ ਮਹਾਰਤ ਲਈ ਨੰਬਰ ਇਸ ਪ੍ਰਯੋਜਨ ਲਈ ਹਿਸਾਬ ਵਿੱਚ ਨਹੀਂ ਲਏ ਜਾਣਗੇ। ਜੇਕਰ ਕੋਈ ਕਸਰ ½ ਜਾਂ ½ ਤੋਂ ਵੱਧ ਬਣਦੀ ਹੋਵੇ ਤਾਂ ਉਸ ਨੂੰ ਇੱਕ ਨੰਬਰ ਗਿਣਿਆ ਜਾਵੇਗਾ ਅਤੇ ½ ਤੋਂ ਘੱਟ ਬਣਦੀ ਕਸਰ ਨਜ਼ਰਅੰਦਾਜ਼ ਕਰ ਦਿੱਤੀ ਜਾਵੇਗੀ।

1. ਰਿਆਇਤੀ ਨੰਬਰ ਉਮੀਦਵਾਰ ਦੇ ਵੱਧ ਤੋਂ ਵੱਧ ਫ਼ਾਇਦੇ ਲਈ ਦਿੱਤੇ ਜਾਣਗੇ ਤਾਂ ਜੋ ਉਹ :
   (i) ਇੱਕ ਜਾਂ ਵੱਧ ਲਿਖਤੀ ਪਰਚਿਆਂ ਜਾਂ ਵਿਸ਼ਿਆਂ ਵਿੱਚ ਪਾਸ ਹੋਣ ਦੇ ਯੋਗ ਹੋ ਸਕੇ ਅਤੇ/ਜਾਂ ਪਰੀਖਿਆ ਪਾਸ ਕਰਨ ਲਈ ਕੁੱਲ-ਜੋੜ ਵਿੱਚ ਕਮੀ ਨੂੰ ਪੂਰਾ ਕਰਨ ਦੇ ਯੋਗ ਹੋ ਸਕੇ, ਪਰ ਸੈਸ਼ਨ ਕੰਮ, ਅੰਦਰੂਨੀ ਨਿਰਧਾਰਨ, ਜ਼ਬਾਨੀ ਪਰੀਖਿਆ ਅਤੇ ਅਧਿਆਪਨ ਵਿੱਚ ਮਹਾਰਤ ਦੀਆਂ ਹਾਲਤਾਂ ਵਿੱਚ ਰਿਆਇਤੀ ਨੰਬਰ ਨਹੀਂ ਦਿੱਤੇ ਜਾਣਗੇ;
   (ii) ਪਰੀਖਿਆ ਜਾਂ ਉਸ ਦੇ ਭਾਗਾਂ ਵਿੱਚ ਇੱਕ ਜਾਂ ਵੱਧ ਪਰਚਿਆਂ ਜਾਂ ਵਿਸ਼ਿਆਂ ਵਿੱਚ ਕੰਪਾਰਟਮੈਂਟ ਜਾਂ ਛੋਟ ਲੈਣ ਦੇ ਯੋਗ ਹੋ ਸਕੇ;
   (iiii) ਪਰੀਖਿਆਵਾਂ ਜਿਨ੍ਹਾਂ ਵਿੱਚ ਉਮੀਦਵਾਰ ਨੂੰ ਮੁੜ-ਪਰੀਖਿਆ ਦੇਣ ਜਾਂ ਕੰਪਾਰਟਮੈਂਟ ਦੇ ਦਿੱਤੀ ਗਈ ਹੈ, ਦੇ ਪਰਚਿਆਂ ਜਾਂ ਵਿਸ਼ਿਆਂ ਜਾਂ ਭਾਗਾਂ ਨੂੰ ਪਾਸ ਕਰਨ ਦੇ ਯੋਗ ਹੋ ਸਕੇ;
   (iv) ਉਚੇਰੀ ਡਵੀਜ਼ਨ ਪ੍ਰਾਪਤ ਕਰਨ ਦੇ ਯੋਗ ਹੋ ਸਕੇ।

   ਪਰ ਉਮੀਦਵਾਰ ਕਿਸੀ ਵੀ ਹਾਲਤ ਵਿੱਚ ਰਿਆਇਤੀ ਨੰਬਰਾਂ ਦੀ ਸੀਮਾ, ਜਿਵੇਂ ਕਿ ਉਸ ਦਾ ਉੱਪਰ ਹਿਸਾਬ ਕੀਤਾ ਗਿਆ ਹੈ, ਤੋਂ ਵੱਧ ਲੈਣ ਦਾ ਦਾਅਵਾ ਨਹੀਂ ਕਰ ਸਕਦਾ।
2. ਉਮੀਦਵਾਰ ਨੂੰ ਉਪਰੋਕਤ ਨਿਯਮਾਂ ਅਧੀਨ ਮਿਲਣ ਵਾਲੇ ਰਿਆਇਤੀ ਨੰਬਰਾਂ ਦੀ ਕੁੱਲ ਸੰਖਿਆ ਯੋਗ-ਬਣਾਊ ਵਿਸ਼ਿਆਂ ਜਾਂ ਪਰਚਿਆਂ ਵਿੱਚ ਵੀ ਦਿੱਤੀ ਜਾਵੇਗੀ, ਪਰ ਅਤਿਕਿਰਤ ਜਾਂ ਅਖ਼ਤਿਆਰੀ ਵਿਸ਼ਿਆਂ ਜਾਂ ਪਰਚਿਆਂ ਵਿੱਚ ਨਹੀਂ ਦਿੱਤੀ ਜਾਵੇਗੀ।

---

* ਸਿੰਡੀਕੇਟ 376, ਮਿਤੀ 6.8.2●●7.

3. ਉਮੀਦਵਾਰ ਨੂੰ ਦਿੱਤੇ ਗਏ ਰਿਆਇਤੀ ਨੰਬਰ ਉਸ ਦੇ ਕੁੱਲ ਨੰਬਰਾਂ ਦੇ ਜੋੜ ਵਿੱਚ ਸ਼ਾਮਲ ਕੀਤੇ ਜਾਣਗੇ। ਕੁੱਲ ਜੋੜ ਵਿੱਚ ਜਾਂ ਉਚੇਰੀ ਡਵੀਜ਼ਨ ਲਈ ਦਿੱਤੇ ਗਏ ਨੰਬਰ ਉਸ ਪਰਚੇ ਦੇ ਨੰਬਰਾਂ ਵਿੱਚ ਸ਼ਾਮਲ ਕੀਤੇ ਜਾਣਗੇ ਜਿਸ ਵਿੱਚ ਉਮੀਦਵਾਰ ਨੇ ਸਭ ਤੋਂ ਘੱਟ ਨੰਬਰ ਪ੍ਰਾਪਤ ਕੀਤੇ ਹੋਣ।

ਵਿਆਖਿਆ :-

(i) ਜੇਕਰ ਕਿਸੇ ਪਰੀਖਿਆ ਵਿੱਚ 1% ਦੇ ਆਧਾਰ ਤੇ 5 ਨੰਬਰ ਬਣਦੇ ਹਨ ਅਤੇ ਉਮੀਦਵਾਰ ਕਿਸੇ ਰਿਆਇਤੀ ਨੰਬਰਾਂ ਤੋਂ ਬਿਨਾਂ ਕੁੱਝ ਵਿਸ਼ਿਆਂ ਜਾਂ ਪਰਚਿਆਂ ਵਿੱਚ ਛੋਟ ਪ੍ਰਾਪਤ ਕਰ ਲੈਂਦਾ ਹੈ, ਤਾਂ ਉਹ, ਜਿਵੇਂ ਕਿ ਨਿਯਮਾਂ ਅਧੀਨ ਇਜਾਜ਼ਤ ਹੋਵੇ, ਉਨ੍ਹਾਂ ਪਰਚਿਆਂ ਜਿਨ੍ਹਾਂ ਵਿੱਚ ਉਸ ਦੀ ਇੱਕ ਜਾਂ ਵੱਧ ਵਾਰੀ ਮੁੜ-ਪਰੀਖਿਆ ਆ ਗਈ ਹੈ, ਪਾਸ ਕਰਨ ਲਈ ਵੱਧ ਤੋਂ ਵੱਧ 5 ਨੰਬਰ ਲੈਣ ਦਾ ਹੱਕਦਾਰ ਹੋਵੇਗਾ।

(ii) ਜਿਥੇ ਕਿਸੇ ਪਰੀਖਿਆ ਵਿੱਚ ਡਵੀਜ਼ਨ ਇੱਕ ਤੋਂ ਵੱਧ ਪਰੀਖਿਆ ਦੇ ਕੁੱਲ-ਜੋੜ ਨੂੰ ਮਿਲਾ ਕੇ ਤੈਅ ਹੁੰਦੀ ਹੋਵੇ, ਉਥੇ ਅਜਿਹੀ ਪਰੀਖਿਆ ਦੇ ਸਾਰੇ ਭਾਗਾਂ ਦਾ ਕੁੱਲ-ਜੋੜ ਸ਼ੁਮਾਰ ਕੀਤਾ ਜਾਵੇਗਾ, ਪਰ ਇਹ ਇਸ ਸ਼ਰਤ ਦੇ ਅਧੀਨ ਹੋਵੇਗਾ ਕਿ ਉਮੀਦਵਾਰ ਨੂੰ ਪਰੀਖਿਆ ਪਾਸ ਕਰਨ ਲਈ ਦਿੱਤੇ ਗਏ ਰਿਆਇਤੀ ਨੰਬਰ ਡਵੀਜ਼ਨ ਨੂੰ ਉਚੇਰਾ ਕਰਨ ਲਈ ਮਿਲਣ ਵਾਲੇ ਕੁੱਲ ਨੰਬਰਾਂ ਵਿੱਚੋਂ ਕੱਟ ਲਏ ਜਾਣਗੇ।

(iii) ਜੇਕਰ ਕਿਸੇ ਪਰੀਖਿਆ ਵਿੱਚ ਉਚੇਰੀ ਡਵੀਜ਼ਨ ਦਿੱਤੇ ਜਾਣ ਲਈ 1% ਦੇ ਆਧਾਰ ਤੇ 8 ਨੰਬਰ ਬਣਦੇ ਹੋਣ ਅਤੇ ਉਮੀਦਵਾਰ ਨੂੰ ਪਰੀਖਿਆ ਪਾਸ ਕਰਨ ਲਈ 2 ਨੰਬਰਾਂ ਦੀ ਲੋੜ ਹੋਵੇ ਤਾਂ ਉਹ ਉਚੇਰੀ ਡਵੀਜ਼ਨ ਲੈਣ ਲਈ ਕੇਵਲ 6 ਨੰਬਰਾਂ ਲਈ ਹੱਕਦਾਰ ਹੋਵੇਗਾ।

ਅਧਿਆਏ-XX

## ਨਤੀਜਿਆਂ ਵਿੱਚ ਮਾਡਰੇਸ਼ਨ

ਇਸ ਤੋਂ ਪਹਿਲਾਂ ਕਿ ਨਤੀਜਿਆਂ ਦਾ ਐਲਾਨ ਕੀਤਾ ਜਾਵੇ, ਚਾਲੂ ਸਾਲ ਅਤੇ ਪੂਰਵਵਰਤੀ ਸਾਲ/ਸਾਲਾਂ ਦੇ ਨਤੀਜੇ ਅਤੇ ਨਾਲੇ ਸਮੁੱਚੀ ਪਰੀਖਿਆ ਅਤੇ ਹਰ ਵਿਸ਼ੇ ਵਿੱਚ ਪਾਸ ਪ੍ਰਤਿਸ਼ਤਤਾ ਦੇ ਵਿਵਰਣ ਸੰਬੰਧਤ ਕਮੇਟੀਆਂ ਅੱਗੇ ਪੇਸ਼ ਕੀਤੇ ਜਾਣਗੇ ਜੋ ਨਿਮਨ-ਲਿਖਤ ਤੋਂ ਮਿਲਕੇ ਬਣਨਗੀਆਂ :

(I) ਪੋਸਟ-ਗ੍ਰੈਜੂਏਟ ਪਰੀਖਿਆਵਾਂ

1. ਵਾਈਸ-ਚਾਂਸਲਰ ਜਾਂ ਉਸ ਦੁਆਰਾ ਨਾਮਜ਼ਦ ਵਿਅਕਤੀ;
2. ਚੇਅਰਮੈਨ, ਅਧਿਐਨ ਬੋਰਡ;
3. ਯੂਨੀਵਰਸਿਟੀ ਦਾ ਕੋਈ ਇੱਕ ਪ੍ਰੋਫ਼ੈਸਰ/ਪ੍ਰਿੰਸੀਪਲ ਜੋ ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਕੀਤਾ ਜਾਵੇ।

(II) ਅੰਡਰ-ਗ੍ਰੈਜੂਏਟ ਪਰੀਖਿਆਵਾਂ

1. ਵਾਈਸ-ਚਾਂਸਲਰ ਜਾਂ ਉਸ ਦੁਆਰਾ ਨਾਮਜ਼ਦ ਵਿਅਕਤੀ ;
2. ਡੀਨ, ਅਕਾਦਮਿਕ ਕਾਰ-ਵਿਹਾਰ;
3. ਦੋ ਜਾਂ ਤਿੰਨ ਪ੍ਰੋਫ਼ੈਸਰ/ਪ੍ਰਿੰਸੀਪਲ ਜੋ ਵਾਈਸ-ਚਾਂਸਲਰ ਦੁਆਰਾ ਨਾਮਜ਼ਦ ਕੀਤੇ ਜਾਣ;
4. ਚੇਅਰਮੈਨ, ਅਧਿਐਨ ਬੋਰਡ (ਸੰਬੰਧਤ ਵਿਸ਼ੇ ਦਾ) ਜਿਥੇ ਕੋਈ ਸ਼ਿਕਾਇਤ ਹੋਵੇ।

ਪੇਸ਼ ਕੀਤੇ ਗਏ ਅੰਕੜਿਆਂ ਦੀ ਪੜਤਾਲ ਕਰਨ ਤੇ, ਜੇ ਕਮੇਟੀ ਇਹ ਸਮਝੇ ਕਿ ਸਮੁੱਚੀ ਪਰੀਖਿਆ ਜਾਂ ਕਿਸੇ ਖ਼ਾਸ ਵਿਸ਼ੇ ਵਿੱਚ ਪਾਸ ਪ੍ਰਤਿਸ਼ਤਤਾ ਕਾਫ਼ੀ ਘੱਟ ਗਈ ਹੈ, ਤਾਂ ਉਹ ਰਿਪੋਰਟ ਹਿੱਤ ਇਹ ਮਾਮਲਾ ਸੰਬੰਧਤ ਪਰੀਖਕਾਂ ਨੂੰ ਭੇਜ ਸਕੇਗੀ ਜਾਂ ਨਤੀਜਿਆਂ ਵਿੱਚ ਉਲਿੱਖਤ ਰੂਪਭੇਦ ਕਰਨ ਦਾ ਸੁਝਾਅ ਦੇ ਸਕੇਗੀ ਜਾਂ ਕੋਈ ਹੋਰ ਕਾਰਵਾਈ ਕਰ ਸਕੇਗੀ, ਜੋ ਉਹ ਉਚਿੱਤ ਸਮਝੇ।

# ਅਧਿਆਏ-XXI
# ਨਤੀਜਿਆਂ ਦਾ ਪ੍ਰਕਾਸ਼ਨ

1. ਹਰਿਕ ਪਰੀਖਿਆ ਲਈ ਔਰਡਿਨੈਂਸਾਂ ਦੁਆਰਾ ਨਿਯਤ ਕੀਤੇ ਗਏ ਪਾਸ ਨੰਬਰਾਂ ਦਾ ਹਿਸਾਬ ਲਾਉਣ ਲਈ ਜੇ ਕਸਰ ½ ਜਾਂ ਉਸ ਤੋਂ ਵੱਧ ਹੋਵੇ ਤਾਂ ਉਸ ਨੂੰ ਪੂਰਾ ਅੰਕ ਗਿਣ ਕੇ ਅਗਲਾ ਉਚੇਰਾ ਹਿੰਦਸਾ ਬਣਾ ਦਿੱਤਾ ਜਾਵੇਗਾ। ਜੇ ਕੋਈ ਕਸਰ ½ ਨਾਲੋਂ ਘੱਟ ਹੋਵੇ ਤਾਂ ਉਸ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇਗਾ।
2. ਜਿਵੇਂ ਔਰਡਿਨੈਂਸਾਂ ਵਿੱਚ ਦਿੱਤਾ ਗਿਆ ਹੈ, ਪਰੀਖਿਆਵਾਂ ਦੇ ਨਤੀਜੇ ਰਜਿਸਟਰਾਰ ਪ੍ਰਕਾਸ਼ਤ ਕਰੇਗਾ। ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਇੱਕ ਸੂਚੀ, ਜਿਸ ਵਿੱਚ ਪਾਸ ਹੋਏ ਉਮੀਦਵਾਰਾਂ ਦੀ ਸੂਰਤ ਵਿੱਚ, ਉਨ੍ਹਾਂ ਦੁਆਰਾ ਹਾਸਲ ਕੀਤੇ ਨੰਬਰ ਅਤੇ ਡਵੀਜ਼ਨਾਂ ਦੱਸੀਆਂ ਹੋਣਗੀਆਂ, ਉਨ੍ਹਾਂ ਸੰਸਥਾਵਾਂ ਨੂੰ ਵੀ ਭੇਜੀਆਂ ਜਾਣਗੀਆਂ ਜਿਨ੍ਹਾਂ ਰਾਹੀਂ ਉਨ੍ਹਾਂ ਨੇ ਪਰੀਖਿਆ ਦਿੱਤੀ।
3. ਫ਼ੇਲ੍ਹ ਹੋਏ ਪਰੀਖਿਆਰਥੀਆਂ ਦਾ ਵਿਵਰਨ, ਜਿਸ ਵਿੱਚ ਉਹ ਵਿਸ਼ਾ ਜਾਂ ਵਿਸ਼ੇ ਦੱਸੇ ਹੋਣਗੇ, ਜਿਸ/ਜਿਨ੍ਹਾਂ ਵਿੱਚ ਉਹ ਘੱਟ ਤੋਂ ਘੱਟ ਮੁਕੱਰਰ ਨੰਬਰ ਹਾਸਲ ਨਹੀਂ ਕਰ ਸਕੇ, ਤਿਆਰ ਕੀਤਾ ਜਾਵੇਗਾ ਅਤੇ ਨਤੀਜੇ ਪ੍ਰਕਾਸ਼ਤ ਹੋਣ ਤੋਂ ਇੱਕ ਹਫ਼ਤੇ ਦੇ ਅੰਦਰ ਸੰਬੰਧਤ ਸੰਸਥਾਵਾਂ ਨੂੰ ਭੇਜ ਦਿੱਤੇ ਜਾਣਗੇ।

   ਪ੍ਰਾਈਵੇਟ ਉਮੀਦਵਾਰਾਂ ਦੀ ਸੂਰਤ ਵਿੱਚ, ਨਤੀਜੇ ਪ੍ਰਕਾਸ਼ਤ ਹੋਣ ਤੇ ਨਤੀਜਾ ਕਾਰਡ ਉਨ੍ਹਾਂ ਦੇ ਪਤਿਆਂ ਤੇ ਭੇਜ ਦਿੱਤੇ ਜਾਣਗੇ।

## ਅਧਿਆਏ–XXII
# ਨਤੀਜਿਆਂ ਦੀ ਦਰੁੱਸਤੀ

1. ਸਿੰਡੀਕੇਟ ਨੂੰ ਇਹ ਇਖ਼ਤਿਆਰ ਹਾਸਲ ਹੋਵੇਗਾ ਕਿ ਉਹ ਨਤੀਜਾ ਨਿਕਲਣ ਤੋਂ ਬਾਅਦ ਕਿਸੇ ਉਮੀਦਵਾਰ ਦਾ ਨਤੀਜਾ ਰੱਦ ਕਰ ਦੇਵੇ, ਜੇ :
   (i) ਉਹ ਪਰੀਖਿਆ ਵਿੱਚ ਅਣਉਚਿੱਤ ਸਾਧਨ ਵਰਤਣ ਕਾਰਨ ਨਾਕਾਬਲ ਕਰ ਦਿੱਤਾ ਗਿਆ ਹੈ; ਜਾਂ
   (ii) ਨਤੀਜੇ ਵਿੱਚ ਕਿਸੇ ਗ਼ਲਤੀ ਦਾ ਪਤਾ ਲੱਗਾ ਹੋਵੇ; ਜਾਂ
   (iii) ਉਹ ਪਰੀਖਿਆ ਵਿੱਚ ਬੈਠਣ ਦਾ ਅਪਾਤਰ ਪਾਇਆ ਗਿਆ ਹੋਵੇ; ਜਾਂ
   (iv) ਇਸ ਪ੍ਰਯੋਜਨ ਲਈ ਉਚਿੱਤ ਸਮਝੇ ਗਏ ਕਿਸੇ ਹੋਰ ਕਾਰਨ ਕਰਕੇ:

   ਪਰੰਤੂ ਜੇ ਉਪਰੋਕਤ (ii) ਅਧੀਨ ਪਤਾ ਲੱਗੀ ਗ਼ਲਤੀ ਕਲੈਰੀਕਲ ਪ੍ਰਕਿਰਤੀ ਦੀ ਹੋਵੇ ਤਾਂ ਵਾਈਸ-ਚਾਂਸਲਰ ਨਤੀਜਾ/ਨਤੀਜੇ ਦਰੁਸਤ ਕਰਨ ਲਈ ਅਤੇ ਸੰਬੰਧਤ ਉਮੀਦਵਾਰ (ਾਂ) ਨੂੰ ਠੀਕ ਨਤੀਜਾ/ਨਤੀਜੇ ਅਧਿਸੂਚਿਤ ਕਰਨ ਲਈ ਸ਼ਕਤਵਾਨ ਹੋਵੇਗਾ। ਅਜਿਹਾ ਉਮੀਦਵਾਰ ਸੂਚਨਾ ਮਿਲਣ ਤੋਂ 30 ਦਿਨ ਦੇ ਅੰਦਰ ਵਾਈਸ-ਚਾਂਸਲਰ ਨੂੰ ਪ੍ਰਤਿਬੇਨਤੀ, ਜੇ ਕੋਈ ਹੋਵੇ, ਕਰ ਸਕੇਗਾ, ਜਿਸ ਦਾ ਉਸ ਤੇ ਫ਼ੈਸਲਾ ਅੰਤਿਮ ਹੋਵੇਗਾ।

2. ਉਮੀਦਵਾਰ, ਮੁਕੱਰਰ ਫ਼ੀਸ, ਪ੍ਰਤੀ ਪਰਚਾ ਦੇ ਹਿਸਾਬ ਨਾਲ ਅਦਾਇਗੀ ਕਰਨ ਤੇ ਆਪਣੇ ਉੱਤਰ-ਪਰਚਿਆਂ ਦੀ ਦੁਬਾਰਾ ਜਾਂਚ ਕਰਾਉਣ ਦਾ ਹੱਕਦਾਰ ਹੋਵੇਗਾ; ਉਹ ਮੁਕੱਰਰ ਨਿਰੀਖਣ ਫ਼ੀਸ ਪ੍ਰਤੀ ਪਰਚਾ ਦੇ ਹਿਸਾਬ ਅਦਾ ਕਰਕੇ ਹੇਠ-ਲਿਖੀਆਂ ਸ਼ਰਤਾਂ ਦੇ ਤਾਬੇ ਆਪਣੇ ਉੱਤਰ-ਪਰਚੇ, ਇਹ ਸੁਨਿਸ਼ਚਿਤ ਕਰਨ ਲਈ ਵੇਖਣ ਦਾ ਵੀ ਹੱਕਦਾਰ ਹੋਵੇਗਾ ਕਿ ਉਹ ਉੱਤਰ-ਪਰਚੇ ਉਸ ਦੇ ਹੀ ਹਨ :
   (i) ਦੁਬਾਰਾ ਜਾਂਚ ਲਈ ਦਰਖ਼ਾਸਤ ਯੂਨੀਵਰਸਿਟੀ ਦੁਆਰਾ ਨਤੀਜਾ ਐਲਾਨੇ ਜਾਣ ਦੀ ਤਰੀਕ ਤੋਂ 30 ਦਿਨਾਂ ਦੇ ਅੰਦਰ ਯੂਨੀਵਰਸਿਟੀ ਨੂੰ ਮਿਲ ਜਾਵੇ;
   (ii) ਦੁਬਾਰਾ ਜਾਂਚ ਕੇਵਲ ਇਹ ਵੇਖਣ ਲਈ ਕੀਤੀ ਜਾਵੇਗੀ ਕਿ ਕੀ ਵੱਖ-ਵੱਖ ਪ੍ਰਸ਼ਨਾਂ ਲਈ ਦਿੱਤੇ ਗਏ ਨੰਬਰ ਸਹੀ ਸਹੀ ਜੋੜੇ ਗਏ ਹਨ ਅਤੇ ਕੀ ਪਰੀਖਕ ਨੇ ਸਾਰੇ ਉੱਤਰਾਂ ਦੀ ਜਾਂਚ ਕੀਤੀ ਹੈ।

3. (i) ਇਹ ਫ਼ੀਸ ਵਾਪਸ ਨਹੀਂ ਕੀਤੀ ਜਾਵੇਗੀ।*

(ii) ਜੇ ਉਕਤ (2) ਵਿੱਚ ਕੀਤੇ ਉਪਬੰਧ ਅਨੁਸਾਰ ਕਿਸੇ ਉੱਤਰ-ਪਰਚੇ ਦੀ ਦੁਬਾਰਾ ਜਾਂਚ ਤੋਂ ਕਿਸੇ ਗ਼ਲਤੀ ਦਾ ਪਤਾ ਲੱਗੇ ਅਤੇ ਉਮੀਦਵਾਰ ਦਾ ਨਤੀਜਾ ਫ਼ੇਲ੍ਹ ਤੋਂ ਰੀ-ਅਪੀਅਰ ਜਾਂ ਰੀ-ਅਪੀਅਰ ਤੋਂ ਪਾਸ ਜਾਂ ਪਾਸ ਤੋਂ ਫ਼ੇਲ੍ਹ ਆਦਿ ਬਣਦਾ ਹੋਵੇ ਤਾਂ ਵਾਈਸ-ਚਾਂਸਲਰ ਦੀ ਪਰਵਾਨਗੀ ਨਾਲ ਨਤੀਜੇ ਵਿੱਚ ਦਰੁਸਤੀ ਕੀਤੀ ਜਾਵੇਗੀ ਅਤੇ ਜਿਥੇ ਕੇਵਲ ਨੰਬਰਾਂ ਵਿੱਚ ਹੀ ਘਾਟਾ/ਵਾਧਾ ਹੋਵੇ ਪਰ ਉਮੀਦਵਾਰ ਦੇ ਨਤੀਜੇ ਤੇ ਕੋਈ ਫ਼ਰਕ ਨਾ ਪੈਂਦਾ ਹੋਵੇ ਤਾਂ ਦਰੁਸਤੀ ਕੰਟਰੋਲਰ (ਪਰੀਖਿਆਵਾਂ) ਦੁਆਰਾ ਕੀਤੀ ਜਾਵੇਗੀ।**

4. ਕੋਈ ਉਮੀਦਵਾਰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 1● ਦਿਨ ਦੇ ਅੰਦਰ ਪ੍ਰਤੀ ਉੱਤਰ-ਕਾਪੀ ਲਈ ਮੁਕੱਰਰ ਫ਼ੀਸ ਜਮ੍ਹਾਂ ਕਰਵਾ ਕੇ ਆਪਣੀ ਉੱਤਰ-ਕਾਪੀ (ਥਿਉਰੀ) ਦੀ ਫ਼ੋਟੋ-ਕਾਪੀ ਲੈ ਸਕਦਾ ਹੈ:

ਪਰੰਤੂ ਇਹ ਕਿ ਇਹ ਸੁਵਿਧਾ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਉਪਲਬਧ ਹੋਵੇਗੀ ਜੋ ਉੱਤਰ-ਕਾਪੀਆਂ ਦਾ ਪੁਨਰ-ਮੁਲਾਂਕਣ ਕਰਵਾਉਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ।***

---

* ਸਿੰਡੀਕੇਟ ਮਿਤੀ 1●.6.1994 ਦੁਆਰਾ ਕੁਝ ਸ਼ਬਦ ਲੋਪ ਕੀਤੇ ਗਏ।

** ਸਿੰਡੀਕੇਟ ਮਿਤੀ 1●.6.1994 ਦੁਆਰਾ ਥਾਵੇਂ ਰੱਖਿਆ ਗਿਆ।

*** ਸਿੰਡੀਕੇਟ ਮਿਤੀ 21.6.2●●3 ਦੁਆਰਾ ਜੋੜਿਆ ਗਿਆ।

## ਅਧਿਆਏ-XXIII

# *ਅਣਉੱਚਿਤ ਸਾਧਨਾਂ ਸੰਬੰਧੀ ਔਰਡਿਨੈਂਸ

1 ਇਨ੍ਹਾਂ ਔਰਡਿਨੈਂਸਾਂ ਨੂੰ "ਪਰੀਖਿਆਵਾਂ ਨਾਲ ਸੰਬੰਧਤ ਜਾਂ ਪਰੀਖਿਆਵਾਂ ਵਿੱਚ ਕਦਾਚਾਰ ਅਤੇ ਅਣਉਚਿਤ ਸਾਧਨਾਂ ਦੀ ਵਰਤੋਂ ਨਾਲ ਸੰਬੰਧਤ ਕੇਸਾਂ ਦੀ ਰੋਕਥਾਮ, ਸਜ਼ਾ ਅਤੇ ਜ਼ਾਬਤੇ ਨਾਲ ਸੰਬੰਧਤ ਔਰਡਿਨੈਂਸ" ਕਿਹਾ ਜਾ ਸਕੇਗਾ ਅਤੇ ਸੰਖੇਪ ਵਿੱਚ "ਅਣ ਉਚਿਤ ਸਾਧਨਾਂ ਨਾਲ ਸੰਬੰਧਤ ਕੇਸਾਂ ਬਾਰੇ ਔਰਡਿਨੈਂਸ" ਕਿਹਾ ਜਾ ਸਕੇਗਾ।

2 ਇਨ੍ਹਾਂ ਔਰਡਿਨੈਂਸਾਂ ਵਿੱਚ ਜੇਕਰ ਵਿਸ਼ੇ ਜਾਂ ਪ੍ਰਸੰਗ ਵਿੱਚ ਇਸ ਦੇ ਵਿਰੁੱਧ ਕੋਈ ਗੱਲ ਨਾ ਹੋਵੇ, ਤਾਂ;

(i) 'ਨਾਕਾਬਲੀਅਤ' ਦਾ ਮਤਲਬ ਹੋਵੇਗਾ ਕਿਸੇ ਉਮੀਦਵਾਰ ਨੂੰ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਤੋਂ ਵੰਚਿਤ ਕਰਨਾ ਅਤੇ ਉਸ ਨੂੰ ਪਰੀਖਿਆ ਵਿੱਚ ਫ਼ੇਲ੍ਹ ਹੋਇਆ ਸਮਝਿਆ ਜਾਵੇਗਾ ਅਤੇ ਉਹ ਫੇਲ੍ਹ ਹੋਣ ਦੇ ਸਭ ਪਰਿਣਾਮ ਉਸ ਨਾਲ ਜੁੜੇ ਹੋਣਗੇ।

(ii) "ਸਾਲ" ਦਾ ਮਤਲਬ ਹੈ ਅਕਾਦਮਿਕ ਸਾਲ।

3. ਉਮੀਦਵਾਰ ਦੁਆਰਾ ਨੋਟਸ, ਕਿਤਾਬਾਂ ਜਾਂ ਹੋਰ ਸਮਗਰੀ ਆਪਣੇ ਕਬਜ਼ੇ ਵਿੱਚ ਰੱਖਣਾ, ਜਾਂ ਉਮੀਦਵਾਰ ਦੁਆਰਾ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਪਰੀਖਿਆ ਦੇ ਦੌਰਾਨ ਕੋਈ ਹੋਰ ਅਜਿਹਾ ਕੰਮ ਕਰਨਾ ਜਿਹਾ ਇਨ੍ਹਾਂ ਔਰਡਿਨੈਂਸਾਂ ਵਿੱਚ ਵਰਣਤ ਹੈ, ਇਸ ਵਿੱਚ ਦਰਜ ਉਪਬੰਧਾਂ ਦੇ ਅਨੁਸਾਰ ਸਜ਼ਾਯੋਗ ਕੰਮ ਹੋਵੇਗਾ।

4. ਅਣਉਚਿਤ ਸਾਧਨ ਦੀ ਵਰਤੋਂ ਦੇ ਕੇਸ ਦਾ ਪਤਾ ਲੱਗਣ ਤੋਂ ਤੁਰੰਤ ਪਿਛੋਂ ਸੁਪਰਡੈਂਟ ਉਸ ਉਮੀਦਵਾਰ ਨੂੰ ਆਪਣੇ ਆਚਰਨ ਦੇ ਸਪਸ਼ਟੀਕਰਣ ਲਈ ਲਿਖਤੀ ਬਿਆਨ ਦੇਣ ਲਈ ਕਹੇਗਾ। ਜੇ ਉਮੀਦਵਾਰ ਅਜਿਹਾ ਕਰਨ ਤੋਂ ਇਨਕਾਰ ਕਰ ਦੇਵੇ ਤਾਂ ਉਸ ਦੇ ਇਨਕਾਰ ਦਾ ਤੱਥ ਸੁਪਰਡੈਂਟ ਦੁਆਰਾ ਕਲਮਬੰਦ ਕੀਤਾ ਜਾਵੇਗਾ ਜਿਸ ਦੀ ਡਿਊਟੀ ਦੇ ਰਹੇ ਘੱਟ ਤੋਂ ਘੱਟ ਇੱਕ ਸੁਪਰਵਾਈਜ਼ਰ ਦੁਆਰਾ ਤਸਦੀਕ ਕੀਤੀ ਜਾਵੇਗੀ। ਬਿਆਨ ਦੇਣ ਤੋਂ ਇਨਕਾਰ ਕਰਨ ਦੀ ਉਚਿਤਤਾ ਸਾਬਤ ਕਰਨ ਦਾ ਭਾਰ ਉਮੀਦਵਾਰ ਤੇ ਹੋਵੇਗਾ।

---

* ਸਿੰਡੀਕੇਟ ਮਿਤੀ 26.12.199●.

5. ਉਹ ਉੱਤਰ-ਪਰਚਾ, ਜਿਸ ਵਿੱਚ ਅਣਉਚਿਤ ਸਾਧਨ ਦੀ ਵਰਤੋਂ ਕੀਤੀ ਗਈ ਹੋਣੀ ਕਥਤ ਕੀਤੀ ਜਾਂਦੀ ਹੈ, ਸੁਪਰਡੈਂਟ ਦੁਆਰਾ ਫੜ ਲਿਆ ਜਾਵੇਗਾ ਅਤੇ ਉਮੀਦਵਾਰ ਨੂੰ ਬਾਕੀ ਦੇ ਪ੍ਰਸ਼ਨ ਪੱਤਰ ਦਾ ਉੱਤਰ ਵੱਖਰੇ ਉੱਤਰ-ਪਰਚੇ ਤੇ ਦੇਣ ਦੀ ਇਜਾਜ਼ਤ ਹੋਵੇਗੀ। ਸੁਪਰਡੈਂਟ ਉਹ ਦੋਵੇਂ ਉੱਤਰ-ਪਰਚੇ ਮੁਕੱਰਰ ਫ਼ਾਰਮ ਵਿਚ ਆਪਣੀ ਰਿਪੋਰਟ ਦੇ ਨਾਲ ਰਜਿਸਟਰਾਰ/ਕੰਟਰੋਲਰ, ਪਰੀਖਿਆਵਾਂ ਨੂੰ ਭੇਜੇਗਾ। ਉਸ ਉਮੀਦਵਾਰ ਦਾ ਬਾਕੀ ਦੀ ਪਰੀਖਿਆ ਵਿੱਚ ਉੱਤਰ ਵਰਤੀ ਪਰਚਿਆਂ ਵਿੱਚ ਬੈਠਣ ਦਾ ਅਧਿਕਾਰ ਖੁਸ ਨਹੀਂ ਜਾਵੇਗਾ।

6. ਸਿੰਡੀਕੇਟ ਹਰ ਸਾਲ, ਪਰੀਖਿਆਵਾਂ ਵਿੱਚ ਕਦਾਚਾਰ ਅਤੇ ਅਣ-ਉਚਿਤ ਸਾਧਨਾਂ ਦੀ ਵਰਤੋਂ ਦੇ ਕੇਸ ਨਜਿੱਠਣ ਲਈ, ਘੱਟ ਤੋਂ ਘੱਟ ਤਿੰਨ ਮੈਬਰਾਂ ਤੋਂ ਮਿਲ ਕੇ ਬਣੀ ਇੱਕ ਜਾਂ ਇੱਕ ਤੋਂ ਵੱਧ ਕਮੇਟੀਆਂ ਨਿਯੁਕਤ ਕਰੇਗੀ। ਦੋ ਮੈਂਬਰ ਕੋਰਮ ਗਠਿਤ ਕਰਨਗੇ।

7. ਜਦੋਂ ਕਮੇਟੀ ਸਰਬ ਸੰਮਤੀ ਨਾਲ ਫ਼ੈਸਲਾ ਕਰੇਗੀ ਤਾਂ ਉਹ ਅੰ ਤਿਮ ਹੋਵੇਗਾ। ਜੇ ਕਮੇਟੀ ਵਿੱਚ ਸਰਬਸੰਮਤੀ ਨਾ ਹੋਵੇ ਤਾਂ ਮਾਮਲਾ ਵਾਈਸ ਚਾਂਸਲਰ ਦੇ ਹਵਾਲੇ ਕੀਤਾ ਜਾਵੇਗਾ, ਜੋ ਜਾਂ ਤਾਂ ਮਾਮਲੇ ਦਾ ਫ਼ੈਸਲਾ ਖ਼ੁਦ ਕਰੇਗਾ ਜਾਂ ਉਹ ਮਾਮਲਾ ਫ਼ੈਸਲੇ ਲਈ ਸਿੰਡੀਕੇਟ ਦੇ ਹਵਾਲੇ ਕਰੇਗਾ।

8. ਰਜਿਸਟਰਾਰ/ਕੰਟਰੋਲਰ ਪਰੀਖਿਆਵਾਂ ਜਾਂ ਇਸ ਨਮਿਤ ਉਸ ਦੁਆਰਾ ਅਧਿਕਾਰਤ ਕੋਈ ਅਫ਼ਸਰ, ਉਸ ਉਮੀਦਵਾਰ ਨੂੰ, ਜਿਸ ਦੁਆਰਾ ਅਣਉਚਿਤ ਸਾਧਨਾਂ ਦੀ ਵਰਤੋਂ ਕੀਤਾ ਗਿਆ ਹੋਣਾ ਜਾਂ ਝੂਠੇ ਦਰਸਾਵੇ ਦੁਆਰਾ ਕਿਸੇ ਪਰੀਖਿਆ ਵਿੱਚ ਦਾਖ਼ਲਾ ਹਾਸਲ ਕੀਤਾ ਗਿਆ ਹੋਣਾ ਕਥਤ ਕੀਤਾ ਜਾਂਦਾ ਹੈ, ਪੁੱਛੇਗਾ ਕਿ ਉਹ ਕਾਰਨ ਦੱਸੇ ਕਿ ਇਨ੍ਹਾਂ ਔਰਡਿਨੈਂਸਾਂ ਅਧੀਨ ਉਸ ਦੇ ਵਿਰੁੱਧ ਕਾਰਵਾਈ ਕਿਉਂ ਨਾ ਕੀਤੀ ਜਾਵੇ। ਜੇ ਅਜਿਹੇ ਨੋਟਿਸ ਦੀ ਤਾਮੀਲ ਤੋਂ ਅਨੁਬੰਧਤ ਮੁੱਦਤ ਦੇ ਅੰਦਰ ਉਮੀਦਵਾਰ ਕੋਈ ਜਵਾਬ ਨਹੀਂ ਦਿੰਦਾ ਤਾਂ ਯੂਨੀਵਰਸਿਟੀ ਉਸ ਦੀ ਗ਼ੈਰਹਾਜ਼ਰੀ ਵਿਚ ਕੇਸ ਉੱਤੇ ਕਾਰਵਾਈ ਕਰੇਗੀ।

9. ਸੁਪਰਵਾਈਜ਼ਰੀ ਅਮਲੇ ਅਤੇ/ਜਾਂ ਉਡਣ ਦਸਤੇ ਦੁਆਰਾ ਅਣਉਚਿਤ ਸਾਧਨਾਂ ਦੇ ਫੜੇ ਗਏ ਸਭ ਕੇਸਾਂ ਦੀ ਰਿਪੋਰਟ ਰਜਿਸਟਰਾਰ/ਕੰਟਰੋਲਰ, ਪਰੀਖਿਆਵਾਂ ਨੂੰ ਕੀਤੀ ਜਾਵੇਗੀ, ਜੋ ਉਨ੍ਹਾਂ ਨੂੰ ਪ੍ਰਾਸੈਸ ਕਰਨ ਪਿੱਛੋਂ ਅਣਉਚਿਤ ਸਾਧਨ ਕਮੇਟੀ ਅੱਗੇ ਫ਼ੈਸਲੇ ਲਈ ਪੇਸ਼ ਕਰੇਗਾ ।

10. ਜੇ ਇਹ ਪਾਇਆ ਜਾਵੇ ਕਿ ਪਰੀਖਿਆ ਦੇ ਸਮੇਂ ਦੇ ਦੌਰਾਨ ਕਿਸੇ ਅਜਿਹੇ ਕਾਗ਼ਜ਼, ਕਿਤਾਬਾਂ, ਨੋਟਸ, ਸ਼ਕਲਾਂ, ਚਾਰਟ ਜਾਂ ਸਾਰਣੀਆਂ ਕਿਸੇ ਉਮੀਦਵਾਰ ਦੇ ਕਬਜ਼ੇ ਵਿੱਚ ਹਨ ਜਾਂ ਉਸ ਦੀ ਪਹੁੰਚ ਵਿੱਚ ਹਨ, ਜੋ ਪਰੀਖਿਆ ਦੇ ਵਿਸ਼ੇ ਨਾਲ ਸੰਬੰਧਤ ਨਹੀਂ ਹਨ ਅਤੇ ਜਿਨ੍ਹਾਂ ਤੋਂ ਸਹਾਇਤਾ ਲੈਣਾ ਸੰਭਵ ਨਹੀਂ ਸੀ, ਤਾਂ ਉਸ ਕੇਸ ਦੀ ਸੁਪਰਡੈਂਟ ਦੁਆਰਾ, ਰਜਿਸਟਰਾਰ/ਕੰਟਰੋਲਰ, (ਪਰੀਖਿਆਵਾਂ) ਨੂੰ ਰਿਪੋਰਟ ਕੀਤੀ ਜਾਵੇਗੀ, ਜੋ ਉਹ ਕੇਸ ਅਣਉਚਿਤ ਸਾਧਨ ਕੇਸਾਂ ਦੀ ਕਮੇਟੀ ਨੂੰ ਭੇਜੇਗਾ।

11. ਜੇ ਇਹ ਪਾਇਆ ਜਾਵੇ ਕਿ ਕੋਈ ਅਜਿਹੇ ਕਾਗਜ਼, ਕਿਤਾਬਾਂ, ਨੋਟਸ, ਜਾਂ ਦੋਸ਼ਣੀ ਸਮੱਗਰੀ ਅਣਭੋਲਤਾ ਕਾਰਨ ਕਿਸੇ ਉਮੀਦਵਾਰ ਦੇ ਕਬਜ਼ੇ ਜਾਂ ਪਹੁੰਚ ਵਿੱਚ ਹੈ, ਲੇਕਿਨ ਉਸ ਕਾਗਜ਼, ਕਿਤਾਬਾਂ, ਨੋਟਸ ਜਾਂ ਦੋਸ਼ਣੀ ਸਮੱਗਰੀ ਤੋਂ ਉਹ ਸਹਾਇਤਾ ਲੈ ਸਕਦਾ ਸੀ, ਤਾਂ ਉਸ ਪਰਚੇ ਲਈ ਉਸ ਦਾ ਉੱਤਰ-ਪਰਚਾ ਰੱਦ ਕਰ ਦਿੱਤਾ ਜਾਵੇਗਾ। ਅਣਭੋਲਤਾ ਬਾਬਤ ਫ਼ੈਸਲਾ ਅਣ-ਉਚਿਤ ਸਾਧਨ ਕੇਸਾਂ ਦੀ ਕਮੇਟੀ ਦੁਆਰਾ, ਉਸ ਦੇ ਪ੍ਰਸੰਗ ਵਿੱਚ ਕੀਤਾ ਜਾਵੇਗਾ।

12. ਜੇ ਕਿਸੇ ਯੂਨੀਵਰਸਿਟੀ ਪਰੀਖਿਆ ਦੇ ਦੌਰਾਨ ਪਰੀਖਿਆਰਥੀ ਪਰੀਖਿਆ ਹਾਲ ਤੋਂ ਬਾਹਰ ਚਲਾ ਜਾਂਦਾ ਹੈ ਜਾਂ ਆਪਣਾ ਪਰਚਾ ਆਪਣੀ ਸੀਟ ਤੇ ਛੱਡ ਕੇ ਕਿਤਾਬਾਂ, ਕਾਪੀਆਂ ਜਾਂ ਕਾਗਜ਼ ਜਾਂ ਕੋਈ ਹੋਰ ਸਮੱਗਰੀ ਵੇਖਣ ਲਈ ਆਪਣੀ ਸੀਟ ਛੱਡ ਕੇ ਜਾਂਦਾ ਹੈ, ਤਾਂ ਜੇ ਉਹ ਕਿਸੇ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ, ਜੋ ਸਾਲ ਵਿੱਚ ਇੱਕ ਵਾਰ ਲਈ ਜਾਂਦੀ ਹੈ ਤਾਂ ਉਸ ਨੂੰ ਦੋ ਸਾਲਾਂ ਤੱਕ ਲਈ, ਉਹ ਸਾਲ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਜਾਂਦਾ ਹੈ, ਜਾਂ ਜੇ ਉਹ ਕਿਸੇ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰ ਲਈ ਜਾਂਦੀ ਹੈ ਤਾਂ ਚਾਰ ਪਰੀਖਿਆਵਾਂ ਲਈ, ਉਹ ਪਰੀਖਿਆ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਜਾਂਦਾ ਹੈ, ਕਿਸੇ ਵੀ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਲਈ ਨਾਕਾਬਲ ਕੀਤਾ ਜਾ ਸਕੇਗਾ।

13. ਜੇ ਪਰੀਖਿਆ ਦੇ ਸਮੇਂ ਦੇ ਦੌਰਾਨ, ਕੋਈ ਉਮੀਦਵਾਰ ਕਿਸੇ ਹੋਰ ਉਮੀਦਵਾਰ ਨਾਲ ਜਾਂ ਪਰੀਖਿਆ ਹਾਲ ਵਿੱਚ ਜਾਂ ਉਸ ਤੋਂ ਬਾਹਰ ਕਿਸੇ ਵਿਅਕਤੀ ਨਾਲ ਸੁਪਰਵਾਈਜ਼ਰੀ ਅਮਲੇ ਦੇ ਕਿਸੇ ਮੈਂਬਰ ਦੀ ਇਜਾਜ਼ਤ ਤੋਂ ਬਿਨਾਂ ਗੱਲਾਂ ਕਰਦਾ ਪਾਇਆ ਜਾਵੇਗਾ ਤਾਂ ਉਸ ਦਾ ਉਸ ਪਰਚੇ ਵਿਸ਼ੇਸ਼ ਲਈ ਉੱਤਰ ਪਰਚਾ ਰੱਦ ਕੀਤਾ ਜਾ ਸਕੇਗਾ।

14. ਯੂਨੀਵਰਸਿਟੀ ਪਰੀਖਿਆ ਦੌਰਾਨ ਜੇਕਰ ਕਿਸੇ ਉਮੀਦਵਾਰ ਦੇ ਕਬਜ਼ੇ ਵਿੱਚ ਕੋਈ ਸਮੱਗਰੀ ਹੈ ਜਿਵੇਂ ਕਿ :

(ੳ) ਕਾਗਜ਼, ਕਿਤਾਬਾਂ ਜਾਂ ਨੋਟਸ ਜਾਂ ਮੋਬਾਈਲ ਫ਼ੋਨ, ਪੇਜਰ, ਈਅਰ-ਫ਼ੋਨ ਜਾਂ ਪੇਪਰ ਨਾਲ ਸੰਬੰਧਤ ਕੋਈ ਹੋਰ ਸਮੱਗਰੀ, ਜਾਂ

(ਅ) ਉਮੀਦਵਾਰ ਦੁਆਰਾ ਪਾਏ ਹੋਏ ਕੱਪੜਿਆਂ ਦੇ ਕਿਸੇ ਭਾਗ ਉੱਤੇ ਜਾਂ ਉਸ ਦੇ ਸਰੀਰਦੇਕਿਸੇਅੰਗਉ ੱਤੇ ਜਾਂ ਮੇਜ਼ ਜਾਂ ਡੈਸਕ ਉੱਤੇ ਲਿਖੇ ਨੋਟਸ ਮਿਲਦੇ ਹਨ; ਜਾਂ

(ੲ) ਫੁੱਟਾ ਅਤੇ ਜਾਂ ਸੈੱਟ-ਸੁਕੇਅਰਜ਼, ਪ੍ਰੋਟੈਕਟਰਜ਼, ਸਲਾਈਡ ਰੂਲਜ਼ ਜਿਹੇ ਯੰਤਰ ਮਿਲਦੇ ਹਨ ਜਿਨ੍ਹਾਂ ਉੱਤੇ ਨੋਟਸ ਲਿਖੇ ਹੋਏ ਹੋਣ;

ਜੋ ਪਰੀਖਿਆ ਦੇ ਵਿਸ਼ੇ ਨਾਲ ਸੁਸੰਗਤ ਹੈ/ਹਨ, ਤਾਂ ਉਸ ਨੂੰ ਜੇ ਉਹ ਕਿਸੇ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ ਤਾਂ ਉਸ ਨੂੰ ਦੋ ਸਾਲਾਂ ਤੱਕ ਲਈ ਜਿਸ ਵਿੱਚ ਉਹ ਸਾਲ ਸ਼ਾਮਲ ਹੈ ਜਿਸ ਵਿੱਚ ਉਹ ਕਸੂਰਵਾਰ ਪਾਇਆ ਜਾਂਦਾ ਹੈ, ਕਿਸੇ ਯੂਨੀਵਰਸਿਟੀ ਪਰੀਖਿਆ ਵਿੱਚ, ਜਾਂ ਜੇ ਉਹ ਕਿਸੇ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ, ਤਾਂ ਚਾਰ ਪਰੀਖਿਆਵਾਂ ਲਈ, ਜਿਸ ਵਿੱਚ ਉਹ ਪਰੀਖਿਆ ਸ਼ਾਮਲ ਹੈ ਜਿਸ ਵਿੱਚ ਉਹ ਕਸੂਰਵਾਰ ਪਾਇਆ ਜਾਂਦਾ ਹੈ, ਕਿਸੇ ਵੀ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਤੋਂ ਨਾਕਾਬਲ ਕੀਤਾ ਜਾ ਸਕੇਗਾ।

15. ਜੇ ਕੋਈ ਉਮੀਦਵਾਰ ਨਕਲ ਕਰਦਾ ਪਾਇਆ ਜਾਂਦਾ ਹੈ ਜਾਂ ਉਸ ਦਾ ਉੱਤਰ ਪਰਚਾ ਇਹ ਦਰਸਾਉਂਦਾ ਹੈ ਜਾਂ ਹੋਰਵੇਂ ਇਹ ਸਾਬਤ ਹੋ ਜਾਂਦਾ ਹੈ :-

(ੳ) ਕਿ ਉਸ ਨੇ ਨਕਲ ਕੀਤੀ ਹੈ ਜਾਂ ਕਿਸੇ ਕਾਗਜ਼ਾਂ, ਕਿਤਾਬਾਂ, ਨੋਟਸ, ਉੱਤਰ ਪਰਚੇ ਜਾਂ ਹੋਰ ਕਿਸੇ ਸੋਮੇ ਤੋਂ ਪਰੀਖਿਆ ਦੇ ਦੌਰਾਨ ਜਾਂ ਉਸ ਤੋਂ ਬਾਅਦ ਕਿਸੇ ਸਮੇਂ, ਕਿਸੇ ਤਰ੍ਹਾਂ ਸਹਾਇਤਾ ਲਈ ਹੈ; ਜਾਂ

(ਅ) ਕਿ ਉਸ ਨੇ ਕਿਸੇ ਹੋਰ ਉਮੀਦਵਾਰ ਨੂੰ ਆਪਣੇ ਉੱਤਰ ਪਰਚੇ ਤੋਂ ਨਕਲ ਕਰਨ ਦਿੱਤੀ ਹੈ; ਜਾਂ

(ੲ) ਕਿ ਉਸ ਨੇ ਹੋਰ ਉਮੀਦਵਾਰ ਤੋਂ ਸਹਾਇਤਾ ਲਈ ਹੈ ਜਾਂ ਕਿਸੇ ਹੋਰ ਉਮੀਦਵਾਰ ਦੀ ਸਹਾਇਤਾ ਕੀਤੀ ਹੈ; ਜਾਂ

(ਸ) ਕਿ ਪਰੀਖਿਆ ਦੇ ਦੌਰਾਨ ਕਿਸੇ ਉਮੀਦਵਾਰ ਨੇ ਆਪਣਾ ਉੱਤਰ ਪਰਚਾ ਜਾਂ ਉਸ ਦਾ ਕੋਈ ਭਾਗ ਕਿਸੇ ਹੋਰ ਉਮੀਦਵਾਰ ਨਾਲ ਵਟਾਇਆ ਹੈ, ਤਾਂ,

ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ ਤਾਂ ਦੋ ਸਾਲ ਤੱਕ ਲਈ, ਉਹ ਸਾਲ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਕਿਸੇ ਪਰੀਖਿਆ ਵਿੱਚ ਬੈਠਣ ਤੋਂ, ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ ਤਾਂ ਚਾਰ ਪਰੀਖਿਆਵਾਂ ਵਿੱਚ ਬੈਠਣ ਤੋਂ, ਉਹ ਪਰੀਖਿਆ ਸ਼ਾਮਲ ਕਰਕੇ, ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਨਾਕਾਬਲ ਕੀਤਾ ਜਾ ਸਕੇਗਾ।

16. ਜੇ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਦੇ ਦੌਰਾਨ ਕੋਈ ਵਿਦਿਆਰਥੀ ਕੋਈ ਨੋਟ ਜਾਂ ਕਾਗਜ਼ ਨਿਗਲਦਾ ਜਾਂ ਨਿਗਲਣ ਦੀ ਕੋਸ਼ਿਸ਼ ਕਰਦਾ ਪਾਇਆ ਜਾਂਦਾ ਹੈ ਜਾਂ ਉਸ ਨੂੰ ਲੈ ਕੇ ਭੱਜ ਜਾਂਦਾ ਹੈ ਜਾਂ ਅਜਿਹੀ ਸਮੱਗਰੀ ਨੂੰ ਗ਼ਾਇਬ ਕਰਨ ਜਾਂ ਤਲਫ਼ ਕਰਨ ਦਾ ਕਸੂਰ ਕਰਦਾ ਹੈ, ਤਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ ਤਾਂ ਦੋ ਸਾਲ ਲਈ, ਉਹ ਸਾਲ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਕਿਸੇ ਪਰੀਖਿਆ ਵਿੱਚ ਬੈਠਣ ਤੋਂ, ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ ਤਾਂ ਚਾਰ ਪਰੀਖਿਆਵਾਂ ਵਿੱਚ ਬੈਠਣ ਤੋਂ, ਉਹ ਪਰੀਖਿਆ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਨਾਕਾਬਲ ਕੀਤਾ ਜਾ ਸਕੇਗਾ।

17. ਜੇ ਕੋਈ ਉਮੀਦਵਾਰ, ਪਰੀਖਿਆ ਦੇ ਅਨੁਕ੍ਰਮ ਵਿਚ ਸਿਆਹੀ-ਚੂਸ ਉਤੇ ਜਾਂ ਕਿਸੇ ਹੋਰ ਕਾਗਜ਼ ਉੱਤੇ ਪਰਚੇ ਵਿੱਚ ਪਾਇਆ ਗਿਆ ਕੋਈ ਸਵਾਲ, ਜਾਂ ਪਰਚੇ ਵਿੱਚ ਪਾਏ ਗਏ ਕਿਸੇ ਸਵਾਲ ਦੇ ਮੁਤੱਲਕ ਜਾਂ ਬਾਰੇ ਜਾਂ ਉਸ ਦੇ ਹੱਲ ਬਾਰੇ ਕੋਈ ਗੱਲ ਲਿਖੇਗਾ, ਤਾਂ ਉਹ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ, ਤਾਂ ਇੱਕ ਸਾਲ ਲਈ, ਉਹ ਪਰੀਖਿਆ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ ਤਾਂ ਦੋ ਪਰੀਖਿਆਵਾਂ ਲਈ, ਉਹ ਪਰੀਖਿਆ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਨਾਕਾਬਲ ਕੀਤਾ ਜਾ ਸਕੇਗਾ।

18. ਜੇ ਪਰੀਖਿਆ ਦੇ ਦੌਰਾਨ ਕੋਈ ਉਮੀਦਵਾਰ ਪ੍ਰਸ਼ਨ ਪੱਤਰ ਵਿੱਚ ਪਾਏ ਗਏ ਸਵਾਲ ਜਾਂ ਉਸ ਦੇ ਭਾਗ ਦੀ ਨਕਲ ਜਾਂ ਪ੍ਰਸ਼ਨ ਪੱਤਰ ਹੀ ਜਾਂ ਉਸ ਦਾ ਕੋਈ ਭਾਗ, ਜਾਂ ਪ੍ਰਸ਼ਨ-ਪੱਤਰ ਵਿੱਚ ਪਾਏ ਗਏ ਸਵਾਲ ਦਾ ਹੱਲ ਕਿਸੇ ਨੂੰ ਦੇਣ ਜਾਂ ਦੇਣ ਦੀ ਕੋਸ਼ਿਸ਼ ਕਰਨ ਦਾ ਕਸੂਰਵਾਰ ਪਾਇਆ ਜਾਵੇਗਾ, ਤਾਂ ਉਹ, ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ, ਦੋ ਸਾਲ ਤੱਕ ਲਈ, ਉਹ ਸਾਲ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ, ਤਾਂ ਚਾਰ ਪਰੀਖਿਆਵਾਂ ਤੱਕ ਲਈ, ਉਹ ਪਰੀਖਿਆ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਨਾਕਾਬਲ ਕੀਤਾ ਜਾ ਸਕੇਗਾ।

19. ਕਿਸੇ ਉਮੀਦਵਾਰ ਨੂੰ ਜਿਸ ਦੇ ਕਬਜ਼ੇ ਵਿੱਚੋਂ ਪ੍ਰਸ਼ਨ-ਪੱਤਰ ਵਿੱਚ ਪਾਏ ਗਏ ਕਿਸੇ ਸਵਾਲ ਦਾ ਸਿੱਧਾ ਹੱਲ ਜਾਂ ਹੱਲ ਦਾ ਭਾਗ ਪਾਇਆ ਜਾਵੇ, ਤਿੰਨ ਸਾਲਾਂ ਤੱਕ ਲਈ ਕਿਸੇ ਵੀ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ। ਅਜਿਹੀ ਸਹਾਇਤਾ ਕਰਨ ਵਾਲਾ/ਕਰਨ ਵਾਲੇ ਵਿਅਕਤੀ ਜੇ ਉਹ ਯੂਨੀਵਰਸਿਟੀ ਜਾਂ ਉਸ ਨਾਲ ਸੰਬੰਧਤ ਕਿਸੇ ਕਾਲਜ ਦਾ ਵਿਦਿਆਰਥੀ ਹੋਵੇ/ਦੇ ਵਿਦਿਆਰਥੀ ਹੋਣ ਤਾਂ ਉਹ ਵੀ ਤਿੰਨ ਸਾਲ ਲਈ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤਾ ਜਾਵੇਗਾ/ਕੀਤੇ ਜਾਣਗੇ। ਜੇ ਅਜਿਹਾ/ਅਜਿਹੇ ਵਿਅਕਤੀ ਕਿਸੇ ਹੋਰ ਯੂਨੀਵਰਸਿਟੀ ਦੇ ਜਾਂ ਉਸ ਯੂਨੀਵਰਸਿਟੀ ਨਾਲ ਸੰਬੱਧ ਕਿਸੇ ਕਾਲਜ ਦਾ/ਦੇ ਵਿਦਿਆਰਥੀ ਹੋਵੇ/ ਹੋਣ ਤਾਂ ਉਸ ਦੇ/ਉਨ੍ਹਾਂ ਦੇ ਆਚਰਨ ਦੀ ਰਿਪੋਰਟ, ਉਸ ਯੂਨੀਵਰਸਿਟੀ ਨੂੰ, ਅਜਿਹੀ ਕਾਰਵਾਈ ਕਰਨ ਲਈ, ਜਿਹੀ ਉਹ ਠੀਕ ਸਮਝੇ, ਕੀਤੀ ਜਾਵੇਗੀ। ਜੇ ਅਜਿਹਾ/ਅਜਿਹੇ ਵਿਅਕਤੀ ਅਧਿਆਪਨ ਅਮਲੇ ਦਾ ਹੋਵੇ/ਦੇ ਹੋਣ ਤਾਂ ਉਸ ਦੇ/ਉਨ੍ਹਾਂ ਦੇ ਕੇਸ ਦੀ ਰਿਪੋਰਟ ਉਸ/ਉਨ੍ਹਾਂ ਦੇ ਨਿਯੋਜਕ/ਨਿਯੋਜਕਾਂ ਨੂੰ ਮੁਨਾਸਬ ਕਾਰਵਾਈ ਲਈ ਕੀਤੀ ਜਾਵੇਗੀ ਅਤੇ ਉਸ ਤੋਂ ਇਲਾਵਾ ਯੂਨੀਵਰਸਿਟੀ ਉਸ ਦੀ ਅਧਿਆਪਕ/ਉਨ੍ਹਾਂ ਦੀ ਅਧਿਆਪਕਾਂ ਦੇ ਤੌਰ ਤੇ ਪਰਵਾਨਗੀ ਵਾਪਸ ਲੈ ਸਕੇਗੀ। ਜਿਥੇ ਅਜਿਹਾ/ਅਜਿਹੇ ਵਿਅਕਤੀ ਗ਼ੈਰ-ਅਧਿਆਪਨ ਅਮਲੇ ਦਾ ਹੋਵੇ/ ਦੇ ਹੋਣ, ਉਥੇ ਮੁਨਾਸਬ ਕਾਰਵਾਈ ਲਈ ਮਾਮਲੇ ਦੀ ਰਿਪੋਰਟ ਉਸ ਦੇ ਨਿਯੋਜਕ/ਉਨ੍ਹਾਂ ਦੇ ਨਿਯੋਜਕਾਂ ਨੂੰ ਕੀਤੀ ਜਾਵੇਗੀ।

20. ਅਣ-ਉਚਿਤ ਸਾਧਨਾਂ ਦੇ ਕੇਸਾਂ ਵਾਲੀ ਕਮੇਟੀ ਉਸ ਨਿਗਰਾਨ ਅਮਲੇ ਦੇ ਖ਼ਿਲਾਫ਼, ਜਿਸ ਦੀ ਅਣਗਹਿਲੀ ਜਾਂ ਚਸ਼ਮਪੋਸ਼ੀ ਕਾਰਨ ਸਿੱਧਾ ਹੱਲ ਉਮੀਦਵਾਰ ਤੱਕ ਪਹੁੰਚਿਆ, ਵਾਈਸ ਚਾਂਸਲਰ ਨੂੰ ਰਿਪੋਰਟ ਕਰੇਗੀ। ਜੇ ਇਹ ਵਾਈਸ ਚਾਂਸਲਰ ਦੇ ਇਖ਼ਤਿਆਰ ਅਤੇ ਅਧਿਕਾਰਤਾ ਅੰਦਰ ਹੋਵੇ ਤਾਂ ਉਹ ਅਜਿਹੇ ਅਮਲੇ ਦੇ ਵਿਰੁੱਧ ਮੁਨਾਸਬ ਕਾਰਵਾਈ ਕਰੇਗਾ। ਜੇ ਇਹ ਨਾ ਹੋਵੇ ਤਾਂ ਉਹ ਉਨ੍ਹਾਂ ਦੇ ਵਿਰੁੱਧ ਉਚਿਤ ਕਾਰਵਾਈ ਲਈ ਉਨ੍ਹਾਂ ਦੀ ਰਿਪੋਰਟ ਡੀ.ਪੀ.ਆਈ. ਕੋਲ ਕਰੇਗਾ।

21. ਸਹਾਇਤਾ ਹਾਸਲ ਕਰਨ ਲਈ ਅਗੇਤਰੇ ਪ੍ਰਬੰਧ(ਾਂ) ਕਰਨ ਦਾ ਕਸੂਰਵਾਰ ਪਾਇਆ ਗਿਆ ਉਮੀਦਵਾਰ ਤਿੰਨ ਸਾਲ ਲਈ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ। ਜੇ ਉਹ ਵਿਅਕਤੀ ਜਿਸ ਨਾਲ ਉਮੀਦਵਾਰ ਨੇ ਅਗੇਤਰਾ ਪ੍ਰਬੰਧ ਕੀਤਾ ਹੈ, ਯੂਨੀਵਰਸਿਟੀ ਦਾ ਜਾਂ ਉਸ ਨਾਲ ਸੰਬੱਧ ਕਿਸੇ ਕਾਲਜ ਦਾ ਵਿਦਿਆਰਥੀ ਹੋਵੇ, ਤਾਂ ਉਸ ਨੂੰ ਵੀ ਤਿੰਨ ਸਾਲ ਦੀ ਮੁੱਦਤ ਲਈ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ। ਜੇ ਉਹ ਵਿਅਕਤੀ ਕਿਸੇ ਕਾਲਜ ਦੇ ਅਧਿਆਪਨ ਅਮਲੇ ਦਾ ਹੋਵੇ/ਦੇ ਹੋਣ ਤਾਂ ਉਸ ਦੇ ਕੇਸ/ਉਨ੍ਹਾਂ ਦੇ ਕੇਸਾਂ ਦੀ, ਮੁਨਾਸਬ ਕਾਰਵਾਈ ਲਈ, ਰਿਪੋਰਟ ਉਸਦੇ ਨਿਯੋਜਕ/ਉਨ੍ਹਾਂ ਦੇ ਨਿਯੋਜਕਾਂ ਨੂੰ ਕੀਤੀ ਜਾਵੇਗੀ। ਇਸ ਤੋਂ ਇਲਾਵਾ ਯੂਨੀਵਰਸਿਟੀ ਉਸ ਦੀ ਅਧਿਆਪਕ/ਉਨ੍ਹਾਂ ਦੀ ਅਧਿਆਪਕਾਂ ਦੇ ਤੌਰ ਤੇ ਪਰਵਾਨਗੀ ਵਾਪਸ ਲੈ ਸਕੇਗੀ। ਜਿਥੇ ਉਹ ਵਿਅਕਤੀ ਗ਼ੈਰ-ਅਧਿਆਪਨ ਅਮਲੇ ਦਾ ਹੈ/ਦੇ ਹਨ, ਉਥੇ ਮੁਨਾਸਬ ਕਾਰਵਾਈ ਲਈ ਮਾਮਲੇ ਦੀ ਰਿਪੋਰਟ ਉਸ ਦੇ ਨਿਯੋਜਕ/ਨਿਯੋਜਕਾਂ ਨੂੰ ਕੀਤੀ ਜਾਵੇਗੀ।

22. ਕੋਈ ਉਮੀਦਵਾਰ :

(i) ਕੋਈ ਉੱਤਰ-ਪਰਚਾ ਜਾਂ ਅਨੁਪੂਰਕ ਉੱਤਰ-ਪਰਚਾ ਸਮੱਗਲ ਕਰਕੇ ਅੰਦਰ ਲਿਜਾਣ ਦਾ, ਜਾਂ

(ii) ਕੋਈ ਉੱਤਰ-ਪਰਚਾ ਜਾਂ ਅਨੁਪੂਰਕ ਉੱਤਰ-ਪਰਚਾ ਬਾਹਰ ਲਿਜਾਣ ਦਾ ਜਾਂ ਬਾਹਰ ਭੇਜਣ ਲਈ ਪ੍ਰਬੰਧ ਕਰਨ ਦਾ, ਜਾਂ

(iii) ਪਰੀਖਿਆ ਦੇ ਦੌਰਾਨ ਜਾਂ ਉਸ ਤੋਂ ਬਾਅਦ, ਪਰੀਖਿਆ ਕੇਂਦਰ ਨਾਲ ਸੰਬੰਧਤ ਕਿਸੇ ਵਿਅਕਤੀ ਦੀ ਸਹਾਇਤਾ ਜਾਂ ਚਸ਼ਮਪੋਸ਼ੀ ਦੇ ਨਾਲ ਜਾਂ ਬਿਨ੍ਹਾਂ ਆਪਣੇ ਉੱਤਰ-ਪਰਚੇ ਜਾਂ ਅਨੁਪੂਰਕ ਉੱਤਰ-ਪਰਚੇ ਦੀ ਥਾਵੇਂ ਹੋਰ ਉੱਤਰ-ਪਰਚਾ ਜਾਂ ਅਨੁਪੂਰਕ ਉੱਤਰ-ਪਰਚਾ ਰੱਖਣ ਜਾਂ ਰਖਵਾਉਣ ਦਾ;

ਕਸੂਰਵਾਰ ਪਾਇਆ ਜਾਂਦਾ ਹੈ ਤਾਂ ਜੇ ਉਹ ਕਿਸੇ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ, ਤਾਂ ਉਹ ਚਾਰ ਸਾਲ ਦੀ ਮੁੱਦਤ ਲਈ ਯੂਨੀਵਰਸਿਟੀ ਦੀ ਕਿਸੇ ਵੀ ਪਰੀਖਿਆ ਵਿੱਚ ਬੈਠਣ ਤੋਂ ਜਿਸ ਵਿੱਚ ਉਹ ਸਾਲ ਸ਼ਾਮਲ ਹੈ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ, ਤਾਂ ਅੱਠ ਪਰੀਖਿਆਵਾਂ ਲਈ, ਜਿਨ੍ਹਾਂ ਵਿੱਚ ਉਹ ਪਰੀਖਿਆ ਸ਼ਾਮਲ ਹੈ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਨਾਕਾਬਲ ਕੀਤਾ ਜਾ ਸਕੇਗਾ।

23. ਕੋਈ ਉਮੀਦਵਾਰ ਜੋ ਉੱਤਰ-ਪਰਚਾ ਜਾਂ ਅਨੁਪੂਰਕ ਉੱਤਰ-ਪਰਚਾ ਪਰੀਖਿਆ ਹਾਲ ਤੋਂ ਬਾਹਰ ਲਿਖਣ ਦਾ ਜੋ ਉਹ ਸਮੱਗਲ ਕਰਕੇ ਪਰੀਖਿਆ ਹਾਲ ਵਿੱਚ ਲੈ ਗਿਆ ਹੈ, ਜਾਂ ਪਰੀਖਿਆ ਤੋਂ ਬਾਅਦ ਆਪਣੇ ਉੱਤਰ-ਪਰਚੇ/ਅਨੁਪੂਰਕ ਉੱਤਰ-ਪਰਚੇ ਦੀ ਥਾਵੇਂ ਹੋਰ ਉੱਤਰ-ਪਰਚਾ/ਅਨੁਪੂਰਕ ਪਰਚਾ ਰਖਵਾ ਦੇਣ ਦਾ ਇੰਤਜ਼ਾਮ ਕਰਨ ਜਾਂ ਹੋਰਵੇਂ ਰੱਖ ਦੇਣ ਦਾ ਕਸੂਰਵਾਰ ਪਾਇਆ ਜਾਂਦਾ ਹੈ, ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ ਤਾਂ ਉਹ ਚਾਰ ਸਾਲ ਲਈ ਉਹ ਸਾਲ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ ਕਿਸੇ ਵੀ ਯੂਨੀਵਰਸਿਟੀ ਪਰੀਖਿਆ ਲਈ ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ, ਤਾਂ ਅੱਠ ਪਰੀਖਿਆਵਾਂ ਵਿੱਚ, ਉਹ ਪਰੀਖਿਆ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ।

24. ਕੋਈ ਵਿਅਕਤੀ, ਕਿਸੇ ਉਮੀਦਵਾਰ ਲਈ ਪਰੀਖਿਆ ਹਾਲ ਤੋਂ ਬਾਹਰ ਕੋਈ ਉੱਤਰ ਪਰਚਾ ਜਾਂ ਅਨੁਪੂਰਕ ਪਰਚਾ ਲਿਖ ਕੇ ਦੇਣ ਦਾ ਕਸੂਰਵਾਰ ਪਾਇਆ ਜਾਂਦਾ ਹੈ ਜੋ ਉਹ ਉਮੀਦਵਾਰ ਸਮੱਗਲ ਕਰਕੇ ਪਰੀਖਿਆ ਹਾਲ ਦੇ ਅੰਦਰ ਲੈ ਗਿਆ ਹੈ ਜਾਂ ਹੋਰਵੇਂ ਕਿਸੇ ਤਰ੍ਹਾਂ ਪਰੀਖਿਆ ਤੋਂ ਬਾਅਦ ਉਮੀਦਵਾਰ ਦੇ ਉੱਤਰ-ਪਰਚੇ ਦੀ ਥਾਵੇਂ ਰਖਵਾ ਦੇਣ ਦਾ ਕਸੂਰਵਾਰ ਪਾਇਆ ਜਾਂਦਾ ਹੈ ਉਹ ਜੇ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਕਿਸੇ ਕਾਲਜ ਦਾ ਜਾਂ ਯੂਨੀਵਰਸਿਟੀ ਵਿਭਾਗ ਦਾ ਵਿਦਿਆਰਥੀ ਹੈ ਤਾਂ ਚਾਰ ਸਾਲ ਲਈ ਕਿਸੇ ਯੂਨੀਵਰਸਿਟੀ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ। ਜੇ ਉਹ ਵਿਅਕਤੀ ਯੂਨੀਵਰਸਿਟੀ ਜਾਂ ਸੰਬੱਧ ਕਾਲਜ ਦੇ ਅਧਿਆਪਨ ਅਮਲੇ ਦਾ ਹੈ, ਤਾਂ ਮੁਨਾਸਬ ਕਾਰਵਾਈ ਲਈ ਉਸ ਦੇ ਕੇਸ ਦੀ ਰਿਪੋਰਟ ਉਸ ਦੇ ਨਿਯੋਜਕ ਨੂੰ ਕੀਤੀ ਜਾਵੇਗੀ। ਇਸ ਤੋਂ ਇਲਾਵਾ ਯੂਨੀਵਰਸਿਟੀ ਉਸ ਦੀ ਅਧਿਆਪਕ ਵਜੋਂ ਪਰਵਾਨਗੀ ਵਾਪਸ ਲੈ ਸਕੇਗੀ। ਜੇ ਉਹ ਵਿਅਕਤੀ ਗ਼ੈਰ-ਅਧਿਆਪਨ ਅਮਲੇ ਦਾ ਹੋਵੇ ਤਾਂ ਮੁਨਾਸਬ ਕਾਰਵਾਈ ਲਈ ਉਸ ਦੇ ਕੇਸ ਦੀ ਰਿਪੋਰਟ ਉਸ ਦੇ ਨਿਯੋਜਕ ਨੂੰ ਕੀਤੀ ਜਾਵੇਗੀ।

ਵਿਆਖਿਆ: ਔਰਡਿਨੈਂਸ 22, 23 ਅਤੇ 24 ਦੇ ਪ੍ਰਯੋਜਨਾਂ ਲਈ ਉੱਤਰ-ਪਰਚੇ ਵਿੱਚ ਉੱਤਰ ਪਰਚੇ ਦਾ ਭਾਗ ਅਨੁਪੂਰਕ ਉੱਤਰ-ਪਰਚਾ ਜਾਂ ਉਸ ਦਾ ਭਾਗ ਸ਼ਾਮਲ ਹੋਵੇਗਾ।

25. ਜੇ ਸਾਇੰਸ ਦੇ ਜਾਂ ਕਿਸੇ ਹੋਰ ਵਿਸ਼ੇ ਦੇ ਪ੍ਰੈਕਟੀਕਲ ਦੀ ਪਰੀਖਿਆ ਦੇ ਅਨੁਕ੍ਰਮ ਦੇ ਦੌਰਾਨ ਕੋਈ ਉਮੀਦਵਾਰ ਪਰੀਖਕ ਨੂੰ ਪ੍ਰੈਕਟੀਕਲ ਜਾਂ ਜਮਾਤ ਦੇ ਕੰਮ ਦੀ ਕੋਈ ਅਜਿਹੀ ਕਾਪੀ ਪੇਸ਼ ਕਰੇਗਾ ਜੋ ਉਸ ਦੀ ਨਹੀਂ ਹੈ ਤਾਂ ਉਸ ਨੂੰ ਉਹ ਪਰੀਖਿਆ ਪਾਸ ਕਰਨ ਦੇ ਨਾਕਾਬਲ ਕੀਤਾ ਜਾਵੇਗਾ।

26. ਜੇ ਕੋਈ ਉਮੀਦਵਾਰ ਆਪਣਾ ਉੱਤਰ-ਪਰਚਾ ਸਬੰਧਤ ਸੁਪਰਵਾਈਜ਼ਰ ਦੇ ਹਵਾਲੇ ਕਰਨ ਤੋਂ ਬਿਨਾਂ ਪਰੀਖਿਆ ਹਾਲ ਛੱਡ ਜਾਵੇਗਾ ਅਤੇ ਉੱਤਰ-ਪਰਚਾ ਆਪਣੇ ਨਾਲ ਲੈ ਜਾਵੇਗਾ ਜਾਂ ਇਰਾਦਤਨ ਫਾੜ ਦੇਵੇਗਾ ਜਾਂ ਆਪਣੇ ਉੱਤਰ-ਪਰਚੇ ਜਾਂ ਉਸ ਦੇ ਕਿਸੇ ਭਾਗ ਦਾ  ਜਾਂ ਆਪਣੇ ਅਨੁਪੂਰਕ ਪਰਚੇ ਜਾਂ ਉਸ ਦੇ ਕਿਸੇ ਭਾਗ ਦਾ ਪਰੀਖਿਆ ਹਾਲ ਦੇ ਅੰਦਰ ਜਾਂ ਬਾਹਰ ਹੋਰਵੇਂ ਨਿਪਟਾਰਾ ਕਰੇਗਾ, ਤਾਂ ਉਸ ਨੂੰ ਜੇ ਉਹ ਅਜਿਹੀ ਪਰੀਖਿਆ  ਲਈ ਉਮੀਦਵਾਰ ਹੈ, ਜੋ ਸਾਲ ਵਿੱਚ ਇੱਕ ਵਾਰ ਲਈ ਜਾਂਦੀ ਹੈ ਤਾਂ ਉਸ ਨੂੰ ਦੋ ਸਾਲ ਲਈ, ਉਹ ਸਾਲ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਜਾਂਦਾ ਹੈ, ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਤੋਂ ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ  ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ ਤਾਂ ਉਸ ਨੂੰ ਚਾਰ ਪਰੀਖਿਆਵਾਂ ਵਿੱਚ, ਜਿਸ ਵਿੱਚ ਉਹ ਪਰੀਖਿਆ ਸ਼ਾਮਲ ਹੈ ਜਿਸ ਵਿੱਚ ਉਹ ਕਸੂਰਵਾਰ ਪਾਇਆ ਜਾਂਦਾ ਹੈ, ਬੈਠਣ ਦੇ ਨਾਕਾਬਲ ਕੀਤਾ ਜਾਵੇਗਾ।

27. ਕੋਈ ਵਿਅਕਤੀ ਜੋ (ੳ) ਪਰੀਖਿਆ ਹਾਲ ਵਿੱਚ ਗੰਭੀਰ ਕਦਾਚਾਰ, ਜਾਂ (ਅ) ਪਰੀਖਿਆ ਹੋ ਰਹੀ ਹੋਣ ਦੀ ਮੁੱਦਤ ਦੇ ਦੌਰਾਨ ਪਰੀਖਿਆ ਹਾਲ ਤੋਂ ਬਾਹਰ ਪਰੀਖਿਆ ਹੋ ਰਹੀ ਹੋਣ ਦੀ ਮੁਦੱਤ ਦੇ ਦੌਰਾਨ ਕਿਸੇ ਹੋਰ ਥਾਂ, ਸੁਪਰਡੈਂਟ ਜਾਂ ਨਿਗਰਾਨ ਅਮਲੇ ਦੇ ਕਿਸੇ ਮੈਂਬਰ ਨਾਲ ਦੁਰ-ਵਿਹਾਰ ਦਾ ਕਸੂਰਵਾਰ ਪਾਇਆ ਜਾਂਦਾ ਹੈ, ਉਸ ਨੂੰ ਆਪਣੇ ਦੁਰ-ਵਿਹਾਰ ਦੀ ਪ੍ਰਕਿਰਤੀ ਅਨੁਸਾਰ ਦੋ ਤੋਂ ਪੰਜ ਸਾਲ ਤੱਕ ਦੀ ਮੁੱਦਤ ਲਈ ਯੂਨੀਵਰਸਿਟੀ ਦੀ ਕਿਸੇ ਵੀ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ। ਲੇਕਿਨ ਜੇ ਉਹ ਵਿਅਕਤੀ ਉਪਰੋਕਤ ਵਾਂਗ ਵਿਦਿਆਰਥੀ ਨਾ ਹੋਵੇ ਤਾਂ ਉਸ ਬਾਰੇ ਇਹ ਐਲਾਨਿਆ ਜਾ ਸਕੇਗਾ ਕਿ ਉਹ ਦੋ ਤੋਂ ਪੰਜ ਸਾਲ ਤੱਕ ਦੀ ਮੁੱਦਤ ਲਈ ਯੂਨੀਵਰਸਿਟੀ ਦੀ ਕਿਸੇ ਭਵਿਖਤ ਪਰੀਖਿਆ ਵਿੱਚ ਦਾਖ਼ਲਾ ਦਿੱਤੇ ਜਾਣ ਦੇ ਫ਼ਿਟ ਅਤੇ ਮੁਨਾਸਬ ਵਿਅਕਤੀ ਨਹੀਂ ਹੈ। ਰਜਿਸਟਰਾਰ/ਕੰਟਰੋਲਰ (ਪਰੀਖਿਆਵਾਂ)/ਕੇਂਦਰ ਸੁਪਰਡੈਂਟ/ਇਨਸਪੈਕਟਰ ਦੁਆਰਾ ਅਜਿਹੇ ਕੇਸ ਦੀ ਮੁਨਾਸਬ ਕਾਰਵਾਈ ਲਈ ਪੁਲਿਸ ਨੂੰ ਰਿਪੋਰਟ ਵੀ ਕੀਤੀ ਜਾ ਸਕੇਗੀ।

28. ਕੋਈ ਵਿਅਕਤੀ/ਉਮੀਦਵਾਰ ਜੋ ਪਰੀਖਿਆ ਹਾਲ ਦੇ ਅੰਦਰ ਜਾਂ ਬਾਹਰ ਨਿਗਰਾਨ ਅਮਲੇ ਜਾਂ ਵਿਦਿਆਰਥੀ (ਵਿਦਿਆਰਥੀਆਂ) ਦੇ ਵਿਰੁਧ ਤਾਕਤ ਦੀ ਵਰਤੋਂ ਕਰਨ ਦਾ ਕਸੂਰਵਾਰ ਪਾਇਆ ਜਾਂਦਾ ਹੈ ਜਾਂ ਹੁਲੜਬਾਜ਼ੀ ਕਰਦਾ ਹੈ, ਉਸ ਨੂੰ ਦੋ ਤੋਂ ਪੰਜ ਸਾਲ ਦੀ ਮੁੱਦਤ ਲਈ ਉਸ ਦੇ ਅਪਰਾਧ ਦੀ ਗੰਭੀਰਤਾ ਦੇ ਮੁਤਾਬਕ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਤੋਂ ਵਰਜਿਤ ਕੀਤਾ ਜਾ ਸਕੇਗਾ।

29. ਕੋਈ ਉਮੀਦਵਾਰ ਜੋ ਪਰੀਖਿਆ ਦੇ ਸੁਪਰਡੈਂਟ ਜਾਂ ਨਿਗਰਾਨ ਅਮਲੇ ਦੇ ਕਿਸੇ ਮੈਂਬਰ ਦਾ ਹੁਕਮ ਮੰਨਣ ਤੋਂ ਇਨਕਾਰ ਕਰੇਗਾ ਜਾਂ ਕਿਸੇ ਹੋਰ ਉਮੀਦਵਾਰ ਨਾਲ ਆਪਣੀ ਸੀਟ ਬਦਲ ਲਵੇਗਾ ਜਾਂ ਆਪਣੇ ਉੱਤਰ-ਪਰਚੇ ਉੱਤੇ ਸੋਚ ਵਿਚਾਰ ਕੇ ਕਿਸੇ ਹੋਰ ਉਮੀਦਵਾਰ ਦਾ ਰੋਲ ਨੰਬਰ ਲਿਖੇਗਾ ਜਾਂ ਪਰੀਖਿਆ ਦੇ ਦੌਰਾਨ ਕਿਸੇ ਕਿਸਮ ਦੀ ਗੜਬੜ ਪੈਦਾ ਕਰੇਗਾ, ਜਾਂ ਪਰੀਖਿਆ ਹਾਲ ਵਿਚ ਜਾਂ ਉਸ ਦੇ ਆਲੇ ਦੁਆਲੇ ਹੋਰਵੇਂ ਦੁਰਵਿਹਾਰ ਕਰੇਗਾ, ਉਹ ਸੁਪਰਡੈਂਟ ਦੁਆਰਾ ਕੱਢ ਦਿੱਤੇ ਜਾਣ ਦਾ ਭਾਗੀ ਹੋਵੇਗਾ ਅਤੇ ਉਸ ਨੂੰ ਅਪਰਾਧ ਦੀ ਗੰਭੀਰਤਾ ਅਨੁਸਾਰ ਹੇਠ-ਲਿਖੀਆਂ ਸਜ਼ਾਵਾਂ ਵਿੱਚੋਂ ਕੋਈ ਸਜ਼ਾ ਦਿੱਤੀ ਜਾਵੇਗੀ :

(i) ਸੰਬੰਧਤ ਪਰਚੇ ਦਾ ਉੱਤਰ-ਪਰਚਾ ਰੱਦ ਕੀਤੇ ਜਾਣ ਦਾ;

(ii) ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤੇ ਜਾਣ ਦਾ, ਜਿਸ ਦੀ ਮੁੱਦਤ ਤਿੰਨ ਸਾਲ ਤੱਕ ਹੋ ਸਕੇਗੀ।

30. ਜੇ ਕੋਈ ਉਮੀਦਵਾਰ ਜਾਂ ਉਸ ਵੱਲੋਂ ਕੋਈ ਵਿਅਕਤੀ ਨੰਬਰ ਵਧਾਉਣ ਲਈ ਜਾਂ ਉਸ ਦੁਆਰਾ ਉੱਤਰ-ਪਰਚੇ ਵਿੱਚ ਖ਼ਾਲੀ ਛੱਡੇ ਗਏ ਪੰਨਿਆਂ ਉਤੇ ਉੱਤਰ ਲਿਖਣ ਲਈ ਉਪ-ਪਰੀਖਕ, ਮੁੱਖ ਪਰੀਖਕ, ਚੈੱਕਰ ਜਾਂ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਕਰਮਚਾਰੀ ਨੂੰ ਪਹੁੰਚ ਕਰੇਗਾ ਤਾਂ ਉਸ ਨੂੰ ਇਸ ਯੂਨੀਵਰਸਿਟੀ ਦੁਆਰਾ ਸੰਚਾਲਤ ਕਿਸੇ ਵੀ ਪਰੀਖਿਆ ਵਿੱਚ, ਤਿੰਨ ਸਾਲ ਤਕ, ਜਿਸ ਵਿੱਚ ਉਹ ਸਾਲ ਸ਼ਾਮਲ ਹੋਵੇਗਾ ਜਿਸ ਵਿੱਚ ਉਹ ਪਹਿਲਾਂ ਬੈਠ ਚੁੱਕਾ ਹੈ, ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ।

31. ਕੋਈ ਵਿਅਕਤੀ ਜੋ ਕਿਸੇ ਉਮੀਦਵਾਰ ਦਾ ਪਰ-ਰੂਪਣ ਕਰੇਗਾ, ਜੇ ਉਹ ਵਿਅਕਤੀ ਕਿਸੇ ਮਾਨਤਾ-ਪ੍ਰਾਪਤ ਸਕੂਲ ਜਾਂ ਕਾਲਜ ਦਾ ਵਿਦਿਆਰਥੀ ਹੋਵੇ, ਤਾਂ ਉਸ ਨੂੰ ਪੰਜ ਸਾਲ ਦੀ ਮੁੱਦਤ ਤੱਕ ਯੂਨੀਵਰਸਿਟੀ ਦੀ ਕਿਸੇ ਵੀ ਪਰੀਖਿਆ ਵਿੱਚ ਬੈਠਣ ਤੋਂ ਨਾਕਾਬਲ ਕੀਤਾ ਜਾਵੇਗਾ। ਲੇਕਿਨ ਜੇ ਉਹ ਵਿਅਕਤੀ ਕਿਸੇ ਮਾਨਤਾ-ਪ੍ਰਾਪਤ ਸਕੂਲ ਜਾਂ ਕਾਲਜ ਦਾ ਵਿਦਿਆਰਥੀ ਨਾ ਹੋਵੇ ਉਸ ਬਾਰੇ ਇਹ ਐਲਾਨਿਆ ਜਾਵੇਗਾ ਕਿ ਉਹ ਪੰਜ ਸਾਲ ਦੀ ਮੁੱਦਤ ਲਈ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਦਾਖ਼ਲਾ ਦਿੱਤੇ ਜਾਣ ਦੇ ਫ਼ਿਟ ਅਤੇ ਮੁਨਾਸਬ ਵਿਅਕਤੀ ਨਹੀਂ ਹੈ। ਉਹ ਉਮੀਦਵਾਰ ਜਿਸ ਦਾ ਪਰ-ਰੂਪਣ ਕੀਤਾ ਜਾਂਦਾ ਹੈ ਉਸ ਨੂੰ ਵੀ ਪੰਜ ਸਾਲ ਦੀ ਮੁੱਦਤ ਲਈ ਨਾਕਾਬਲ ਕੀਤਾ ਜਾਵੇਗਾ। ਜੇ ਜ਼ਰੂਰੀ ਸਮਝਿਆ ਜਾਵੇ ਤਾਂ ਰਜਿਸਟਰਾਰ/ਕੰਟਰੋਲਰ, ਪਰੀਖਿਆਵਾਂ/ਕੇਂਦਰ ਸੁਪਰਡੈਂਟ/ਇਨਸਪੈਕਟਰ ਦੁਆਰਾ ਉਸ ਕੇਸ ਦੀ ਰਿਪੋਰਟ ਪੁਲਿਸ ਨੂੰ ਕੀਤੀ ਜਾ ਸਕੇਗੀ।

32. ਕੋਈ ਉਮੀਦਵਾਰ ਜੋ ਉੱਤਰ-ਪਰਚੇ ਵਿੱਚ ਗਾਲ੍ਹੀ-ਗਲੋਚ ਜਾਂ ਅਸ਼ਲੀਲ ਭਾਸ਼ਾ ਦੀ ਵਰਤੋਂ ਕਰਨ ਦਾ ਕਸੂਰਵਾਰ ਪਾਇਆ ਜਾਵੇ, ਉਸ ਨੂੰ ਉਹ ਪਰੀਖਿਆ ਪਾਸ ਕਰਨ ਦੇ ਨਾਕਾਬਲ ਕੀਤਾ ਜਾ ਸਕੇਗਾ।

33. ਜਿਥੇ ਕਿਸੇ ਉਮੀਦਵਾਰ ਨੇ ਉੱਤਰ-ਪਰਚੇ ਦੇ ਰਾਹੀਂ ਪਰੀਖਕ ਨੂੰ ਕੋਈ ਅਪੀਲ ਕੀਤੀ ਹੋਵੇ, ਉਹ ਉੱਤਰ ਪਰਚਾ ਰੱਦ ਕੀਤਾ ਜਾ ਸਕੇਗਾ।

34. ਕੋਈ ਉਮੀਦਵਾਰ ਜੋ ਸੋਚ-ਵਿਚਾਰ ਕੇ ਆਪਣੀ ਪਛਾਣ ਪਰਗਟ ਕਰਨ ਦਾ ਜਾਂ ਆਪਣੇ ਉੱਤਰ-ਪਰਚੇ ਵਿਚ, ਉਸ ਪ੍ਰਯੋਜਨ ਲਈ, ਨਿਖੜਵੇਂ ਨਿਸ਼ਾਨ ਲਾਉਣ ਦਾ ਕਸੂਰਵਾਰ ਪਾਇਆ ਜਾਵੇ, ਤਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ, ਤਾਂ ਉਹ ਸੰਬੰਧਤ ਪਰੀਖਿਆ ਲਈ, ਜਾਂ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ ਤਾਂ ਦੋ ਪਰੀਖਿਆਵਾਂ ਲਈ ਨਾਕਾਬਲ ਕੀਤਾ ਜਾ ਸਕੇਗਾ।

35. ਕੋਈ ਉਮੀਦਵਾਰ ਜੋ ਆਪਣੇ ਦਰਖ਼ਾਸਤ ਫ਼ਾਰਮ ਵਿਚ ਝੂਠਾ ਦਰਸਾਵਾ ਕਰਕੇ ਪਰੀਖਿਆ ਵਿੱਚ ਦਾਖ਼ਲਾ ਲੈਂਦਾ ਹੈ, ਉਸ ਨੂੰ ਹੇਠ-ਲਿਖੇ ਅਨੁਸਾਰ ਨਾਕਾਬਲ ਕੀਤਾ ਜਾ ਸਕੇਗਾ :-

(i) ਜੇ ਝੂਠਾ ਦਰਸਾਵਾ ਪਹਿਲੇਰੀ ਪਰੀਖਿਆ ਨਾਲ ਸੰਬੰਧਤ ਹੋਵੇ ਜੋ ਉਮੀਦਵਾਰ ਨੇ ਵਾਸਤਵ ਵਿੱਚ ਪਾਸ ਨਹੀਂ ਕੀਤੀ, ਤਾਂ ਉਸ ਨੂੰ ਅਜਿਹੀ ਮੁੱਦਤ ਲਈ ਜਿਸ ਦਾ ਵਿਸਤਾਰ ਤਿੰਨ ਤੋਂ ਪੰਜ ਸਾਲ ਤੱਕ ਹੋ ਸਕੇਗਾ ਯੂਨੀਵਰਸਿਟੀ ਦੀ ਕਿਸੇ ਵੀ ਪਰੀਖਿਆ ਵਿੱਚ ਬੈਠਣ ਦੇ ਨਾਕਾਬਲ ਕੀਤਾ ਜਾ ਸਕੇਗਾ।

(ii) ਜੇ ਝੂਠਾ ਦਰਸਾਵਾ ਉਸ ਦੀ, ਕਿਸੇ ਪਰੀਖਿਆ ਵਿੱਚ, ਪ੍ਰਾਈਵੇਟ ਉਮੀਦਵਾਰ ਦੇ ਤੌਰ ਤੇ ਬੈਠਣ ਦੀ ਪਾਤਰਤਾ ਨਾਲ ਜਾਂ ਕਿਸੇ ਅਜਿਹੇ ਮਾਮਲੇ ਨਾਲ ਸੰਬੰਧਤ ਹੋਵੇ ਜੋ (i) ਅਧੀਨ ਨਹੀਂ ਆਉਂਦਾ, ਤਾਂ ਉਸ ਨੂੰ ਉਸ ਸਾਲ ਕੋਈ ਪਰੀਖਿਆ ਪਾਸ ਕਰਨ ਦੇ ਨਾਕਾਬਲ ਕੀਤਾ ਜਾ ਸਕੇਗਾ।

(iii) ਜੇ ਇਹ ਪਾਇਆ ਜਾਵੇ ਕਿ ਕਿਸੇ ਉਮੀਦਵਾਰ ਜਾਂ ਉਸ ਦੇ ਵਲੀ ਜਾਂ ਮਾਪਿਆਂ ਨੇ ਦਾਖ਼ਲੇ ਦੇ ਦਰਖ਼ਾਸਤ ਫ਼ਾਰਮ ਵਿੱਚ ਜਾਂ ਫ਼ਾਰਮ ਦੇ ਨਾਲ ਹਲਫ਼ੀਆ ਬਿਆਨ ਵਿਚ ਸੋਚ ਵਿਚਾਰ ਕੇ ਜਨਮ ਦੀ ਤਰੀਕ ਗ਼ਲਤ ਦਿੱਤੀ ਹੈ, ਤਾਂ ਰਜਿਸਟਰਾਰ/ ਕੰਟਰੋਲਰ, ਪਰੀਖਿਆਵਾਂ ਨੂੰ ਇਹ ਇਖ਼ਤਿਆਰ ਹਾਸਲ ਹੋਵੇਗਾ ਕਿ ਉਸ ਉਮੀਦਵਾਰ ਨੂੰ ਉਸ ਪਰੀਖਿਆ ਵਿੱਚ ਬੈਠਣ ਦੇ ਅਪਾਤਰ ਐਲਾਨ ਕਰ ਦੇਵੇ ਅਤੇ ਉਸ ਦਾ ਨਤੀਜਾ ਮਨਸੂਖ਼ ਕਰ ਦੇਵੇ।

36. ਕੋਈ ਉਮੀਦਵਾਰ ਜੋ ਆਪਣੇ ਦਾਖ਼ਲਾ ਫ਼ਾਰਮ ਉਤੇ ਕਿਸੇ ਹੋਰ ਵਿਅਕਤੀ ਦੇ ਜਾਅਲ੍ਹੀ ਦਸਖ਼ਤ ਕਰੇਗਾ, ਉਸ ਨੂੰ ਦੋ ਸਾਲ ਤੱਕ ਲਈ ਨਾਕਾਬਲ ਕੀਤਾ ਜਾ ਸਕੇਗਾ, ਜਿਸ ਵਿੱਚ ਉਹ ਪਰੀਖਿਆ ਸ਼ਾਮਲ ਹੋਵੇਗੀ ਜਿਸ ਲਈ ਉਹ ਉਮੀਦਵਾਰ ਸੀ।

37. ਕੋਈ ਉਮੀਦਵਾਰ ਜੋ ਕਿਸੇ ਪਰੀਖਕ ਜਾਂ ਰਜਿਸਟਰਾਰ/ਕੰਟਰੋਲਰ ਜਾਂ ਪਰੀਖਿਆਵਾਂ ਦੇ ਕਿਸੇ ਹੋਰ ਕਾਰਿੰਦੇ ਉਤੇ ਨੰਬਰ ਦੇਣ ਵਿਚ ਅਸਰਅੰਦਾਜ਼ ਹੋਣ ਦੇ ਉਦੇਸ਼ ਨਾਲ ਉਸ ਨਾਲ ਸਿੱਧਿਆਂ ਜਾਂ ਕਿਸੇ ਰਿਸ਼ਤੇਦਾਰ, ਵਲੀ ਜਾਂ ਦੋਸਤ ਰਾਹੀਂ ਸੰਚਾਰ ਸਥਾਪਿਤ ਕਰਨ ਜਾਂ ਉਸ ਦੀ ਕੋਸ਼ਿਸ਼ ਕਰਨ ਦਾ ਕਸੂਰਵਾਰ ਪਾਇਆ ਜਾਵੇ, ਤਾਂ ਉਸ ਨੂੰ, ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਇੱਕ ਵਾਰੀ ਲਈ ਜਾਂਦੀ ਹੈ, ਇੱਕ ਸਾਲ ਲਈ, ਜਿਸ ਵਿੱਚ ਉਹ ਸਾਲ ਸ਼ਾਮਲ ਹੈ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ ਅਤੇ ਜੇ ਉਹ ਅਜਿਹੀ ਪਰੀਖਿਆ ਲਈ ਉਮੀਦਵਾਰ ਹੈ ਜੋ ਸਾਲ ਵਿੱਚ ਦੋ ਵਾਰੀ ਲਈ ਜਾਂਦੀ ਹੈ, ਤਾਂ ਦੋ ਪਰੀਖਿਆਵਾਂ ਲਈ, ਜਿਸ ਵਿੱਚ ਉਹ ਪਰੀਖਿਆ ਸ਼ਾਮਲ ਹੈ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਨਾਕਾਬਲ ਕੀਤਾ ਜਾ ਸਕੇਗਾ।

38. ਕੋਈ ਉਮੀਦਵਾਰ ਜੋ ਆਪਣੇ ਅਣਉਚਿਤ ਸਾਧਨ ਦੇ ਕੇਸ ਬਾਰੇ, ਕਮੇਟੀ ਦੇ ਕਿਸੇ ਮੈਂਬਰ ਜਾਂ ਯੂਨੀਵਰਸਿਟੀ ਦੇ ਕਿਸੇ ਕਰਮਚਾਰੀ ਉਤੇ ਅਸਰ-ਅੰਦਾਜ਼ ਹੋਣ ਲਈ ਸਿੱਧਿਆਂ ਜਾਂ ਅਸਿੱਧਿਆਂ ਪਹੁੰਚ ਕਰਨ ਦਾ ਕਸੂਰਵਾਰ ਪਾਇਆ ਜਾਵੇ, ਉਸ ਨੂੰ ਅਣਉਚਿਤ ਸਾਧਨ ਦੀ ਵਰਤੋਂ ਕਰਨ ਦੇ ਅਪਰਾਧ ਲਈ ਉਸ ਵਿਨਿਯਮ ਅਧੀਨ ਦਿੱਤੀ ਗਈ ਸਜ਼ਾ ਤੋਂ ਇਲਾਵਾ, ਇੱਕ ਸਾਲ ਲਈ ਨਾਕਾਬਲ ਕੀਤਾ ਜਾਵੇਗਾ।

39. ਜੇ ਕੋਈ ਉਮੀਦਵਾਰ ਪ੍ਰਸ਼ਨ-ਪੱਤਰ ਉੱਤੇ ਆਪਣੇ ਰੋਲ ਨੰਬਰ ਤੋਂ ਸਿਵਾਏ ਕੁਝ ਲਿਖੇਗਾ ਤਾਂ ਉਸ ਨੂੰ ਇੱਕ ਸਾਲ ਲਈ ਨਾਕਾਬਲ ਕੀਤਾ ਜਾ ਸਕੇਗਾ।

40. ਜੇ ਜਾਂਚ ਉਪਰੰਤ ਸਿੰਡੀਕੇਟ ਦੀ ਤਸੱਲੀ ਹੋ ਜਾਂਦੀ ਹੈ ਕਿ ਕਿਸੇ ਕੇਂਦਰ ਵਿਖੇ ਪਰੀਖਿਆਰਥੀਆਂ ਦੀ ਥੋਕ ਅਣ-ਉਚਿਤ ਸਹਾਇਤਾ ਦੇ ਪਰਿਣਾਮ ਵਜੋਂ ਕਿਸੇ ਯੂਨੀਵਰਸਿਟੀ ਪਰੀਖਿਆ ਦੀ ਸਵੱਛਤਾ ਭੰਗ ਕੀਤੀ ਗਈ ਹੈ, ਤਾਂ ਸਿੰਡੀਕੇਟ ਅਣਉਚਿਤ ਸਾਧਨਾਂ ਨਾਲ ਸੰਬੰਧਤ ਔਰਡਿਨੈਸਾਂ ਅਧੀਨ ਕਾਰਵਾਈ ਕਰਨ ਤੋਂ ਇਲਾਵਾ ਮੁੜ-ਪਰੀਖਿਆ ਦਾ ਹੁਕਮ ਦੇ ਸਕੇਗੀ ਅਤੇ ਉਹ ਪਰੀਖਿਆ ਕੇਂਦਰ ਸਥਾਈ ਤੌਰ ਤੇ ਜਾਂ ਉਲਿਖਤ ਮੁੱਦਤ ਲਈ ਖ਼ਤਮ ਕਰ ਸਕੇਗੀ। ਇਸ ਤਰ੍ਹਾਂ ਦੇ ਸਭ ਕੇਸਾਂ ਵਿਚ ਪਲਿਚੇ ਵਿਦਿਆਰਥੀਆਂ ਦੀ ਪਰੀਖਿਆ ਉਸ ਕਸਬੇ, ਜਿਸ ਵਿੱਚ ਪੂਰਬਲਾ ਕੇਂਦਰ ਸਥਿਤ ਸੀ, ਤੋਂ ਬਿਨਾਂ ਕਿਸੇ ਹੋਰ ਕਸਬੇ ਵਿੱਚ ਲਈ ਜਾਵੇਗੀ ਅਤੇ ਉਨ੍ਹਾਂ ਨੂੰ ਵੱਖ-ਵੱਖ ਕੇਂਦਰਾਂ ਵਿੱਚ ਖਿੰਡਾਇਆ ਜਾ ਸਕੇਗਾ।

41. ਅਣਉਚਿਤ ਸਾਧਨਾਂ ਦੇ ਅਜਿਹੇ ਕੇਸ ਦੀ ਸੂਰਤ ਵਿੱਚ ਜੋ ਇਨ੍ਹਾਂ ਔਰਡਿਨੈਂਸਾਂ ਅਧੀਨ ਨਾ ਆਉਂਦਾ ਹੋਵੇ, ਅਣਉਚਿਤ ਸਾਧਨ ਕਮੇਟੀ ਉਸ ਕੇਸ ਦੀ ਪਰੀਖਿਆ ਕਰੇਗੀ ਅਤੇ ਅਜਿਹੀ ਸਜ਼ਾ ਅਰੋਪੇਗੀ, ਜੋ ਉਹ ਠੀਕ ਸਮਝੇ।

42. ਇਸ ਵਿੱਚ ਇਸ ਤੋਂ ਪਹਿਲਾਂ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਦੋਂ ਕੋਈ ਉਮੀਦਵਾਰ ਇੱਕ ਸੈਸ਼ਨ ਦੇ ਦੌਰਾਨ ਇੱਕ ਤੋਂ ਵੱਧ ਪਰਚੇ/ਪਰੀਖਿਆ ਵਿੱਚ ਅਣਉਚਿਤ ਸਾਧਨਾਂ ਦੀ ਵਰਤੋਂ ਦਾ ਕਸੂਰਵਾਰ ਪਾਇਆ ਜਾਵੇ, ਤਾਂ ਕਮੇਟੀ ਦੇ ਵਿਵੇਕ ਉਤੇ, ਨਾਕਾਬਲੀਅਤ ਦੀ ਮੁੱਦਤ, ਪੰਜ ਸਾਲ ਦੀ ਅਧਿਕਤਮ ਮੁੱਦਤ ਦੇ ਤਾਬੇ, ਜਿਸ ਵਿੱਚ ਉਹ ਸਾਲ ਸ਼ਾਮਲ ਹੋਵੇਗਾ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ, ਉੱਤੋੜਿੱਤੀ ਚਲ ਸਕੇਗੀ।

43. ਕਿਸੇ ਉਮੀਦਵਾਰ ਨੂੰ, ਜੋ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਅਣਉਚਿਤ ਸਾਧਨਾਂ ਦੀ ਵਰਤੋਂ ਕਰਨ ਲਈ ਨਾਕਾਬਲ ਕੀਤਾ ਗਿਆ ਹੋਵੇ, ਆਪਣੀ ਨਾਕਬਾਲੀਅਤ ਦੀ ਮੁੱਦਤ ਗੁਜ਼ਰਨ ਤੇ, ਪਰੀਖਿਆ ਵਿੱਚ ਬੈਠਣ ਦੇ ਉਤਨੀ ਹੀ ਗਿਣਤੀ ਦੇ ਅਵਸਰ ਦਿੱਤੇ ਜਾ ਸਕਣਗੇ ਜਿਤਨੀ ਗਿਣਤੀ ਦੇ ਅਵਸਰ (ਉਹ ਪਰੀਖਿਆ ਸ਼ਾਮਲ ਕਰਕੇ ਜਿਸ ਵਿੱਚ ਉਹ ਕਸੂਰਵਾਰ ਪਾਇਆ ਗਿਆ) ਉਸ ਦੀ ਨਾਕਾਬਲੀਅਤ ਕਾਰਨ ਖੁੱਸੇ ਹਨ ਅਤੇ ਅਗਲੀ ਉਚੇਰੀ ਜਮਾਤ ਲਈ ਪਰੀਖਿਆ ਵਿੱਚ ਇੱਕੋ ਸਮੇਂ ਬੈਠਣ ਦੀ ਉਹੀ ਰਿਆਇਤ ਦਿੱਤੀ ਜਾ ਸਕੇਗੀ ਜੋ ਉਸ ਨੂੰ ਔਰਡਿਨੈਂਸਾਂ ਅਧੀਨ ਤਦ ਮਿਲਣੀ ਸੀ ਜੇ ਉਹ ਨਾਕਾਬਲ ਨਾ ਕੀਤਾ ਗਿਆ ਹੁੰਦਾ।

44. ਕਿਸੇ ਹੇਠਲੀ ਪਰੀਖਿਆ ਵਿੱਚ ਅਣਉਚਿਤ ਸਾਧਨਾਂ ਦੇ ਕੇਸ ਵਿੱਚ ਫਸਿਆ ਕੋਈ ਉਮੀਦਵਾਰ ਜੋ ਅਗਲੀ ਉਚੇਰੀ ਪਰੀਖਿਆ ਲਈ ਵੀ ਆਰਜ਼ੀ ਤੌਰ ਤੇ ਬੈਠਾ ਹੈ ਅਤੇ ਹੇਠਲੀ ਪਰੀਖਿਆ ਲਈ ਨਤੀਜਾ, ਉਸ ਦੇ ਅਣਉਚਿਤ ਸਾਧਨ ਦੇ ਕੇਸ ਵਿੱਚ ਫਸੇ ਹੋਣ ਕਾਰਨ, ਲੇਟ ਐਲਾਨਿਆ ਜਾਂਦਾ ਹੈ, ਉਸ ਦਾ ਉਚੇਰੀ ਪਰੀਖਿਆ ਲਈ ਨਤੀਜਾ ਉਦੋਂ ਤੱਕ ਲਟਕਾਉ ਵਿੱਚ ਰੱਖਿਆ ਜਾਵੇਗਾ ਜਦ ਤੱਕ ਉਹ ਹੇਠਲੀ ਪਰੀਖਿਆ ਲਈ ਮਿਲਦੇ ਅਵਸਰਾਂ ਦੀ ਗਿਣਤੀ ਖ਼ਤਮ ਨਾ ਕਰ ਲਵੇ। ਉਮੀਦਵਾਰ ਦੇ ਉਚੇਰੀ ਪਰੀਖਿਆ ਵਿੱਚ ਫ਼ੇਲ੍ਹ ਹੋ ਗਏ ਹੋਣ ਦੀ ਸੂਰਤ ਵਿੱਚ ਉਸ ਨੂੰ ਉਹ ਪਰਚਾ (ਪਰਚੇ) ਦਸ ਦਿੱਤਾ ਜਾਵੇਗਾ/ਦਸ ਦਿੱਤੇ ਜਾਣਗੇ ਜਿਸ ਵਿੱਚ / ਜਿਨ੍ਹਾਂ ਵਿੱਚ ਉਹ ਫ਼ੇਲ੍ਹ ਹੈ ਅਤੇ ਮੁੜ ਬੈਠਣ ਲਈ ਪਾਤਰ ਹੈ ਤਾਂ ਜੋ ਉਹ ਉਚੇਰੀ ਪਰੀਖਿਆ ਹੇਠਲੀ ਪਰੀਖਿਆ ਦੇ ਨਾਲ ਦੇ ਸਕੇ। ਇਹ ਰਿਆਇਤ ਇਹੋ ਜਿਹੇ ਹਾਲਾਤ ਅਧੀਨ ਪ੍ਰਾਈਵੇਟ ਉਮੀਦਵਾਰਾਂ ਨੂੰ ਵੀ ਮਿਲੇਗੀ, ਜੇ ਉਹ ਹੋਰਵੇਂ ਉਚੇਰੀ ਪਰੀਖਿਆ ਦੇਣ ਲਈ ਪਾਤਰ ਹੋਣ।

45. ਕੋਈ ਉਮੀਦਵਾਰ ਜੋ ਅਣਉਚਿਤ ਸਾਧਨਾਂ ਦੇ ਕੇਸ ਵਿੱਚ ਫਸਿਆ ਹੋਇਆ ਹੈ, ਉਸ ਦੇ ਕੇਸ ਦਾ ਫ਼ੈਸਲਾ ਹੋਣ ਤੱਕ ਉਸ ਨੂੰ ਅਗਲੀ ਉਚੇਰੀ ਜਮਾਤ/ਪਰੀਖਿਆ ਵਿੱਚ ਆਰਜ਼ੀ ਤੌਰ ਤੇ ਦਾਖ਼ਲਾ ਇਸ ਸ਼ਰਤ ਦੇ ਤਾਬੇ ਦਿੱਤਾ ਜਾ ਸਕੇਗਾ ਕਿ ਉਸ ਨੂੰ ਨਾਕਾਬਲ ਕਰ ਦਿੱਤੇ ਜਾਣ ਦੀ ਸੂਰਤ ਵਿੱਚ, ਉਸ ਦੁਆਰਾ ਅਗਲੀ ਉਚੇਰੀ ਜਮਾਤ/ਪਰੀਖਿਆ ਲਈ ਅਦਾ ਕੀਤੀ ਫ਼ੀਸ ਵਾਪਸ ਨਹੀਂ ਕੀਤੀ ਜਾਵੇਗੀ:

*

~~ਸਿੰਡੀਕੇਟ ਮਿਤੀ 26.12.199~~● (ਪੈਰਾ 37)

ਕਰਵਾਉਣਗੇ।

ਈ ਨਿੱਜੀ ਮਿਸਲ ਵਿੱਚ ਵੀ ਰੱਖੀ ਜਾਵੇਗੀ।
ਚ ਸੰਬੰਧਤ ਸੁਪਰਵਾਈਜ਼ਰ ਨੂੰ ਵੀ ਤਾੜਨਾ ਕੀਤੀ

ਫ਼ਾਰਸ਼ ਸਮੇਤ ਆਪਣੇ ਵਿਭਾਗ ਵਿੱਚ ਜਮ੍ਹਾਂ

ਮੇਲ ਖਾਂਦੀਆਂ ਪ੍ਰਾਜੈਕਟ ਰਿਪੋਰਟਾਂ ਸੰਬੰਧੀ
ਸਿੰਡੀਕੇਟ ਦੇ ਹਵਾਲੇ ਕਰ ਦੇਵੇਗਾ।*
ਰਿਟ ਤਿੰਨ ਮਹੀਨੇ ਦੇ ਅੰਦਰ-ਅੰਦਰ ਤਿਆਰ
ਦਾ ਸਮਾਂ ਖ਼ਤਮ ਹੋਣ ਤੇ ਉਹ ਵਿਦਿਆਰਥੀ

ਰਿਪੋਰਟਾਂ ਜਮ੍ਹਾਂ ਕਰਵਾਉਣ ਦੀ ਮਿਤੀ ਤੋਂ ਦੋ
[illegible] ਵਿਦਿਆਰਥੀ ਦੀ

ਰ ਫ਼ੈਸਲਾ ਖ਼ੁਦ ਕਰੇਗਾ ਜਾਂ ਅੰਤਿਮ ਫ਼ੈਸਲੇ ਲਈ

ਾਈਸ ਚਾਂਸਲਰ ਦੇ ਹਵਾਲੇ ਕੀਤਾ ਜਾਵੇਗਾ ਜੋ ਜਾਂ
ਅੰਤਿਮ ਹੋਵੇਗਾ। ਕਮੇਟੀ ਦੇ ਮੈਂਬਰਾਂ ਵਿਚਕਾਰ ਮਤ-
ਵਿਚਾਰ ਕਰਨ ਉਪਰੰਤ, ਕਿਸੇ ਸਰਬਸੰਮਤ ਫ਼ੈਸਲੇ ਤੇ

ੜ ਵਿਚਾਰ ਕਰਨ ਲਈ ਕਮੇਟੀ ਦੇ ਅੱਗੇ ਰੱਖੇ ਜਾਣ।

ਰ ਹੁਕਮ ਦੇ ਸਕੇਗਾ [illegible] ਕੀਤੇ
ਤੋਂ ਬਿਨ੍ਹਾਂ ਕਿਸੇ ਹੋਰ ਫ਼ੈਸਲੇ ਤੇ ਪਹੁੰਚਣ ਲਈ ਪਰੇਰ
ਕਮੇਟੀ ਦੇ ਸਾਹਮਣੇ ਹੁੰਦੇ ਤਾਂ ਉਹ ਕਮੇਟੀ ਨੂੰ, ਜਿਸ

ਚਾਂਸਲਰ ਦੀ ਰਾਇ ਵਿੱਚ ਅਜਿਹੇ ਤੱਥ ਸਾਹਮਣੇ
ਲਣ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਕੀਤੀ
ਅਪੀਲ ਵਾਈਸ ਚਾਂਸਲਰ ਪਾਸ ਹੋਵੇਗੀ ਅਤੇ

ਾਰਜ਼ੀ ਤੌਰ ਤੇ ਦਿੱਤੀ ਗਈ ਉਚੇਰੀ ਪਰੀਖਿਆ ਦਾ

ਏ ਨਾਲ-ਨਾਲ ਜਾਂ ਉਸ ਤੋਂ ਪਿਛੋਂ ਉਪਰੋਕਤ ਕੇਸ ਦੇ
ਨਾਕਾਬਲ ਕਰ ਦਿੱਤੇ ਜਾਣ ਦੀ ਸੂਰਤ ਵਿਚ, ਉਸ
ਵਿਚ ਹੋਰ ਆਰਜ਼ੀ ਦਾਖ਼ਲਾ ਨਹੀਂ ਦਿੱਤਾ ਜਾਵੇਗਾ:
ਤੇ ਸਾਧਨਾਂ ਦੇ ਕੇਸ ਦੇ ਨਤੀਜੇ ਦੇ ਤੌਰ ਤੇ ਉਸ ਨੂੰ

ਵਿੱਚ ਹੋਰਵੇਂ ਯਥਾ-ਉਪਬੰਧਤ ਦੇ ਸਿਵਾਏ ਅਗਲੀ
ਾ ਹੋਣ ਦੇ ਦੌਰਾਨ ਅਜਿਹੇ ਉਮੀਦਵਾਰ ਨੂੰ ਸੰਬੰਧਤ

## ਅਧਿਆਏ-XXIV
## ਡਿਗਰੀਆਂ ਦੇਣਾ

1. ਅਕਾਦਮਿਕ ਕੌਂਸਿਲ, ਸਮੇਂ-ਸਮੇਂ, ਉਨ੍ਹਾਂ ਸਭ ਵਿਅਕਤੀਆਂ ਦੇ ਨਾਂ, ਜਿਨ੍ਹਾਂ ਨੇ ਯੂਨੀਵਰਸਿਟੀ ਦੀਆਂ ਡਿਗਰੀਆਂ ਲਈ ਪਰੀਖਿਆਵਾਂ ਪਾਸ ਕਰ ਲਈਆਂ ਹਨ, ਅਤੇ ਔਰਡਿਨੈਂਸਾਂ ਅਧੀਨ ਅਜਿਹੀਆਂ ਡਿਗਰੀਆਂ ਲੈਣ ਦੇ ਯੋਗ ਪਾਏ ਗਏ ਹਨ, ਸਿੰਡੀਕੇਟ ਰਾਹੀਂ ਸੈਨੇਟ ਨੂੰ ਭੇਜੇਗੀ। ਜਦ ਸੈਨੇਟ ਕਿਸੇ ਅਜਿਹੇ ਵਿਅਕਤੀ ਨੂੰ ਕੋਈ ਡਿਗਰੀ ਦੇਣ ਦੀ ਪਰਵਾਨਗੀ ਦੇ ਦੇਵੇ, ਤਾਂ ਉਹ ਯਥਾਰੀਤੀ ਡਿਗਰੀ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।
2. *ਡਿਗਰੀਆਂ ਪ੍ਰਦਾਨ ਕਰਨ ਲਈ ਸੈਨੇਟ ਸਾਲ ਵਿੱਚ ਇੱਕ ਵਾਰ ਕਾਨਵੋਕੇਸ਼ਨ ਦੇ ਰੂਪ ਵਿੱਚ ਇਕੱਤਰ ਹੋਇਆ ਕਰੇਗੀ।
3. ਅਜਿਹੇ ਉਮੀਦਵਾਰ ਜਿਨ੍ਹਾਂ ਨੂੰ ਯੂਨੀਵਰਸਿਟੀ ਕਾਨਵੋਕੇਸ਼ਨ ਤੇ ਹਾਜ਼ਰ ਹੋਣ ਲਈ ਬੁਲਾਇਆ ਜਾਵੇ ਪਰ ਜੋ ਹਾਜ਼ਰ ਨਾ ਹੋ ਸਕਦੇ ਹੋਣ ਜਾਂ ਜੋ ਕਾਨਵੋਕੇਸ਼ਨ ਤੋਂ ਪਹਿਲਾਂ ਆਪਣੀਆਂ ਡਿਗਰੀਆਂ ਲੈਣਾ ਚਾਹੁੰਦੇ ਹੋਣ, ਉਹ ਅਜਿਹੀ ਫ਼ੀਸ ਅਦਾ ਕਰਨ ਤੇ ਜੋ ਸਮੇਂ-ਸਮੇਂ ਮੁਕੱਰਰ ਕੀਤੀ ਜਾਵੇ। ਗ਼ੈਰ-ਹਾਜ਼ਰੀ ਵਿੱਚ ਆਪਣੀਆਂ ਡਿਗਰੀਆਂ ਪ੍ਰਾਪਤ ਕਰ ਸਕਣਗੇ। ਹੋਰ ਸਭਨਾਂ** ਉਮੀਦਵਾਰਾਂ ਨੂੰ ਬਿਨਾਂ ਕੁਝ ਚਾਰਜ ਕੀਤੇ ਡਿਗਰੀ ਦਿੱਤੀ ਜਾਵੇਗੀ। ਕਾਨਵੋਕੇਸ਼ਨ ਤੇ ਹਾਜ਼ਰ ਹੋਣ ਲਈ ਬੁਲਾਏ ਗਏ ਉਮੀਦਵਾਰ, ਜੇਕਰ ਕਾਨਵੋਕੇਸ਼ਨ ਉਪਰੰਤ ਆਪਣੀ ਡਿਗਰੀ ਲੈਣਾ ਚਾਹੁਣਗੇ ਤਾਂ ਉਹ ਉਨ੍ਹਾਂ ਨੂੰ ਮੁਕੱਰਰ ਫ਼ੀਸ ਅਦਾ ਕਰਨ ਤੇ ਦਿੱਤੀ ਜਾਵੇਗੀ।

---

* (i) ਜੇ ਕੋਈ ਪ੍ਰਿੰਸੀਪਲ ਕਾਲਜ ਵਿੱਚ ਕਾਨਵੋਕੇਸ਼ਨ ਕਰਨਾ ਚਾਹੁੰਦਾ ਹੋਵੇ ਤਾਂ ਉਹ ਇਸ ਦੀ ਯੂਨੀਵਰਸਿਟੀ ਪਾਸੋਂ ਅਗੇਤਰੀ ਇਜਾਜ਼ਤ ਲਵੇਗਾ;
(ii) ਕਿਸੇ ਉਮੀਦਵਾਰ ਦੀ ਡਿਗਰੀ ਤੇ ਕਾਨਵੋਕੇਸ਼ਨ ਦੀ ਤਰੀਕ ਦੀ ਥਾਂ ਨਤੀਜਾ ਐਲਾਨੇ ਜਾਣ ਦੀ ਤਰੀਕ ਪਾਈ ਜਾ ਸਕੇਗੀ।

** ਜਿਨ੍ਹਾਂ ਉਮੀਦਵਾਰਾਂ ਨੂੰ ਯੂਨੀਵਰਸਿਟੀ ਕਾਨਵੋਕੇਸ਼ਨ ਤੇ ਡਿਗਰੀਆਂ ਲੈਣ ਲਈ ਸੱਦਾ ਭੇਜਿਆ ਜਾਣਾ ਹੋਵੇ, ਉਨ੍ਹਾਂ ਤੋਂ ਬਿਨਾਂ ਹੋਰ ਸਫ਼ਲ ਉਮੀਦਵਾਰਾਂ ਦੀਆਂ ਡਿਗਰੀਆਂ ਸੰਬੰਧਤ ਕਾਲਜਾਂ/ਪ੍ਰਾਈਵੇਟ ਉਮੀਦਵਾਰਾਂ ਨੂੰ ਅਕਾਦਮਿਕ ਕੌਂਸਿਲ ਦੀ ਪਰਵਾਨਗੀ ਤੋਂ ਬਾਅਦ ਯੂਨੀਵਰਸਿਟੀ ਕਾਨਵੋਕੇਸ਼ਨ ਤੋਂ ਪਹਿਲਾਂ ਬਿਨਾਂ ਕੋਈ ਖ਼ਰਚਾ ਲੈਣ ਦੇ ਭੇਜੀਆਂ ਜਾ ਸਕਣਗੀਆਂ।

ਕੋਈ ਅਜਿਹਾ ਉਮੀਦਵਾਰ ਜੋ ਸੈਨੇਟ ਦੁਆਰਾ ਡਿਗਰੀ ਦੇਣਾ ਪਰਵਾਨ ਕੀਤੇ ਜਾਣ ਤੋਂ ਦੋ ਸਾਲ ਤੋਂ ਬਾਅਦ ਗ਼ੈਰ-ਹਾਜ਼ਰੀ ਵਿੱਚ ਡਿਗਰੀ ਦਿੱਤੇ ਜਾਣ ਲਈ ਦਰਖ਼ਾਸਤ ਕਰੇ, ਉਸ ਨੂੰ ਡਿਗਰੀ ਦੇਣ ਤੋਂ ਪਹਿਲਾਂ ਉਸ ਤੋਂ ਲੋੜਿਆ ਜਾਵੇਗਾ ਕਿ ਉਹ ਕਿਸੇ ਕਾਲਜ ਦੇ ਪ੍ਰਿੰਸੀਪਲ ਜਾਂ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਫ਼ੈਲੋ ਜਾਂ ਕਿਸੇ ਗਜ਼ਟਿਡ ਅਫ਼ਸਰ ਪਾਸੋਂ ਆਪਣੇ ਚੰਗੇ ਚਾਲ-ਚਲਨ ਦਾ ਸਰਟੀਫ਼ਿਕੇਟ ਪੇਸ਼ ਕਰੇ।

4. ਮੈਡਲ ਅਤੇ ਇਨਾਮਾਂ ਦੇ ਹੱਕਦਾਰ ਵਿਅਕਤੀਆਂ ਨੂੰ ਇਹ ਕਾਨਵੋਕੇਸ਼ਨ ਦੇ ਅਵਸਰ ਤੇ ਦਿਤੇ ਜਾਣਗੇ।

5. ਜੇ ਕੋਈ ਉਮੀਦਵਾਰ ਆਪਣੀ ਡਿਗਰੀ ਦੀ ਪਰਵਾਨਗੀ ਤੋਂ ਬਾਅਦ ਪਹਿਲੀ ਕਾਨਵੋਕੇਸ਼ਨ ਤੇ ਹਾਜ਼ਰ ਹੋਣ ਦਾ ਇਰਾਦਾ ਨਾ ਰਖਦਾ ਹੋਵੇ ਤਾਂ ਉਹ ਰਜਿਸਟਰਾਰ ਨੂੰ ਘੱਟ ਤੋਂ ਘੱਟ ਪੰਜ ਦਿਨਾਂ ਦਾ ਨੋਟਿਸ ਦੇਵੇਗਾ ਅਤੇ ਤਦ ਉਸ ਨੂੰ ਕਿਸੇ ਉੱਤਰਵਰਤੀ ਕਾਨਵੋਕੇਸ਼ਨ ਤੇ ਉਸ ਦੀ ਡਿਗਰੀ ਦਿੱਤੀ ਜਾ ਸਕੇਗੀ:
ਪਰੰਤੂ ਇਹ ਤਦ ਜਦ ਉਹ ਰਜਿਸਟਰਾਰ ਨੂੰ ਕਾਨਵੋਕੇਸ਼ਨ ਤੇ ਆਪਣੇ ਹਾਜ਼ਰ ਹੋਣ ਦਾ ਘੱਟ ਤੋਂ ਘੱਟ 15 ਦਿਨਾਂ ਦਾ ਨੋਟਿਸ ਦੇਵੇ ਅਤੇ ਕਿਸੇ ਕਾਲਜ ਦੇ ਪ੍ਰਿੰਸੀਪਲ ਜਾਂ ਪੰਜਾਬੀ ਯੂਨੀਵਰਸਿਟੀ ਦੇ ਕਿਸੇ ਫ਼ੈਲੋ ਜਾਂ ਕਿਸੇ ਗਜ਼ਟਿਡ ਅਫ਼ਸਰ ਪਾਸੋਂ ਆਪਣੇ ਚੰਗੇ ਚਾਲ-ਚਲਨ ਦਾ ਸਰਟੀਫ਼ਿਕੇਟ ਪੇਸ਼ ਕਰੇ।

6. ਜੇ ਕੋਈ ਉਮੀਦਵਾਰ ਆਪਣੀ ਚਿਤਵਤ ਗ਼ੈਰ-ਹਾਜ਼ਰੀ ਸੰਬੰਧੀ ਜਾਂ ਬਾਅਦ ਦੀ ਕਿਸੇ ਕਨਵੋਕੇਸ਼ਨ ਤੇ ਹਾਜ਼ਰੀ ਸੰਬੰਧੀ, ਔਰਡਿਨੈਂਸਾਂ ਵਿੱਚ ਦੱਸੇ ਅਨੁਸਾਰ, ਰਜਿਸਟਰਾਰ ਨੂੰ ਸੂਚਨਾ ਨਹੀਂ ਦਿੰਦਾ ਤਾਂ ਉਸ ਨੂੰ ਡਿਗਰੀ ਲੈਣ ਲਈ ਯੂਨੀਵਰਸਿਟੀ ਵਲੋਂ ਸਮੇਂ-ਸਮੇਂ ਤੇ ਮੁਕੱਰਰ ਫ਼ੀਸ ਅਦਾ ਕਰਨੀ ਹੋਵੇਗੀ।

7. ਜੇਕਰ ਸੰਬੰਧਤ ਸਾਲ ਵਿਚ ਯੂਨੀਵਰਸਿਟੀ ਦੀ ਕਾਨਵੋਕੇਸ਼ਨ ਨਾ ਹੋਈ ਹੋਵੇ ਜਾਂ ਨੇੜੇ ਭਵਿੱਖ ਵਿੱਚ ਨਾ ਹੋ ਰਹੀ ਹੋਵੇ ਤਾਂ ਉਨ੍ਹਾਂ ਪਰੀਖਿਆਰਥੀਆਂ ਨੂੰ, ਜਿਨ੍ਹਾਂ ਨੇ ਯੂ.ਜੀ.ਸੀ. ਨੈੱਟ ਪਰੀਖਿਆ ਪਾਸ ਕਰ ਲਈ ਹੈ, ਡਿਗਰੀ ਮੁਕੱਰਰ ਫ਼ੀਸ ਲਏ ਬਗ਼ੈਰ ਦੇ ਦਿੱਤੀ ਜਾਵੇਗੀ।

ਫੁਟਕਲ

1. ਬਾਕਾਇਦਾ ਕੋਰਸ ਤੋਂ ਪੱਤਰ-ਵਿਹਾਰ ਕੋਰਸ ਵਿੱਚ ਬਦਲਣ ਉਪਰੰਤ ਡਿਗਰੀ :-
ਜਿਹੜੇ ਵਿਦਿਆਰਥੀ ਖ਼ਾਸ ਹਾਲਤਾਂ ਵਿੱਚ ਆਪਣੀ ਪੜ੍ਹਾਈ ਸਮੈਸਟਰ ਸਿਸਟਮ ਅਧੀਨ ਜਾਰੀ ਨਹੀਂ ਰੱਖ ਸਕਦੇ ਉਨ੍ਹਾਂ ਨੂੰ ਪੱਤਰ-ਵਿਹਾਰ ਸਿੱਖਿਆ ਵਿਭਾਗ ਵਿੱਚ ਦਾਖ਼ਲਾ ਲੈਣ ਦੀ ਖੁੱਲ੍ਹ ਹੋਵੇਗੀ। ਉਨ੍ਹਾਂ ਦੀ ਡਿਗਰੀ ਦੇ ਨੰਬਰ ਪਹਿਲੇ ਸਾਲ ਵਿੱਚ ਸਮੈਸਟਰ ਸਿਸਟਮ ਵਾਲੇ ਅਤੇ ਦੂਜੇ ਸਾਲ ਵਿੱਚ ਸਾਲਾਨਾ ਪਰੀਖਿਆ ਵਾਲੇ ਹੋਣਗੇ। ਇਸ ਪ੍ਰਕਾਰ ਇਨ੍ਹਾਂ ਦੀ ਡਿਗਰੀ ਦੋਨਾਂ ਪ੍ਰਣਾਲੀਆਂ ਤੋਂ ਵੱਖਰੀ ਹੋਵੇਗੀ। ਜਿਥੇ ਵੀ ਡੈਫ਼ੀਸ਼ੈਟ ਪੇਪਰ(ਾਂ) ਦੀ ਲੋੜ ਹੋਵੇ, ਵਿਦਿਆਰਥੀ ਨੂੰ ਉਹ ਪੇਪਰ(ਾਂ) ਪਾਸ ਕਰਨਾ ਹੋਵੇਗਾ।

2. ਵੱਖ-ਵੱਖ ਪਰੀਖਿਆਵਾਂ ਦੀਆਂ ਡਿਗਰੀਆਂ/ਡਿਪਲੋਮਿਆਂ/ਸਰਟੀਫ਼ਿਕੇਟਾਂ ਤੇ

(i) ਕੋਰਸ ਦੀ ਮੁਨਿਆਦ ਦਾ ਇੰਦਰਾਜ ਕੀਤਾ ਜਾਵੇਗਾ।

(ii) ਪਰੀਖਿਆ ਦਾ ਮਾਧਿਅਮ ਦੱਸਿਆ ਜਾਵੇਗਾ।

(iii) ਡਵੀਜ਼ਨ ਦਾ ਇੰਦਰਾਜ ਕਰਨ ਦੇ ਨਾਲ-ਨਾਲ ਕੁੱਲ/ਪ੍ਰਾਪਤ ਕੀਤੇ ਅੰਕ ਅਤੇ ਬਣਦੀ ਪ੍ਰਤੀਸ਼ਤਤਾ ਦਾ ਇੰਦਰਾਜ ਕੀਤਾ ਜਾਵੇਗਾ।

(iv) ਜੇਕਰ ਸੰਭਵ ਹੋਵੇ ਕਰੈਡਿਟ-ਘੰਟੇ ਦਰਸਾ ਦਿੱਤੇ ਜਾਣ।

3. ਡੁਪਲੀਕੇਟ ਸਰਟੀਫ਼ਿਕੇਟ/ਡਿਪਲੋਮਾ/ਡਿਗਰੀ ਲੈਣ ਲਈ :

ਡੁਪਲੀਕੇਟ ਸਰਟੀਫ਼ਿਕੇਟ ਭਾਵ ਸਰਟੀਫ਼ਿਕੇਟ/ਆਰਜ਼ੀ ਸਰਟੀਫ਼ਿਕੇਟ/ਨੰਬਰ - ਬਿਉਰਾ ਕਾਰਡ/ਮੈਰਿਟ ਸਰਟੀਫ਼ਿਕੇਟ/ਵਿਸ਼ਾ ਸਰਟੀਫ਼ਿਕੇਟ/ਯੋਗਤਾ ਦਾ ਸਰਟੀਫ਼ਿਕੇਟ (ਪ੍ਰਤੀ ਪਰੀਖਿਆ) ਅਤੇ ਡੁਪਲੀਕੇਟ ਡਿਪਲੋਮਾ/ਡਿਗਰੀ, ਰਿਕਾਰਡ ਉਪਲਬਧ ਹੋਣ ਦੀ ਸੂਰਤ ਵਿੱਚ ਮੁਕੱਰਰ ਫ਼ੀਸ ਚਾਰਜ਼ ਕਰਕੇ ਜਾਰੀ ਕੀਤੇ ਜਾਣਗੇ।

ਪਰਚਿਆਂ ਅਨੁਸਾਰ ਵਿਵਰਣ (ਟਰਾਂਸ-ਸਕਰਿਪਟ) ਪ੍ਰਤੀ ਸਮੈਸਟਰ/ਭਾਗ, ਪ੍ਰਤੀ ਨੰਬਰ-ਬਿਉਰਾ-ਕਾਰਡ ਹੇਠ ਲਿਖਿਆਂ ਲਈ ਫ਼ੀਸਾਂ ਦੀਆਂ ਵੱਖ-ਵੱਖ ਮੁਕੱਰਰ ਦਰਾਂ ਚਾਰਜ ਕਰਕੇ ਜਾਰੀ ਕੀਤੇ ਜਾਣਗੇ :

ਭਾਰਤੀ ਵਿਦਿਆਰਥੀਆਂ ਲਈ ਜਾਂ ਭਾਰਤ ਤੋਂ ਵਿਦੇਸ਼ ਭੇਜਣ ਲਈ।

(ੳ) ਚਾਲੂ ਸਾਲ ਸਮੇਤ ਪਿਛਲੇ ਪੰਜ ਸਾਲ ਤੱਕ ਦੇ ਸਮੇਂ ਨਾਲ ਸੰਬੰਧਤ।
(ਫ਼ੀਸ ਪ੍ਰਤੀ ਕਾਪੀ ਅਤੇ ਡਾਕ ਖ਼ਰਚ ਵੱਖਰਾ।

(ਅ) ਪਿਛਲੇ ਪੰਜ ਸਾਲ ਤੋਂ ਪਹਿਲਾਂ ਦੇ ਸਮੇਂ ਨਾਲ ਸੰਬੰਧਤ।
(ਫ਼ੀਸ ਅਤੇ ਡਾਕ ਖ਼ਰਚ ਵੱਖਰਾ)

(ੲ) ਵਿਦੇਸ਼ ਵਿੱਚ ਰਹਿੰਦੇ ਵਿਦਿਆਰਥੀਆਂ ਦੀ ਮੰਗ ਤੇ।
(ਫ਼ੀਸ ਡਾਲਰ ਕਰੰਸੀ ਵਿੱਚ ਡਾਕ ਖ਼ਰਚ ਸਹਿਤ)

ਅਧਿਆਏ-XXV

# ਤਕਮੇ ਦੇਣਾ

ਯੂਨੀਵਰਸਿਟੀ ਦੁਆਰਾ ਹੇਠ-ਲਿਖੇ ਤਕਮੇ ਸਥਾਪਿਤ ਕੀਤੇ ਗਏ ਹਨ :-

| | | | |
|---|---|---|---|
| ੳ. | 1 | ਬੀ.ਏ. | ਇੱਕ |
| | 2. | ਬੀ.ਐਸ-ਸੀ. | ਇੱਕ |
| | 3. | ਬੀ.ਐਸ-ਸੀ.(ਗ੍ਰਹਿ ਵਿਗਿਆਨ) | ਇੱਕ |
| | 3ੳ. | ਬੀ.ਏ./ਬੀ.ਐਸ-ਸੀ. ਮੈਥ | ਇੱਕ |
| | 4. | ਬੀ.ਕਾਮ. | ਇੱਕ |
| | 5. | ਬੀ.ਏ./ਬੀ.ਐਸ.-ਸੀ./ਬੀ.ਕਾਮ.(ਆਨਰਜ਼) | ਸਭ ਵਿਸ਼ਿਆਂ ਲਈ ਇੱਕ* |
| | 6. | ਬੀ.ਏ./ਬੀ.ਐਸ-ਸੀ. (ਆਨਰਜ਼ ਕੋਰਸ ਪਰੀਖਿਆਵਾਂ) | ਹਰਿਕ ਵਿਸ਼ੇ ਲਈ ਇੱਕ |
| | 7. | ਮਾਸਟਰ ਆਫ਼ ਆਰਟਸ** | ਹਰਿਕ ਵਿਸ਼ੇ ਲਈ ਇੱਕ ਅਤੇ ਇੱਕ ਐਮ.ਏ. (ਆਨਰਜ਼) ਪੰਜਾਬੀ ਲਈ |
| | 8. | ਐਮ.ਏ. ਸਮੈਸਟਰ | ਉਪਰੋਕਤ ਅਨੁਸਾਰ |
| | 9. | ਐਮ.ਏ (ਫ਼ਾਈਨ ਆਰਟਸ) | ਇੱਕ |
| | 10. | ਕਾਰੋਬਾਰ ਪ੍ਰਸ਼ਾਸਨ ਵਿਚ ਮਾਸਟਰ ਡਿਗਰੀ | ਇੱਕ |

---

* ਬੀ.ਏ. (ਆਨਰਜ਼) ਦੀ ਸੂਰਤ ਵਿੱਚ ਜੇ ਕਿਸੇ ਖ਼ਾਸ ਵਿਸ਼ੇ ਵਿੱਚ ਉਮੀਦਵਾਰਾਂ ਦੀ ਗਿਣਤੀ 20 ਤੋਂ ਵੱਧ ਹੋਵੇ ਤਾਂ ਉਸ ਵਿਸ਼ੇ ਲਈ ਇੱਕ ਵੱਖਰਾ ਮੈਡਲ ਦਿੱਤਾ ਜਾਵੇਗਾ।

** ਹੇਠ ਲਿਖੇ ਵਿਸ਼ਿਆਂ ਵਿੱਚ ਤਕਮੇ ਉਨ੍ਹਾਂ ਵਿਚੋਂ ਹਰਿਕ ਦੇ ਸਾਹਮਣੇ ਦੱਸੇ ਨਾਵਾਂ ਨਾਲ ਜਾਣੇ ਜਾਣਗੇ :

| | | |
|---|---|---|
| 1. | ਐਮ.ਏ. ਧਰਮ ਅਧਿਐਨ | ਗੁਰੂ ਨਾਨਕ ਫਾਊਂਡੇਸ਼ਨ ਦੁਆਰਾ ਦਿਤਾ ਗਿਆ ਸਰਦਾਰਨੀ ਜਸਬੀਰ ਕੌਰ ਮਹਿਤਾਬ ਸਿੰਘ ਯਾਦਗਾਰੀ ਸੋਨ ਤਕਮਾ |
| 2. | ਐਮ.ਏ. ਫ਼ਾਰਸੀ | ਸ੍ਰੀਮਤੀ ਓਮ ਕੈਂਤਲ ਤਕਮਾ |
| 3. | ਐਮ.ਏ. ਪੰਜਾਬੀ | ਭਾਈ ਮੋਹਨ ਸਿੰਘ ਤਕਮਾ |
| 4. | ਐਮ.ਏ. ਇਤਿਹਾਸ | ਸ. ਕਰਮ ਸਿੰਘ ਹਿਸਟੋਰੀਅਨ ਤਕਮਾ |
| 4ੳ. | ਬੀ.ਏ.ਬੀ.ਐਸ-ਸੀ. ਮੈਥ | ਸ੍ਰੀਮਤੀ ਲਕਸ਼ਮੀ ਦੇਵੀ ਮੈਮੋਰੀਅਲ ਮੈਡਲ |
| 5. | ਐਮ.ਏ.(ਫ਼ਾਈਨ ਆਰਟਸ) | ਸਰਦਾਰ ਤਿਰਲੋਕ ਸਿੰਘ ਚਿੱਤਰਕਾਰ (1914-1990) ਸੋਨ ਤਕਮਾ |

| | |
|---|---|
| 11. ਵਣਜ ਵਿੱਚ ਮਾਸਟਰ ਡਿਗਰੀ | ਇੱਕ |
| 12. ਮਾਸਟਰ ਆਫ਼ ਸਾਇੰਸ | ਇੱਕ ਹਰਿਕ ਵਿਸ਼ੇ ਲਈ ਅਤੇ ਅਮਲੀ ਭੌਤਿਕ ਵਿਗਿਆਨ, *ਫ਼ੌਰੈਂਸਿਕ ਸਾਇੰਸ ਅਤੇ ਜੀਵ-ਰਸਾਇਣ ਸ਼ਾਸਤਰ ਵਿੱਚ ਹਰਿਕ ਲਈ ਇੱਕ |
| 13. ਬੈਚਲਰ ਆਫ਼ ਲਾਅ (ਦੋ-ਸਾਲਾ ਕੋਰਸ) | ਇੱਕ |
| 14. ਬੈਚਲਰ ਆਫ਼ ਲਾਅ (ਪੇਸ਼ਾਵਾਰਾਨਾ) | ਇੱਕ |
| 15. ਐਲਐਲ.ਐਮ | ਇੱਕ |
| 16. ਬੀ.ਟੈੱਕ. | ਇੱਕ |
| 17. ਬੈਚਲਰ ਆਫ਼ ਫ਼ਿਜ਼ੀਕਲ ਐਜੂਕੇਸ਼ਨ | ਇੱਕ |
| 18. ਐਮ.ਏ. ਫ਼ਿਜ਼ੀਕਲ ਐਜੂਕੇਸ਼ਨ | ਇੱਕ |
| 19. ਬੈਚਲਰ ਆਫ਼ ਐਜੂਕੇਸ਼ਨ | ਇੱਕ |
| 20. ਐਮ.ਐਡ. | ਇੱਕ |
| 21. ਬੈਚਲਰ ਆਫ਼ ਲਾਇਬਰੇਰੀ ਸਾਇੰਸ | ਇੱਕ |
| 22. ਬੈਚਲਰ ਆਫ਼ ਜਰਨਲਿਜ਼ਮ | ਇੱਕ |
| 23. ਬੈਚਲਰ ਆਫ਼ ਪ੍ਰਿੰਟਿੰਗ ਟੈਕਨਾਲੋਜੀ ਐਂਡ ਪਰੂਫ਼ ਰੀਡਿੰਗ | ਇੱਕ |
| 24. ਗਿਆਨੀ | ਇੱਕ |
| 25. ਪ੍ਰਭਾਕਰ | ਇੱਕ |
| 26. ਅਦੀਬ ਫ਼ਾਜ਼ਲ | ਇੱਕ |
| 27. ਸ਼ਾਸਤਰੀ (ਸਵਾਮੀ ਸਵਤੰਤਰਾ ਨੰਦ ਤਕਮਾ) | ਇੱਕ |
| 28. ਮੁਨਸ਼ੀ ਫ਼ਾਜ਼ਲ | ਇੱਕ |
| 29. ਪੰਜਾਬੀ ਪ੍ਰਵੇਸ਼ਕਾ | ਇੱਕ |
| 30. ਐਮ.ਏ./ਐਮ.ਐਸ-ਸੀ. ਉਪਰੰਤ ਡਿਪਲੋਮਾ ਕੋਰਸ | ਹਰਿਕ ਡਿਪਲੋਮਾ ਕੋਰਸ ਲਈ ਇੱਕ |
| ਅ. i) ਚਾਂਸਲਰ ਦਾ ਸ੍ਰੇਸ਼ਠਤਾ ਤਕਮਾ | ਇੱਕ |
| ii) ਚਾਂਸਲਰ ਦਾ ਸ੍ਰੇਸ਼ਠਤਾ ਤਕਮਾ ਸਿੱਖਿਆ ਅਤਿਰਿਕਤ ਸਰਗਰਮੀਆਂ ਲਈ | ਇੱਕ |

* ਐਮ.ਏ. (ਫ਼ੌਰੈਂਸਿਕ ਸਾਇੰਸ) : ਦੀਵਾਨ ਕੇ.ਐਸ. ਪੁਰੀ ਤਕਮਾ

## ਤਕਮਿਆਂ ਦਾ ਵਿਵਰਣ

ੲ. i) ਯੂਨੀਵਰਸਿਟੀ ਦੁਆਰਾ ਦਿੱਤੇ ਜਾਣ ਵਾਲੇ ਸਭ ਤਕਮੇ 'ਯੂਨੀਵਰਸਿਟੀ ਤਕਮਿਆਂ' ਵਜੋਂ ਜਾਣੇ ਜਾਣਗੇ।

ii) ਸਭ ਯੂਨੀਵਰਸਿਟੀ ਤਕਮੇ (ਸਿਵਾਏ ਦਾਨ ਤਕਮਿਆਂ ਅਤੇ ਚਾਂਸਲਰ ਦੇ ਸ੍ਰੇਸ਼ਠਤਾ ਤਕਮੇ ਦੇ) 2● ਗ੍ਰਾਮ ਚਾਂਦੀ ਦੇ ਵਜ਼ਨ ਦੇ ਅਤੇ 3.5 ਸੈਂਟੀਮੀਟਰ ਵਿਆਸ ਦੇ (ਗੋਲ ਆਕਾਰ) ਹੋਣਗੇ। ਤਕਮੇ ਲੈਣ ਵਾਲੇ ਦਾ ਨਾਂ ਤਕਮੇ ਦੇ ਉਲਟੇ ਪਾਸੇ ਮੋਟੇ ਤੌਰ ਤੇ ਖੁਣਿਆ ਹੋਵੇਗਾ।

iii) ਦਾਨ ਤਕਮੇ 9 ਕੈਰਟ ਸੋਨੇ ਦੀ ਸ਼ੁੱਧਤਾ ਵਾਲੇ ਹੋਣਗੇ ਅਤੇ ਹਰਿਕ ਦਾ ਵਜ਼ਨ 7.5 ਗ੍ਰਾਮ ਅਤੇ ਗੋਲ ਵਿਆਸ 2.5 ਸੈਂਟੀਮੀਟਰ ਹੋਵੇਗਾ;
ਪਰੰਤੂ ਇਹ ਤਦ ਜੇ ਦਾਨੀ ਨੇ ਵਿਸ਼ੇਸ਼ ਤੌਰ ਤੇ ਇੱਛਾ ਪ੍ਰਗਟ ਕੀਤੀ ਹੋਵੇ ਕਿ ਉਸ ਦੇ ਦਾਨ ਵਿੱਚੋਂ ਸਿਰਫ਼ ਸੋਨ ਤਕਮਾ ਹੀ ਦਿੱਤਾ ਜਾਵੇ ਵਰਨਾ ਇਹ ਦਾਨ ਤਕਮੇ ਵੀ ਔਰਡਿਨੈਂਸਾਂ ਵਿਚਲੇ ਵਿਸ਼ੇਸ਼ ਵਿਵਰਣਾਂ ਅਨੁਸਾਰ ਚਾਂਦੀ ਦੇ ਹੋਣਗੇ।

iv) ਚਾਂਸਲਰ ਦਾ ਸ੍ਰੇਸ਼ਠਤਾ ਮੈਡਲ 9 ਕੈਰਟ ਸੋਨੇ ਦੀ ਸ਼ੁੱਧਤਾ ਵਾਲਾ, 15 ਗ੍ਰਾਮ ਵਜ਼ਨ ਦਾ ਅਤੇ 3.5 ਸੈਂਟੀਮੀਟਰ ਵਿਆਸ ਦਾ ਹੋਵੇਗਾ।

## ਤਕਮੇ ਦੇਣ ਨੂੰ ਹੇਠ-ਲਿਖੇ ਨਿਯਮ ਲਾਗੂ ਹੋਣਗੇ

1. (ੳ) ਯੂਨੀਵਰਸਿਟੀ ਦੀਆਂ ਵੱਖ-ਵੱਖ ਉਪਰ 'ੳ' ਵਿੱਚ ਉਲਿਖਤ ਪਰੀਖਿਆਵਾਂ ਵਿਚ ਮੈਡਲ ਕੇਵਲ ਪਹਿਲੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਵੇਗਾ :
ਪਰੰਤੂ ਇਹ ਕਿ ਉਹ ਨਿਯਮਾਂ ਵਿੱਚ ਦਿੱਤੀਆਂ ਬਾਕੀ ਸ਼ਰਤਾਂ ਪੂਰੀਆਂ ਕਰਦੇ ਹੋਣ। ਜੇ ਕਿਸੇ ਪਰੀਖਿਆ ਵਿੱਚ ਪਹਿਲੇ ਨੰਬਰ ਤੇ ਆਉਣ ਵਾਲਾ ਵਿਦਿਆਰਥੀ ਹੋਰਵੇਂ ਪਾਤਰ ਨਾ ਹੋਵੇ ਤਾਂ ਉਸ ਪਰੀਖਿਆ ਵਿੱਚ ਮੈਡਲ ਪ੍ਰਦਾਨ ਨਹੀਂ ਕੀਤਾ ਜਾਵੇਗਾ।

(ਅ) ਜਿਸ ਕੋਰਸ ਵਿੱਚ ਪੰਜ ਤੋਂ ਘੱਟ ਵਿਦਿਆਰਥੀ ਹੋਣ, ਉਥੇ ਮੈਡਲ ਪ੍ਰਦਾਨ ਨਹੀਂ ਕੀਤਾ ਜਾਵੇਗਾ :
ਪਰੰਤੂ ਇਹ ਸ਼ਰਤ ਐਮ.ਏ. (ਫ਼ਾਰਸੀ) ਨੂੰ ਲਾਗੂ ਨਹੀਂ ਹੋਵੇਗੀ।
ਪਰੰਤੂ ਇਹ ਹੋਰ ਕਿ ਜੇ ਕਿਸੇ ਵਿਦਿਆਰਥੀ ਨੇ ਯੂਨੀਵਰਸਿਟੀ ਦਾ ਪਿਛਲਾ ਅਕਾਦਮਿਕ ਰਿਕਾਰਡ ਤੋੜਿਆ ਹੋਵੇ ਤਾਂ ਉਸ ਨੂੰ ਮੈਡਲ ਪ੍ਰਦਾਨ ਕੀਤਾ ਜਾਵੇਗਾ ਭਾਵੇਂ ਉਸ ਕੋਰਸ ਵਿੱਚ ਪੰਜ ਤੋਂ ਘੱਟ ਵਿਦਿਆਰਥੀ ਹੋਣ।

(ੲ) ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੀਆਂ ਪਰੀਖਿਆਵਾਂ ਦੀ ਮੈਰਿਟ ਸੂਚੀ ਵੱਖ-ਵੱਖ ਤਿਆਰ ਕੀਤੀ ਜਾਵੇਗੀ ਅਤੇ ਉਨ੍ਹਾਂ ਲਈ ਸਕਾਲਰਸ਼ਿਪ ਤੇ ਮੈਡਲ ਅਲੱਗ-ਅਲੱਗ ਸਥਾਪਤ ਕੀਤੇ ਜਾਣਗੇ।

2. ਕਿਸੇ ਅਜਿਹੇ ਡਿਪਲੋਮਾ/ਸਰਟੀਫ਼ਿਕੇਟ ਕੋਰਸ ਦੇ ਆਧਾਰ ਤੇ ਤਕਮਾ ਨਹੀਂ ਦਿੱਤਾ ਜਾਵੇਗਾ ਜਿਥੇ ਕੋਰਸ ਦੀ ਮੁਨਿਆਦ ਇੱਕ ਸਾਲ ਤੋਂ ਘੱਟ ਹੋਵੇ।

3. (i) ਸਭ ਐਵਾਰਡ ਕੇਵਲ ਸਾਲਾਨਾ ਪਰੀਖਿਆ ਦੇ ਨਤੀਜੇ ਤੇ ਦਿੱਤੇ ਜਾਣਗੇ। ਛਿਮਾਹੀ ਜਾਂ ਅਨੁਪੂਰਕ ਪਰੀਖਿਆ ਦੇ ਨਤੀਜੇ ਤੇ ਕੋਈ ਇਨਾਮ ਨਹੀਂ ਦਿੱਤਾ ਜਾਵੇਗਾ :

ਪਰੰਤੂ ਐਮ.ਆਈ.ਐਲ. ਦੀ ਪਰੀਖਿਆ ਦੀ ਸੂਰਤ ਵਿੱਚ ਤਕਮੇ ਉਨ੍ਹਾਂ ਉਮੀਦਵਾਰਾਂ ਨੂੰ ਦਿੱਤੇ ਜਾਣਗੇ ਜੋ ਸਾਲ ਦੇ ਦੌਰਾਨ ਲਈਆਂ ਗਈਆਂ ਦੋਹਾਂ ਪਰੀਖਿਆਵਾਂ ਦੇ ਰਲਵੇਂ ਨਤੀਜੇ ਵਿੱਚ ਪਹਿਲੀ ਪੋਜ਼ੀਸ਼ਨ ਹਾਸਲ ਕਰਨਗੇ।

(ii) ਹੋਰ ਸੰਬੰਧਤ ਸ਼ਰਤਾਂ ਦੀ ਪੂਰਤੀ ਕਰਨ ਵਾਲੇ ਕੇਵਲ ਅਜਿਹੇ ਉਮੀਦਵਾਰਾਂ ਨੂੰ ਹੀ ਮੈਡਲ ਪ੍ਰਦਾਨ ਕੀਤੇ ਜਾਣ ਦਾ ਹੱਕਦਾਰ ਮੰਨਿਆ ਜਾਵੇਗਾ, ਜੋ ਕੋਰਸ ਦੀ ਪਰੀਖਿਆ, ਬਿਨਾਂ ਗੈਪ ਤੇ, ਪਹਿਲੀ ਅਨੁਸੂਚਿਤ ਕੋਸ਼ਿਸ਼ ਵਿੱਚ ਉਸੇ ਅਕਾਦਮਿਕ ਕੈਲੰਡਰ ਸਾਲ ਵਿੱਚ ਪਾਸ ਕਰਨ, ਇਹ ਸ਼ਰਤ ਇੰਟਰਗਰੇਟਿਡ ਕੋਰਸ* ਦੇ ਹਰੇਕ ਭਾਗ ਦੀ ਪਰੀਖਿਆ ਤੇ ਵੀ ਇਸੇ ਤਰ੍ਹਾਂ ਲਾਗੂ ਹੋਵੇਗੀ।

ਕੋਰਸ ਦੀ/ਦੀਆਂ ਪਰੀਖਿਆ(ਵਾਂ) ਵਿੱਚ ਰੀ-ਅਪੀਅਰ ਜਾਂ ਗ਼ੈਰ-ਹਾਜ਼ਰ ਜਾਂ ਮੈਡੀਕਲ/ਕਿਸੇ ਹੋਰ ਕਾਰਨ ਕਰਕੇ ਪਰੀਖਿਆ ਵਿੱਚ ਨਾ ਬੈਠਣ ਵਾਲੇ ਜਾਂ ਕਿਸੇ ਇੰਟਰਗਰੇਟਿਡ ਕੋਰਸ ਦੀਆਂ ਪਰੀਖਿਆਵਾਂ ਵਿੱਚ ਆਪਸੀ ਗੈਪ ਰੱਖਣ ਵਾਲੇ ਵਿਦਿਆਰਥੀਆਂ ਨੂੰ ਇਸ ਐਵਾਰਡ ਲਈ ਹੱਕਦਾਰ ਨਹੀਂ ਮੰਨਿਆ ਜਾਵੇਗਾ।**

(iii) ਸਭ ਐਵਾਰਡ ਕੇਵਲ ਪਹਿਲੀ ਡਵੀਜ਼ਨ ਵਿੱਚ ਪਾਸ ਹੋਣ ਵਾਲੇ ਉਮੀਦਵਾਰਾਂ ਨੂੰ ਦਿੱਤੇ ਜਾਣਗੇ। ਪਰ ਬੀ.ਏ./ਬੀ.ਐਸ.-ਸੀ./ਬੀ.ਕਾਮ (ਆਨਰਜ਼) ਪਰੀਖਿਆ ਦੀ ਸੂਰਤ ਵਿੱਚ ਵਿਦਿਆਰਥੀ ਲਈ ਜ਼ਰੂਰੀ ਹੈ ਕਿ ਆਨਰਜ਼ ਵਿੱਚ 60% ਨੰਬਰ ਲੈਣ ਤੋਂ ਇਲਾਵਾ ਪਾਸ ਕੋਰਸ ਵਿੱਚ ਦੂਜੀ ਡਵੀਜ਼ਨ ਹਾਸਲ ਕਰੇ। ਅਜਿਹੀ ਪਰੀਖਿਆ ਦੀ ਸੂਰਤ ਵਿੱਚ ਜਿਸ ਵਿੱਚ ਕੋਈ ਡਵੀਜ਼ਨ ਨਹੀਂ ਦਿੱਤੀ ਜਾਂਦੀ, ਤਕਮਾ ਉਸ ਉਮੀਦਵਾਰ ਨੂੰ ਦਿੱਤਾ ਜਾਵੇਗਾ ਜੋ ਪਰੀਖਿਆ ਵਿਚ ਕੁੱਲ-ਜੋੜ ਵਿੱਚ ਨੰਬਰ ਸਭ ਤੋਂ ਵੱਧ ਪ੍ਰਾਪਤ ਕਰੇ।***

---

* ਮੈਰਿਟ ਸੂਚੀਆਂ ਤਿਆਰ ਕਰਨ ਲਈ ਸੰਗਠਤ ਕੋਰਸ ਉਨ੍ਹਾਂ ਪਰੀਖਿਆਵਾਂ ਨੂੰ ਗਿਣਿਆ ਜਾਵੇਗਾ ਜਿਨ੍ਹਾਂ ਪਰੀਖਿਆਵਾਂ ਦੇ ਨੰਬਰਾਂ ਨੂੰ ਜੋੜ ਕੇ ਉਮੀਦਵਾਰਾਂ ਨੂੰ ਡਿਗਰੀ/ ਡਵੀਜ਼ਨ ਦਿੱਤੀ ਜਾਂਦੀ ਹੈ।

** ਸਿੰਡੀਕੇਟ ਮਿਤੀ 3.9.2005 (ਪੈਰਾ 62.6)

*** ਬੈਚੁਲਰ ਔਫ਼ ਐਜੂਕੇਸ਼ਨ ਡਿਗਰੀ ਦੀ ਪਰੀਖਿਆ ਵਿੱਚ ਮੈਰਿਟ ਦਾ ਨਿਰ ਨਾ ਭਾਗ-I(ਸਿਧਾਂਤ), ਭਾਗ-II (ਟ੍ਰੇਨਿੰਗ ਇਨ ਆਰਟ ਐਂਡ ਵਰਕਸ਼ਾਪ ਪ੍ਰੈਕਟਿਸ) ਅਤੇ ਭਾਗ- III (ਸਕਿੱਲ ਇਨ ਟੀਚਿੰਗ) ਦੀ ਕੇਵਲ ਬਾਹਰਲੀ ਨਿਰਧਾਰਨ ਦੇ ਰਲਵੇਂ ਕੁੱਲ ਜੋੜ ਨੰਬਰਾਂ ਦੇ ਆਧਾਰ ਤੇ ਕੀਤਾ ਜਾਵੇਗਾ।

(iv) ਮੈਰਿਟ ਨਿਸ਼ਚਿਤ ਕਰਨ ਲਈ ਅਤਿਰਿਕਤ ਇਖ਼ਤਿਆਰੀ ਵਿਸ਼ੇ ਦੇ ਨੰਬਰ ਨਹੀਂ ਗਿਣੇ ਜਾਣਗੇ, ਪਰ ਇਹ ਤਦ ਜੇਕਰ ਸੰਬੰਧਤ ਪਰੀਖਿਆ ਦੇ ਔਰਡਿਨੈਂਸਾਂ ਵਿੱਚ ਇਨ੍ਹਾਂ ਨੰਬਰਾਂ ਨੂੰ ਡਵੀਜ਼ਨ ਵਿੱਚ ਸ਼ਾਮਲ ਕਰਨ ਦੀ ਵਿਵਸਥਾ ਨਾ ਕੀਤੀ ਗਈ ਹੋਵੇ।

(v) ਜਦ ਦੋ ਜਾਂ ਦੋ ਤੋਂ ਵੱਧ ਉਮੀਦਵਾਰਾਂ ਦੁਆਰਾ ਹਾਸਲ ਕੀਤੇ ਨੰਬਰ ਇੱਕ ਬਰਾਬਰ ਹੋਣ ਤਾਂ ਉਸ ਪਰੀਖਿਆ ਵਿੱਚ, ਜਿਸ ਲਈ ਕਿ ਇੱਕ ਤਕਮਾ ਮੁਕੱਰਰ ਕੀਤਾ ਗਿਆ ਹੈ, ਪਹਿਲੀ ਪੋਜ਼ੀਸ਼ਨ ਤੇ ਇੱਕੋ ਜਿੰਨੇ ਨੰਬਰ ਹਾਸਲ ਕਰਨ ਵਾਲੇ ਹਰਿਕ ਉਮੀਦਵਾਰ ਨੂੰ ਤਕਮਾ ਦਿੱਤਾ ਜਾਵੇਗਾ ਅਤੇ ਅਜਿਹੀ ਪਰੀਖਿਆ ਦੀ ਸੂਰਤ ਵਿੱਚ, ਜਿਸ ਲਈ ਦੋ ਤਕਮੇ ਮੁਕੱਰਰ ਕੀਤੇ ਗਏ ਹਨ, ਪਹਿਲੀ ਅਤੇ ਦੂਜੀ ਪੋਜ਼ੀਸ਼ਨ ਤੇ ਇੱਕੋ ਜਿੰਨੇ ਨੰਬਰ ਹਾਸਲ ਕਰਨ ਵਾਲੇ ਹਰਿਕ ਉਮੀਦਵਾਰ ਨੂੰ ਇੱਕ-ਇੱਕ ਤਕਮਾ ਦਿੱਤਾ ਜਾਵੇਗਾ; ਪਰ ਬੀ.ਏ./ ਬੀ.ਐਸ-ਸੀ. (ਆਨਰਜ਼) ਪਰੀਖਿਆਵਾਂ ਦੀ ਸੂਰਤ ਵਿੱਚ ਇਹ ਨਿਯਮ ਲਾਗੂ ਨਹੀਂ ਹੋਵੇਗਾ ਅਤੇ ਤਕਮਾ ਉਸ ਉਮੀਦਵਾਰ ਨੂੰ ਦਿੱਤਾ ਜਾਵੇਗਾ ਜਿਸ ਦਾ ਨਤੀਜਾ ਪਾਸ ਕੋਰਸ ਪਰੀਖਿਆ ਵਿੱਚ ਸਮੁੱਚੇ ਤੌਰ ਤੇ ਚੰਗੇਰਾ ਹੋਵੇ।

(vi) ਜੇ ਕਿਸੇ ਅਜਿਹੀ ਪਰੀਖਿਆ ਵਿੱਚ, ਜਿੱਥੇ ਕੋਈ ਤਕਮਾ ਕਿਸੇ ਖ਼ਾਸ ਵਿਸ਼ੇ ਲਈ ਦਿੱਤਾ ਜਾਣਾ ਹੋਵੇ, ਦੋ ਜਾਂ ਦੋ ਤੋਂ ਵੱਧ ਉਮੀਦਵਾਰਾਂ ਨੇ ਇੱਕ ਬਰਾਬਰ ਨੰਬਰ ਹਾਸਲ ਕੀਤੇ ਹੋਣ ਤਾਂ ਤਕਮੇ ਦੇ ਹੱਕਦਾਰ ਉਹ ਉਮੀਦਵਾਰ ਹੋਣਗੇ ਜਿਨ੍ਹਾਂ ਦਾ ਨਤੀਜਾ ਸਮੁੱਚੇ ਤੌਰ ਤੇ ਚੰਗੇਰਾ ਹੋਵੇਗਾ।

(vii) ਜਿਨ੍ਹਾਂ ਉਮੀਦਵਾਰਾਂ ਨੂੰ ਇਸ ਯੂਨੀਵਰਸਿਟੀ ਦੀਆਂ ਭਿੰਨ-ਭਿੰਨ ਪਰੀਖਿਆਵਾਂ ਦੇ ਨਤੀਜਿਆਂ ਦੇ ਆਧਾਰ ਤੇ ਯੂਨੀਵਰਸਿਟੀ ਮੈਡਲ ਦਿੱਤੇ ਜਾਣ, ਉਨ੍ਹਾਂ ਨੂੰ ਮੈਰਿਟ ਸਰਟੀਫ਼ਿਕੇਟ ਮੁਫ਼ਤ ਜਾਰੀ ਕੀਤੇ ਜਾਣਗੇ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਇਸ ਯੂਨੀਵਰਸਿਟੀ ਦੁਆਰਾ ਯੂਨੀਵਰਸਿਟੀ ਤਕਮਾ ਦਿੱਤੇ ਜਾਣ ਦਾ ਤੱਥ ਬਿਆਨ ਕੀਤਾ ਹੋਵੇਗਾ। ਇਹ ਗੱਲ ਚਾਂਸਲਰ ਦੇ ਮੈਡਲ ਆਫ਼ ਐਕਸੀਲੈਂਸ ਤੇ ਵੀ ਲਾਗੂ ਹੋਵੇਗੀ।

(viii) ਜਿੱਥੇ ਤਕਮਾ ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ ਦਾਨ ਕੀਤਾ ਗਿਆ ਹੈ ਉਥੇ ਉਸ ਯੂਨੀਵਰਸਿਟੀ ਪਰੀਖਿਆ ਵਿੱਚ ਯੂਨੀਵਰਸਿਟੀ ਤਕਮੇ ਦਾ ਨਾਂ ਦਾਨੀ ਦੇ ਨਾਂ ਤੇ ਰੱਖਿਆ ਜਾਵੇਗਾ ਅਤੇ ਕੋਈ ਵੱਖਰਾ ਯੂਨੀਵਰਸਿਟੀ ਤਕਮਾ ਨਹੀਂ ਦਿੱਤਾ ਜਾਵੇਗਾ;

(ix) ਯੂਨੀਵਰਸਿਟੀ ਪਰੀਖਿਆਵਾਂ ਵਿੱਚ ਮੈਡਲ ਅਤੇ ਸਕਾਲਰਸ਼ਿਪ ਪੁਨਰ-ਮੁਲਾਂਕਣ ਦੇ ਨਤੀਜਿਆਂ ਉਪਰੰਤ ਸੋਧੀਆਂ ਮੈਰਿਟ ਸੂਚੀਆਂ ਦੇ ਆਧਾਰ ਤੇ ਪ੍ਰਦਾਨ ਕੀਤੇ ਜਾਣਗੇ :

ਪਰੰਤੂ ਜਿਨ੍ਹਾਂ ਪਰੀਖਿਆਵਾਂ ਵਿੱਚ ਪੁਨਰ-ਮੁਲਾਂਕਣ ਦੀ ਵਿਵਸਥਾ ਨਹੀਂ ਹੈ ਉਥੇ ਮੈਡਲ, ਵਜ਼ੀਫ਼ੇ ਅਤੇ ਮੈਰਿਟ ਸਰਟੀਫ਼ਿਕੇਟ ਪਹਿਲੇ ਮੁਲਾਂਕਣ ਦੇ ਨਤੀਜੇ ਦੇ ਆਧਾਰ ਉੱਤੇ ਦਿੱਤੇ ਜਾਣਗੇ।

ਪਰੰਤੂ ਇਹ ਹੋਰ ਕਿ ਮੂਲ ਸਾਲਾਨਾ ਪਰੀਖਿਆ ਦੇ ਆਧਾਰ ਤੇ ਮੈਰਿਟ ਸੂਚੀ ਆਰਜ਼ੀ ਤੌਰ ਤੇ ਤਿਆਰ ਕੀਤੀ ਜਾਵੇਗੀ।

ਜਿਥੇ ਅੰਤਿਮ ਪਰੀਖਿਆ ਦਾ ਨਤੀਜਾ ਉਮੀਦਵਾਰ ਦੁਆਰਾ ਵੱਖ-ਵੱਖ ਭਾਗਾਂ/ਸਮੈਸਟਰਾਂ ਵਿੱਚ ਹਾਸਲ ਕੀਤੇ ਕੁੱਲ ਜੋੜ ਨੰਬਰਾਂ ਦੇ ਆਧਾਰ ਤੇ ਐਲਾਨਿਆ ਗਿਆ ਸੀ, ਉਥੇ ਉਸ ਪਰੀਖਿਆ ਲਈ ਉਨ੍ਹਾਂ ਸਭ ਭਾਗਾਂ/ ਸਮੈਸਟਰਾਂ ਦੇ ਪੁਨਰ-ਮੁਲਾਂਕਣ ਨਤੀਜਿਆਂ ਨੂੰ ਹਿਸਾਬ ਵਿੱਚ ਲੈ ਕੇ ਮੈਰਿਟ ਸੂਚੀ ਸੋਧੀ ਜਾਵੇਗੀ।

x) ਸਿੱਖਿਆ ਅਤਿਰਿਕਤ ਸਰਗਰਮੀਆਂ ਵਿੱਚ ਸਿਰ ਕੱਢਵੀਆਂ ਪ੍ਰਾਪਤੀਆਂ ਲਈ ਚਾਂਸਲਰ ਦਾ ਸ੍ਰੇਸ਼ਠਤਾ ਤਕਮਾ (ਚਾਂਸਲਰਜ਼ ਮੈਡਲ ਆਫ਼ ਐਕਸੀਲੈਂਸ ਫ਼ਾਰ ਐਕਸਟਰਾ-ਕਰੀਕੁਲਰ ਐਕਟਿਵਿਟੀਜ਼) ਕਾਇਮ ਕੀਤਾ ਜਾਵੇਗਾ।

## ਚਾਂਸਲਰ ਦਾ ਸ੍ਰੇਸ਼ਠਤਾ ਤਕਮਾ

ਚਾਂਸਲਰ ਦਾ ਤਕਮਾ ਸਰਵਉੱਚ ਸਨਮਾਨ ਸਮਝਿਆ ਜਾਵੇਗਾ ਜੋ ਯੂਨੀਵਰਸਿਟੀ ਕਿਸੇ ਵਿਦਿਆਰਥੀ ਨੂੰ ਪ੍ਰਦਾਨ ਕਰ ਸਕਦੀ ਹੈ। ਇੱਕ ਸਾਲ ਵਿੱਚ ਕੇਵਲ ਇੱਕ ਵਿਦਿਆਰਥੀ ਨੂੰ ਹੀ ਪ੍ਰਦਾਨ ਕੀਤਾ ਜਾ ਸਕੇਗਾ ਭਾਵੇਂ ਕਈ ਸਾਲ ਐਸੇ ਹੋਣਗੇ ਜਦ ਕੋਈ ਵੀ ਵਿਦਿਆਰਥੀ ਇਸ ਦੇ ਕਾਬਲ ਨਾ ਪਾਇਆ ਜਾਵੇ ਅਤੇ ਇਹ ਤਕਮਾ ਦਿੱਤੇ ਜਾਣ ਨੂੰ ਹੇਠ-ਲਿਖੇ ਨਿਯਮ ਲਾਗੂ ਹੋਣਗੇ :-

1. ਇਸ ਤਕਮੇ ਲਈ ਕੇਵਲ ਉਹ ਵਿਦਿਆਰਥੀ ਕਾਬਲ ਹੋਵੇਗਾ ਜੋ ਯੂਨੀਵਰਸਿਟੀ ਮੈਡਲ ਦੇ ਕਾਬਲ ਹੋਵੇ ;
2. ਉਸ ਨੇ ਇਸ ਯੂਨੀਵਰਸਿਟੀ ਵਿੱਚ ਘੱਟ ਤੋਂ ਘੱਟ ਦੋ ਸਾਲਾਂ ਦਾ ਕੋਰਸ ਕੀਤਾ ਹੋਵੇ ਅਤੇ ਉਹ ਕੋਰਸ ਘੱਟ ਤੋਂ ਘੱਟ ਪੰਜ ਸਾਲ ਲਈ ਚਲ ਚੁੱਕਾ ਹੋਵੇ;
3. ਉਸ ਨੇ ਕੋਈ ਨਵਾਂ ਰਿਕਾਰਡ ਕਾਇਮ ਕੀਤਾ ਹੋਵੇ। ਜੇ ਕਿਸੇ ਖ਼ਾਸ ਸਾਲ ਵਿੱਚ ਅਜਿਹੇ ਵਿਦਿਆਰਥੀਆਂ ਦੀ ਗਿਣਤੀ, ਜੋ ਇਸ ਤਕਮੇ ਦੇ ਕਾਬਲ ਪਾਏ ਜਾਣ, ਇੱਕ ਤੋਂ ਵੱਧ ਹੋਵੇ ਤਾਂ ਉਮੀਦਵਾਰ ਦੇ ਪਾਤਰ ਕਰਾਰ ਪਾਏ ਜਾਣ ਤੋਂ ਪਹਿਲਾਂ ਹੇਠ-ਲਿਖੀਆਂ ਸ਼ਰਤਾਂ ਪੂਰੀਆਂ ਹੋਣੀਆਂ ਜ਼ਰੂਰੀ ਹਨ :-

   (ੳ) ਉਸ ਦੀ ਪ੍ਰਾਪਤੀ ਦੀ ਵਡਿਆਈ ਯੂਨੀਵਰਸਿਟੀ ਦੇ ਪਹਿਲੇ ਰਿਕਾਰਡ ਦੇ ਆਧਾਰ ਤੇ ਵੇਖੀ ਜਾਵੇ ਅਤੇ ਇਹ ਵੇਖਿਆ ਜਾਵੇ ਕਿ ਹੁਣ ਰਿਕਾਰਡ ਕਿਥੇ ਕਾਇਮ ਹੋਇਆ ਹੈ;

   (ਅ) ਪਹਿਲੇ ਸਾਲਾਂ ਵਿੱਚ ਉਸ ਵਿਦਿਆਰਥੀ ਦੀ ਕਾਰਗੁਜ਼ਾਰੀ ਦਾ ਰਿਕਾਰਡ।
4. ਉਸ ਦੁਆਰਾ ਇਸ ਤੋਂ ਪਹਿਲਾਂ ਪਾਸ ਕੀਤੀਆਂ ਸਭ ਪਰੀਖਿਆਵਾਂ ਵਿੱਚ ਉਸ ਨੇ ਪਹਿਲੀ ਡਵੀਜ਼ਨ ਹਾਸਲ ਕੀਤੀ ਹੋਵੇ;
5. ਕੋਈ ਅਜਿਹਾ ਕੋਰਸ ਜਿਸ ਲਈ ਯੂਨੀਵਰਸਿਟੀ ਤਕਮਾ ਨਹੀਂ ਦਿੱਤਾ ਜਾਂਦਾ ਉਸ ਲਈ ਇਹ ਤਕਮਾ ਦੇਣ ਬਾਰੇ ਵਿਚਾਰ ਨਹੀਂ ਕੀਤਾ ਜਾਵੇਗਾ।

6. ਇਹ ਸ਼ਰਤ ਕਿ 'ਸੰਬੰਧਤ ਪਰੀਖਿਆ ਵਿੱਚ ਘੱਟ ਤੋਂ ਘੱਟ ਪੰਜ ਉਮੀਦਵਾਰ ਬੈਠੇ ਹੋਣ', ਉਸ ਸੂਰਤ ਵਿੱਚ ਲਾਗੂ ਨਹੀਂ ਹੋਵੇਗੀ ਜਿਸ ਵਿੱਚ ਕਿਸੇ ਉਮੀਦਵਾਰ ਨੇ ਪਰੀਖਿਆ ਵਿੱਚ 80% ਜਾਂ ਵੱਧ ਨੰਬਰ ਲਏ ਹੋਣ ਜਿਸ ਦੇ ਆਧਾਰ ਤੇ ਉਸ ਨੂੰ ਇਸ ਤਕਮੇ ਲਈ ਵਿਚਾਰਿਆ ਜਾ ਰਿਹਾ ਹੋਵੇ;
7. ਜੇ ਕਿਸੇ ਮਾਮਲੇ ਵਿੱਚ ਨਿਆਂ-ਨਿਰਣੇ ਦੀ ਲੋੜ ਹੋਵੇ ਤਾਂ ਉਸ ਮਾਮਲੇ ਦਾ ਫ਼ੈਸਲਾ ਵਾਈਸ-ਚਾਂਸਲਰ ਦੀ ਪ੍ਰਧਾਨਗੀ ਅਧੀਨ ਡੀਨਾਂ ਦੀ ਕਮੇਟੀ ਕਰੇਗੀ।
8. *ਚਾਂਸਲਰ ਦਾ ਸ੍ਰੇਸ਼ਟਤਾ ਮੈਡਲ ਜਿੱਤਣ ਵਾਲੇ ਵਿਦਿਆਰਥੀ ਨੂੰ ਚਾਂਸਲਰ ਦੇ ਸ੍ਰੇਸ਼ਟਤਾ ਮੈਡਲ ਦੀ ਸਾਈਟੇਸ਼ਨ ਨਾਲ ਇੱਕ ਸਰਟੀਫ਼ਿਕੇਟ ਜਿਸ ਵਿੱਚ ਇਹ ਤੱਥ ਬਿਆਨ ਕੀਤਾ ਹੋਵੇਗਾ ਅਤੇ ਜਿਸ ਉਤੇ ਚਾਂਸਲਰ ਅਤੇ ਰਜਿਸਟਰਾਰ ਦੇ ਦਸਤਖ਼ਤ ਹੋਣਗੇ, ਵੀ ਬਿਨਾਂ ਕਿਸੇ ਲਾਗਤ ਦੇ ਮੁਫ਼ਤ ਜਾਰੀ ਕੀਤਾ ਜਾਵੇਗਾ।

## ਸ੍. ਤ੍ਰਿਲੋਕ ਸਿੰਘ ਚਿੱਤਰਕਾਰ ਗੋਲਡ ਮੈਡਲ

1. ਇਹ ਗੋਲਡ ਮੈਡਲ ਫ਼ਾਈਨ ਆਰਟਸ ਵਿਸ਼ੇ ਦੀ ਪੋਸਟ-ਗ੍ਰੈਜੂਏਟ ਪਰੀਖਿਆ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਵੇਗਾ। ਇਹ ਮੈਡਲ ਕਾਨਵੋਕੇਸ਼ਨ ਵਿੱਚ ਪ੍ਰਦਾਨ ਕੀਤਾ ਜਾਵੇਗਾ।
2. ਇਸ ਮੈਡਲ ਦਾ ਨਾਂ ਸ੍. ਤ੍ਰਿਲੋਕ ਸਿੰਘ ਚਿੱਤਰਕਾਰ (1914-1990) ਗੋਲਡ ਮੈਡਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੋਵੇਗਾ।
3. ਇਹ ਗੋਲਡ ਮੈਡਲ ਇੰਜੀਨੀਅਰ ਜੋਤਿੰਦਰ ਸਿੰਘ ਚਿੱਤਰਕਾਰ ਵੱਲੋਂ ਯੂਨੀਵਰਸਿਟੀ ਨੂੰ ਦਾਨ ਕੀਤੀ 1,06,000/- ਰੁਪਏ ਦੀ ਰਾਸ਼ੀ ਜੋ ਯੂਨੀਵਰਸਿਟੀ ਵਿਖੇ ਇੰਡੋਮੈਂਟ ਫ਼ੰਡ ਅਧੀਨ ਜਮ੍ਹਾਂ ਹੈ ਦੇ ਵਿਆਜ ਵਿੱਚੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਵਿੱਚੋਂ ਹਰ ਸਾਲ ਦਿੱਤਾ ਜਾਵੇਗਾ।
4. ਇਹ ਮੈਡਲ ਨੌਂ ਕੈਰਟ ਸੋਨੇ ਦੀ ਸ਼ੁੱਧਤਾ ਵਾਲਾ ਹੋਵੇਗਾ ਅਤੇ ਜਿਸ ਦਾ ਵਜ਼ਨ ਸਾਢੇ ਸੱਤ ਗ੍ਰਾਮ ਅਤੇ ਵਿਆਸ 2.5 ਸੈਂਟੀਮੀਟਰ ਹੋਵੇਗਾ।
5. ਇਹ ਮੈਡਲ ਸੋਨੇ ਦਾ ਹੋਵੇਗਾ ਅਤੇ ਇਸ ਦੀ ਸ਼ਕਲ ਚਾਂਸਲਰ ਮੈਡਲ ਦੇ ਪੈਟਰਨ ਤੇ ਹੋਵੇਗੀ।
6. ਯੂਨੀਵਰਸਿਟੀ ਕਾਨਵੋਕੇਸ਼ਨ ਵਿੱਚ ਇਹ ਗੋਲਡ ਮੈਡਲ ਵਿਦਿਆਰਥੀ ਨੂੰ ਪ੍ਰਦਾਨ ਕਰਨ ਵੇਲੇ ਸ੍. ਤ੍ਰਿਲੋਕ ਸਿੰਘ ਚਿੱਤਰਕਾਰ ਦੇ ਜੀਵਨ ਦੀ ਰੂਪ-ਰੇਖਾ ਵੀ ਵਿਦਿਆਰਥੀ ਨੂੰ ਦਿੱਤੀ ਜਾਵੇਗੀ।
7. ਯੂਨੀਵਰਸਿਟੀ ਗੋਲਡ ਮੈਡਲ ਪ੍ਰਦਾਨ ਕਰਨ ਸੰਬੰਧੀ ਹੋਰ ਸਾਰੇ ਯੂਨੀਵਰਸਿਟੀ ਦੇ ਮੁਕੱਰਰ ਨਿਯਮ ਵੀ ਇਸ ਤੇ ਲਾਗੂ ਹੋਣਗੇ।

## ਸ੍ਰੀਮਤੀ ਲਕਸ਼ਮੀ ਦੇਵੀ ਯਾਦਗਾਰੀ ਮੈਡਲ

ਇਹ ਮੈਡਲ ਬੀ.ਏ./ਬੀ.ਐਸ-ਸੀ. ਦੀ ਪਰੀਖਿਆ ਵਿੱਚ ਗਣਿਤ ਦੇ ਵਿਸ਼ੇ ਵਿੱਚ ਅੱਵਲ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ:

ਪਰੰਤੂ ਇੱਕ ਤੋਂ ਜਿਆਦਾ ਵਿਦਿਆਰਥੀਆਂ ਦੇ ਅੰਕ ਬਰਾਬਰ ਹੋਣ ਦੀ ਸੂਰਤ ਵਿੱਚ ਇਹ ਮੈਡਲ ਬੀ.ਏ./ ਬੀ.ਐਸ-ਸੀ. ਦੀ ਪਰੀਖਿਆ ਵਿੱਚੋਂ ਉਚੇਰੇ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

---

* ਸਿੰਡੀਕੇਟ ਮਿਤੀ 6.8.2007 (ਪੈਰਾ 47.6).

ਅਧਿਆਏ–XXVI

# ਯੋਗਤਾ–ਵਜ਼ੀਫ਼ੇ ਦੇਣਾ

## ਭਾਗ–I

ਯੂਨੀਵਰਸਿਟੀ ਵਜ਼ੀਫ਼ੇ ਯੂਨੀਵਰਸਿਟੀ ਪਰੀਖਿਆਵਾਂ ਦੇ ਨਤੀਜਿਆਂ ਦੇ ਆਧਾਰ ਤੇ

1. ਅਕਾਦਮਿਕ ਕੌਂਸਿਲ ਦੀਆਂ ਸਿਫ਼ਾਰਸ਼ਾਂ ਤੇ ਸਿੰਡੀਕੇਟ, ਸਮੇਂ-ਸਮੇਂ, ਉਹ ਪਰੀਖਿਆਵਾਂ ਤੈਅ ਕਰੇਗੀ ਜਿਨ੍ਹਾਂ ਲਈ ਯੋਗਤਾ–ਵਜ਼ੀਫ਼ੇ, (ਜਿਨ੍ਹਾਂ ਨੂੰ *ਯੂਨੀਵਰਸਿਟੀ ਯੋਗਤਾ–ਵਜ਼ੀਫ਼ੇ ਕਿਹਾ ਜਾਵੇਗਾ) ਦਿੱਤੇ ਜਾਣੇ ਹਨ ਅਤੇ ਹਰੇਕ ਪਰੀਖਿਆ ਲਈ ਵਜ਼ੀਫ਼ਿਆਂ ਦੀ ਗਿਣਤੀ ਅਤੇ ਰਕਮ ਕਿਤਨੀ ਹੋਵੇਗੀ ਅਤੇ ਉਨ੍ਹਾਂ ਦੀਆਂ ਕੀ ਸ਼ਰਤਾਂ ਹੋਣਗੀਆਂ ਅਤੇ ਅਉਧ ਕਿਤਨੀ ਹੋਵੇਗੀ।
2. ਹੇਠ–ਲਿਖੇ ਯੋਗਤਾ–ਵਜ਼ੀਫ਼ੇ ਵੱਖ–ਵੱਖ ਯੂਨੀਵਰਸਿਟੀ ਪਰੀਖਿਆਵਾਂ ਦੇ ਨਤੀਜਿਆਂ ਦੇ ਆਧਾਰ ਤੇ ਹਰ ਸਾਲ ਵਾਈਸ–ਚਾਂਸਲਰ ਦੀ ਪਰਵਾਨਗੀ ਨਾਲ ਦਿੱਤੇ ਜਾਣਗੇ।

   ਹਰ ਯੋਗਤਾ–ਵਜ਼ੀਫ਼ੇ ਦੀ ਅਉਧ 12 ਮਹੀਨੇ ਅਤੇ ਰਕਮ 250/– ਰੁਪਏ ਪ੍ਰਤੀ ਮਹੀਨਾ ਹੋਵੇਗੀ।

---

*ਨੋਟ : ਯੂਨੀਵਰਸਿਟੀ ਦੇ ਪੱਤਰ–ਵਿਹਾਰ ਕੋਰਸਾਂ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਯੂਨੀਵਰਸਿਟੀ ਦੇ ਯੋਗਤਾ–ਵਜ਼ੀਫ਼ੇ ਲੈਣ ਲਈ ਪਾਤਰ ਸਮਝੇ ਜਾਣਗੇ।

| ਉਨ੍ਹਾਂ ਪਰੀਖਿਆਵਾਂ ਦੇ ਨਾਂ ਜਿਨ੍ਹਾਂ ਦੇ ਨਤੀਜਿਆਂ ਦੇ ਆਧਾਰ ਤੇ ਯੋਗਤਾ-ਵਜ਼ੀਫ਼ੇ ਦਿੱਤੇ ਜਾਣਗੇ | ਦਿੱਤੇ ਜਾਣ ਵਾਲੇ ਤਜਵੀਜ਼ੇ ਯੋਗਤਾ-ਵਜ਼ੀਫ਼ਿਆਂ ਦੀ ਗਿਣਤੀ | ਵਿਸ਼ੇਸ਼ ਕਥਨ |
|---|---|---|
| ਬੀ.ਏ./ਬੀ.ਐਸ-ਸੀ./ ਬੀ.ਐਸ-ਸੀ. (ਗ੍ਰਹਿ ਵਿਗਿਆਨ) ਟੀ.ਡੀ.ਸੀ. ਭਾਗ-I, II ਅਤੇ III | ਹਰ ਭਾਗ ਲਈ, 5●● ਵਿਦਿਆਰਥੀਆਂ ਜਾਂ ਉਸ ਦੇ ਹਰੇਕ ਭਾਗ ਲਈ ਇੱਕ | . . . |
| ਬੀ. ਐਸ-ਸੀ. ਐਗਰੀਕਲਚਰ ਭਾਗ-I, II ਅਤੇ III ਬੀ.ਏ./ਬੀ. ਐਸ-ਸੀ. (ਆਨਰਜ਼) (ਤਿੰਨ ਸਾਲਾ ਡਿਗਰੀ ਕੋਰਸ) | ਹਰ ਵਿਸ਼ੇ ਲਈ ਇੱਕ | ਕੋਰਸ ਦੀਆਂ ਭਾਗ-II ਅਤੇ III ਪਰੀਖਿਆਵਾਂ ਤੇ ਉਸ ਦੇ ਆਨਰਜ਼ ਅਤੇ ਪਾਸ ਪਰਚਿਆਂ ਦੇ ਸੰਯੁਕਤ ਨਤੀਜੇ ਵਿੱਚ ਪ੍ਰਥਮ ਆਉਣ ਲਈ |
| ਬੀ. ਏ. (ਟੀ. ਡੀ. ਸੀ.) | ਤਿੰਨ | ਇਸ ਯੂਨੀਵਰਸਿਟੀ ਦੀ ਬੀ.ਏ. (ਟੀ.ਡੀ.ਸੀ) ਪਰੀਖਿਆ ਵਿੱਚ ਪੰਜਾਬੀ ਦੇ ਵਿਸ਼ੇ ਵਿੱਚ ਪਹਿਲੀਆਂ ਤਿੰਨ ਥਾਵਾਂ ਪ੍ਰਾਪਤ ਕਰਨ ਵਾਲਿਆਂ ਅਤੇ ਇਸ ਯੂਨੀਵਰਸਿਟੀ ਦੀ ਐਮ.ਏ. (ਪੰਜਾਬੀ) ਪਰੀਖਿਆ ਵਿੱਚ ਦਾਖ਼ਲ ਹੋਣ ਵਾਲਿਆਂ ਲਈ; ਪਰੰਤੂ ਬੀ. ਏ. ਪਰੀਖਿਆ ਵਿੱਚ ਪੰਜਾਬੀ ਦੇ ਵਿਸ਼ੇ ਵਿੱਚ 55 % ਤੋਂ ਘੱਟ ਨੰਬਰ ਲੈਣ ਵਾਲੇ ਇਹ ਯੋਗਤਾ-ਵਜ਼ੀਫ਼ੇ ਪ੍ਰਾਪਤ ਕਰਨ ਦੇ ਹੱਕਦਾਰ ਨਹੀਂ ਹੋਣਗੇ। |
| ਐਮ. ਏ./ਐਮ. ਐਸ-ਸੀ. (ਫ਼ਾਈਨਲ) | ਹਰਿਕ ਵਿਸ਼ੇ ਲਈ ਇੱਕ | ਇਹ ਵਜ਼ੀਫ਼ਾ ਕੇਵਲ ਉਨ੍ਹਾਂ ਨੂੰ ਮਿਲੇਗਾ ਜੋ ਉਸ ਵਿਸ਼ੇ ਵਿੱਚ ਜਿਸ ਵਿੱਚ ਉਨ੍ਹਾਂ ਨੇ ਐਮ.ਏ./ਐਮ. ਐਸ-ਸੀ. ਕੀਤੀ ਐਮ. ਫ਼ਿਲ. (ਕੋਰਸ ਕਾਰਜ) ਵਿੱਚ ਦਾਖ਼ਲਾ ਲੈਣ। ਕਿਸੇ ਹੋਰ ਯੂਨੀਵਰਸਿਟੀ/ਕਾਲਜ ਵਿੱਚ ਐਮ.ਫਿਲ. (ਕੋਰਸ ਕਾਰਜ) ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਇਹ ਵਜ਼ੀਫੇ ਲੈਣ ਦੇ ਔਰਡਿਨੈਂਸ-6 ਅਧੀਨ ਪਾਤਰ ਹੋਣਗੇ ਪਰ ਤਦ ਜੇ ਉਹ ਇਨ੍ਹਾਂ ਔਰਡਿਨੈਸਾਂ ਅਧੀਨ ਵਜ਼ੀਫ਼ਾ ਦਿੱਤੇ ਜਾਣ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਇਲਾਵਾ, ਪੰਜਾਬੀ ਯੂਨੀਵਰਸਿਟੀ ਵਿਚ ਐਮ.ਫਿਲ. (ਕੋਰਸ ਕਾਰਜ) ਵਿੱਚ ਦਾਖ਼ਲੇ ਲਈ ਮੁਕੱਰਰ ਸ਼ਰਤਾਂ ਪੂਰੀਆਂ ਕਰਦੇ ਹੋਣ। |
| ਬੀ.ਏ./ਬੀ. ਐਸ-ਸੀ. ਆਨਰਜ਼ ਤਿੰਨ ਸਾਲਾ ਡਿਗਰੀ ਕੋਰਸ ਪਰੀਖਿਆਵਾਂ | ਹਰਿਕ ਭਾਗ ਲਈ ਇੱਕ | |
| ਐਮ. ਏ./ਐਮ. ਐਸ-ਸੀ | ਹਰਿਕ ਵਿਸ਼ੇ ਲਈ ਇੱਕ | . . . |
| ਐਮ. ਏ. (ਆਨਰਜ਼) ਇਨ ਪੰਜਾਬੀ (ਐਮ. ਏ. ਆਨਰਜ਼ ਇਨ ਪੰਜਾਬੀ ਭਾਗ- I ਦੀ ਪਰੀਖਿਆ ਦੇ ਨਤੀਜੇ ਦੇ ਆਧਾਰ ਤੇ) | ਇੱਕ | ਕੋਰਸ ਦੇ ਪਹਿਲੇ ਸਾਲ ਦੇ ਅੰਤ ਤੇ ਲਈ ਗਈ ਭਾਗ - I ਪਰੀਖਿਆ ਵਿੱਚ ਪ੍ਰਥਮ ਆਉਣ ਲਈ . . . |

ਯੂਨੀਵਰਸਿਟੀ ਯੋਗਤਾ ਵਜ਼ੀਫ਼ਿਆਂ ਦੀ ਸੂਚੀ ਵਿੱਚ ਹੇਠ-ਲਿਖੀਆਂ ਪਰੀਖਿਆਵਾਂ ਵੀ ਸ਼ਾਮਲ ਹਨ :

1. ਬੀ. ਏ. (ਆਨਰਜ਼ ਸਕੂਲ)
2. ਬੀ. ਕਾਮ.
3. ਬੀ. ਫਾਰਮੇਸੀ
4. ਬੀ. ਟੈੱਕ.
5. ਬੀ. ਲਿਬ.
6. ਬੀ. ਸੀ. ਏ.
7. ਬੀ. ਬੀ. ਏ. / ਬੀ. ਐਮ. ਆਈ. ਟੀ.
8. ਬੀ. ਪੀ. ਐੱਡ.
9. ਬੀ. ਐੱਡ.
10. ਐਮ. ਐੱਡ.
11. ਐਮ.ਪੀ. ਐੱਡ.
12. ਐਮ. ਕਾਮ.
13. ਐਮ. ਸੀ. ਏ.
14. ਐਮ. ਬੀ. ਏ.
15. ਐਮ. ਬੀ. ਈ.
16. ਐਲ-ਐਲ. ਬੀ.
17. ਐਲ-ਐਲ. ਐਮ.

ਪੇਸ਼ਾਵਰਾਨਾ ਪਰੀਖਿਆਵਾਂ

ਯੂਨੀਵਰਸਿਟੀ ਹਰਿਕ ਪੇਸ਼ਾਵਰਾਨਾ ਪਰੀਖਿਆ ਦੇ ਨਤੀਜੇ ਦੇ ਆਧਾਰ ਤੇ ਦੋ ਯੋਗਤਾ-ਵਜ਼ੀਫ਼ੇ ਦੇਵੇਗੀ। ਇਹ ਯੋਗਤਾ-ਵਜ਼ੀਫ਼ੇ ਅਗਲੀ ਯੂਨੀਵਰਸਿਟੀ ਪਰੀਖਿਆ ਤੱਕ ਮਿਲਦੇ ਰਹਿਣਗੇ ਅਤੇ ਜਿਥੇ ਸਾਲ ਵਿੱਚ ਦੋ ਯੂਨੀਵਰਸਿਟੀ ਪਰੀਖਿਆਵਾਂ ਹੁੰਦੀਆਂ ਹੋਣ, ਉਥੇ ਉਸ ਕੋਰਸ ਦੀ ਸਾਲਾਨਾ ਪਰੀਖਿਆ ਹੋਣ ਤੱਕ ਮਿਲਣਗੇ, ਸਿਵਾਏ ਕਾਨੂੰਨ ਦੇ ਕੋਰਸਾਂ ਦੇ ਜਿਨ੍ਹਾਂ ਲਈ ਇਹ ਅਉਧ 12 ਮਹੀਨੇ ਹੋਵੇਗੀ।

3. (ੳ) (i) ਸਭ ਐਵਾਰਡ ਕੇਵਲ ਸਾਲਾਨਾ ਪਰੀਖਿਆਵਾਂ ਦੇ ਨਤੀਜਿਆਂ ਦੇ ਆਧਾਰ ਤੇ ਹੀ ਦਿੱਤੇ ਜਾਣਗੇ। ਅਰਧ-ਵਾਰਸ਼ਕ ਜਾਂ ਅਨੁਪੂਰਕ ਪਰੀਖਿਆਵਾਂ ਦੇ ਨਤੀਜਿਆਂ ਤੇ ਕੋਈ ਐਵਾਰਡ ਨਹੀਂ ਦਿੱਤਾ ਜਾਵੇਗਾ।

(ii) ਹੋਰ ਸੰਬੰਧਤ ਸ਼ਰਤਾਂ ਦੀ ਪੂਰਤੀ ਕਰਨ ਵਾਲੇ ਕੇਵਲ ਅਜਿਹੇ ਉਮੀਦਵਾਰ ਹੀ ਯੋਗਤਾ ਵਜ਼ੀਫ਼ੇ ਪ੍ਰਦਾਨ ਕੀਤੇ ਜਾਣ ਦੇ ਹੱਕਦਾਰ ਹੋਣਗੇ, ਜੋ ਹੋਰ ਸੰਬੰਧਤ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਕੋਰਸ ਦੀ ਪਰੀਖਿਆ, ਬਿਨਾਂ ਗੈਪ ਤੋਂ ਪਹਿਲੀ ਅਨੁਸੂਚਿਤ ਕੋਸ਼ਿਸ਼ ਵਿੱਚ ਉਸੇ ਕੈਲੰਡਰ ਸਾਲ ਵਿੱਚ ਪਾਸ ਕਰਨ। ਇਹ ਸ਼ਰਤ ਸੰਗਠਤ ਕੋਰਸ ਦੇ ਹਰੇਕ ਭਾਗ ਦੀ ਪਰੀਖਿਆ ਤੇ ਵੀ ਇਸੇ ਤਰ੍ਹਾਂ ਲਾਗੂ ਹੋਵੇਗੀ।

ਜਿਨ੍ਹਾਂ ਵਿਦਿਆਰਥੀਆਂ ਦੀ ਕੋਰਸ ਦੀ/ਦੀਆਂ ਪਰੀਖਿਆ(ਵਾਂ)ਵਿੱਚ ਰੀ-ਅਪੀਅਰ ਆਈ ਹੋਵੇ ਜਾਂ ਜੋ ਪਰੀਖਿਆ(ਵਾਂ) ਵਿੱਚ ਗ਼ੈਰ-ਹਾਜ਼ਰ ਹੋਏ ਹੋਣ ਜਾਂ ਮੈਡੀਕਲ/ਕਿਸੇ ਹੋਰ ਕਾਰਨ ਕਰਕੇ ਪਰੀਖਿਆ ਵਿੱਚ ਨਾ ਬੈਠੇ ਹੋਣ ਵਾਲੇ ਜਾਂ ਜਿਨ੍ਹਾਂ ਦੀ ਕਿਸੇ ਸੰਗਠਤ ਕੋਰਸ ਦੀਆਂ ਪਰੀਖਿਆਵਾਂ ਵਿਚਕਾਰ ਗੈਪ ਹੋਵੇ, ਉਹ ਇਸ ਵਜ਼ੀਫ਼ੇ ਦੇ ਹੱਕਦਾਰ ਨਹੀਂ ਹੋਣਗੇ।

(iii) ਕਿਸੇ ਅਜਿਹੇ ਉਮੀਦਵਾਰ ਨੂੰ, ਜਿਸ ਨੂੰ ਯੋਗਤਾ-ਵਜ਼ੀਫ਼ੇ ਦੀ ਪੇਸ਼ਕਸ਼ ਕੀਤੀ ਗਈ ਹੋਵੇ ਅਤੇ ਜੋ ਘੱਟ ਉਮਰ ਦਾ ਹੋਣ ਕਾਰਨ ਉਚੇਰੇ ਕੋਰਸ ਵਿੱਚ ਦਾਖ਼ਲੇ ਲਈ ਪਾਤਰ ਨਾ ਹੋਣ ਕਾਰਨ ਉਸ ਸਾਲ ਉਸ ਦਾ ਲਾਭ ਨਾ ਉਠਾ ਸਕਦਾ ਹੋਵੇ, ਅਗਲੇ ਸਾਲ ਯੋਗਤਾ-ਵਜ਼ੀਫ਼ੇ ਦਾ ਲਾਭ ਉਠਾਉਣ ਦੀ ਇਜਾਜ਼ਤ ਹੋਵੇਗੀ ਅਤੇ ਇਹ ਯੋਗਤਾ-ਵਜ਼ੀਫ਼ਾ ਨਿਯਮਾਂ ਅਧੀਨ ਮਿਲਣਯੋਗ ਹੋਰ ਵਜ਼ੀਫ਼ਿਆਂ ਦੀ ਗਿਣਤੀ ਤੋਂ ਇਲਾਵਾ ਹੋਵੇਗਾ, ਅਣਵਰਤਿਆ ਯੋਗਤਾ-ਵਜ਼ੀਫ਼ਾ ਅਗਲੇ ਯੋਗ ਉਮੀਦਵਾਰ ਨੂੰ ਦਿੱਤਾ ਜਾਵੇਗਾ।

(ਅ) ਕੇਵਲ ਅਜਿਹੇ ਉਮੀਦਵਾਰ ਹੀ ਯੋਗਤਾ-ਵਜ਼ੀਫ਼ੇ ਦੇ ਪਾਤਰ ਹੋਣਗੇ ਜਿਨ੍ਹਾਂ ਨੇ ਘੱਟੋ-ਘੱਟ 60% ਨੰਬਰ ਪ੍ਰਾਪਤ ਕੀਤੇ ਹੋਣ।

ਪਰੰਤੂ ਇਹ ਕਿ :

(i) ਸਰੀਰਕ ਸਿੱਖਿਆ ਵਿੱਚ ਡਿਪਲੋਮੇ ਅਤੇ ਸਰੀਰਕ ਸਿੱਖਿਆ ਦੇ ਸਰਟੀਫ਼ਿਕੇਟ ਕੋਰਸ ਦੀ ਪਰੀਖਿਆ ਦੀ ਸੂਰਤ ਵਿੱਚ, ਜਿਸ ਵਿੱਚ ਪਰੀਖਿਆ ਦੇ ਵੱਖ-ਵੱਖ ਭਾਗਾਂ ਲਈ ਵੱਖ-ਵੱਖ ਡਵੀਜ਼ਨਾਂ ਦਰਸਾਈਆਂ ਜਾਂਦੀਆਂ ਹਨ, ਯੋਗਤਾ-ਵਜ਼ੀਫ਼ੇ ਯੋਗਤਾ-ਕ੍ਰਮ ਅਨੁਸਾਰ ਕੁੱਲ -ਜੋੜ ਵਿੱਚ ਸਭ ਤੋਂ ਵੱਧ ਨੰਬਰ ਲੈਣ ਵਾਲੇ ਉਮੀਦਵਾਰਾਂ ਨੂੰ ਦਿੱਤੇ ਜਾਣਗੇ।

(ii) ਬੈਚਲਰ ਔਫ਼ ਐਜੂਕੇਸ਼ਨ ਡਿਗਰੀ ਪਰੀਖਿਆ ਦੀ ਸੂਰਤ ਵਿੱਚ ਮੈਰਿਟ ਭਾਗ-I (ਸਿਧਾਂਤ), ਭਾਗ-II ( ਆਰਟ ਅਤੇ ਵਰਕਸ਼ਾਪ ਪ੍ਰੈਕਟਿਸ ਵਿੱਚ ਸਿਖਲਾਈ) ਅਤੇ ਭਾਗ-III (ਅਧਿਆਪਨ ਵਿੱਚ ਮਹਾਰਤ) ਦੀ ਕੇਵਲ ਬਾਹਰਲੀ ਨਿਰਧਾਰਣ ਦੇ ਸਮੁੱਚੇ ਕੁੱਲ-ਜੋੜ ਦੇ ਆਧਾਰ ਤੇ ਨਿਸਚਿਤ ਕੀਤੀ ਜਾਵੇਗੀ।

(iii) ਬੀ. ਕਾਮ. ਭਾਗ-II ਪਰੀਖਿਆ ਦੀ ਸੂਰਤ ਵਿੱਚ, ਭਾਗ-II ਲਈ ਯੋਗਤਾ-ਵਜ਼ੀਫ਼ੇ ਦੇਣ ਲਈ ਮੈਰਿਟ ਸੂਚੀ ਭਾਗ- I ਅਤੇ ਭਾਗ-II ਪਰੀਖਿਆਵਾਂ ਦੇ ਰਲਵੇਂ ਨਤੀਜਿਆਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ ਅਤੇ ਬੀ. ਕਾਮ. ਭਾਗ-III ਲਈ ਯੋਗਤਾ-ਵਜ਼ੀਫ਼ੇ ਅਤੇ ਡਵੀਜ਼ਨ ਦੇਣ ਦੇ ਪ੍ਰਯੋਜਨ ਲਈ ਬੀ.ਕਾਮ. ਦੀ ਸਮੁੱਚੀ ਪਰੀਖਿਆ ਲਈ ਨਿਯਤ ਪ੍ਰਤੀਸ਼ਤਤਾ ਨੂੰ ਆਧਾਰ ਮੰਨਿਆ ਜਾਵੇਗਾ।

(iv) ਮੈਰਿਟ ਤੈਅ ਕਰਨ ਲਈ, ਅਤਿਰਿਕਤ ਅਖ਼ਤਿਆਰੀ ਵਿਸ਼ੇ ਦੇ ਨੰਬਰ ਨਹੀਂ ਗਿਣੇ ਜਾਣਗੇ, ਪਰ ਇਹ ਤੱਦ ਜੇ ਸੰਬੰਧਤ ਪਰੀਖਿਆ ਦੇ ਔਰਡਿਨੈਂਸਾਂ ਵਿੱਚ ਅਜਿਹੇ ਨੰਬਰਾਂ ਨੂੰ ਡਵੀਜ਼ਨ ਵਿੱਚ ਸ਼ਾਮਲ ਕਰਨ ਲਈ ਉਪਬੰਧ ਨ ਕੀਤਾ ਗਿਆ ਹੋਵੇ।

(v) ਜਦ ਕਿਸੇ ਪਰੀਖਿਆ ਲਈ ਟਿੱਕੇ ਗਏ ਯੋਗਤਾ-ਵਜ਼ੀਫ਼ਿਆਂ ਵਿੱਚੋਂ ਆਖ਼ਰੀ ਵਜ਼ੀਫ਼ੇ ਲਈ ਦੋ ਜਾਂ ਦੋ ਤੋਂ ਵੱਧ ਉਮੀਦਵਾਰ ਇੱਕੋ ਜਿੰਨੇ ਨੰਬਰਾਂ ਵਾਲੇ ਹੋਣ ਤਾਂ ਅਜਿਹੇ ਸਭ ਉਮੀਦਵਾਰ ਉਸ ਲਈ ਪਾਤਰ ਹੋਣਗੇ ਅਤੇ ਵਜ਼ੀਫ਼ਿਆਂ ਦੀ ਗਿਣਤੀ ਉਸ ਹੱਦ ਤੱਕ ਵੱਧ ਜਾਵੇਗੀ।

(ੲ) ਮੈਰਿਟ ਸੂਚੀਆਂ ਤਿਆਰ ਕਰਨ ਵੇਲੇ ਸੰਗਠਤ ਕੋਰਸ ਉਨ੍ਹਾਂ ਪਰੀਖਿਆਵਾਂ ਨੂੰ ਹੀ ਗਿਣਿਆ ਜਾਵੇਗਾ ਜਿਨ੍ਹਾਂ ਪਰੀਖਿਆਵਾਂ ਦੇ ਨੰਬਰਾਂ ਨੂੰ ਜੋੜ ਕੇ ਵਿਦਿਆਰਥੀਆਂ ਨੂੰ ਡਿਗਰੀ/ਡਵੀਜ਼ਨ ਦਿੱਤੀ ਜਾਂਦੀ ਹੈ।

4. ਕਿਸੇ ਵਿਦਿਆਰਥੀ ਨੂੰ ਇੱਕ ਤੋਂ ਵੱਧ ਯੂਨੀਵਰਸਿਟੀ ਯੋਗਤਾ-ਵਜ਼ੀਫ਼ਾ ਨਹੀਂ ਦਿੱਤਾ ਜਾਵੇਗਾ :

ਪਰੰਤੂ ਉਹ ਵਿਦਿਆਰਥੀ ਜੋ ਖੇਡਾਂ ਵਿੱਚ ਆਪਣੀ ਵਧੀਆ ਕਾਰਗੁਜ਼ਾਰੀ ਦੇ ਆਧਾਰ ਤੇ ਖੇਡਾਂ ਵਿੱਚ ਯੋਗਤਾ-ਵਜ਼ੀਫ਼ੇ ਦੇ ਪਾਤਰ ਹੋਣਗੇ ਅਤੇ ਇਸੇ ਤਰ੍ਹਾਂ ਜਿਨ੍ਹਾਂ ਵਿਦਿਆਰਥੀਆਂ ਨੂੰ ਐਨ.ਸੀ.ਈ.ਆਰ.ਟੀ. (ਸਿੱਖਿਅਕ ਖੋਜ ਅਤੇ ਸਿਖਲਾਈ ਦੀ ਕੌਮੀ ਪਰਿਸ਼ਦ) ਯੋਗਤਾ-ਵਜ਼ੀਫ਼ਾ ਮਿਲਿਆ ਹੋਵੇ, ਜਾਂ ਇਹੋ ਜਿਹਾ ਕੋਈ ਹੋਰ ਐਵਾਰਡ ਮਿਲਿਆ ਹੋਵੇ, ਉਹ ਯੂਨੀਵਰਸਿਟੀ ਦੀ ਪਰੀਖਿਆ ਵਿੱਚ ਨਤੀਜੇ ਦੇ ਆਧਾਰ ਤੇ ਯੋਗਤਾ-ਵਜ਼ੀਫ਼ਾ ਲੈਣ ਦੇ ਵੀ ਹੱਕਦਾਰ ਹੋਣ, ਉਹ ਇਹ ਦੋਵੇਂ ਵਜ਼ੀਫ਼ੇ ਲੈ ਸਕਣਗੇ। ਅਜਿਹੇ ਕੇਸਾਂ ਵਿੱਚ ਯੂਨੀਵਰਸਿਟੀ ਪਰੀਖਿਆ ਨਤੀਜਿਆਂ ਦੇ ਆਧਾਰ ਤੇ ਦਿੱਤੇ ਜਾਣ ਵਾਲੇ ਯੂਨੀਵਰਸਿਟੀ ਯੋਗਤਾ-ਵਜ਼ੀਫ਼ਿਆਂ ਦੀ ਗਿਣਤੀ ਉਸ ਹੱਦ ਤੱਕ ਹੀ ਵਧਾ ਦਿੱਤੀ ਜਾਵੇਗੀ ਤਾਂ ਜੋ ਮੈਰਿਟ ਸੂਚੀ ਵਿੱਚ ਆਉਣ ਵਾਲੇ ਅਗਲੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਨੁਕਸਾਨ ਨਾ ਪਹੁੰਚੇ।

5. ਜੇ ਕੋਈ ਵਿਦਿਆਰਥੀ ਕਿਸੇ ਪਰੀਖਿਆ ਵਿੱਚ ਪ੍ਰਥਮ ਆਉਂਦਾ ਹੈ, ਪਰ ਉਸ ਨੂੰ ਯੋਗਤਾ-ਵਜ਼ੀਫ਼ਾ ਨਹੀਂ ਦਿੱਤਾ ਜਾਂਦਾ ਜਾਂ ਉਹ ਉਸ ਨੂੰ ਸਵੀਕਾਰ ਨਹੀਂ ਕਰਦਾ ਜੋ ਉਸ ਨੂੰ ਸਾਧਾਰਨ ਰੂਪ ਵਿੱਚ ਮਿਲਣਾ ਚਾਹੀਦਾ ਸੀ, ਤਾਂ ਉਹ ਵਜ਼ੀਫ਼ਾ, ਵਾਈਸ-ਚਾਂਸਲਰ ਦੀ ਪਰਵਾਨਗੀ ਨਾਲ, ਸੂਚੀ ਵਿੱਚ ਅਗਲੇ ਨੰਬਰ ਤੇ ਆਉਂਦੇ ਪਾਤਰ ਉਮੀਦਵਾਰ ਨੂੰ ਅਤੇ ਜੇ ਉਹ ਵੀ ਕਿਸੇ ਤਰ੍ਹਾਂ ਨਾ ਲੈ ਸਕੇ ਤਾਂ ਯੋਗਤਾ ਅਨੁਸਾਰ ਤੀਜੇ ਨੰਬਰ ਤੇ ਆਏ ਵਿਦਿਆਰਥੀ ਨੂੰ ਦਿੱਤਾ ਜਾ ਸਕੇਗਾ। ਪਰ ਸੂਚੀ ਵਿੱਚ ਚੌਥੇ ਨੰਬਰ ਤੇ ਆਏ ਵਿਦਿਆਰਥੀ ਨੂੰ ਇਸ ਦੀ ਪੇਸ਼ਕਸ਼ ਨਹੀਂ ਕੀਤੀ ਜਾਵੇਗੀ:

ਪਰੰਤੂ ਅਜਿਹੇ ਵਿਸ਼ੇ ਵਿੱਚ ਜਿਸ ਲਈ ਦੋ ਯੋਗਤਾ-ਵਜ਼ੀਫ਼ੇ ਹੋਣ, ਵਾਈਸ-ਚਾਂਸਲਰ ਦੀ ਪਰਵਾਨਗੀ ਨਾਲ, ਵਜ਼ੀਫ਼ਾ ਯੋਗਤਾ-ਕ੍ਰਮ ਵਿੱਚ, ਛੇਵੇਂ ਨੰਬਰ ਤੱਕ ਆਉਂਦੇ ਉਮੀਦਵਾਰ ਨੂੰ ਦਿੱਤਾ ਜਾ ਸਕੇਗਾ।

6. ਯੋਗਤਾ ਵਜ਼ੀਫ਼ੇ ਕਿਸੇ ਫ਼ੈਕਲਟੀ ਵਿੱਚ ਅਤੇ ਇਸ ਯੂਨੀਵਰਸਿਟੀ ਦੁਆਰਾ ਜਾਂ ਯੂ. ਜੀ. ਸੀ. ਦੁਆਰਾ ਪਰਸਪਰ ਆਧਾਰ ਤੇ ਪਰਵਾਨਤ ਭਾਰਤ ਦੀ ਕਿਸੇ ਹੋਰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਿਸੇ ਕਾਲਜ/ਇੰਸਟੀਚਿਊਟ ਵਿ ੱਚ ਦਿੱਤੇ ਜਾ ਸਕਣਗੇ :*

ਪਰੰਤੂਉਮੀਦਵਾਰ,ਕਾਲਜ/ਇੰਸਟੀਚਿਊਟਵਿਚਉਚੇਰੀਕਲਾਸਵਿ ੱਚ ਦਾਖ਼ਲੇ ਦੇ ਦਿਨਾਂ ਵਿੱਚ ਅਤੇ ਆਪਣੀ ਪਰੀਖਿਆ ਪਾਸ ਕਰਨ ਦੇ ਸਾਲ ਵਿਚ ਦਾਖ਼ਲ ਹੋਇਆ ਹੋਵੇ।

7. ਜਿਸ ਵਿਦਿਆਰਥੀ ਨੂੰ ਕੋਈ ਯੋਗਤਾ-ਵਜ਼ੀਫ਼ਾ ਦਿੱਤਾ ਗਿਆ ਹੋਵੇ, ਉਹ ਉਨ੍ਹਾਂ ਮਹੀਨਿਆਂ ਦੀ ਟਿਊਸ਼ਨ ਫ਼ੀਸ ਕਾਲਜ/ਯੂਨੀਵਰਸਿਟੀ ਅਧਿਆਪਨ ਵਿਭਾਗ ਨੂੰ ਅਦਾ ਕਰਨ ਦਾ ਭਾਗੀ ਹੋਵੇਗਾ ਜਿਨ੍ਹਾਂ ਲਈ ਯੋਗਤਾ-ਵਜ਼ੀਫ਼ਾ ਕਲੇਮ ਕੀਤਾ ਗਿਆ ਹੈ। ਐਪਰ, ਇਹ ਉਸ ਨੂੰ ਕਾਲਜ/ਯੂਨੀਵਰਸਿਟੀ ਅਧਿਆਪਨ ਵਿਭਾਗ ਦੁਆਰਾ ਪੂਰੀ ਜਾਂ ਅੱਧੀ ਫ਼ੀਸ ਦੀ ਮਾਫ਼ੀ ਤੋਂ ਵੰਚਿਤ ਨਹੀਂ ਕਰੇਗਾ :

ਪਰੰਤੂ ਯੂਨੀਵਰਸਿਟੀ ਦੇ ਉਹ ਕਰਮਚਾਰੀ ਜੋ ਯੂਨੀਵਰਸਿਟੀ ਦੇ ਨਿਯਮਾਂ ਅਧੀਨ ਫ਼ੀਸ ਮਾਫ਼ੀ ਦੇ ਪਾਤਰ ਹਨ ਉਹ ਇਨ੍ਹਾਂ ਰਿਆਇਤਾਂ ਅਰਥਾਤ ਯੋਗਤਾ-ਵਜ਼ੀਫ਼ੇ ਜਾਂ ਫ਼ੀਸ ਮਾਫ਼ੀ ਵਿੱਚੋਂ ਇੱਕ ਦੇ ਹੱਕਦਾਰ ਹੋਣਗੇ।

8. ਯੋਗਤਾ-ਵਜ਼ੀਫ਼ੇ ਇਹ ਮੰਨ ਕੇ ਦਿੱਤੇ ਜਾਣਗੇ ਕਿ ਵਿਦਿਆਰਥੀ ਬਾਕਾਇਦਾ ਵਿਦਿਆਰਥੀ ਦੇ ਰੂਪ ਵਿੱਚ ਜਮਾਤ ਵਿੱਚ ਹਾਜ਼ਰ ਹੋਵੇਗਾ ਅਤੇ ਆਪਣੀ ਪੜ੍ਹਾਈ ਮਿਹਨਤ ਨਾਲ ਕਰੇਗਾ। ਜੇਕਰ ਵਿਦਿਆਰਥੀ ਤਸੱਲੀਬਖ਼ਸ਼ ਪ੍ਰਗਤੀ ਨਹੀਂ ਕਰਦਾ ਜਾਂ ਗੰਭੀਰ ਦੁਰਾਚਰਨ ਜਾਂ ਸੁਸਤੀ ਦਾ ਕਸੂਰਵਾਰ ਹੋਵੇ ਜਾਂ ਹਾਜ਼ਰੀ ਵਿੱਚ ਬਾਕਾਇਦਾ ਨਾ ਹੋਵੇ ਤਾਂ ਉੱਚਿਤ ਤਾੜਨਾ ਦੇਣ ਤੋਂ ਬਾਅਦ, ਕਾਲਜ ਦਾ ਪ੍ਰਿੰਸੀਪਲ ਜਾਂ ਯੂਨੀਵਰਸਿਟੀ ਵਿਭਾਗ ਦਾ ਮੁਖੀ ਅਕਾਦਮਿਕ ਕੌਂਸਲ ਪਾਸ ਉਸ ਦੀ ਰਿਪੋਰਟ ਕਰੇਗਾ, ਜੋ ਯੋਗਤਾ-ਵਜ਼ੀਫ਼ਾ ਵਾਪਸ ਲੈ ਸਕੇਗੀ।

9. ਵਜ਼ੀਫ਼ਾ ਹਾਸਲ ਕਰਨ ਵਾਲੇ ਹਰਿਕ ਵਿਦਿਆਰਥੀ ਨੂੰ ਯੋਗਤਾ-ਵਜ਼ੀਫ਼ਾ ਦਿੱਤੇ ਜਾਣ ਦੀ ਸੂਚਨਾ ਰਸੀਦੀ ਰਜਿਸਟਰਡ ਡਾਕ ਰਾਹੀਂ ਦਿੱਤੀ ਜਾਵੇਗੀ। ਜੇ ਕੋਈ ਵਿਦਿਆਰਥੀ ਰਜਿਸਟਰਾਰ ਦਾ ਪੱਤਰ ਮਿਲਣ ਤੋਂ ਦੋ ਹਫ਼ਤਿਆਂ ਦੇ ਅੰਦਰ ਯੋਗਤਾ-ਵਜ਼ੀਫ਼ੇ ਦੀ ਸਵੀਕ੍ਰਿਤੀ ਯੂਨੀਵਰਸਿਟੀ ਨੂੰ ਲਿਖਤੀ ਰੂਪ ਵਿੱਚ ਅਧਿਸੂਚਿਤ ਨਹੀਂ ਕਰੇਗਾ ਤਾਂ ਉਸ ਦਾ ਯੋਗਤਾ-ਵਜ਼ੀਫ਼ਾ ਜ਼ਬਤ ਕੀਤਾ ਜਾ ਸਕੇਗਾ।

1●. ਕਾਲਜਾਂ ਵਿੱਚ ਗਰੀਬ ਅਤੇ ਹੱਕਦਾਰ ਵਿਦਿਆਰਥੀਆਂ ਲਈ ਵਜ਼ੀਫ਼ੇ

ਯੂਨੀਵਰਸਿਟੀ ਨਾਲ ਸੰਬੱਧ ਕਾਲਜਾਂ ਦੇ ਇੱਕ ਜਾਂ ਦੋ ਗਰੀਬ ਅਤੇ ਹੱਕਦਾਰ ਵਿਦਿਆਰਥੀਆਂ ਨੂੰ 1●●●/- ਰੁਪਏ ਤੋਂ ਲੈ ਕੇ 2●●●/- ਰੁਪਏ ਤੱਕ ਦਾ ਸਾਲਾਨਾ ਸਕਾਲਰਸ਼ਿਪ ਦਿੱਤਾ ਜਾਵੇਗਾ।

---

* ਸਿੰਡੀਕੇਟ ਮਿਤੀ 12.6.2●●3 (ਪੈਰਾ 15.43).

1● ੳ. ਗ਼ੈਰ-ਪੇਸ਼ਾਵਰਾਨਾ ਕੋਰਸ - ਇ ੱਕੋ-ਇੱਕ ਪੁੱਤਰੀ ਲਈ ਇੰਦਰਾ ਗਾਂਧੀ ਪੋਸਟ-ਗ੍ਰੈਜੂਏਟ ਵਜ਼ੀਫ਼ਾ

ਇੱਕੋ-ਇੱਕ ਪੁੱਤਰੀ ਲਈ ਇੰਦਰਾ ਗਾਂਧੀ ਪੋਸਟ ਗ੍ਰੈਜੂਏਟ ਵਜ਼ੀਫ਼ਾ ਸਕੀਮ ਅਧੀਨ ਮੁਕੱਰਰ ਸ਼ਰਤਾਂ ਪੂਰੀਆਂ ਕਰਨ ਵਾਲੀਆਂ ਵਿਦਿਆਰਥਣਾਂ ਲਈ ਯੂ.ਜੀ.ਸੀ. ਦੁਆਰਾ ਤਿਆਰ ਕੀਤੀ ਗਈ ਉਪਰੋਕਤ ਸਕੀਮ ਦੀਆਂ ਬਾਨ੍ਹਾਂ ਅਨੁਸਾਰ ਉਪਰੋਕਤ ਵਜ਼ੀਫ਼ੇ ਲਈ ਪਾਤਰ ਹੋਣਗੀਆਂ। ਵਜ਼ੀਫ਼ੇ ਦੀ ਰਕਮ ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਹੋਵੇਗੀ ਅਤੇ ਦੋ ਸਾਲ ਦੀ ਮੁੱਦਤ ਅਰਥਾਤ ਪੋਸਟ ਗ੍ਰੈਜੂਏਟ ਕੋਰਸ ਦੀ ਮੁਣਿਆਦ ਲਈ ਮਿਲ ਸਕੇਗਾ।*

*  ਸਿੰਡੀਕੇਟ ਮਿਤੀ 6.8.2●●7 (ਪੈਰਾ 47.7).

## ਭਾਗ-II

## ਯੂਨੀਵਰਸਿਟੀ ਦੇ ਭਿੰਨ-ਭਿੰਨ ਵਿਭਾਗਾਂ ਵਿ ੱਚ ਦਾਖ਼ਲ ਵਿਦਿਆਰਥੀਆਂ * ਨੂੰ ਯੋਗਤਾ-ਵਜ਼ੀਫ਼ੇ/ਸਟਾਈਪੈਂਡ/ਵਿਦਿਆਰਥੀ ਵਜ਼ੀਫ਼ੇ ਦੇਣਾ

1. (i) ਹਰ ਇੱਕ ਵਿਭਾਗ ਵਿੱਚ ਘੱਟੋ-ਘੱਟ ਦੋ ਵਜ਼ੀਫ਼ੇ ਹੋਣਗੇ, ਜਿਨ੍ਹਾਂ ਵਿੱਚੋਂ ਇੱਕ ਮੈਰਿਟ ਦੇ ਆਧਾਰ ਤੇ ਦਿੱਤਾ ਜਾਵੇਗਾ ਅਤੇ ਦੂਜਾ ਮੈਰਿਟ-ਤਥਾ-ਸਾਧਨ ਦੇ ਆਧਾਰ ਤੇ ਦਿੱਤਾ ਜਾਵੇਗਾ। ਜਿਸ ਵਿਭਾਗ ਵਿੱਚ 50 ਤੋਂ ਵੱਧ ਵਿਦਿਆਰਥੀ ਹਨ ਉਥੇ ਮੈਰਿਟ-ਤਥਾ ਸਾਧਨ ਦੇ ਆਧਾਰ ਤੇ ਦੋ ਵਜ਼ੀਫ਼ੇ ਹੋਣਗੇ।

   (ii) ਵਿਭਾਗੀ ਵਜ਼ੀਫ਼ਿਆਂ ਦੀ ਦਰ (ਬੀ. ਏ. ਆਨਰਜ਼ ਪੰਜਾਬੀ ਅਤੇ ਅਰਥ-ਸ਼ਾਸ਼ਤਰ ਅਤੇ ਐਮ. ਏ. ਆਨਰਜ਼ ਪੰਜਾਬੀ ਦੇ ਵਜ਼ੀਫ਼ਿਆਂ ਤੋਂ ਬਿਨਾਂ ਹੋਰ) 250/-ਰੁਪਏ ਪ੍ਰਤੀ ਮਹੀਨਾ ਹੋਵੇਗੀ।

   (iii) ਮੈਰਿਟ ਆਧਾਰਤ ਵਜ਼ੀਫ਼ਾ ਮੌਜੂਦਾ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ ਜਦਕਿ ਮੈਰਿਟ-ਤਥਾ ਸਾਧਨ ਵਾਲਾ ਵਜ਼ੀਫ਼ਾ ਵਿਭਾਗੀ ਫ਼ੀਸ ਆਦਿ ਮਾਫ਼ੀ ਵਾਲੀ ਕਮੇਟੀ ਦੁਆਰਾ ਵਿਦਿਆਰਥੀ ਦੀ ਮੈਰਿਟ ਅਤੇ ਮਾਇਕ ਹਾਲਤ ਨੂੰ ਮੁੱਖ ਰੱਖਦੇ ਹੋਏ ਦਿੱਤਾ ਜਾਵੇਗਾ।

### ਪਾਤਰਤਾ ਅਤੇ ਵਜ਼ੀਫ਼ਾ ਦਿੱਤੇ ਜਾਣ ਦੀਆਂ ਸ਼ਰਤਾਂ

(ੳ) ਯੋਗਤਾ ਤਥਾ-ਆਮਦਨ ਵਜ਼ੀਫ਼ਾ ਫ਼ੀਸ ਮਾਫ਼ੀ ਲਈ ਯਥਾ-ਯੋਗ ਗਠਿਤ ਵਿਭਾਗੀ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਵਾਈਸ-ਚਾਂਸਲਰ ਦੁਆਰਾ ਪ੍ਰਦਾਨ ਕੀਤਾ ਜਾਵੇਗਾ। ਉਪਰੋਕਤ ਕਮੇਟੀ ਦੁਆਰਾ ਵਿਦਿਆਰਥੀ ਦੀ ਆਰਥਿਕ ਹਾਲਤ ਅਤੇ ਉਸਦੇ ਅਕਾਦਮਿਕ ਰਿਕਾਰਡ ਦੋਹਾਂ ਨੂੰ ਮੁੱਖ ਰੱਖਦੇ ਹੋਏ ਕੀਤੀਆਂ ਗਈਆਂ ਸਿਫ਼ਾਰਸ਼ਾਂ ਡੀਨ, ਅਕਾਦਮਿਕ ਕਾਰ-ਵਿਹਾਰ ਰਾਹੀ ਪੇਸ਼ ਕੀਤੀਆਂ ਜਾਣਗੀਆਂ।

(ਅ) ਯੋਗਤਾ ਦੇ ਆਧਾਰ ਤੇ ਅਤੇ ਯੋਗਤਾ-ਤਥਾ-ਆਮਦਨ ਵਜ਼ੀਫ਼ਿਆਂ ਦੀ ਮੁਣਿਆਦ ਇੱਕ ਅਕਾਦਮਿਕ ਵਰ੍ਹਾ ਹੋਵੇਗੀ। ਜੇ ਕਿਸੇ ਕੋਰਸ ਦੀ ਮੁਣਿਆਦ ਇੱਕ ਸਾਲ ਤੋਂ ਵੱਧ ਹੋਵੇ, ਤਾਂ ਉਪਰੋਕਤ ਵਜ਼ੀਫ਼ਿਆਂ ਲਈ ਹਰ ਸਾਲ ਨਵੀਂ ਚੋਣ ਕੀਤੀ ਜਾਵੇਗੀ ਅਤੇ ਚੋਣ ਦਾ ਆਧਾਰ ਸੰਬੰਧਤ ਵਜ਼ੀਫ਼ਿਆਂ ਲਈ ਚੋਣ ਦੀ ਕਸਵੱਟੀ ਹੋਵੇਗੀ।

---

* ਗੁਰੂ ਕਾਸ਼ੀ ਇੰਸਟੀਚਿਊਟ, ਬਠਿੰਡਾ ਸੈਂਟਰ, ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ, ਮਲੇਰਕੋਟਲਾ ਅਤੇ ਗੁਰੂ ਕਾਸ਼ੀ ਇੰਸਟੀਚਿਊਟ, ਦਮਦਮਾ ਸਾਹਿਬ ਵਿਖੇ ਪੋਸਟ-ਗ੍ਰੈਜੂਏਟ ਕੋਰਸਾਂ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਵੀ ਯੂਨੀਵਰਸਿਟੀ ਵਿਭਾਗਾਂ ਦੇ ਵਿਦਿਆਰਥੀਆਂ, ਵਾਂਗ ਵਜ਼ੀਫ਼ੇ ਦਿੱਤੇ ਜਾਣਗੇ। (ਸਿੰਡੀਕੇਟ ਮਿਤੀ 31.10.1994)

(ਙ) ਦੋਵੇਂ ਵਜ਼ੀਫ਼ਿਆਂ, ਭਾਵ ਯੋਗਤਾ ਅਤੇ ਯੋਗਤਾ-ਤਥਾ-ਆਮਦਨ ਵਜ਼ੀਫ਼ਿਆਂ ਦੀ ਅਦਾਇਗੀ ਵਿਭਾਗ ਦੇ ਮੁਖੀ ਰਾਹੀਂ ਤਿਮਾਹੀ ਕੀਤੀ ਜਾਇਆ ਕਰੇਗੀ। ਜੋ ਬਿੱਲ ਤਿਆਰ ਕਰੇਗਾ ਅਤੇ ਇਹ ਵੀ ਤਸਦੀਕ ਕਰੇਗਾ ਕਿ ਉਸ ਮੁੱਦਤ ਦੌਰਾਨ ਵਜ਼ੀਫ਼ਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ/ਦਾਅਵੇਦਾਰ ਦੀ ਹਾਜ਼ਰੀ ਅਤੇ ਉਸਦਾ ਚਾਲ-ਚਲਨ ਤਸੱਲੀਬਖ਼ਸ਼ ਰਿਹਾ ਹੈ।

(ਸ) ਜੇ ਕੋਈ ਵਜ਼ੀਫ਼ਾ ਪ੍ਰਾਪਤ-ਕਰਤਾ ਮੱਧ-ਸੈਸ਼ਨ ਦੌਰਾਨ ਕੋਰਸ ਛੱਡ ਜਾਵੇ ਜਾਂ ਵਜ਼ੀਫ਼ਾ ਪ੍ਰਾਪਤ ਕਰਨ ਦੇ ਅਯੋਗ ਹੋ ਜਾਵੇ ਤਾਂ ਸੈਸ਼ਨ ਦੀ ਬਾਕੀ ਮੁੱਦਤ ਲਈ ਉਹ ਵਜ਼ੀਫ਼ਾ, ਯੋਗਤਾ ਦੇ ਆਧਾਰ/ਉਡੀਕ ਸੂਚੀ ਵਿਚਲੇ ਅਗਲੇ ਵਿਦਿਆਰਥੀ ਨੂੰ ਦੇ ਦਿੱਤਾ ਜਾਵੇਗਾ।

(ਹ) ਜੇ ਇਹ ਪਾਇਆ ਜਾਵੇ ਕਿ ਕਿਸੇ ਵਜ਼ੀਫ਼ਾ ਪ੍ਰਾਪਕ ਨੇ ਵਜ਼ੀਫ਼ਾ ਪ੍ਰਾਪਤ ਕਰਨ ਲਈ ਗ਼ਲਤ/ਝੂਠੀ ਸੂਚਨਾ ਮੁਹਈਆ ਕੀਤੀ ਹੈ, ਤਾਂ ਉਸ ਨੂੰ ਉਸ ਕੋਰਸ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਪਹਿਲੋਂ ਪ੍ਰਾਪਤ ਕੀਤੀ ਗਈ ਸਾਰੀ ਰਕਮ ਉਸ ਨੂੰ ਵਾਪਸ ਕਰਨੀ ਪਵੇਗੀ।

(ਕ) ਦਾਖ਼ਲੇ ਦੇ ਸਮੇਂ ਉਮਰ ਦੀ ਸੀਮਾ 22 ਸਾਲ ਹੋਵੇਗੀ, ਸਿਵਾਏ ਐਮ. ਬੀ. ਏ. ਦੀ ਸੂਰਤ ਵਿੱਚ, ਜਿਥੇ ਸੀਮਾ ਦਾਖ਼ਲੇ ਦੇ ਸਮੇਂ 25 ਸਾਲ ਹੋਵੇਗੀ।

2. ਥੀਏਟਰ ਤੇ ਟੈਲੀਵਿਜ਼ਨ ਵਿਭਾਗ ਦੀ ਐਮ. ਏ. ਭਾਗ- I ਅਤੇ II ਵਿੱਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਵਿਚੋਂ 50% ਨੂੰ 250/- ਰੁਪਏ ਪ੍ਰਤੀ ਮਹੀਨਾ ਦੇ ਯੋਗਤਾ-ਵਜ਼ੀਫ਼ੇ ਇਸ ਸ਼ਰਤ ਦੇ ਤਾਬੇ ਦਿੱਤੇ ਜਾਣਗੇ ਕਿ ਯੋਗਤਾ-ਵਜ਼ੀਫ਼ਿਆਂ ਦੀ ਗਿਣਤੀ ਹਰਿਕ ਜਮਾਤ ਵਿੱਚ 5 ਤੋਂ ਵੱਧ ਨਹੀਂ ਹੋਵੇਗੀ।*

## ਪਾਤਰਤਾ ਅਤੇ ਵਜ਼ੀਫ਼ਾ ਦਿੱਤੇ ਜਾਣ ਦੀਆਂ ਸ਼ਰਤਾਂ

(ੳ) ਕਿ ਦੋਹਾਂ ਜਮਾਤਾਂ ਵਿੱਚੋਂ ਹਰਿਕ ਜਮਾਤ ਲਈ ਵਿਦਿਆਰਥੀ-ਵਜ਼ੀਫ਼ਿਆਂ ਦਾ ਫ਼ੈਸਲਾ ਸੁਤੰਤਰ ਤੌਰ ਤੇ ਕੀਤਾ ਜਾਵੇਗਾ ਅਰਥਾਤ ਇਹ ਜ਼ਰੂਰੀ ਨਹੀਂ ਕਿ ਐਮ. ਏ. ਭਾਗ-I ਵਿੱਚ ਦਿੱਤਾ ਗਿਆ ਵਿਦਿਆਰਥੀ-ਵਜ਼ੀਫ਼ਾ ਐਮ. ਏ. ਭਾਗ-II ਵਿੱਚ ਜਾਰੀ ਰਖਿਆ ਜਾਵੇ ਅਤੇ ਐਮ.ਏ. ਭਾਗ-II ਵਿੱਚ ਵਿਦਿਆਰਥੀ-ਵਜ਼ੀਫ਼ਾ ਦੇਣ ਲਈ ਯੋਗਤਾ ਤੇ ਨਜ਼ਰਸਾਨੀ ਕੀਤੀ ਜਾਵੇਗੀ।

(ਅ) ਕਿ ਐਮ.ਏ. ਭਾਗ-I ਵਿੱਚ ਵਿਦਿਆਰਥੀ-ਵਜ਼ੀਫ਼ਿਆਂ ਦਾ ਫ਼ੈਸਲਾ ਐਮ.ਏ. ਭਾਗ-I ਦੀ ਪਹਿਲੀ ਸਮੈਸਟਰ ਦੇ ਨਤੀਜੇ ਵਿੱਚ ਯੋਗਤਾ ਦੇ ਆਧਾਰ ਤੇ ਕੀਤਾ ਜਾਵੇਗਾ। ਇਹ ਐਵਾਰਡ ਲੈਣ ਵਾਲੇ ਵਿਦਿਆਰਥੀ ਨੂੰ ਇਹ ਵਿਦਿਆਰਥੀ-ਵਜ਼ੀਫ਼ਾ ਐਮ. ਏ. ਭਾਗ- I ਦੇ ਪੂਰੇ ਸਾਲ ਲਈ ਮਿਲੇਗਾ।

---

* ਸਿੰਡੀਕੇਟ ਮਿਤੀ 7.4.1998.

(ੲ) ਕਿ ਐਮ. ਏ. ਭਾਗ-II ਵਿੱਚ ਵਿਦਿਆਰਥੀ-ਵਜ਼ੀਫ਼ਾ ਤੀਜੀ ਸਮੈਸਟਰ ਦੇ ਅੰਤ ਤੇ ਐਲਾਨੇ ਗਏ ਤਿੰਨ ਸਮੈਸਟਰਾਂ ਦੇ ਸੰਚਤ ਨਤੀਜੇ ਦੇ ਆਧਾਰ ਤੇ ਦਿੱਤਾ ਜਾਵੇਗਾ (ਅਰਥਾਤ ਪਹਿਲੀ ਸਮੈਸਟਰ ਦਾ ਨਤੀਜਾ ਜਮ੍ਹਾਂ ਦੂਜੀ ਸਮੈਸਟਰ ਦਾ ਜਮ੍ਹਾਂ ਤੀਜੀ ਸਮੈਸਟਰ ਦਾ ਨਤੀਜਾ)।

(ਸ) ਕਿ ਜੇ ਵਜ਼ੀਫ਼ਾ ਲੈਣ ਵਾਲਾ ਵਿਦਿਆਰਥੀ ਆਪਣੀ ਪੜ੍ਹਾਈ ਵਿਚੇ ਛੱਡ ਜਾਵੇ ਜਾਂ ਪਹਿਲੇ ਜਾਂ ਦੂਜੇ ਸਾਲ ਦੀ ਪੜ੍ਹਾਈ ਮੁਕੰਮਲ ਕੀਤੇ ਬਿਨਾਂ ਛੱਡ ਦੇਵੇ ਤਾਂ ਵਿਦਿਆਰਥੀ-ਵਜ਼ੀਫ਼ਾ ਵਾਪਸ ਲੈ ਲਿਆ ਜਾਵੇਗਾ ਅਤੇ ਜੋ ਵਿਦਿਆਰਥੀ ਵਿਭਾਗ ਛੱਡ ਗਿਆ ਸੀ ਉਸ ਦੀ ਥਾਂ ਕਿਸੇ ਹੋਰ ਨੂੰ ਨਹੀਂ ਮਿਲੇਗਾ।

(ਹ) ਕਿ ਵਿਦਿਆਰਥੀ-ਵਜ਼ੀਫ਼ਾ ਦਿੱਤੇ ਜਾਣ ਲਈ ਘੱਟ ਤੋਂ ਘੱਟ ਪਾਤਰਤਾ ਸ਼ਰਤ ਵਿਭਾਗ ਦੇ ਮੁਖੀ ਦੀ ਤਸੱਲੀਪੂਰਬਕ ਲਗਾਤਾਰ ਚੰਗੇ ਆਚਰਣ ਦੀ ਆਮ ਸ਼ਰਤ ਤੋਂ ਇਲਾਵਾ ਦੋਹਾਂ ਜਮਾਤਾਂ ਵਿੱਚ 55 % ਨੰਬਰਾਂ ਦੀ ਹੋਵੇਗੀ।

(ਕ) ਕਿ ਵਿਦਿਆਰਥੀ-ਵਜ਼ੀਫ਼ੇ ਨਾਲ ਯੋਗਤਾ-ਵਜ਼ੀਫ਼ਾ ਵੀ ਮਿਲ ਸਕੇਗਾ ਪਰ ਯੋਗਤਾ-ਵਜ਼ੀਫ਼ਾ ਬਾਹਰ ਦੀ ਕਿਸੇ ਏਜੰਸੀ ਜਿਵੇਂ ਕਿ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਕਿਸੇ ਹੋਰ ਵਜ਼ੀਫ਼ੇ ਦੇ ਨਾਲ-ਨਾਲ ਨਹੀਂ ਲਿਆ ਜਾ ਸਕੇਗਾ।

3. ਅਰਥ-ਸ਼ਾਸਤਰ ਵਿੱਚ ਆਨਰਜ਼ ਸਕੂਲ ਦੇ ਦੋ ਵਿਦਿਆਰਥੀਆਂ ਨੂੰ 250/- ਰੁਪਏ ਪ੍ਰਤੀ ਮਹੀਨਾ ਦੇ ਵਿਦਿਆਰਥੀ-ਸਟਾਈਪੈਂਡ ਦਿੱਤੇ ਜਾਣਗੇ।

ਪਾਤਰਤਾ ਅਤੇ ਐਵਾਰਡ ਦੀਆਂ ਸ਼ਰਤਾਂ

(ੳ) ਇਹ ਵਜ਼ੀਫ਼ੇ ਕੋਰਸ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਲਈ ਵਿਭਾਗ ਦੁਆਰਾ ਤਿਆਰ ਕੀਤੀ ਯੋਗਤਾ ਸੂਚੀ ਵਿੱਚੋਂ ਯੋਗਤਾ ਦੇ ਆਧਾਰ ਤੇ ਦਿੱਤੇ ਜਾਣਗੇ :

ਪਰੰਤੂ ਇਹ ਕਿ ਵਿਦਿਆਰਥੀ ਨੇ ਹੇਠਲੀ ਪਰੀਖਿਆ ਦੇ ਕੁੱਲ-ਜੋੜ ਵਿੱਚੋਂ ਘੱਟ ਤੋਂ ਘੱਟ 60% ਅਤੇ ਸੰਬੰਧਤ ਵਿਸ਼ੇ ਵਿੱਚ 55 % ਜਾਂ ਕੁੱਲ-ਜੋੜ ਵਿਚੋਂ 55% ਅਤੇ ਸੰਬੰਧਤ ਵਿਸ਼ੇ ਵਿੱਚ 60 % ਨੰਬਰ ਲਏ ਹੋਣ।

(ਅ) ਜੇ ਕੋਰਸ ਵਿੱਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੀ ਗਿਣਤੀ 15 ਜਾਂ 15 ਤੋਂ ਘੱਟ ਹੋਵੇ ਤਾਂ ਯੋਗਤਾ-ਵਜ਼ੀਫ਼ਿਆਂ ਦੀ ਗਿਣਤੀ ਇੱਕ ਤੱਕ ਸੀਮਤ ਹੋਵੇਗੀ।

4. ਭੌਤਿਕ ਵਿਗਿਆਨ ਵਿੱਚ ਬੀ.ਐਸ-ਸੀ. ਆਨਰਜ਼ ਕੋਰਸ ਦੇ ਹਰਿਕ ਭਾਗ ਵਿੱਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਵਿੱਚੋਂ ਦੋ ਵਿਦਿਆਰਥੀਆਂ ਨੂੰ 250/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਯੋਗਤਾ-ਵਜ਼ੀਫ਼ੇ ਦਿੱਤੇ ਜਾਣਗੇ।

## ਪਾਤਰਤਾ ਅਤੇ ਐਵਾਰਡ ਦੀਆਂ ਸ਼ਰਤਾਂ

(ੳ) ਇਹ ਵਜ਼ੀਫ਼ੇ ਕੋਰਸ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਲਈ ਵਿਭਾਗ ਦੁਆਰਾ ਤਿਆਰ ਕੀਤੀ ਯੋਗਤਾ ਸੂਚੀ ਵਿਚੋਂ ਯੋਗਤਾ ਦੇ ਆਧਾਰ ਤੇ ਦਿੱਤੇ ਜਾਣਗੇ :

ਪਰੰਤੂ ਇਹ ਕਿ ਵਿਦਿਆਰਥੀ ਨੇ ਹੇਠਲੀ ਪਰੀਖਿਆ ਦੇ ਕੁੱਲ-ਜੋੜ ਵਿੱਚੋਂ ਘੱਟ ਤੋਂ ਘੱਟ 6●% ਅਤੇ ਸੰਬੰਧਤ ਵਿਸ਼ੇ ਵਿੱਚ 55 % ਜਾਂ ਕੁੱਲ-ਜੋੜ ਵਿੱਚੋਂ 55% ਅਤੇ ਸੰਬੰਧਤ ਵਿਸ਼ੇ ਵਿੱਚ 6● % ਨੰਬਰ ਲਏ ਹੋਣ।

(ਅ) ਕਿਸੇ ਵਿਦਿਆਰਥੀ ਨੂੰ ਇੱਕ ਵਾਰੀ ਦਿੱਤਾ ਗਿਆ ਯੋਗਤਾ-ਵਜ਼ੀਫ਼ਾ, ਉਸ ਦੀ ਸੰਤੋਸ਼ਜਨਕ ਕਾਰਗੁਜ਼ਾਰੀ ਅਤੇ ਪੂਰਬਲੀ ਪਰੀਖਿਆ ਵਿੱਚ ਘੱਟ ਤੋਂ ਘੱਟ 55% ਨੰਬਰ ਲੈਣ ਦੀ ਸ਼ਰਤ ਦੇ ਤਾਬੇ ਤਿੰਨ ਸਾਲਾ ਸੰਗਠਤ ਕੋਰਸ ਦੀ ਮੁਨਿਆਦ ਲਈ ਜਾਰੀ ਰਹੇਗਾ।

(ੲ) ਜੇ ਕੋਰਸ ਵਿੱਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਦੀ ਗਿਣਤੀ 15 ਜਾਂ 15 ਤੋਂ ਘੱਟ ਹੋਵੇ ਤਾਂ ਯੋਗਤਾ-ਵਜ਼ੀਫ਼ਿਆਂ ਦੀ ਗਿਣਤੀ ਇੱਕ ਤੱਕ ਸੀਮਤ ਹੋਵੇਗੀ।

5. ਐਮ.ਐਸ-ਸੀ. ਅਪਲਾਈਡ ਭੌਤਕ ਵਿਗਿਆਨ ਭਾਗ-I ਅਤੇ II ਦੇ ਵਿਦਿਆਰਥੀਆਂ ਵਿੱਚੋਂ ਇੱਕ-ਇੱਕ ਵਿਦਿਆਰਥੀ ਨੂੰ 25●/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਇਕ ਯੋਗਤਾ-ਵਜ਼ੀਫ਼ਾ ਉਨ੍ਹਾਂ ਹੀ ਨਿਬੰਧਨਾਂ ਅਤੇ ਸ਼ਰਤਾਂ ਤੇ ਦਿੱਤਾ ਜਾਵੇਗਾ ਜੋ ਐਮ. ਏ./ਐਮ. ਐਸ-ਸੀ. ਕੋਰਸਾਂ ਦੀ ਸੂਰਤ ਵਿੱਚ ਰੱਖੀਆਂ ਗਈਆਂ ਹਨ।

6. ਬੀ.ਏ. ਆਨਰਜ਼ ਸਕੂਲ ਇਨ ਪੰਜਾਬੀ ਭਾਗ- I, II ਅਤੇ III ਅਤੇ ਐਮ. ਏ. ਆਨਰਜ਼ ਇਨ ਪੰਜਾਬੀ ਭਾਗ- I, II ਵਿੱਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਨੂੰ 1●●/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪੰਜ ਯੋਗਤਾ-ਵਜ਼ੀਫ਼ੇ (ਕੁੱਲ 25) ਦਿੱਤੇ ਜਾਣਗੇ।

## ਪਾਤਰਤਾ ਅਤੇ ਐਵਾਰਡ ਦੀਆਂ ਸ਼ਰਤਾਂ

(ੳ) ਵਿਦਿਆਰਥੀ ਨੇ 1●+2 ਪ੍ਰਣਾਲੀ ਵਿੱਚ ਸੀਮਾਂਤਕ ਪਰੀਖਿਆ ਵਿੱਚ ਪੰਜਾਬੀਚੋਂ ਣਵੇਂ ਵਿਸ਼ੇ ਵਿੱਚ 6●% ਅਤੇ ਕੁੱਲ-ਜੋੜ ਵਿੱਚੋਂ 5●% ਨੰਬਰ ਲਏ ਹੋਣ। *

(ਅ) ਵਿਦਿਆਰਥੀ ਨੂੰ ਇੱਕ ਵਾਰ ਦਿੱਤਾ ਗਿਆ ਯੋਗਤਾ-ਵਜ਼ੀਫ਼ਾ, ਉਸ ਦੀ ਸੰਤੋਸ਼ਜਨਕ ਕਾਰਗੁਜ਼ਾਰੀ ਅਤੇ ਪੂਰਬਲੀ ਪਰੀਖਿਆ ਵਿੱਚ ਘੱਟ ਤੋਂ ਘੱਟ 55% ਨੰਬਰ ਲੈਣ ਦੀ ਸ਼ਰਤ ਦੇ ਤਾਬੇ 5 ਸਾਲਾ ਸੰਗਠਤ ਕੋਰਸ ਦੀ ਮੁਨਿਆਦ ਲਈ ਮਿਲਦਾ ਰਹੇਗਾ।

---

* ਸਿੰਡੀਕੇਟ ਮਿਤੀ 28.7.199●.

7. ਐਮ. ਫਿਲ. ਧਰਮ-ਅਧਿਐਨ

ਐਮ. ਫ਼ਿਲ. ਧਰਮ-ਅਧਿਐਨ ਵਿੱਚ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਵਿੱਚੋਂ ਛੇ ਵਿਦਿਆਰਥੀਆਂ ਨੂੰ 2●●/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਛੇ ਵਿਦਿਆਰਥੀ-ਵਜ਼ੀਫ਼ੇ ਦਿੱਤੇ ਜਾਣਗੇ।

ਪਾਤਰਤਾ ਅਤੇ ਐਵਾਰਡ ਦੀਆਂ ਸ਼ਰਤਾਂ

(ੳ) ਇਹ ਵਿਦਿਆਰਥੀ-ਵਜ਼ੀਫ਼ੇ ਯੂਨੀਵਰਸਿਟੀ ਵਿੱਚ ਐਮ. ਫ਼ਿਲ. ਵਿੱਚ ਦਾਖ਼ਲੇ ਦੀ ਕਸਵੱਟੀ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਯੋਗਤਾ ਸੂਚੀ ਵਿੱਚੋਂ ਯੋਗਤਾ ਦੇ ਆਧਾਰ ਤੇ ਦਿੱਤੇ ਜਾਣਗੇ।

(ਅ) ਵਿਦਿਆਰਥੀ-ਵਜ਼ੀਫ਼ਾ ਇਸ ਸ਼ਰਤ ਦੇ ਤਾਬੇ ਮਿਲਦਾ ਰਹੇਗਾ ਕਿ ਵਿਦਿਆਰਥੀ ਦੀ ਹਰਿਕ ਸਮੈਸਟਰ ਵਿੱਚ ਜਮਾਤ ਵਿੱਚ ਹਾਜ਼ਰੀ 75% ਤੋਂ ਘੱਟ ਨਾ ਹੋਵੇ ਅਤੇ ਯੂਨੀਵਰਸਿਟੀ ਪਰੀਖਿਆ ਦੀ ਹਰਿਕ ਸਮੈਸਟਰ ਵਿੱਚ ਉਸ ਨੇ 55% ਨੰਬਰਾਂ ਤੋਂ ਘੱਟ ਨੰਬਰ ਨ ਲਏ ਹੋਣ।

8. ਯੂਨੀਵਰਸਿਟੀ ਵਿੱਚ ਨੇਤਰਹੀਨ ਅਤੇ ਸਰੀਰਕ ਤੌਰ ਤੇ ਅਪਾਹਜ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ 25●/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਪੰਜ ਵਿਦਿਆਰਥੀ-ਵਜ਼ੀਫ਼ੇ ਦਿੱਤੇ ਜਾਣਗੇ।

ਇਹ ਵਿਦਿਆਰਥੀ-ਵਜ਼ੀਫ਼ੇ ਦੇਣ ਲਈ ਵਾਈਸ-ਚਾਂਸਲਰ ਇੱਕ ਕਮੇਟੀ ਨਿਯੁਕਤ ਕਰੇਗਾ। ਕਮੇਟੀ ਅਨੁਬੰਧਤ ਤਰੀਕ ਤੱਕ ਮਿਲੀਆਂ ਦਰਖ਼ਾਸਤਾਂ ਦੀ ਛਾਣ-ਬੀਣ ਕਰੇਗੀ ਅਤੇ ਇਹ ਫ਼ੈਸਲਾ ਕਰੇਗੀ ਕਿ ਵਿਦਿਆਰਥੀ- ਵਜ਼ੀਫ਼ੇ ਕਿਨ੍ਹਾਂ ਨੂੰ ਦਿੱਤੇ ਜਾਣ।

9. ਕੰਪਿਊਟਰ ਸਾਇੰਸ ਅਤੇ ਇੰਜਨੀਅਰਿੰਗ ਵਿਭਾਗ ਦੇ ਐਮ. ਟੈੱਕ. ਦੇ ਵਿਦਿਆਰਥੀਆਂ ਨੂੰ ਚਾਰ ਸਟਾਈਪੈਂਡ 2●●●/- ਰੁਪਏ ਪ੍ਰਤੀ ਸਟਾਈਪੈਂਡ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਦਿੱਤੇ ਜਾਣਗੇ।

ਐਮ. ਟੈੱਕ. ਵਿਦਿਆਰਥੀਆਂ ਦੀ ਲੋੜ ਅਤੇ ਪਿਛੋਕੜ ਦੇ ਆਧਾਰ ਤੇ ਇਨ੍ਹਾਂ ਵਿੱਚੋਂ ਕੁਝ ਸਟਾਈਪੈਂਡ ਦੋ ਇਕਾਈਆਂ ਵਿੱਚ ਅਰਥਾਤ ਇੱਕ-ਇੱਕ ਹਜ਼ਾਰ ਰੁਪਿਆ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵੰਡੇ ਜਾ ਸਕਣਗੇ।*

1●. ਸਵਰਗਵਾਸੀ ਜਸਟਿਸ ਇਕਬਾਲ ਸਿੰਘ ਟਿਵਾਣਾ ਯਾਦਗਾਰੀ ਵਜ਼ੀਫ਼ਾ

(ੳ) ਇਹ ਵਜ਼ੀਫ਼ਾ ਕਾਨੂੰਨ ਵਿਭਾਗ ਦੀਆਂ ਤਿੰਨਾਂ ਕਲਾਸਾਂ ਭਾਵ ਐਲ- ਐਲ.ਬੀ. ਭਾਗ-ਪਹਿਲਾ, ਦੂਜਾ ਅਤੇ ਤੀਜਾ ਦੇ ਇੱਕ-ਇੱਕ ਵਿਦਿਆਰਥੀ ਨੂੰ 4●●/- ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਦਿੱਤਾ ਜਾਵੇਗਾ।

---

ਸਿੰਡੀਕੇਟ ਮਿਤੀ 31.1●.1996.

(ਅ) ਇਹ ਵਜ਼ੀਫ਼ਾ ਕਾਨੂੰਨ ਵਿਭਾਗ ਦੇ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਪੇਂਡੂ ਇਲਾਕੇ ਦਾ ਹੋਵੇ (ਪੇਂਡੂ ਇਲਾਕੇ ਦਾ ਹੋਣ ਦੀ ਕਸਵੱਟੀ ਉਹੀ ਹੋਵੇਗੀ ਜਿਹੜੀ ਯੂਨੀਵਰਸਿਟੀ ਦਾਖ਼ਲੇ ਲਈ ਹੈ)।

(ੲ) ਉਹ ਵਿਦਿਆਰਥੀ ਭਾਗ-I ਵਿੱਚ ਪੇਂਡੂ ਇਲਾਕੇ ਦੇ ਹੋਣ ਦੇ ਆਧਾਰ ਤੇ ਦਾਖ਼ਲ ਕੀਤੇ ਗਏ ਵਿਦਿਆਰਥੀਆਂ ਵਿਚ ਪ੍ਰਥਮ ਰਿਹਾ ਹੋਵੇ।

(ਸ) ਇਹ ਵਜ਼ੀਫ਼ਾ ਉਸ ਵਿਦਿਆਰਥੀ ਨੂੰ ਉਸ ਦੇ ਐਲ.ਐਲ.ਬੀ. ਦੇ ਅਧਿਐਨ ਕੋਰਸ ਲਈ ਭਾਗ-II ਅਤੇ ਭਾਗ-III ਦੇ ਦੌਰਾਨ ਇਸ ਸ਼ਰਤ ਦੇ ਤਾਬੇ ਮਿਲਦਾ ਰਹੇਗਾ ਕਿ ਉਸ ਦੀ ਕਾਰਗੁਜ਼ਾਰੀ, ਆਚਰਨ ਪੱਖੋਂ ਅਤੇ ਅਕਾਦਮਿਕ ਪੱਖੋਂ, ਤਸੱਲੀਬਖ਼ਸ਼ ਹੈ ਅਤੇ ਉਸ ਨੇ ਪੂਰਬਲੀ ਪਰੀਖਿਆ ਫ਼ਸਟ ਡਵੀਜ਼ਨ ਵਿੱਚ ਪਾਸ ਕੀਤੀ ਹੈ।

(ਹ) ਇਸ ਵਜ਼ੀਫ਼ੇ ਦੀ ਅਦਾਇਗੀ ਸ੍ਰੀਮਤੀ ਸਤਵੰਤ ਕੌਰ ਟਿਵਾਣਾ ਸੁਪਤਨੀ ਸਵਰਗਵਾਸੀ ਜਸਟਿਸ ਇਕਬਾਲ ਸਿੰਘ ਟਿਵਾਣਾ ਵੱਲੋਂ ਐਫ਼.ਡੀ.ਆਰ. ਦੇ ਰੂਪ ਵਿੱਚ ਜਮ੍ਹਾਂ ਕਰਵਾਈ ਇਕ ਲੱਖ ਰੁਪਏ ਦੀ ਰਕਮ ਉਤੇ ਮਿਲਣ ਵਾਲੇ ਵਿਆਜ ਵਿੱਚੋਂ ਕੀਤੀ ਜਾਵੇਗੀ।

11. 'ਵਰਿੰਦਰ ਕੇ. ਜੱਸਲ' ਦੇ ਨਾਂ ਤੇ ਯੂਨੀਵਰਸਿਟੀ ਦੇ ਅਰਥ-ਸ਼ਾਸਤਰ ਵਿਭਾਗ ਵਿਖੇ ਨਿਮਨ ਦਰਜ ਵਜ਼ੀਫ਼ੇ ਸਥਾਪਤ ਕੀਤੇ ਗਏ ਹਨ :

(i) ਵਰਿੰਦਰ ਕੇ. ਜੱਸਲ ਵਜ਼ੀਫ਼ਾ ਐਮ.ਏ. ਅਰਥ-ਸ਼ਾਸਤਰ ਭਾਗ I ਅਤੇ II

(ii) ਵਰਿੰਦਰ ਕੇ. ਜੱਸਲ ਵਜ਼ੀਫ਼ਾ ਐਮ.ਬੀ.ਈ. ਭਾਗ I ਅਤੇ II

(iii) ਅਰਥ-ਸ਼ਾਸਤਰ ਵਿਚ ਪੀ-ਐੱਚ.ਡੀ. ਅਧਿਐਨ ਲਈ ਵਰਿੰਦਰ ਕੇ. ਜੱਸਲ ਵਜ਼ੀਫ਼ਾ

ਇਹ ਵਜ਼ੀਫ਼ੇ ਸ੍ਰੀਮਤੀ ਪੂਰਨੀ ਦੇਵੀ ਯੂ.ਐਸ.ਏ. ਨਿਵਾਸੀ ਵੱਲੋਂ ਸਥਾਪਿਤ ਕਰਵਾਏ ਗਏ ਹਨ।

ਇਹ ਵਜ਼ੀਫ਼ੇ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੇ ਜਾਣਗੇ

(ੳ) ਐਮ.ਏ./ਐਮ.ਬੀ. ਈ. ਦੇ ਹਰ ਵਜ਼ੀਫ਼ੇ ਦੀ ਰਕਮ 25●/- ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਹੈ।

(ਅ) ਵਜ਼ੀਫ਼ਾ ਵਿਦਿਆਰਥੀ ਦੀ ਯੋਗਤਾ ਦੇ ਆਧਾਰ ਤੇ ਦਿੱਤਾ ਜਾਵੇਗਾ।

(ੲ) ਵਜ਼ੀਫ਼ਾ ਵਿਭਾਗ ਦੇ ਮੁਖੀ ਦੀਆਂ ਸਿਫ਼ਾਰਸ਼ਾਂ ਤੇ ਡੀਨ, ਅਕਾਦਮਿਕ ਕਾਰ-ਵਿਹਾਰ ਦੁਆਰਾ ਪ੍ਰਦਾਨ ਕੀਤਾ ਜਾਵੇਗਾ।

(ਸ) ਇਹ ਵਜ਼ੀਫ਼ੇ ਪ੍ਰਦਾਨ ਕੀਤੇ ਜਾਣ ਨੂੰ ਉਹੀ ਨਿਯਮ ਲਾਗੂ ਹੋਣਗੇ ਜੋ ਯੂਨੀਵਰਸਿਟੀ ਵਿਭਾਗੀ ਯੋਗਤਾ ਵਜ਼ੀਫ਼ੇ ਪ੍ਰਦਾਨ ਕੀਤੇ ਜਾਣ ਨੂੰ ਲਾਗੂ ਹੁੰਦੇ ਹਨ।

(ਹ) ਪੀ-ਐਚ.ਡੀ. ਫੈਲੋਸ਼ਿਪ ਦੀ ਰਕਮ 2200/- ਰੁਪਏ ਪ੍ਰਤੀ ਮਹੀਨਾ ਜਮ੍ਹਾਂ 5000/- ਰੁਪਏ ਸਾਲਾਨਾ ਅਚੇਤ ਖ਼ਰਚਾ ਹੈ।

(ਕ) ਪੀ-ਐਚ.ਡੀ. ਫ਼ੈਲੋਸ਼ਿਪ ਅਖ਼ਬਾਰਾਂ ਵਿ`ਚ ਵਿਗਿਆਪਨ ਦੇ ਕੇ ਦਿੱਤੀ ਜਾਵੇਗੀ।

12. ਗੋਇਲ ਫ਼ਾਊਂਡੇਸ਼ਨ ਸਕਾਲਰਸ਼ਿਪ

(ੳ) 'ਗੋਇਲ ਫ਼ਾਊਂਡੇਸ਼ਨ ਸਕਾਲਰਸ਼ਿਪ', ਦੇ ਨਾਂ ਤੇ ਯੂਨੀਵਰਸਿਟੀ ਦੇ ਪੰਜਾਬ ਸਕੂਲ ਆਫ ਮੈਨੇਜਮੈਂਟ ਸਟੱਡੀਜ਼ ਵਿਭਾਗ ਅਤੇ ਜੀਵ ਵਿਗਿਆਨ ਵਿਭਾਗ ਦੇ ਐਮ.ਬੀ.ਏ. ਭਾਗ-II ਅਤੇ ਐਮ.ਐਸ-ਸੀ. (ਜੀਵ ਵਿਗਿਆਨ) ਭਾਗ-II ਲਈ ਇੱਕ-ਇੱਕ ਵਜ਼ੀਫ਼ਾ ਸਥਾਪਿਤ ਕੀਤਾ ਗਿਆ ਹੈ।

(ਅ) ਇਹ ਵਜ਼ੀਫ਼ੇ ਪਾਰਟ- I ਦੇ ਨਤੀਜਿਆਂ ਦੇ ਆਧਾਰ ਤੇ ਪ੍ਰਥਮ ਆਉਣ ਵਾਲੇ ਵਿਦਿਆਰਥੀਆਂ ਨੂੰ ਭਾਗ- II ਦੀਆਂ ਜਮਾਤਾਂ ਵਿੱਚ ਦਾਖ਼ਲਾ ਲੈਣ ਤੇ ਦਿੱਤੇ ਜਾਣਗੇ।

(ੲ) ਸਕਾਲਰਸ਼ਿਪ ਦੀ ਰਾਸ਼ੀ 250/- ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਹੋਵੇਗੀ।

(ਸ) ਬਾਕੀ ਦੀਆਂ ਸ਼ਰਤਾਂ ਉਹੀ ਹੋਣਗੀਆਂ ਜੋ ਯੂਨੀਵਰਸਿਟੀ ਯੋਗਤਾ ਵਜ਼ੀਫ਼ੇ ਦੀਆਂ ਹਨ।

(ਹ) ਇਹ ਵਜ਼ੀਫ਼ੇ ਗੋਇਲ ਫ਼ਾਊਂਡੇਸ਼ਨ, ਯੂ.ਐਸ.ਏ. ਦੇ ਨਮਿਤ ਸਥਾਪਿਤ ਕੀਤੇ ਗਏ ਹਨ।

13. ਮਾਸਟਰ ਏਕਾਂਤ ਮੈਮੋਰੀਅਲ ਸਕਾਲਰਸ਼ਿਪ

(ੳ) ਇਹ ਸਕਾਲਰਸ਼ਿਪ ਅਪਲਾਈਡ ਫਿਜ਼ਿਕਸ ਵਿਭਾਗ ਦੇ ਐਮ.ਐਸ-ਸੀ. ਭਾਗ-I ਅਤੇ ਭਾਗ-II ਦੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀਆਂ ਨੂੰ ਯੋਗਤਾ ਦੇ ਆਧਾਰ ਤੇ ਦਿੱਤਾ ਜਾਵੇਗਾ।

(ਅ) ਵਜ਼ੀਫ਼ੇ ਨਾਲ ਜੁੜੀ ਰਕਮ 250/- ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਹੋਵੇਗੀ।

(ੲ) ਵਿਦਿਆਰਥੀ ਆਪਣੇ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਸਮਰਥਨ ਵਿੱਚ ਹਲਫ਼ੀਆ ਬਿਆਨ ਪੇਸ਼ ਕਰੇਗਾ। ਹਲਫ਼ੀਆ ਬਿਆਨ ਦੀ ਤਸਦੀਕ ਵਿਭਾਗ ਦੁਆਰਾ ਕੀਤੀ ਜਾਵੇਗੀ।

(ਸ) ਇਹ ਵਜ਼ੀਫ਼ਾ ਵਿਭਾਗੀ ਫ਼ੀਸ ਰਿਆਇਤ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਡੀਨ, ਅਕਾਦਮਿਕ ਕਾਰ-ਵਿਹਾਰ ਦੁਆਰਾ ਪ੍ਰਦਾਨ ਕੀਤਾ ਜਾਵੇਗਾ।

(ਹ) ਇਹ ਵਜ਼ੀਫ਼ਾ ਦਿੱਤੇ ਜਾਣ ਨੂੰ ਯੂਨੀਵਰਸਿਟੀ ਵਿਭਾਗੀ ਵਜ਼ੀਫ਼ੇ ਵਾਲੇ ਨਿਯਮ ਲਾਗੂ ਹੋਣੇਗੇ।

(ਕ) ਇਹ ਵਜ਼ੀਫ਼ਾ ਵਿਦਿਆਰਥੀ ਦਾ ਚਾਲ-ਚਲਨ ਤਸੱਲੀਬਖ਼ਸ਼ ਹੋਣ ਦੀ ਸੂਰਤ ਵਿੱਚ ਹੀ ਦਿੱਤਾ ਜਾਵੇਗਾ। ਜੇ ਕੋਰਸ ਦੇ ਦੌਰਾਨ ਵਿਦਿਆਰਥੀ ਦਾ ਚਾਲ-ਚਲਨ ਤਸੱਲੀਬਖ਼ਸ਼ ਨਹੀਂ ਰਹਿੰਦਾ ਤਾਂ ਇਹ ਵਜ਼ੀਫ਼ਾ ਮਨਸੂਖ਼ ਕੀਤਾ ਜਾ ਸਕੇਗਾ। ਮੈਰਿਟ ਦੇ ਆਧਾਰ ਤੇ ਅਗਲੇ ਵਿਦਿਆਰਥੀ ਨੂੰ ਦਿੱਤਾ ਜਾ ਸਕੇਗਾ।

(ਖ) ਇਹ ਵਜ਼ੀਫ਼ਾ ਸ੍ਰੀ ਦਵਿੰਦਰ ਭੂਸ਼ਨ ਸਿੰਘ, ਜੂਨੀਅਰ ਲੈਬਾਰਟਰੀ ਸੁਪਰਡੈਂਟ, ਫਿਜ਼ਿਕਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਆਪਣੇ ਪੁੱਤਰ ਮਾਸਟਰ ਏਕਾਂਤ ਦੀ ਯਾਦ ਵਿੱਚ ਸਥਾਪਿਤ ਕਰਵਾਇਆ ਗਿਆ ਹੈ। ਇਸ ਲਈ ਰਾਸ਼ੀ ਹਰ ਮਹੀਨੇ ਦਾਨੀ ਦੀ ਤਨਖ਼ਾਹ ਵਿੱਚੋਂ ਕੱਟ ਕੇ ਸਪੈਸ਼ਲ ਇੰਡੋਮੈਂਟ ਟਰੱਸਟ ਫ਼ੰਡ ਵਿੱਚ ਜਮ੍ਹਾਂ ਕੀਤੀ ਜਾਵੇਗੀ। ਜਮ੍ਹਾਂ ਹੋਈ ਰਕਮ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਓਪਰੇਟ ਕੀਤੀ ਜਾਵੇਗੀ।

(ਗ) ਇਹ ਵਜ਼ੀਫ਼ਾ ਇੱਕ ਸਾਲ ਲਈ ਹੋਵੇਗਾ ਅਤੇ ਜਿਵੇਂ-ਜਿਵੇਂ ਦਾਨੀ ਵੱਲੋਂ ਰਕਮ ਪ੍ਰਾਪਤ ਹੁੰਦੀ ਰਹੇਗੀ ਇਹ ਵਜ਼ੀਫ਼ਾ ਚਲਦਾ ਰਹੇਗਾ। ਜਦੋਂ ਵੀ ਇਹ ਰਕਮ ਪ੍ਰਾਪਤ ਹੋਣੀ ਬੰਦ ਹੋ ਜਾਵੇਗੀ ਤਾਂ ਵਜ਼ੀਫ਼ਾ ਵੀ ਬੰਦ ਕਰ ਦਿੱਤਾ ਜਾਵੇਗਾ।

14. ਸੰਤ ਬਾਬਾ ਬਖਤਾਵਰ ਸਿੰਘ ਯਾਦਗਾਰੀ ਵਜ਼ੀਫ਼ਾ

ਇਹ ਵਜ਼ੀਫ਼ਾ ਸੰਤ ਬਾਬਾ ਦਲਜੀਤ ਸਿੰਘ, ਫਾਊਂਡਰ ਐਂਡ ਚੀਫ਼, ਗੁਰੂ ਨਾਨਕ ਸਿੱਖ ਮਿਸ਼ਨ, ਅਮਰੀਕਾ ਦੇ ਪ੍ਰਸਤਾਵ ਤੇ ਸੰਤ ਬਾਬਾ ਬਖਤਾਵਰ ਸਿੰਘ ਯਾਦਗਾਰੀ ਵਜ਼ੀਫ਼ਾ ਦੇ ਨਾਂ ਨਾਲ ਹੇਠ-ਲਿਖੀਆਂ ਸ਼ਰਤਾਂ ਅਨੁਸਾਰ ਸਥਾਪਿਤ ਕੀਤਾ ਗਿਆ ਹੈ

(ੳ) ਇਹ ਵਜ਼ੀਫ਼ਾ ਧਰਮ ਅਧਿਐਨ ਦੇ ਵਿਦਿਆਰਥੀਆਂ ਨੂੰ ਯੋਗਤਾ ਦੇ ਆਧਾਰ ਤੇ ਦਿੱਤਾ ਜਾਵੇਗਾ।

(ਅ) ਇਸ ਵਜ਼ੀਫ਼ੇ ਦੀ ਰਾਸ਼ੀ 12,●●●/- ਰੁਪਏ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਹੋਵੇਗੀ।

(ੲ) ਇਹ ਵਜ਼ੀਫ਼ਾ ਵਿਭਾਗ ਦੀ ਏ.ਸੀ.ਡੀ. ਦੀਆਂ ਸਿਫ਼ਾਰਸ਼ਾਂ ਤੇ ਜੋ ਡੀਨ, ਅਕਾਦਮਿਕ ਕਾਰ-ਵਿਹਾਰ ਰਾਹੀਂ ਭੇਜੀਆਂ ਜਾਣਗੀਆਂ, ਵਾਈਸ-ਚਾਂਸਲਰ ਦੁਆਰਾ ਦਿੱਤਾ ਜਾਵੇਗਾ।

(ਸ) ਵਜ਼ੀਫ਼ਾ ਲੈਣ ਵਾਲੇ ਵਿਦਿਆਰਥੀ ਦਾ ਚਾਲ-ਚਲਨ ਤਸੱਲੀਬਖ਼ਸ਼ ਹੋਵੇਗਾ ਅਤੇ ਤਸੱਲੀਬਖ਼ਸ਼ ਨਾ ਹੋਣ ਦੀ ਸੂਰਤ ਵਿੱਚ ਇਹ ਵਜ਼ੀਫ਼ਾ ਹੋਰ ਵਿਦਿਆਰਥੀ ਨੂੰ ਦੇ ਦਿੱਤਾ ਜਾਵੇਗਾ।

(ਹ) ਬਾਕੀ ਦੇ ਨਿਯਮ ਉਹੀ ਹੋਣਗੇ ਜੋ ਯੂਨੀਵਰਸਿਟੀ ਦੇ ਵਿਭਾਗੀ ਵਜ਼ੀਫ਼ਿਆਂ ਨੂੰ ਲਾਗੂ ਹੁੰਦੇ ਹਨ।

(ਕ) ਇਹ ਵਜ਼ੀਫ਼ਾ ਉਦੋਂ ਤੱਕ ਦਿੱਤਾ ਜਾਂਦਾ ਰਹੇਗਾ ਜਦੋਂ ਤੱਕ ਦਾਨੀ ਵੱਲੋਂ ਰਕਮ ਭੇਜੀ ਜਾਂਦੀ ਰਹੇਗੀ। ਦਾਨੀ ਵੱਲੋਂ ਰਕਮ ਨਾ ਮਿਲਣ ਦੀ ਸੂਰਤ ਵਿੱਚ ਇਹ ਵਜ਼ੀਫ਼ਾ ਬੰਦ ਸਮਝਿਆ ਜਾਵੇਗਾ।

(ਖ) ਦਾਨੀ ਵੱਲੋਂ ਦਿੱਤੀ ਗਈ ਰਕਮ ਯੂਨੀਵਰਸਿਟੀ ਦੇ ਇੰਡੋਮੈਂਟ ਫ਼ੰਡ ਵਿੱਚ ਜਮ੍ਹਾਂ ਕੀਤੀ ਜਾਵੇਗੀ।

(ਗ) ਇਸ ਤਰ੍ਹਾਂ ਜਮ੍ਹਾਂ ਹੋਈ ਰਕਮ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਓਪਰੇਟ ਕੀਤੀ ਜਾਵੇਗੀ।

15. ਗਿਆਨ ਸਿੰਘ ਚਾਵਲਾ, ਲਾਜ ਰਾਣੀ ਚਾਵਲਾ ਵਜ਼ੀਫ਼ਾ ਅਤੇ ਡਾ. ਮਨਮੋਹਨ ਸਿੰਘ, ਗਿਆਨ ਸਿੰਘ ਐਂਡ ਥ੍ਰੀ ਸਿਸਟਰਜ਼ ਵਜ਼ੀਫ਼ਾ

(ੳ) ਗਿਆਨ ਸਿੰਘ, ਲਾਜ ਰਾਣੀ ਚਾਵਲਾ ਵਜ਼ੀਫ਼ਾ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿੱਚ ਐਮ. ਏ. ਪੰਜਾਬੀ ਦੇ ਵਿਦਿਆਰਥੀਆਂ ਲਈ ਅਤੇ ਡਾ. ਮਨਮੋਹਨ ਸਿੰਘ, ਗਿਆਨ ਸਿੰਘ ਐਂਡ ਥ੍ਰੀ ਸਿਸਟਰਜ਼ ਵਜ਼ੀਫ਼ਾ ਯੂਨੀਵਰਸਿਟੀ ਦੇ ਫ਼ਿਜ਼ਿਕਸ ਵਿਭਾਗ ਵਿਚ ਐਮ.ਐਸ-ਸੀ. ਦੇ ਵਿਦਿਆਰਥੀਆਂ ਲਈ ਸਥਾਪਿਤ ਕੀਤਾ ਗਿਆ ਹੈ।

(ਅ) ਇਨ੍ਹਾਂ ਦੋਹਾਂ ਵਜ਼ੀਫ਼ਿਆਂ ਦੀ ਰਕਮ 25●/- ਰੁਪਏ ਪ੍ਰਤੀ ਵਜ਼ੀਫ਼ਾ ਪ੍ਰਤੀ ਮਹੀਨਾ ਅਤੇ ਮਿਆਦ ਦੋ ਸਾਲ ਹੋਵੇਗੀ।

(ੲ) ਵਜ਼ੀਫ਼ਾ ਦੇਣ ਲੱਗਿਆਂ ਵਿਦਿਆਰਥੀ ਦੀ ਲੋੜ ਅਤੇ ਯੋਗਤਾਵਾਂ ਦੋਹਾਂ ਦਾ ਧਿਆਨ ਰੱਖਿਆ ਜਾਵੇਗਾ।

(ਸ) ਵਿਦਿਆਰਥੀ ਦੀ ਐਮ.ਏ./ਐਮ.ਐਸ-ਸੀ. ਦੇ ਪਹਿਲੇ ਸਾਲ ਦੀ ਕਾਰਗੁਜ਼ਾਰੀ ਦੂਜੇ ਸਾਲ ਵਜ਼ੀਫ਼ਾ ਦੇਣ ਲੱਗਿਆਂ ਧਿਆਨ ਵਿੱਚ ਰੱਖੀ ਜਾਵੇਗੀ।

(ਹ) ਇਹ ਦੋਵੇਂ ਵਜ਼ੀਫ਼ੇ ਦੇਣ ਲਈ ਵਿਦਿਆਰਥੀਆਂ ਦੀ ਯੋਗਤਾ ਬਾਬਤ ਸਿਫ਼ਾਰਸ਼ਾਂ ਹੇਠ ਲਿਖਿਆਂ ਤੋਂ ਮਿਲ ਕੇ ਬਣੀ ਕਮੇਟੀ ਦੁਆਰਾ ਕੀਤੀਆਂ ਜਾਣਗੀਆਂ:-

(1) ਡੀਨ, ਅਕਾਦਮਿਕ ਕਾਰ-ਵਿਹਾਰ;
(2) ਮੁਖੀ, ਫਿਜ਼ਿਕਸ ਵਿਭਾਗ;
(3) ਮੁਖੀ, ਪੰਜਾਬੀ ਵਿਭਾਗ ਅਤੇ
(4) ਰਜਿਸਟਰਾਰ

(ਕ) ਇਸ ਸੰਬੰਧੀ ਵਾਈਸ-ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

ਇਹ ਵਜ਼ੀਫ਼ੇ ਸ੍ਰੀ ਜੀ.ਐਸ. ਚਾਵਲਾ, 145, ਆਦਮਜ਼ ਰੋਡ ਹੇਮੰਡ, ਯੂ.ਐਸ.ਏ. ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਇਖ਼ਤਿਆਰ ਵਿੱਚ ਸਟੇਟ ਬੈਂਕ ਆਫ਼ ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਰੱਖੀ 1,●4,●●●/- ਰੁਪਏ ਦੇ ਫ਼ਿਕਸਡ ਡਿਪਾਜ਼ਟ ਦੀ ਰਾਸ਼ੀ ਤੇ ਮਿਲਣ ਵਾਲੇ ਵਿਆਜ ਵਿੱਚੋਂ ਦਿੱਤੇ ਜਾਣਗੇ।

16. ਡਾ. ਹੀਰਾ ਸਿੰਘ ਦਿਉਲ ਯਾਦਗਾਰੀ ਵਜ਼ੀਫ਼ਾ ਅਤੇ ਡਾ. ਸਾਵਣ ਸਿੰਘ ਗਿੱਲ ਯਾਦਗਾਰੀ ਵਜ਼ੀਫ਼ਾ

(i) ਡਾ. ਹੀਰਾ ਸਿੰਘ ਦਿਉਲ ਵਜ਼ੀਫ਼ਾ ਐਮ.ਐਸ-ਸੀ. (ਜ਼ੁਆਲੋਜੀ) ਭਾਗ-ਪਹਿਲਾ ਲਈ ਹੈ।

(ii) ਡਾ. ਸਾਵਣ ਸਿੰਘ ਗਿੱਲ ਯਾਦਗਾਰੀ ਵਜ਼ੀਫ਼ਾ ਐਮ.ਏ. (ਅੰਗਰੇਜ਼ੀ) ਭਾਗ-ਪਹਿਲਾ ਲਈ ਹੈ।

ਸ਼ਰਤਾਂ

ਉਪਰੋਕਤ ਦੋਵੇਂ ਵਜ਼ੀਫ਼ੇ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੇ ਜਾਣਗੇ ਜੋ ਦਾਖ਼ਲਾ ਕਸਵੱਟੀ ਅਨੁਸਾਰ ਨੰਬਰ ਇੱਕ ਉੱਤੇ ਆਉਣਗੇ। ਵਜ਼ੀਫ਼ੇ ਦੀ ਰਕਮ 2●●/- ਰੁਪਏ ਪ੍ਰਤੀ ਮਹੀਨਾ ਹੈ ਅਤੇ ਇਸ ਦੀ ਅਉਧ ਦੋ ਸਾਲ ਤੱਕ ਚਲੇਗੀ। ਜੇ ਪਹਿਲੇ ਨੰਬਰ ਤੇ ਆਉਣ ਵਾਲਾ ਵਿਦਿਆਰਥੀ ਇਸ ਨੂੰ ਲੈਣ ਤੋਂ ਇਨਕਾਰ ਕਰ ਦੇਵੇ ਜਾਂ ਵਿਚਕਾਰ ਹੀ ਪੜ੍ਹਾਈ ਛੱਡ ਜਾਵੇ ਤਾਂ ਇਹ ਵਜ਼ੀਫ਼ਾ, ਦਾਖ਼ਲਾ ਕਸਵੱਟੀ ਅਨੁਸਾਰ ਉਸ ਤੋਂ ਅਗਲੇ ਨੰਬਰ ਤੇ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

17. ਯੂ.ਜੀ.ਸੀ. ਐਮ.ਏ. ਅਰਥ-ਸ਼ਾਸਤਰ ਲਈ ਕੌਮੀ ਵਜ਼ੀਫ਼ਾ

ਐਮ.ਏ. (ਅਰਥ ਸ਼ਾਸਤਰ) ਭਾਗ ਪਹਿਲਾ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ, ਜਿਨ੍ਹਾਂ ਨੇ ਬੀ.ਏ./ਬੀ.ਕਾਮ./ਬੀ. ਏ. ਆਨਰਜ਼ ਸਕੂਲ ਕੋਰਸ ਇਨ ਇਕਨਾਮਿਕਸ ਦੀਆਂ ਪਰੀਖਿਆਵਾਂ ਵਿੱਚ ਘੱਟੋ-ਘੱਟ 6● ਪ੍ਰਤੀਸ਼ਤ ਨੰਬਰ ਪ੍ਰਾਪਤ ਕੀਤੇ ਹੋਣ, ਲਈ 1● (ਪਹਿਲੇ ਸਾਲ 4 ਅਤੇ ਦੂਜੇ ਸਾਲ 6) ਕੌਮੀ ਵਜ਼ੀਫ਼ੇ 25●/- ਰੁਪਏ ਮਹੀਨਾ, ਪ੍ਰਤੀ ਵਿਦਿਆਰਥੀ ਉਪਲਬਧ ਹਨ।

ਜਿਸ ਵਿਦਿਆਰਥੀ ਨੂੰ ਇਹ ਵਜ਼ੀਫ਼ਾ ਦਿੱਤਾ ਜਾਵੇਗਾ, ਉਸ ਨੂੰ ਇਹ ਪੂਰੇ ਦੋ ਸਾਲ ਲਈ ਵਜ਼ੀਫ਼ਾ ਮਿਲਦਾ ਰਹੇਗਾ : ਪਰੰਤੂ ਇਹ ਕਿ ਉਸ ਦੀ ਕਾਰਗੁਜ਼ਾਰੀ ਹੇਠਲੀ ਜਮਾਤ ਵਿਚ ਤਸੱਲੀਬਖ਼ਸ਼ ਹੋਵੇ। ਉਹ ਘੱਟੋ-ਘੱਟ 55 ਪ੍ਰਤੀਸ਼ਤ ਨੰਬਰ ਪ੍ਰਾਪਤ ਕਰੇ ਅਤੇ ਉਸ ਦਾ ਆਚਰਨ ਚੰਗਾ ਹੋਵੇ।

18. ਯੂ. ਜੀ. ਸੀ. ਸਕਾਲਰਸ਼ਿਪ

ਸਪੇਸ ਸਾਇੰਸ, ਇਲੈਕਟ੍ਰਾਨਿਕਸ ਐਂਡ ਟੀ.ਵੀ. ਇੰਜੀਨੀਅਰਿੰਗ ਅਤੇ ਅਪਲਾਈਡ ਫਿਜ਼ਿਕਸ ਵਿੱਚ ਇੱਕ ਸਾਲਾ ਪੋਸਟ-ਗ੍ਰੈਜੂਏਟ ਡਿਪਲੋਮਾ ਕੋਰਸ ਵਿੱਚ ਦਾਖ਼ਲ ਹੋਣ ਵਾਲੇ ਅਜਿਹੇ ਵਿਦਿਆਰਥੀਆਂ, ਜਿਨ੍ਹਾਂ ਨੇ ਐਮ.ਐਸ-ਸੀ./ਬੀ.ਈ. ਪਰੀਖਿਆ ਵਿਚ ਘੱਟ ਤੋਂ ਘੱਟ 6●% ਨੰਬਰ ਲਏ ਹੋਣ, ਨੂੰ 6●●/- ਰੁ. ਪ੍ਰਤੀ ਮਹੀਨਾ ਦੇ ਕੁਝ ਯੂ.ਜੀ.ਸੀ. ਵਜ਼ੀਫ਼ੇ, ਯੂ.ਜੀ.ਸੀ. ਦੁਆਰਾ ਗਰਾਂਟ ਦੀ ਮਨਜ਼ੂਰੀ/ਅਦਾਇਗੀ ਕੀਤੇ ਜਾਣ ਦੀ ਸ਼ਰਤ ਦੇ ਤਾਬੇ, ਉਪਲਬਧ ਹੋਣਗੇ।

19. *ਅਧਿਆਪਕ ਅਹਿਸਾਨਮੰਦੀ ਫ਼ੰਡ

ਇਹ ਵਜ਼ੀਫ਼ਾ 25●/- ਰੁਪਏ ਪ੍ਰਤੀ ਮਹੀਨੇ ਦਾ ਹੋਵੇਗਾ ਅਤੇ ਲਿਆਕਤ ਦੇ ਆਧਾਰ ਤੇ 2●●7-●8 ਸੈਸ਼ਨ ਤੋਂ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜੋ ਮਾਸਟਰ ਆਫ਼ ਲਾਇਬ੍ਰੇਰੀ ਸਾਇੰਸ ਐਂਡ ਇਨਫ਼ਰਮੇਸ਼ਨ ਸਾਇੰਸ ਕੋਰਸ (ਐਮ.ਲਿਬ.) ਦੇ ਦਾਖ਼ਲੇ ਵਿੱਚ ਪਹਿਲੇ ਨੰਬਰ ਤੇ ਆਵੇਗਾ।

---

* ਸਿੰਡੀਕੇਟ ਮਿਤੀ 27.9.2●●8 (ਪੈਰਾ 5)

ਵਜ਼ੀਫ਼ੇ ਦੀ ਰਕਮ ਮਿਸ ਕੇ.ਨਵਲਾਨੀ, ਸਾਬਕਾ ਪ੍ਰੋਫ਼ੈਸਰ, ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਵਿਭਾਗ ਦੁਆਰਾ ਯੂਨੀਵਰਸਿਟੀ ਇੰਡੋਮੈਂਟ ਫ਼ੰਡ ਵਿੱਚ ਜਮ੍ਹਾਂ ਕਰਵਾਈ ਗਈ 1,●●,●●●/- ਰੁਪਏ ਦੀ ਰਕਮ ਤੇ ਪ੍ਰਾਪਤ ਹੋਣ ਵਾਲੇ ਸੂਦ ਵਿੱਚੋਂ ਪੂਰੀ ਕੀਤੀ ਜਾਵੇਗੀ।

2●. *ਸ਼੍ਰੀ ਹਰੀ ਕੇ. ਆਹਲੂਵਾਲੀਆ ਵੱਲੋਂ ਦਸ ਵਜ਼ੀਫ਼ੇ (ਪੰਜ ਲੜਕਿਆਂ ਲਈ ਅਤੇ ਪੰਜ ਲੜਕੀਆਂ ਲਈ ) ਹੇਠ-ਲਿਖੇ ਅਨੁਸਾਰ 2●●7-●8 ਦੇ ਸੈਸ਼ਨ ਤੋਂ ਸ਼ੁਰੂ ਕੀਤੇ ਜਾਣਗੇ :

1. ਇਨ੍ਹਾਂ ਵਜ਼ੀਫ਼ਿਆਂ ਦੀ ਰਕਮ 25●/- ਰੁਪਏ ਪ੍ਰਤੀ ਮਹੀਨਾ ਹੋਵੇਗੀ।
2. ਇਹ ਵਜ਼ੀਫ਼ੇ ਸਮੈਸਟਰ ਦੇ ਨਤੀਜੇ ਤੋਂ ਬਾਅਦ ਨਿਰੋਲ ਯੋਗਤਾ ਦੇ ਆਧਾਰ ਤੇ ਦਿੱਤੇ ਜਾਣਗੇ।
3. ਜੇ ਵਜ਼ੀਫ਼ਾ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਅਗਲੇ ਸਮੈਸਟਰ ਵਿੱਚ ਫ਼ੇਲ੍ਹ ਹੋ ਜਾਂਦਾ ਹੈ ਜਾਂ ਉਸ ਦੀ ਰੀ-ਅਪੀਅਰ ਆ ਜਾਂਦੀ ਹੈ ਤਾਂ ਵਜ਼ੀਫ਼ਾ ਬੰਦ ਕਰ ਦਿੱਤਾ ਜਾਵੇਗਾ ਅਤੇ ਉਸ ਦੀ ਰਕਮ ਇੰਡੋਮੈਂਟ ਫ਼ੰਡ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ।
4. ਜਿਤਨੀ ਦੇਰ ਇੰਡੋਮੈਂਟ ਫ਼ੰਡ ਚਲੇਗਾ ਉਤਨਾ ਚਿਰ ਵਜ਼ੀਫ਼ਾ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਸੂਚੀ, ਪ੍ਰਤੀਸ਼ਤਤਾ ਸਮੇਤ, ਦਾਨੀ ਨੂੰ ਭੇਜੀ ਜਾਵੇਗੀ।

(ੳ) ਹਿੰਦੀ ਵਿਭਾਗ

ਐਮ.ਏ. ਹਿੰਦੀ ਦੇ ਵਿਦਿਆਰਥੀਆਂ ਲਈ ਦੋ ਵਜ਼ੀਫ਼ੇ - ਇੱਕ ਲੇਟ ਪੰਡਤ ਸਚਿਦਾਨੰਦ ਸ਼ਾਸ਼ਤਰੀ ਦੇ ਨਾਂ ਅਤੇ ਦੂਜਾ ਲੇਟ ਸ਼੍ਰੀਮਤੀ ਸਵਿਤਾ ਦੇਵੀ ਆਹਲੂਵਾਲੀਆ ਦੇ ਨਾਂ ਤੇ ਦਿੱਤੇ ਜਾਣਗੇ।

(ਅ) ਪੰਜਾਬੀ ਵਿਭਾਗ

ਪੰਜਾਬੀ ਵਿਭਾਗ ਵਿ ਐਮ.ਏ. ਪੰਜਾਬੀ ਦੇ ਵਿਦਿਆਰਥੀਆਂ ਲਈ ਦੋ ਵਜ਼ੀਫ਼ੇ - ਇੱਕ ਵਜ਼ੀਫ਼ਾ ਸਵਰਗਵਾਸੀ ਸ਼੍ਰੀ ਰਾਮਜੀਦਾਸ ਆਹਲੂਵਾਲੀਆ ਅਤੇ ਦੂਜਾ ਸਵਰਗਵਾਸੀ ਸ਼੍ਰੀਮਤੀ ਰੁਕਮਨੀ ਦੇਵੀ ਦੇ ਨਾਂ ਤੇ ਦਿੱਤੇ ਜਾਣਗੇ।

(ੲ) ਸੰਸਕ੍ਰਿਤ ਵਿਭਾਗ

ਸੰਸਕ੍ਰਿਤ ਵਿਭਾਗ ਵਿਚ ਚਾਰਜ ਵਜ਼ੀਫ਼ੇ (ਦੋ ਲੜਕਿਆਂ ਅਤੇ ਦੋ ਲੜਕੀਆਂ ਲਈ) ਹੇਠ-ਲਿਖੇ ਨਾਵਾਂ ਅਨੁਸਾਰ ਦਿੱਤੇ ਜਾਣਗੇ :

(i) ਸਵਾਮੀ ਅਭਿਸ਼ੇਸ਼ਾਨੰਦ ਵਜ਼ੀਫ਼ਾ
(ii) ਸਵਰਗਵਾਸੀ ਸਵਾਮੀ ਮਾਸਵਾਨੰਦ ਗਿਰੀ ਵਜ਼ੀਫ਼ਾ
(iii) ਸਵਾਮੀ ਸਤਿਯਮਿਤਰਾਨੰਦ ਗਿਰੀ ਵਜ਼ੀਫ਼ਾ
(iv) ਸਵਰਗਵਾਸੀ ਸੰਤ ਗੰਢਾ ਸਿੰਘ ਆਹਲੂਵਾਲੀਆ ਵਜ਼ੀਫ਼ਾ

---

* ਸਿੰਡੀਕੇਟ ਮਿਤੀ 27.9.2●●8 (ਪੈਰਾ 68.6)

ਲੜਕੀਆਂ ਦੀ ਗਿਣਤੀ ਪੂਰੀ ਨਾ ਹੋਣ ਦੀ ਸੂਰਤ ਵਿੱਚ ਨਿਰਣਾ ਲੈਣ ਦਾ ਅਧਿਕਾਰ ਰਜਿਸਟਰਾਰ ਨੂੰ ਹੋਵੇਗਾ।

(ਸ) ਲਾਇਬ੍ਰੇਰੀ ਸਾਇੰਸ

ਇਸ ਵਿਭਾਗ ਲਈ ਦੋ ਵਜ਼ੀਫ਼ੇ (ਇੱਕ ਲੜਕਿਆਂ ਲਈ ਅਤੇ ਇੱਕ ਲੜਕੀਆਂ ਲਈ) ਹੋਣਗੇ। ਇੱਕ ਵਜ਼ੀਫ਼ਾ ਪ੍ਰੋਫ਼ੈਸਰ ਵਿਲੀਅਮ ਮਾਲਕਾਮ ਵਾਟਸਨ ਦੇ ਨਾਂ ਤੇ ਅਤੇ ਦੂਜਾ ਡਾ. ਜਗਦੀਸ਼ ਸਰਨ ਦੇ ਨਾਂ ਤੇ ਹੋਵੇਗਾ।

21. *ਸ਼੍ਰੀਮਤੀ ਨਿਰਮਲ ਕਪੂਰ ਮੈਮੋਰੀਅਲ ਵਜ਼ੀਫ਼ਾ

1. 2005-06 ਦੇ ਸੈਸ਼ਨ ਤੋਂ ਦੋ ਵਜ਼ੀਫ਼ੇ - ਬਰਾਬਰ ਬਰਾਬਰ ਰਕਮ ਦੇ - ਇਕ ਐਮ.ਏ. ਪੋਲੀਟੀਕਲ ਸਾਇੰਸ ਭਾਗ-ਪਹਿਲਾ ਦੀ ਵਿਦਿਆਰਥਣ ਅਤੇ ਦੂਜਾ ਐਮ.ਏ. ਪੋਲੀਟੀਕਲ ਸਾਇੰਸ ਭਾਗ-ਦੂਜਾ ਦੀ ਵਿਦਿਆਰਥਣ ਲਈ ਹੋਣਗੇ। ਵਜ਼ੀਫ਼ੇ ਦੀ ਰਕਮ ਪ੍ਰੋਫ਼ੈਸਰ ਬੀ.ਕੇ.ਕਪੂਰ, ਪ੍ਰਿੰਸੀਪਲ (ਰਿਟਾ), ਰਾਜਿੰਦਰਾ ਕਾਲਜ ਬਠਿੰਡਾ ਦੁਆਰਾ ਦਾਨ ਕੀਤੀ ਗਈ 2 ਲੱਖ ਰੁਪਏ ਦੀ ਰਕਮ ਉਤੇ ਪ੍ਰਾਪਤ ਹੋਣ ਵਾਲੇ ਸੂਦ ਦੇ ਆਧਾਰ ਤੇ ਤੈਅ ਕੀਤੀ ਜਾਵੇਗੀ। ਵਜ਼ੀਫ਼ਾ ਫ਼ਾਈਨਲ ਸਮੈਸਟਰ/ਸਾਲਾਨਾ ਪਰੀਖਿਆ ਤੋਂ ਪਹਿਲਾਂ ਸਾਲਵਾਰ ਦਿੱਤਾ ਜਾਵੇਗਾ।

2. ਵਜ਼ੀਫ਼ਾ ਉਨ੍ਹਾਂ ਵਿਦਿਆਰਥਣਾਂ ਨੂੰ ਦਿੱਤਾ ਜਾਵੇਗਾ ਜੋ ਅਕਾਦਮਿਕ ਤੌਰ ਤੇ ਲਾਇਕ ਅਤੇ ਗਰੀਬ ਘਰਾਂ ਦੀਆਂ ਹੋਣ ਅਤੇ ਜਿਨ੍ਹਾਂ ਦੀ ਪਰਿਵਾਰਕ ਆਮਦਨ ਇੱਕ ਲੱਖ ਪੰਜਾਹ ਹਜ਼ਾਰ ਰੁਪਏ ਸਾਲਾਨਾ ਤੋਂ ਵੱਧ ਨਾ ਹੋਵੇ।

3. ਐਮ.ਏ. ਭਾਗ-ਪਹਿਲਾ ਲਈ ਗ੍ਰੈਜੂਏਟ ਪੱਧਰ ਦਾ ਅਕਾਦਮਿਕ ਰਿਕਾਰਡ ਵਿਚਾਰ ਵਿੱਚ ਲਿਆ ਜਾਵੇਗਾ ਅਤੇ ਐਮ.ਏ.ਭਾਗ-ਦੂਜਾ ਲਈ ਐਮ.ਏ. ਭਾਗ-ਪਹਿਲਾ ਵਿੱਚ ਵਿਖਾਈ ਕਾਰਗੁਜ਼ਾਰੀ ਇੱਕੋ-ਇੱਕ ਕਸਵੱਟੀ ਹੋਵੇਗੀ।

4. ਜੇ ਉਮੀਦਵਾਰਾਂ ਵਿੱਚ ਟਾਈ ਪੈਂਦੀ ਹੋਵੇ ਤਾਂ ਫ਼ਾਇਦਾ ਛੋਟੀ ਉਮਰ ਵਾਲੇ ਉਮੀਦਵਾਰ ਨੂੰ ਮਿਲੇਗਾ।

5. ਵਜ਼ੀਫ਼ੇ ਦਾ ਨਾਂ 'ਸ਼੍ਰੀਮਤੀ ਨਿਰਮਲ ਕਪੂਰ ਮੈਮੋਰੀਅਲ ਵਜ਼ੀਫ਼ਾ' ਹੋਵੇਗਾ।

6. ਵਜ਼ੀਫ਼ਾ ਦੇਣ ਦੀ ਸਿਫ਼ਾਰਸ਼ ਵਿਭਾਗ ਦੀ ਏ. ਸੀ. ਡੀ. ਕਰੇਗੀ।

7. ਕਸਵਟੀ ਉੱਤੇ ਹਰ ਤੀਜੇ ਸਾਲ ਨਜ਼ਰਸਾਨੀ ਕੀਤੀ ਜਾਵੇਗੀ ਅਤੇ ਜੇ ਕੋਈ ਤਬਦੀਲੀ ਲੋੜ ਹੋਵੇ ਤਾਂ ਕੀਤੀ ਜਾਵੇਗੀ।

---

* ਸਿੰਡੀਕੇਟ ਮਿਤੀ 30.8.2005 (ਪੈਰਾ 45.37)

8. ਜੇ ਕਿਸੇ ਸਾਲ ਹੱਕਦਾਰ ਜਾਂ ਲੋੜਵੰਦ ਵਿਦਿਆਰਥਣਾਂ ਨੂੰ ਵਜ਼ੀਫ਼ਾ ਨਹੀਂ ਦਿੱਤਾ ਜਾਂਦਾ ਤਾਂ ਵਜ਼ੀਫ਼ਿਆਂ ਦੀ ਰਕਮ ਵਿਦਿਆਰਥੀ ਸਹਾਇਤਾ ਫ਼ੰਡ ਨੂੰ ਦੇ ਦਿੱਤੀ ਜਾਵੇਗੀ।

9. ਵਜ਼ੀਫ਼ੇ ਦੀ ਪਰਵਾਨਗੀ ਯੂਨੀਵਰਸਿਟੀ ਦੀ ਸ਼ਕਤਵਾਨ ਅਥਾਰਿਟੀ ਦੁਆਰਾ ਦਿੱਤੀ ਜਾਵੇਗੀ।

10. ਯੂਨੀਵਰਸਿਟੀ ਵਜ਼ੀਫ਼ਿਆਂ ਦੇ ਹੋਰ ਨਿਯਮ ਇਨ੍ਹਾਂ ਵਜ਼ੀਫ਼ਿਆਂ ਨੂੰ ਵੀ ਲਾਗੂ ਹੋਣਗੇ।

ਫੁਟਕਲ

(ੳ) ਐਮ.ਏ./ਐਮ.ਐਸ-ਸੀ ਭਾਗ-। ਦੇ ਨਤੀਜਿਆਂ ਦੇ ਆਧਾਰ ਤੇ ਪ੍ਰਦਾਨ ਕੀਤੇ ਜਾਂਦੇ ਯੋਗਤਾ ਵਜ਼ੀਫ਼ਿਆਂ ਤੋਂ ਇਲਾਵਾ ਵੱਖ-ਵੱਖ ਯੂਨੀਵਰਸਿਟੀ ਵਿਭਾਗਾਂ ਵਿੱਚ ਦਾਖ਼ਲ ਹੋਏ ਵਿਦਿਆਰਥੀ ਹੇਠ-ਲਿਖੇ ਵਜ਼ੀਫ਼ਿਆਂ ਲਈ ਵੀ ਪਾਤਰ ਹੋਣਗੇ :-

1 ਕੇਂਦਰ ਅਤੇ ਰਾਜ ਸਰਕਾਰ ਦੁਆਰਾ ਪ੍ਰਾਯੋਜਤ ਕੌਮੀ ਯੋਗਤਾ ਵਜ਼ੀਫ਼ਾ ਸਕੀਮ ਅਧੀਨ ਯੋਗਤਾ ਵਜ਼ੀਫ਼ਾ।

2 ਗਵਰਨਮੈਂਟ ਆਫ਼ ਇੰਡੀਆ ਨੈਸ਼ਨਲ ਲੋਨ ਸਕਾਲਰਸ਼ਿਪ ਸਕੀਮ ਦੇ ਤਹਿਤ ਲੋਨ ਸਕਾਲਰਸ਼ਿਪ।

3 ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸਟੇਟ ਹਰੀਜਨ ਵੈਲਫ਼ੇਅਰ ਸਕੀਮ ਦੇ ਤਹਿਤ, ਸਮੇਂ-ਸਮੇਂ ਮਿਲਣ ਵਾਲੇ ਵਜ਼ੀਫ਼ੇ, ਸਟਾਈਪੈਂਡ ਅਤੇ ਫ਼ੀਸ ਮੁਆਫ਼ੀ ਦੀਆਂ ਰਿਆਇਤਾਂ।

4 ਪੰਜਾਬੀ ਯੂਨੀਵਰਸਿਟੀ ਦੁਆਰਾ ਸੰਚਾਲਤ ਪਰੀਖਿਆਵਾਂ ਦੇ ਆਧਾਰ ਤੇ ਦਿੱਤੇ ਜਾਂਦੇ ਯੋਗਤਾ ਵਜ਼ੀਫ਼ੇ।

5 ਸੁਤੰਤਰਤਾ ਸੰਗਰਾਮੀਆਂ/ਐਕਸ. ਆਈ.ਐਨ.ਏ. ਵਾਲਿਆਂ ਅਤੇ ਖਜ਼ਾਨਚੀ, ਚੈਰੀਟੇਬਲ ਇੰਡੋਮੈਂਟ, ਪੰਜਾਬ ਦੁਆਰਾ ਪ੍ਰਾਯੋਜਤ ਵਿਅਕਤੀਆਂ ਦੇ ਬੱਚਿਆਂ/ਪੋਤੀਆਂ, ਪੋਤਿਆਂ ਨੂੰ ਸਟਾਈਪੈਂਡ।

(ਅ) ਵਿਭਾਗੀ ਯੋਗਤਾ ਵਜ਼ੀਫ਼ਾ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੂੰ ਯੋਗਤਾ ਦੇ ਆਧਾਰ ਤੇ ਸਭ ਤੋਂ ਪਹਿਲੇ ਨੰਬਰ ਤੇ ਦਾਖ਼ਲ ਕੀਤਾ ਗਿਆ ਹੋਵੇ। ਉਸ ਤੋਂ ਮਗਰੋਂ ਦੇ ਵਰ੍ਹਿਆਂ ਵਿੱਚ ਇਹ ਵਜ਼ੀਫ਼ਾ ਸਾਲਾਨਾ ਪਰੀਖਿਆ ਦੇ ਆਧਾਰ ਤੇ ਪ੍ਰਦਾਨ ਕੀਤਾ ਜਾਵੇਗਾ :

ਪਰ ਸ਼ਰਤ ਇਹ ਹੈ ਕਿ ਕੋਰਸ ਇੱਕ ਸਾਲ ਤੋਂ ਵੱਧ ਅਉਧ ਦਾ ਹੋਵੇ।

# ਭਾਗ-III

## ਦਿਹਾਤੀ ਵਿਦਿਆਰਥੀ ਵਜ਼ੀਫ਼ਾ ਪ੍ਰੋਗਰਾਮ

ਦਿਹਾਤੀ ਇਲਾਕਿਆਂ ਦੇ ਬੱਚਿਆਂ ਦੀ ਦਸਵੀਂ ਜਮਾਤ ਤੋਂ ਬਾਅਦ ਬਾਹਰਮੁੱਖੀ ਕਸਵੱਟੀ ਦੇ ਆਧਾਰ ਤੇ ਚੋਣ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ +2 ਪੱਧਰ ਦੀ ਕੁਆਲਿਟੀ ਸਿਖਲਾਈ ਦਿੱਤੀ ਜਾਵੇਗੀ ਅਤੇ ਤਦ ਉਨ੍ਹਾਂ ਨੂੰ ਇੰਜੀਨੀਅਰਿੰਗ ਦੇ ਚਾਰ ਸਾਲਾ ਡਿਗਰੀ ਕੋਰਸ ਵਿੱਚ ਲਿਆਂਦਾ ਜਾਵੇਗਾ। ਇਸ ਇੰਜੀਨੀਅਰਿੰਗ ਕਾਲਜ ਵਿੱਚ ਤਿੰਨ ਸ਼ਾਖਾਵਾਂ ਦੀ ਵਿਸ਼ੇਸ਼ਗਤਾ ਹੋਵੇਗੀ ਅਰਥਾਤ ਅਲੈਕਟ੍ਰਾਨਿਕ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ, ਮਕਾਨਕੀ ਇੰਜੀਨੀਅਰਿੰਗ ਅਤੇ ਕੰਪਿਊਟਰ ਇੰਜੀਨੀਅਰਿੰਗ। ਹਰੇਕ ਸ਼ਾਖਾ ਵਿੱਚ 6● ਵਿਦਿਆਰਥੀ ਹੋਣਗੇ। ਸਥਾਨਿਕ ਅਤੇ ਵਿਸ਼ਵ ਪੱਧਰ ਤੇ ਉਦਯੋਗ ਦੀਆਂ ਬਦਲਦੀਆਂ ਲੋੜਾਂ ਪੂਰੀਆਂ ਕਰਨ ਲਈ ਹਰੇਕ ਕੋਰਸ ਦੀ ਪ੍ਰਕਿਰਤੀ ਅਤੇ ਬਣਤਰ ਲਚਕਦਾਰ ਰੱਖੀ ਜਾਵੇਗੀ। ਯੂਨੀਵਰਸਿਟੀ ਇਸ ਕਾਲਜ ਤੋਂ ਕੋਰਸ ਪਾਸ ਕਰਨ ਵਾਲਿਆਂ ਨੂੰ ਨੌਕਰੀਆਂ ਦਿਵਾਉਣ ਲਈ ਪੂਰਾ ਤ੍ਰਾਣ ਲਾਵੇਗੀ ਅਤੇ ਇਸ ਪ੍ਰਾਜੈਕਟ ਨੂੰ ਸਫ਼ਲ ਬਣਾਵੇਗੀ।

ਇਸ ਕਾਲਜ ਲਈ ਸਰਕਾਰ ਤੋਂ ਕੋਈ ਗ੍ਰਾਂਟ ਨਹੀਂ ਮੰਗੀ ਜਾਵੇਗੀ ਅਤੇ ਇਸ ਕਾਲਜ ਨੂੰ ਆਮਦਨ ਦਾ ਸਾਧਨ ਵੀ ਨਹੀਂ ਬਣਾਇਆ ਜਾਵੇਗਾ। ਕਾਲਜ ਤੋਂ ਜੋ ਕੁਝ ਕਮਾਇਆ ਜਾਵੇਗਾ ਉਹ ਕੇਵਲ ਕਾਲਜ ਉਤੇ ਹੀ ਖ਼ਰਚ ਕੀਤਾ ਜਾਵੇਗਾ। ਇਨ੍ਹਾਂ ਵਿਦਿਆਰਥੀਆਂ ਦੀ ਸਮੁੱਚੀ ਸ਼ਖ਼ਸ਼ੀਅਤ ਦਾ ਵਿਕਾਸ ਸੁਨਿਸ਼ਚਿਤ ਕਰਨ ਲਈ ਲੋੜ ਅਨੁਸਾਰ ਸਭ ਚੋਖੇ ਪ੍ਰਬੰਧ ਕੀਤੇ ਜਾਣਗੇ। ਖੇਡਾਂ ਅਤੇ ਸਭਿਆਚਾਰਕ ਸਰਗਰਮੀਆਂ ਇਸ ਕਾਲਜ ਦੇ ਨਿਖੜਵੇਂ ਲੱਛਣ ਹੋਣਗੇ। ਪੰਜਾਬੀ ਯੂਨੀਵਰਸਿਟੀ ਇਸ ਗੱਲ ਤੋਂ ਜਾਣੂ ਹੈ ਕਿ ਦਿਹਾਤੀ ਇਲਾਕੇ ਵਿੱਚ ਰਹਿ ਰਹੇ ਮਾਪੇ ਇੰਜੀਨੀਅਰਿੰਗ ਕੋਰਸਾਂ ਲਈ ਲੋੜੀਂਦੀ ਅਲਪਤਮ ਫ਼ੀਸ ਤਾਰਨ ਤੋਂ ਵੀ ਅਸਮਰਥ ਹਨ। ਇਸ ਲਈ ਯੂਨੀਵਰਸਿਟੀ ਪਰਉਪਕਾਰੀ ਦਾਨੀਆਂ ਅਤੇ ਸੰਸਥਾਵਾਂ ਤੋਂ ਵਿਆਜ਼ਰਹਿਤ ਕਰਜ਼ਾ ਵਜ਼ੀਫ਼ਿਆਂ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਵਜ਼ੀਫ਼ੇ ਲਈ ਪਾਤਰਤਾ ਤੈਅ ਕਰਨ ਲਈ ਹੇਠ-ਲਿਖੀ ਕਸਵੱਟੀ ਅਪਣਾਈ ਗਈ ਹੈ :

1. ਵਿਦਿਆਰਥੀਆਂ ਦੇ ਮਾਪੇ ਕਿਸੇ ਦਿਹਾਤੀ ਇਲਾਕੇ ਦੇ ਨਿਵਾਸੀ ਹੋਣ
2. ਵਿਦਿਆਰਥੀਆਂ ਨੇ ਦਸ ਸਾਲਾਂ ਵਿੱਚੋਂ ਅੱਠ ਸਾਲ ਕਿਸੇ ਅਜਿਹੇ ਦਿਹਾਤੀ ਸਕੂਲ ਵਿੱਚ ਮੁਕੰਮਲ ਕੀਤੇ ਹੋਣ ਜਿਸ ਦੀ ਸਾਲਾਨਾ ਫ਼ੀਸ 5●●/- ਰੁਪਏ ਪ੍ਰਤੀ ਸਾਲ ਤੋਂ ਘੱਟ ਹੋਵੇ।

ਵਜ਼ੀਫ਼ੇ ਦਾਨੀ ਦੇ ਨਾਂ ਤੇ ਹੋਣਗੇ। ਵਿਦਿਆਰਥੀਆਂ ਦੇ ਲੇਖੇ ਅਤੇ ਆਰਥਿਕ ਪਿਛੋਕੜ ਪਾਰਦਰਸ਼ੀ ਹੋਣਗੇ ਅਤੇ ਦਾਨੀ ਉਨ੍ਹਾਂ ਦੀ ਪੜਤਾਲ ਕਰ ਸਕਣਗੇ। ਕਾਲਜ ਦਾ ਡਾਇਰੈਕਟਰ ਦਾਨੀਆਂ ਅਤੇ ਪ੍ਰਾਪਕਾਂ ਨਾਲ ਸੰਪਰਕ ਰੱਖੇਗਾ।

ਤਜਵੀਜ਼ਿਆ ਅੰਸ਼ਦਾਨ ਹੇਠ-ਲਿਖੇ ਦਰਾਂ ਉੱਤੇ ਕੀਤਾ ਜਾ ਸਕਦਾ ਹੈ :
ਪੂਰੀ ਟਿਊਸ਼ਨ ਅਦਾ ਕਰਨ ਵਾਲੇ ਵਜ਼ੀਫ਼ੇ
ਯੋਜਨਾ-1
1●+2 ਜਮਾਤਾਂ (ਖ਼ਰਚ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ)
ਪਹਿਲਾ ਸਾਲ
ਦੂਜਾ ਸਾਲ
ਬੀ.ਟੈੱਕ.
ਭਾਗ- ਪਹਿਲਾ
ਭਾਗ-ਦੂਜਾ
ਭਾਗ-ਤੀਜਾ
ਭਾਗ-ਚੌਥਾ

ਪੰਜਾਬੀ ਯੂਨੀਵਰਸਿਟੀ ਨੂੰ ਦਿੱਤੇ ਗਏ ਸਭ ਦਾਨ ਇਨਕਮਟੈਕਸ ਐਕਟ ਦੀ ਧਾਰ 8●ਜੀ (2)(ਏ) (iii ਐਫ਼) ਅਧੀਨ ਇਨਕਮਟੈਕਸ ਦੀ ਅਦਾਇਗੀ ਤੋਂ ਛੋਟ ਪ੍ਰਾਪਤ ਹਨ। ਸਭ ਦਾਨ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਂ ਚੈੱਕ/ਡੀਮਾਂਡ ਡਰਾਫ਼ਟ ਦੁਆਰਾ ਅਦਾਇਗੀਯੋਗ ਹੋਣਗੇ ਜਾਂ ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ

---

ਸਿੰਡੀਕੇਟ 365 ਮਿਤੀ 3.9.2●●4 ਦੁਆਰਾ ਜੋੜਿਆ ਗਿਆ।

ਅਧਿਆਏ-XXVII

# ਸਿਖਰਲੇ ਵਿਦਿਆਰਥੀਆਂ ਅਤੇ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਲਈ ਉਤਸ਼ਾਹ

## ਸਿਖਰਲੇ ਵਿਦਿਆਰਥੀ

ਉਮੀਦਵਾਰਾਂ ਦੇ ਹੇਠ-ਲਿਖੇ ਵਰਗਾਂ ਨੂੰ "ਸਿਖਰਲੇ ਵਿਦਿਆਰਥੀ" ਗਿਣਿਆ ਜਾਵੇਗਾ :

(ੳ) ਬੀ.ਏ./ਬੀ.ਐਸ-ਸੀ./ਆਨਰਜ਼/ਐਲ-ਐਲ.ਬੀ. ਦੀਆਂ ਯੂਨੀਵਰਸਿਟੀ ਪਰੀਖਿਆਵਾਂ ਵਿੱਚ ਪਹਿਲੀਆਂ ਤਿੰਨ ਪੋਜ਼ੀਸ਼ਨਾਂ, ਜਿਥੇ ਉਮੀਦਵਾਰਾਂ ਦੀ ਗਿਣਤੀ 1●● ਤੋਂ ਘੱਟ ਨਾ ਹੋਵੇ;

(ਅ) ਜਿਥੇ ਗਿਣਤੀ 5● ਤੋਂ ਘੱਟ ਨਾ ਹੋਵੇ ਉਥੇ ਪਹਿਲੀਆਂ ਦੋ ਪੋਜ਼ੀਸ਼ਨਾਂ;

(ੲ) ਜਿਥੇ ਗਿਣਤੀ 25 ਤੋਂ ਘੱਟ ਨਾ ਹੋਵੇ ਉਥੇ ਕੇਵਲ ਪਹਿਲੀ ਪੋਜ਼ੀਸ਼ਨ।

## ਉਤਸ਼ਾਹ

1. ਦਾਖ਼ਲੇ ਮੁਕੰਮਲ ਹੁੰਦਿਆਂ ਹੀ ਸਭ "ਸਿਖਰਲੇ ਵਿਦਿਆਰਥੀਆਂ" ਨੂੰ ਵਾਈਸ-ਚਾਂਸਲਰ ਦੁਆਰਾ ਚਾਹ ਤੇ ਬੁਲਾਇਆ ਜਾ ਸਕੇਗਾ;
2. ਹੋਸਟਲ ਵਿੱਚ ਮੁਫ਼ਤ ਜਗ੍ਹਾ;
3. ਮੁਨਾਸਬ ਕਿਤਾਬ-ਭੱਤਾ (15●/- ਰੁਪਏ ਦੇ ਲਗਭਗ) ਜਾਂ ਉਸ ਕੀਮਤ ਦੇ ਬਰਾਬਰ ਪਾਠ-ਪੁਸਤਕਾਂ ਦਾ ਇਕ ਸੈੱਟ, ਜੋ ਵਾਈਸ-ਚਾਂਸਲਰ ਦੁਆਰਾ ਪੇਸ਼ ਕੀਤਾ ਜਾਵੇਗਾ;
4. ਲਾਇਬ੍ਰੇਰੀ ਵਿੱਚ ਵਿਸ਼ੇਸ਼ ਡੈਸਕਾਂ/ਕੁਰਸੀਆਂ, ਨਾਂ-ਪਲੇਟ ਸਹਿਤ, ਰਾਖਵੀਆਂ ਕੀਤੀਆਂ ਜਾਣਗੀਆ।

## ਮੁਣਿਆਦ

1. ਇਹ ਸਨਮਾਨ ਅਤੇ ਫ਼ਾਇਦੇ ਇੱਕ ਅਕਾਦਮਿਕ ਸਾਲ ਲਈ ਅਰਥਾਤ ਐਮ.ਏ. ਭਾਗ-I ਲਈ ਹੋਣਗੇ;
2. ਐਮ. ਏ. ਭਾਗ-II ਵਿੱਚ ਇਹ ਸਨਮਾਨ ਅਤੇ ਫ਼ਾਇਦੇ ਲੈਣ ਲਈ ਹੇਠ-ਲਿਖੀ ਕਸਵੱਟੀ ਅਪਣਾਈ ਜਾਵੇਗੀ :-

   (ੳ) "ਸਿਖਰਲੇ ਵਿਦਿਆਰਥੀ" ਉਪਰੋਕਤ ਤਰੀਕੇ ਨਾਲ ਹੀ ਵਿਸ਼ੇ-ਵਾਰ ਪਰਿਭਾਸ਼ਤ ਕੀਤੇ ਜਾਣਗੇ;

(ਅ) ਕਿਸੇ ਅਜਿਹੇ ਵਿਦਿਆਰਥੀ ਦੇ ਨਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਜੋ ਭਾਗ-I ਯੂਨੀਵਰਸਿਟੀ ਪਰੀਖਿਆ ਵਿੱਚ ਉਸ ਦੇ ਨੰਬਰ 60% ਤੋਂ ਘੱਟ ਹੋਣ;

(ਏ) ਜੇ ਕਿਸੇ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹੋਵੇ, ਤਾਂ 60% ਜਾਂ ਵੱਧ ਨੰਬਰ ਲੈ ਕੇ ਕੇਵਲ ਪ੍ਰਥਮ ਆਉਣ ਵਾਲਾ ਵਿਦਿਆਰਥੀ ਹੀ "ਸਿਖਰਲਾ ਵਿਦਿਆਰਥੀ" ਸਮਝਿਆ ਜਾਵੇਗਾ।

## ਰਾਜਾ ਭਾਲਿੰਦਰਾ ਸਿੰਘ ਸਪੋਰਟਸ ਇਨਸੈਂਟਿਵ ਸਕੀਮ

ਯੂਨੀਵਰਸਿਟੀ ਵਿਖੇ ਦਾਖ਼ਲਾ ਲੈਣ ਤੇ ਸਿਰ-ਕੱਢ ਖਿਡਾਰੀਆਂ ਨੂੰ ਉਤਸਾਹਿਤ ਕਰਨ ਅਤੇ ਉਨ੍ਹਾਂ ਨੂੰ ਆਰਥਿਕ ਸਹਾਇਤਾ ਦੇਣ ਲਈ ਮੁਕਰਰ ਰਕਮ ਪ੍ਰਤੀ ਸਾਲ ਪ੍ਰਤੀ ਖਿਡਾਰੀ ਪ੍ਰਦਾਨ ਕੀਤੀ ਜਾਵੇਗੀ। ਇਸ ਸਕੀਮ ਦਾ ਨਾਂ ਰਾਜਾ ਭਾਲਿੰਦਰਾ ਸਿੰਘ ਸਪੋਰਟਸ ਇਨਸੈਂਟਿਵ ਸਕੀਮ ਹੋਵੇਗਾ। ਇਸ ਸਕੀਮ ਅਧੀਨ 100 ਜਾਂ 100 ਤੋਂ ਘੱਟ ਖਿਡਾਰੀ ਹੋਣਗੇ। ਇਨ੍ਹਾਂ ਵਿੱਚ 50 ਪ੍ਰਤੀਸ਼ਤ ਟੀਮ ਖਿਡਾਰੀ ਅਤੇ 50 ਪ੍ਰਤੀਸ਼ਤ ਵਿਅਕਤੀਗਤ ਖੇਡਾਂ ਦੇ ਖਿਡਾਰੀ ਸ਼ਾਮਲ ਹੋਣਗੇ। ਇਸ ਸੰਬੰਧੀ ਆਉਣ ਵਾਲਾ ਸਾਲਾਨਾ ਖ਼ਰਚਾ ਯੂਨੀਵਰਸਿਟੀ ਦੇ ਸਪੋਰਟਸ ਕਮੇਟੀ ਫ਼ੰਡ ਵਿੱਚੋਂ ਕੀਤਾ ਜਾਵੇਗਾ।

1. ਇਹ ਆਰਥਿਕ ਸਹਾਇਤਾ/ਉਤਸ਼ਾਹ ਪ੍ਰਾਪਤ ਕਰਨ ਲਈ ਜ਼ਰੂਰੀ ਯੋਗਤਾਵਾਂ ਨਿਮਨ-ਅਨੁਸਾਰ ਹੋਣਗੀਆਂ :-

   ੳ) ਖਿਡਾਰੀ ਨੇ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।

   ਜਾਂ

   ਅ) ਰਾਸ਼ਟਰੀ ਖੇਡ ਮੁਕਾਬਲਿਆਂ ਜਾਂ ਸਰਬ ਭਾਰਤੀ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿੱਚੋਂ ਵਿਅਕਤੀਗਤ/ਟੀਮ ਦੇ ਤੌਰ ਤੇ ਪਹਿਲੀਆਂ ਤਿੰਨ ਪੋਜ਼ੀਸ਼ਨਾਂ ਵਿੱਚੋਂ ਇੱਕ ਪ੍ਰਾਪਤ ਕੀਤੀ ਹੋਵੇ।

   ਜਾਂ

   ੲ) ਰਾਜ ਪੱਧਰ/ਅੰਤਰ-ਕਾਲਜ ਮੁਕਾਬਲਿਆਂ ਵਿੱਚ ਪੋਜ਼ੀਸ਼ਨ ਪ੍ਰਾਪਤ ਕਰਨ ਉਪਰੰਤ ਲਗਾਤਾਰ ਦੋ ਵਾਰ ਰਾਸ਼ਟਰੀ ਅਤੇ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।

2. ਖਿਡਾਰੀਆਂ ਦੀ ਕਾਰਗੁਜ਼ਾਰੀ ਦਾ ਮੁਲਅੰਕਣ ਉਸ ਜਮਾਤ ਅਨੁਸਾਰ ਕੀਤਾ ਜਾਵੇਗਾ ਜਿਸ ਵਿੱਚ ਉਹ ਦਾਖ਼ਲਾ ਲੈਂਦਾ ਹੈ ਅਰਥਾਤ ਸੀਨੀਅਰ ਅਤੇ ਜੂਨੀਅਰ ਵਰਗ ਦੇ ਖਿਡਾਰੀਆਂ ਨੂੰ ਉਸ ਅਨੁਸਾਰ, ਮਾਹਿਰ ਕਮੇਟੀ ਦੀ ਸਿਫ਼ਾਰਸ਼ ਤੇ ਅਗੇਤ ਦਿੱਤੀ ਜਾਵੇਗੀ।

3. ਖਿਡਾਰੀ ਅੰਤਰ-ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਲੋੜੀਂਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

4. ਜਿਹੜੇ ਖਿਡਾਰੀ 10+2 ਤੋਂ ਬਾਅਦ ਕਾਲਜ ਵਿਚ ਬੀ.ਏ. ਭਾਗ-I ਲਈ ਦਾਖ਼ਲ ਕੀਤੇ ਜਾਂਦੇ ਹਨ, ਉਨ੍ਹਾਂ ਨੇ ਜੂਨੀਅਰ/ਸੀਨੀਅਰ ਨੈਸ਼ਨਲ ਮੁਕਾਬਲਿਆਂ (ਟੀਮ/ਵਿਅਕਤੀਗਤ) ਵਿੱਚ ਪਹਿਲੀਆਂ ਤਿੰਨ ਪੋਜ਼ੀਸ਼ਨਾਂ ਵਿਚੋਂ ਕੋਈ ਇੱਕ ਪ੍ਰਾਪਤ ਕੀਤੀ ਹੋਵੇ।

ਜਾਂ

ਬੀ.ਏ. ਭਾਗ-I ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਨੇ ਰਾਜ/ਕੌਮੀ ਸਕੂਲ ਮੁਕਾਬਲਿਆਂ ਵਿੱਚ ਪਹਿਲੀਆਂ ਤਿੰਨ ਪੋਜੀਸ਼ਨਾਂ ਵਿੱਚੋਂ ਕੋਈ ਇੱਕ ਹਾਸਲ ਕੀਤੀ ਹੋਵੇ।

5 ਖਿਡਾਰੀ ਚੰਗੇ ਆਚਰਨ ਦਾ ਮਾਲਕ ਹੋਵੇ ਭਾਵ ਕਿ ਉਸ ਨੂੰ ਕਿਸੇ ਸੰਸਥਾ ਨੇ ਅਪਾਤਰ ਨਾ ਐਲਾਨਿਆ ਹੋਵੇ।

6 ਖਿਡਾਰੀ ਅੰਤਰ-ਕਾਲਜ ਅਤੇ ਅੰਤਰ-ਯੂਨੀਵਰਸਿਟੀ ਚੋਣ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪਾਬੰਦ ਹੋਵੇਗਾ। ਭਾਗ ਨਾ ਲੈਣ ਦੀ ਸੂਰਤ ਵਿੱਚ ਦਿੱਤੀ ਗਈ ਰਾਸ਼ੀ ਖਿਡਾਰੀ ਵੱਲੋਂ ਵਾਪਸ ਕੀਤੀ ਜਾਵੇਗੀ।

7 ਇਸ ਸੰਬੰਧੀ ਖਿਡਾਰੀ ਦੇ ਫ਼ਿਟ ਹੋਣ ਦਾ ਟੈਸਟ ਲਿਆ ਜਾਵੇਗਾ, ਜਿਸ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ ਫ਼ਿਟ ਹੋਣ ਦਾ ਟੈਸਟ ਦੇਣ ਲਈ ਆਪਣੇ ਕਾਲਜ ਦੇ ਸਿਰ-ਕੱਢ ਖਿਡਾਰੀ ਭੇਜਣਗੇ। ਫ਼ਿੱਟ ਹੋਣ ਦਾ ਟੈਸਟ ਲੈਣ ਲਈ ਹੇਠ ਲਿਖੇ ਮਾਹਿਰਾਂ ਦੀ ਕਮੇਟੀ ਹੋਵੇਗੀ :-

   1 ਸੰਬੰਧਤ ਕਾਲਜ ਦਾ ਪ੍ਰਿੰਸੀਪਲ/ਸਰੀਰਕ ਸਿੱਖਿਆ ਦਾ ਮਾਹਿਰ;
   2 ਡੀਨ, ਵਿਦਿਆਰਥੀ ਭਲਾਈ;
   3 ਰਾਸ਼ਟਰੀ ਖੇਡ ਸੰਸਥਾਨ ਜਾਂ ਪੰਜਾਬ ਖੇਡ ਵਿਭਾਗ ਦਾ ਮਾਹਿਰ;
   4 ਯੂਨੀਵਰਸਿਟੀ ਤੋਂ ਸੰਬੰਧਤ ਖੇਡ ਦਾ ਮਾਹਿਰ; ਅਤੇ
   5 ਡਾਇਰੈਕਟਰ, ਸਪੋਰਟਸ।

ਆਰਥਕ ਸਹਾਇਤਾ/ਇਨਸੈਂਟਿਵ ਲੈਣ ਵਾਲੇ ਖਿਡਾਰੀਆਂ ਤੋਂ ਬਚਨ-ਬੰਧਨ ਲਿਆ ਜਾਵੇਗਾ ਕਿ ਖੇਡ ਕੋਟੇ ਵਿੱਚ ਦਾਖ਼ਲਾ ਲੈਣ ਉਪਰੰਤ ਜੇ ਵਿਦਿਆਰਥੀ ਸੰਬੰਧਤ ਖੇਡ ਵਿੱਚ ਭਾਗ ਨਹੀਂ ਲਵੇਗਾ ਤਾਂ ਉਸ ਦਾ ਦਾਖ਼ਲਾ ਮਨਸੂਖ਼ ਕਰ ਦਿੱਤਾ ਜਾਵੇਗਾ। ਬਚਨ-ਬੰਧਨ ਦੀ ਨਕਲ ਖਿਡਾਰੀ ਦੇ ਮਾਤਾ-ਪਿਤਾ ਨੂੰ ਸੂਚਨਾ ਲਈ ਭੇਜੀ ਜਾਵੇਗੀ। ਕਾਲਜਾਂ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਨਿਗਰਾਨੀ ਪ੍ਰਿੰਸੀਪਲ ਦੁਆਰਾ ਅਤੇ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਨਿਗਰਾਨੀ ਡਾਇਰੈਕਟਰ, ਸਪੋਰਟਸ ਦੁਆਰਾ ਕੀਤੀ ਜਾਵੇਗੀ। ਇਨਸੈਂਟਿਵ ਦੀ ਰਕਮ ਦਾ ਚੈੱਕ ਕਾਲਜ ਦੇ ਪ੍ਰਿੰਸੀਪਲ/ਵਿਭਾਗ ਦੇ ਮੁਖੀ/ਡਾਇਰੈਕਟਰ ਨੂੰ ਭੇਜਿਆ ਜਾਵੇਗਾ। ਕਾਲਜ ਦੇ ਪ੍ਰਿੰਸੀਪਲ/ਵਿਭਾਗ ਦੇ ਮੁਖੀ/ਡਾਇਰੈਕਟਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਇਨਸੈਂਟਿਵ ਲੈਣ ਵਾਲਾ ਵਿਦਿਆਰਥੀ ਅੰਤਰ-ਕਾਲਜ ਅਤੇ ਅੰਤਰ-ਯੂਨੀਵਰਸਿਟੀ ਖੇਡਾਂ ਵਿੱਚ ਭਾਗ ਲਵੇ।

7ੳ. *ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਪਹਿਲੀਆਂ ਤਿੰਨ ਪੋਜ਼ੀਸ਼ਨਾ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਕ੍ਰਮਵਾਰ 25●●/-ਰੁ., 2●●●/-ਰੁ. ਅਤੇ 15●●/-ਰੁ. ਦੇ ਇਨਾਮ ਦਿੱਤੇ ਜਾਣਗੇ। ਟੀਮ ਦੇ ਕੋਚ, ਮੈਨੇਜਰ ਨੂੰ ਵੀ ਸੰਬੰਧਤ ਟੀਮ ਦੀ ਪੋਜ਼ੀਸ਼ਨ ਅਨੁਸਾਰ 25●●/-ਰੁ., 2●●●/-ਰੁ. ਅਤੇ 15●●/-ਰੁ. ਦਿੱਤੇ ਜਾਣਗੇ।

8. **ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਹੇਠ-ਲਿਖੇ ਅਨੁਸਾਰ ਪ੍ਰਾਪਤੀ ਕਰਨ ਵਾਲੇ ਵਿਦਿਆਰਥੀ ਨੂੰ ਉਲਿਖਤ ਪ੍ਰਾਪਤੀ ਦੇ ਸਾਹਮਣੇ ਵਿਖਾਈ ਗਈ ਨਕਦ ਰਕਮ ਇਨਾਮ ਦੇ ਕੇ ਸਨਮਾਨਤ ਕੀਤਾ ਜਾ ਸਕੇਗਾ :-

| ਕ੍ਰਮ ਨੰ: | ਖੇਡਾਂ ਦਾ ਪੱਧਰ | ਸਥਾਨ | ਇਨਾਮ ਦੀ ਰਕਮ |
|---|---|---|---|
| 1. | ਓਲੰਪਿਕ ਖੇਡਾਂ/ਵਰਲਡ ਕੱਪ/ ਵਰਲਡ ਚੈਂਪੀਅਨਸ਼ਿੱਪ/ਵਰਲਡ ਯੂਨੀਵਰਸਿਟੀ ਗੇਮਜ਼ | ਪਹਿਲਾ | 1,●●,●●●/- ਰੁ. |
| | | ਦੂਜਾ | 75,●●●/- ਰੁ. |
| | | ਤੀਜਾ | 6●,●●●/- ਰੁ. |
| | | ਭਾਗ ਲੈਣ ਤੇ | 15,●●●/- ਰੁ. |
| 2. | ਏਸ਼ੀਅਨ ਖੇਡਾਂ/ਕਾਮਨਵੈਲਥ ਖੇਡਾਂ/ਏਸ਼ੀਅਨ ਚੈਂਪੀਅਨਸ਼ਿੱਪ/ ਕਾਮਨਵੈਲਥ ਚੈਂਪੀਅਨਸ਼ਿੱਪ | ਪਹਿਲਾ | 5●,●●●/- ਰੁ. |
| | | ਦੂਜਾ | 3●,●●●/- ਰੁ. |
| | | ਤੀਜਾ | 2●,●●●/- ਰੁ. |
| | | ਭਾਗ ਲੈਣ ਤੇ | 1●,●●●/- ਰੁ. |
| 3. | ਸੈਫ਼ ਖੇਡਾਂ | ਪਹਿਲਾ | 15,●●●/- ਰੁ. |
| | | ਦੂਜਾ | 1●,●●●/- ਰੁ. |
| | | ਤੀਜਾ | 5,●●●/- ਰੁ. |
| | | ਭਾਗ ਲੈਣ ਤੇ | 3,●●●/- ਰੁ. |
| 4. | ਨੈਸ਼ਨਲ ਗੇਮਜ਼/ਸੀਨੀਅਰ ਨੈਸ਼ਨਲ ਚੈਂਪੀਅਨਸ਼ਿੱਪ/ ਫ਼ੈਡਰੇਸ਼ਨ ਕੱਪ | ਪਹਿਲਾ | 2,5●●/- ਰੁ. |
| | | ਦੂਜਾ | 2,●●●/- ਰੁ. |
| | | ਤੀਜਾ | 1,5●●/- ਰੁ. |
| 5. | ਨੈਸ਼ਨਲ ਗੇਮਜ਼/ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ/ਫ਼ੈਡਰੇਸ਼ਨ ਕੱਪ/ਆਲ ਇੰਡੀਆ ਇੰਟਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਨਵਾਂ ਰਿਕਾਰਡ ਬਣਾਉਣ ਵਾਲੇ ਖਿਡਾਰੀ ਨੂੰ | - - | 5,●●●/- ਰੁ. |

* ਸਿੰਡੀਕੇਟ ਮਿਤੀ 4.2.2●●5 (ਪੈਰਾ 41)

** ਸਿੰਡੀਕੇਟ 375, ਮਿਤੀ 29.3.2007 ਦੁਆਰਾ ਜੋੜਿਆ ਗਿਆ।

## ਅਧਿਆਏ-XXVIII
## ਆਨਰਜ਼ ਦੀਆਂ ਜਮਾਤਾਂ

1. ਹਰ ਸਾਲ ਦਸੰਬਰ ਵਿੱਚ ਅਜਿਹੇ ਕਾਲਜ ਜੋ ਕਿਸੇ ਵਿਸ਼ੇ (ਵਿਸ਼ਿਆਂ) ਵਿੱਚ ਆਨਰਜ਼ ਦੀਆਂ ਜਮਾਤਾਂ ਅਗਲੇ ਅਦਾਕਮਿਕ ਸੈਸ਼ਨ ਤੋਂ ਸ਼ੁਰੂ ਕਰਨਾ*/ਜਾਰੀ ਰਖਣਾ ਚਾਹੁੰਦੇ ਹਨ, ਇਸ ਮੰਤਵ ਲਈ ਦਰਖ਼ਾਸਤ ਦੇਣਗੇ ਜਿਸ ਵਿੱਚ ਅਧਿਆਪਕਾਂ ਦੇ ਨਾਂ, ਉਨ੍ਹਾਂ ਦੀਆਂ ਉਸ ਵਿਸ਼ੇ ਵਿੱਚ ਯੋਗਤਾਵਾਂ, ਉਨ੍ਹਾਂ ਵਿੱਚੋਂ ਹਰਿਕ ਦੁਆਰਾ ਪੜ੍ਹਾਏ ਜਾਂਦੇ ਪੀਰੀਅਡਾਂ ਦੀ ਗਿਣਤੀ ਅਤੇ ਆਨਰਜ਼ ਦੀਆਂ ਜਮਾਤਾਂ ਨੂੰ ਦਿੱਤੇ ਜਾਣ ਵਾਲੇ ਪੀਰੀਅਡਾਂ ਦੀ ਗਿਣਤੀ ਦੱਸੀ ਹੋਵੇਗੀ। ਆਨਰਜ਼ ਦੀਆਂ ਜਮਾਤਾਂ ਸ਼ੁਰੂ ਕਰਨ ਦੀ ਪਰਵਾਨਗੀ ਡੀਨ, ਕਾਲਜ ਵਿਕਾਸ ਕੌਂਸਲ/ਵਾਈਸ-ਚਾਂਸਲਰ ਦੁਆਰਾ ਬਣਾਈ ਗਈ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ ਵਾਈਸ-ਚਾਂਸਲਰ ਦੁਆਰਾ ਦਿੱਤੀ ਜਾਵੇਗੀ।
2. ਕਾਲਜ ਹਰਿਕ ਆਨਰਜ਼ ਦੀ ਜਮਾਤ ਲਈ ਹਫ਼ਤੇ ਵਿੱਚ ਘੱਟ ਤੋਂ ਘੱਟ ਪੰਜ ਪੀਰੀਅਡਾਂ ਦਾ ਪ੍ਰਬੰਧ ਕਰੇਗਾ।
3. ਕਲਾਸੀਕਲ ਭਾਸ਼ਾਵਾਂ ਵਿੱਚ ਆਨਰਜ਼ ਦੀਆਂ ਜਮਾਤਾਂ ਦੀ ਸੂਰਤ ਵਿੱਚ ਅਧਿਆਪਕ ਨੂੰ ਅੰਗ੍ਰੇਜ਼ੀ ਦਾ ਚੰਗਾ ਗਿਆਨ ਹੋਣਾ ਚਾਹੀਦਾ ਹੈ।
4. ਆਨਰਜ਼ ਦੇ ਅਧਿਆਪਨ ਵਿੱਚ ਹਿੱਸਾ ਲੈਣ ਵਾਲੇ ਕਿਸੇ ਅਧਿਆਪਕ ਦੁਆਰਾ ਟਿਊਟੋਰੀਅਲਾਂ ਅਤੇ ਲੈਕਚਰਾਂ, ਦੋਹਾਂ ਦੇ ਅਧਿਆਪਨ ਦੇ ਕੰਮ ਲਈ ਦਿੱਤੇ ਜਾਣ ਵਾਲੇ ਪੀਰੀਅਡਾਂ ਦੀ ਕੁੱਲ ਗਿਣਤੀ ਸੰਬੰਧਤ ਕਾਲਜ ਦੇ ਪ੍ਰਿੰਸੀਪਲ ਦੇ ਵਿਵੇਕ ਤੇ ਹੋਵੇਗੀ ਪਰ ਇਹ 24 ਪੀਰੀਅਡਾਂ ਤੋਂ ਵੱਧ ਨਹੀਂ ਹੋਵੇਗੀ, ਕੋਈ ਵੀ ਪੀਰੀਅਡ ਦੁਪਾਸੀਂ ਨਹੀਂ ਗਿਣਿਆ ਜਾਵੇਗਾ।

---

* ਜਦੋਂ ਕਿਸੇ ਕਾਲਜ ਨੂੰ ਇੱਕ ਵਾਰ ਆਨਰਜ਼ ਦੀਆਂ ਜਮਾਤਾਂ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ ਤਾਂ ਉਸ ਲਈ ਇਹ ਜ਼ਰੂਰੀ ਨਹੀਂ ਹੋਵੇਗਾ ਕਿ ਉਹ ਸੰਬੱਧਕਰਣ ਨੂੰ ਨਵਿਆਉਣ ਲਈ ਹਰ ਸਾਲ ਮੰਗ ਕਰੇ। ਅਜਿਹੇ ਕਾਲਜ ਕੇਵਲ ਇਸ ਭਾਵ ਦਾ ਇੱਕ ਵਿਵਰਨ ਦੇਣਗੇ ਕਿ ਜੋ ਵਿਅਕਤੀ ਪਿਛਲੇ ਸਾਲ ਦੇ ਦੌਰਾਨ ਆਨਰਜ਼ ਦੀਆਂ ਜਮਾਤਾਂ ਦੇ ਅਧਿਆਪਨ ਲਈ ਲਗਾਏ ਗਏ ਸਨ ਉਹ ਚਾਲੂ ਸਾਲ ਵਿੱਚ ਵੀ ਕੰਮ ਕਰ ਰਹੇ ਹਨ ਅਤੇ ਨਵ-ਨਿਯੁਕਤ ਅਧਿਆਪਕਾਂ ਦੀ ਸੂਰਤ ਵਿੱਚ ਅਜਿਹੇ ਕਾਲਜ ਜਮਾਤਾਂ ਸ਼ੁਰੂ ਹੋਣ ਤੋਂ ਪਹਿਲਾਂ ਯੂਨੀਵਰਸਿਟੀ ਦੀ ਪਰਵਾਨਗੀ ਮੰਗਣਗੇ।

5. ਆਨਰਜ਼ ਦੀਆਂ ਕਲਾਸਾਂ ਸ਼ੁਰੂ ਕਰਨ ਵਾਲੇ ਕਾਲਜ ਵਿੱਚ ਆਨਰਜ਼ ਦੇ ਅਧਿਆਪਨ ਵਿੱਚ ਹਿੱਸਾ ਲੈਣ ਲਈ ਉਸ ਵਿਸ਼ੇ ਵਿੱਚ ਘੱਟ ਤੋਂ ਘੱਟ ਅਜਿਹੇ ਦੋ ਅਧਿਆਪਕ ਹੋਣੇ ਚਾਹੀਦੇ ਹਨ ਜੋ ਘੱਟ ਤੋਂ ਘੱਟ ਸੈਕੰਡ ਕਲਾਸ ਐਮ.ਏ. ਹੋਣ :
ਪਰੰਤੂ ਇਹ ਕਿ ਉਨ੍ਹਾਂ ਵਿੱਚੋਂ ਇੱਕ ਅਧਿਆਪਕ ਨੂੰ ਡਿਗਰੀ ਦੀਆਂ ਜਮਾਤਾਂ ਪੜ੍ਹਾਉਣ ਦਾ ਘੱਟ ਤੋਂ ਘੱਟ ਪੰਜ ਸਾਲ ਦਾ ਤਜਰਬਾ ਹੋਵੇ:
ਪਰੰਤੂ ਇਹ ਹੋਰ ਕਿ ਆਨਰਜ਼ ਦੀਆਂ ਜਮਾਤਾਂ ਪੜ੍ਹਾਉਣ ਦਾ ਕੰਮ ਤੀਜੀ ਡਵੀਜ਼ਨ ਵਾਲੇ ਅਜਿਹੇ ਅਧਿਆਪਕਾਂ ਨੂੰ ਵੀ ਦਿੱਤਾ ਜਾ ਸਕੇਗਾ ਜੋ ਡਿਗਰੀ ਦੀਆਂ ਕਾਲਾਸਾਂ ਨੂੰ ਪੜ੍ਹਾਉਣ ਦਾ ਦਸ ਸਾਲ ਤੋਂ ਵੱਧ ਦਾ ਤਜਰਬਾ ਰੱਖਦੇ ਹੋਣ :
ਪਰੰਤੂ ਇਹ ਹੋਰ ਕਿ ਪੀ-ਐੱਚ.ਡੀ. ਦੀ ਡਿਗਰੀ ਰੱਖਣ ਵਾਲੇ ਅਤੇ ਅਤਿਅੰਤ ਸ਼ਾਨਦਾਰ ਅਕਾਦਮਿਕ ਰਿਕਾਰਡ ਵਾਲੇ ਵਿਅਕਤੀਆਂ ਦੀ ਸੂਰਤ ਵਿੱਚ ਤਜਰਬੇ ਦੀ ਇਹ ਸ਼ਰਤ ਵਾਈਸ-ਚਾਂਸਲਰ ਨਰਮ ਕਰ ਸਕੇਗਾ।

6. ਉਸ ਕਾਲਜ ਦੀ ਸੂਰਤ ਵਿੱਚ ਜਿਥੇ ਕਿਸੇ ਖ਼ਾਸ ਵਿਸ਼ੇ ਵਿੱਚ ਅਧਿਆਪਨ ਦਾ ਕੰਮ ਸਹਿਕਾਰੀ ਆਧਾਰ ਤੇ ਕਰਨ ਦੀ ਤਜਵੀਜ਼ ਹੋਵੇ ਉਥੇ ਸਭ ਸੰਬੰਧਤ ਕਾਲਜਾਂ ਦੀ ਰਜ਼ਾਮੰਦੀ ਹੋਣੀ ਚਾਹੀਦੀ ਹੈ।

7. ਕਾਲਜਾਂ ਨੂੰ ਆਨਰਜ਼ ਦੀਆਂ ਜਮਾਤਾਂ ਦੀ ਪੜ੍ਹਾਈ ਦਾ ਕੰਮ ਪਹਿਲੀ ਅਗਸਤ ਤੱਕ ਹਰ ਹਾਲਤ ਵਿੱਚ ਸ਼ੁਰੂ ਕਰ ਦੇਣਾ ਚਾਹੀਦਾ ਹੈ।

## ਅਧਿਆਏ–XXIX

## ਯੂਨੀਵਰਸਿਟੀ ਵੱਲੋਂ ਕਰਵਾਈਆਂ ਜਾਣ ਵਾਲੀਆਂ ਪਰੀਖਿਆਵਾਂ ਵਿੱਚ ਪ੍ਰਾਈਵੇਟ ਤੌਰ ਤੇ ਬੈਠਣ ਵਾਲੇ ਪਰੀਖਿਆਰਥੀਆਂ ਦੇ ਪਰੀਖਿਆ ਫ਼ਾਰਮਾਂ ਦੀ ਤਸਦੀਕ

ਯੂਨੀਵਰਸਿਟੀ ਵੱਲੋਂ ਕਰਵਾਈਆਂ ਜਾਣ ਵਾਲੀਆਂ ਪਰੀਖਿਆਵਾਂ ਲਈ ਪ੍ਰਾਈਵੇਟ ਉਮੀਦਵਾਰ (ਦੋਵੇਂ ਲੜਕੇ ਅਤੇ ਲੜਕੀਆਂ) ਨੂੰ ਆਪਣਾ ਭਰਿਆ ਹੋਇਆ ਪਰੀਖਿਆ ਫ਼ਾਰਮ ਖ਼ੁਦ ਤਸਦੀਕ ਕਰਨ ਦੀ ਇਜਾਜ਼ਤ ਹੈ।

## ਅਧਿਆਏ-XXX
# ਛਾਣ-ਬੀਣਕਾਰਾਂ ਨੂੰ ਅਦਾਇਗੀ ਬਾਰੇ ਨਿਯਮ

1. ਛਾਣ-ਬੀਣਕਾਰ ਯੂਨੀਵਰਸਿਟੀ ਦੀਆਂ ਵੱਖ-ਵੱਖ ਪਰੀਖਿਆਵਾਂ ਲਈ ਸਮੇਂ-ਸਮੇਂ ਮੁਕੱਰਰ ਦਰਾਂ ਤੇ ਮਿਹਨਤਾਨਾ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ ਅਤੇ ਗ਼ਲਤੀਆਂ ਲਈ (ਜੇ ਕੋਈ ਹੋਣ) ਮਿਹਨਤਾਨੇ ਵਿੱਚੋਂ ਕਟੌਤੀ ਦੇ ਭਾਗੀ ਹੋਣਗੇ।
2. ਨਤੀਜਿਆਂ ਦੀ ਛਾਣ-ਬੀਣਕਾਰਾਂ ਦੁਆਰਾ ਛਾਣ-ਬੀਣ ਕਰ ਲੈਣ ਤੋਂ ਬਾਅਦ ਦੁਬਾਰਾ ਚੈੱਕ ਕਰਨ ਤੇ ਫੜੀ ਗਈ ਗ਼ਲਤੀ ਲਈ ਯੂਨੀਵਰਸਿਟੀ ਦੇ ਕਰਮਚਾਰੀਆਂ ਨੂੰ ਛਾਣ-ਬੀਣਕਾਰਾਂ ਦੇ ਮਿਹਨਤਾਨੇ ਵਿਚੋਂ ਕੱਟੀ ਗਈ ਰਕਮ ਦਾ 5● ਪ੍ਰਤੀਸ਼ਤ ਦਿੱਤਾ ਜਾਵੇਗਾ।
3. ਮੁੱਖ ਨਤੀਜਿਆਂ ਦੀ ਸੂਰਤ ਵਿੱਚ ਜਦੋਂ ਕਿਸੇ ਪਰੀਖਿਆ ਵਿੱਚ ਉਮੀਦਵਾਰਾਂ ਦੀ ਗਿਣਤੀ 1● ਤੋਂ ਵੱਧ ਨਾ ਹੋਵੇ, ਛਾਣ-ਬੀਣ ਇੱਕ ਛਾਣ-ਬੀਣਕਾਰ ਦੁਆਰਾ ਕੀਤੀ ਜਾਵੇਗੀ ਅਤੇ ਇਸ ਤੋਂ ਵੱਧ ਦੀ ਸੂਰਤ ਵਿਚ ਨਤੀਜੇ ਦੀ ਛਾਣ-ਬੀਣ ਦੋ ਛਾਣ-ਬੀਣਕਾਰਾਂ ਦੁਆਰਾ ਕੀਤੀ ਜਾਵੇਗੀ।
4. ਸਹਾਇਕ ਰਜਿਸਟਰਾਰ (ਪਰੀਖਿਆਵਾਂ) ਅਤੇ ਇੰਚਾਰਜ ਟੈਬੂਲੇਸ਼ਨ 1● ਵਿਦਿਆਰਥੀਆਂ ਤੱਕ ਦੇ ਰਿਜ਼ਲਟ ਲੇਟਰ ਕੇਸਾਂ ਦੇ ਨਤੀਜਿਆਂ ਦੀ ਛਾਣ-ਬੀਣ ਕਰਨਗੇ। 1● ਤੋਂ 25 ਉਮੀਦਵਾਰਾਂ ਤਕ ਦੀ ਛਾਣ ਬੀਣ ਕੇਵਲ ਛਾਣ-ਬੀਣ ਕਾਰਾਂ ਦੁਆਰਾ ਕੀਤੀ ਜਾਵੇਗੀ।
5. 1● ਉਮੀਦਵਾਰਾਂ ਤੱਕ ਪੁਨਰ-ਮੁਲਾਂਕਣ ਦੇ ਨਤੀਜਿਆਂ ਦੀ ਛਾਣ-ਬੀਣ ਇੱਕ ਛਾਣ-ਬੀਣਕਾਰ ਦੁਆਰਾ ਕੀਤੀ ਜਾਵੇਗੀ। 1● ਤੋਂ ਵੱਧ ਵਿਦਿਆਰਥੀਆਂ ਦੇ ਪੁਨਰ-ਮੁਲਾਂਕਣ ਦੇ ਨਤੀਜਿਆਂ ਦੀ ਛਾਣ-ਬੀਣ ਦੋ ਛਾਣ-ਬੀਣਕਾਰਾਂ ਦੁਆਰਾ ਕੀਤੀ ਜਾਵੇਗੀ।

# ਅਧਿਆਏ-XXXI
## ਸੁਪਰਡੈਂਟਾਂ, ਡਿਪਟੀ ਸੁਪਰਡੈਂਟਾਂ ਅਤੇ ਹੋਰ ਨਿਗਰਾਨ ਅਮਲੇ ਦੀ ਨਿਯੁਕਤੀ ਅਤੇ ਮਾਨ-ਭੇਟਾ ਦਾ ਸਕੇਲ

ਪਰੀਖਿਆ ਕੇਂਦਰਾਂ ਦੇ ਸੁਪਰਡੈਂਟ ਕੰਟਰੋਲਰ (ਪਰੀਖਿਆਵਾਂ) ਦੁਆਰਾ ਅਤੇ ਹੋਰ ਅਮਲਾ ਡਿਪਟੀ ਰਜਿਸਟਰਾਰ/ਸਹਾਇਕ ਰਜਿਸਟਰਾਰ ਦੁਆਰਾ ਇਸ ਪ੍ਰਯੋਜਨ ਲਈ ਪਰਵਾਨਤ ਨਾਰਮਾਂ/ਜ਼ਾਬਤੇ ਅਨੁਸਾਰ ਨਿਯੁਕਤ ਕੀਤਾ ਜਾ ਸਕੇਗਾ:

ਪਰੰਤੂ ਸੰਕਟ ਦੇ ਕੇਸ ਵਿੱਚ ਕੇਂਦਰ ਸੁਪਰਡੈਂਟ/ਡਿਪਟੀ ਸੁਪਰਡੈਂਟ ਅਤੇ ਨਿਗਰਾਨ ਅਮਲਾ ਯੂਨੀਵਰਸਿਟੀ ਦੇ ਵਰਗ 'ੳ' ਅਤੇ 'ਅ' ਦੇ ਮੈਂਬਰਾਂ (ਗ਼ੈਰ-ਅਧਿਆਪਨ) ਵਿੱਚੋਂ ਨਿਯੁਕਤ ਕੀਤਾ ਜਾ ਸਕੇਗਾ।

ਸੁਪਰਡੈਂਟ ਅਤੇ ਹੋਰ ਨਿਗਰਾਨ ਅਮਲੇ ਵਜੋਂ ਨਿਯੁਕਤੀ ਲਈ ਪਾਤਰਤਾ ਦੀਆਂ ਸ਼ਰਤਾਂ :

1. *ਸੁਪਰਡੈਂਟ

ਯੂਨੀਵਰਸਿਟੀ ਅਤੇ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ-ਪ੍ਰਾਪਤ ਕਾਲਜਾਂ ਦੇ ਅਧਿਆਪਨ ਅਮਲੇ ਦੇ ਮੈਂਬਰ ਅਤੇ ਸਰੀਰਕ ਸਿੱਖਿਆ ਦੇ ਡਾਇਰੈਕਟਰ, ਯੂਨੀਵਰਸਿਟੀ ਦੀ **ਅਧਿਕਾਰਤਾ ਅੰਦਰ ਸਥਿਤ ਸਰਕਾਰੀ/ਮਾਨਤਾ-ਪ੍ਰਾਪਤ ਹਾਈ/ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾਵਾਂ, ਜਿਨ੍ਹਾਂ ਨੂੰ ਅਧਿਆਪਨ ਦਾ ਘੱਟ ਤੋਂ ਘੱਟ 5 ਸਾਲ ਦਾ ਤਜਰਬਾ ਹੋਵੇ, ਡੈਮਾਨਸਟ੍ਰੇਟਰ ਜਿਨ੍ਹਾਂ ਨੂੰ ਅਧਿਆਪਨ ਦਾ 10 ਸਾਲ ਦਾ ਤਜਰਬਾ ਹੋਵੇ ਅਤੇ ਜੋ ਡਿਪਟੀ ਸੁਪਰਡੈਂਟ ਦੇ ਤੌਰ ਤੇ ਕੰਮ ਕਰ ਚੁੱਕੇ ਹੋਣ ਅਤੇ ਜਿਨ੍ਹਾਂ ਦੀ ਉਮਰ 30 ਸਾਲ ਤੋਂ ਘੱਟ ਨਾ ਹੋਵੇ; ਯੂਨੀਵਰਸਿਟੀ ਪਰੀਖਿਆ ਕੇਂਦਰ ਦੇ ਸੁਪਰਡੈਂਟ ਨਿਯੁਕਤ ਕੀਤੇ ਜਾਣ ਦੇ ਪਾਤਰ ਹੋਣਗੇ :

ਪਰੰਤੂ ਰੀਡਰਾਂ ਅਤੇ ਪ੍ਰੋਫ਼ੈਸਰਾਂ ਦੀ ਸੂਰਤ ਵਿੱਚ ਡਿਪਟੀ ਸੁਪਰਡੈਂਟ ਵਜੋਂ ਕੰਮ ਕਰ ਚੁੱਕੇ ਹੋਣ ਦੀ ਸ਼ਰਤ ਲਾਗੂ ਨਹੀਂ ਹੋਵੇਗੀ :

---

* ਉਹ ਵਿਅਕਤੀ, ਜਿਸ ਦਾ ਕੋਈ ਨਜ਼ਦੀਕੀ ਰਿਸ਼ਤੇਦਾਰ ਪਰੀਖਿਆ ਦੇ ਰਿਹਾ ਹੋਵੇ, ਸੁਪਰਡੈਂਟ ਵਜੋਂ ਨਿਯੁਕਤ ਹੋਣ ਦਾ ਪਾਤਰ ਨਹੀਂ ਹੈ।

** ਯੂਨੀਵਰਸਿਟੀ ਦੀ ਅਧਿਕਾਰਤਾ ਤੋਂ ਬਾਹਰ ਸਥਿਤ ਪਰੀਖਿਆ ਕੇਂਦਰਾਂ ਲਈ, ਅਧਿਆਪਕਾਂ ਤੋਂ ਬਿਨਾਂ ਹੋਰ ਮੁਨਾਸਬ ਯੋਗਤਾ-ਪ੍ਰਾਪਤ ਵਿਅਕਤੀਆਂ ਨੂੰ, ਜੇ ਜ਼ਰੂਰੀ ਹੋਵੇ, ਤਾਂ ਸੁਪਰਡੈਂਟ ਅਤੇ ਹੋਰ ਨਿਗਰਾਨ ਅਮਲੇ ਵਜੋਂ ਕੰਮ ਕਰਨ ਲਈ ਨਿਯੁਕਤ ਕੀਤਾ ਜਾ ਸਕੇਗਾ।

ਪਰੰਤੂ ਇਹ ਹੋਰ ਕਿ ਯੂਨੀਵਰਸਿਟੀ ਦੇ ਅਧਿਕਾਰਤਾ ਅੰਦਰ ਨਿਯੋਜਨ ਦੀ ਸ਼ਰਤ ਸ਼ਕਤਵਾਨ ਅਥਾਰਿਟੀ ਦੁਆਰਾ, ਜਿਥੇ ਅਜਿਹੀਆਂ ਨਿਯੁਕਤੀਆਂ ਕਰਨ ਲਈ ਜ਼ਰੂਰੀ ਸਮਝਿਆ ਜਾਵੇ, ਨਰਮ ਕੀਤੀ ਜਾ ਸਕੇਗੀ।

2. ਡਿਪਟੀ ਸੁਪਰਡੈਂਟ

ਜਦੋਂ ਕਾਲਜ/ਯੂਨੀਵਰਸਿਟੀ ਦੇ ਅਧਿਆਪਕਾਂ, ਰੀਸਰਚ ਸਹਾਇਕਾਂ/ਸਕਾਲਰਾਂ ਆਦਿ ਨੂੰ ਨਿਗਰਾਨੀ ਡਿਊਟੀ ਤੇ ਲਾਇਆ ਜਾਵੇ ਤਾਂ ਉਨ੍ਹਾਂ ਨੂੰ ਡਿਪਟੀ ਸੁਪਰਡੰਟ ਕਿਹਾ ਜਾਵੇਗਾ। ਉਹ ਉਨ੍ਹਾਂ ਨੂੰ ਦਿੱਤੀਆਂ ਗਈਆਂ ਲਾਈਨ-ਨਿਗਰਾਨਾਂ ਅਤੇ, ਜਨਰਲ ਡਿਊਟੀ ਤੇ, ਡਿਪਟੀ ਸੁਪਰਡੈਂਟ ਦੀਆਂ ਡਿਊਟੀਆਂ ਨਿਭਾਉਣਗੇ।

3. ਸੀਨੀਅਰ ਸੁਪਰਵਾਈਜ਼ਰ

ਯੂਨੀਵਰਸਿਟੀ ਨਾਲ ਸੰਬੱਧ ਕਾਲਜਾਂ ਅਤੇ ਯੂਨੀਵਰਸਿਟੀ ਵਿਭਾਗਾਂ ਦੇ ਅਧਿਆਪਨ ਅਮਲੇ ਦੇ ਮੈਂਬਰਾਂ ਅਤੇ ਪੋਸਟ-ਗ੍ਰੈਜੂਏਟ ਯੋਗਤਾਵਾਂ ਰੱਖਣ ਵਾਲੇ ਸੀਨੀਅਰ ਅਧਿਆਪਕ ਜੋ ਯੂਨੀਵਰਸਿਟੀ ਦੀ *ਅਧਿਕਾਰਤਾ ਅੰਦਰ ਸਥਿਤ ਸਰਕਾਰੀ/ ਮਾਨਤਾ-ਪ੍ਰਾਪਤ ਹਾਈ/ਹਾਇਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਹੋਣ ਅਤੇ ਜਿਨ੍ਹਾਂ ਦੀ ਉਮਰ 20 ਸਾਲ ਤੋਂ ਘੱਟ ਨਾ ਹੋਵੇ ਸੀਨੀਅਰ ਸੁਪਰਵਾਈਜ਼ਰ ਨਿਯੁਕਤ ਕੀਤੇ ਜਾਣ ਦੇ ਪਾਤਰ ਹੋਣਗੇ।

4. ਸੁਪਰਵਾਈਜ਼ਰ

(i) ਸੁਪਰਵਾਈਜ਼ਰ ਸੰਬੱਧ ਕਾਲਜਾਂ, ਯੂਨੀਵਰਸਿਟੀ ਅਧਿਆਪਨ ਵਿਭਾਗਾਂ ਅਤੇ ਯੂਨੀਵਰਸਿਟੀ ਦੀ ਇਲਾਕਈ *ਅਧਿਕਾਰਤਾ ਅੰਦਰ ਸਥਿਤ ਮਾਨਤਾ-ਪ੍ਰਾਪਤ ਸਕੂਲਾਂ ਵਿਚ ਕੰਮ ਕਰ ਰਹੇ ਅਜਿਹੇ ਅਮਲੇ ਵਿੱਚੋਂ ਨਿਯੁਕਤ ਕੀਤੇ ਜਾ ਸਕਣਗੇ, ਜੋ 20 ਸਾਲ ਤੋਂ ਘੱਟ ਉਮਰ ਦੇ ਨਾ ਹੋਣ ਅਤੇ ਜਿਨ੍ਹਾਂ ਦੀ ਘੱਟ ਤੋਂ ਘੱਟ ਯੋਗਤਾ ਮੈਟ੍ਰਿਕ ਹੋਵੇ।

(ii) ਕਾਲਜਾਂ ਦੇ ਪ੍ਰਿੰਸੀਪਲਾਂ ਤੋਂ ਇਹ ਲੋੜਿਆ ਜਾਵੇਗਾ ਕਿ ਉਹ ਯੂਨੀਵਰਸਿਟੀ ਪਰੀਖਿਆਵਾਂ ਲਈ ਨਿਗਰਾਨ ਅਮਲੇ ਦੇ ਨਾਂ ਆਪਣੇ ਕਾਲਜਾਂ ਦੇ ਅਧਿਆਪਕਾਂ ਵਿਚੋਂ ਵਾਰੋ-ਵਾਰੀ ਭੇਜਣ:

(iii) ਪਰੰਤੂ ਇਹ ਕਿ ਜਿਨ੍ਹਾਂ ਕਾਲਜਾਂ ਵਿੱਚ ਨਕਲ ਦੀਆਂ ਘਟਨਾਵਾਂ ਵੱਡੇ ਪੈਮਾਨੇ ਤੇ ਹੋਈਆਂ ਹੋਣ ਜਾਂ ਪਰੀਖਿਆ ਕੇਂਦਰ ਵਿੱਚ ਜਾਂ ਉਸ ਦੇ ਆਸ-ਪਾਸ ਅਨੁਸਾਸ਼ਨ ਬਹੁਤ ਢਿੱਲਾ ਰਿਹਾ ਹੋਵੇ, ਉਨ੍ਹਾਂ ਕਾਲਜਾਂ ਦਾ ਅਮਲਾ ਉਨ੍ਹਾਂ ਕਾਲਜਾਂ ਵਿੱਚ ਸਥਿਤ ਪਰੀਖਿਆ ਕੇਂਦਰਾਂ ਵਿੱਚ ਨਿਗਰਾਨੀ ਦੀ ਡਿਊਟੀ ਲਈ ਨਿਯੁਕਤ ਕੀਤੇ ਜਾਣ ਦੇ ਪਾਤਰ ਨਹੀਂ ਹੋਵੇਗਾ।

---

* ਯੂਨੀਵਰਸਿਟੀ ਦੀ ਅਧਿਕਾਰਤਾ ਤੋਂ ਬਾਹਰ ਸਥਿਤ ਪਰੀਖਿਆ ਕੇਂਦਰਾਂ ਲਈ ਅਧਿਆਪਕਾਂ ਤੋਂ ਬਿਨਾਂ ਹੋਰ ਮੁਨਾਸਬ ਯੋਗਤਾ ਪ੍ਰਾਪਤ ਵਿਅਕਤੀਆਂ ਨੂੰ, ਜੇਕਰ ਜ਼ਰੂਰੀ ਹੋਵੇ ਤਾਂ ਸੁਪਰਡੈਂਟ ਅਤੇ ਹੋਰ ਨਿਗਰਾਨ ਅਮਲੇ ਵਜੋਂ ਨਿਯੁਕਤ ਕੀਤਾ ਜਾ ਸਕੇਗਾ। ਇਸ ਯੂਨੀਵਰਸਿਟੀ ਦੀ ਅਧਿਕਾਰਤਾ ਤੋਂ ਬਾਹਰ ਪਰੀਖਿਆ ਕੇਂਦਰਾਂ ਵਿੱਚ ਨਿਯੁਕਤ ਕੀਤੇ ਗਏ ਨਿਗਰਾਨ ਅਮਲੇ ਨੂੰ ਸੇਵਾ-ਫਲ ਪੰਜਾਬੀ ਯੂਨੀਵਰਸਿਟੀ ਦੁਆਰਾ ਮੁਕੱਰਰ ਕੀਤੇ ਦਰਾਂ ਤੇ ਜਾਂ ਜਿਸ ਯੂਨੀਵਰਸਿਟੀ ਵਿੱਚ ਉਹ ਕੇਂਦਰ ਸਥਿਤ ਹੋਣ ਉਸ ਯੂਨੀਵਰਸਿਟੀ ਦੇ ਦਰਾਂ ਤੇ, ਜੋ ਵੀ ਵੱਧ ਹੋਣ, ਦਿੱਤਾ ਜਾਵੇਗਾ।

(iv) ਕਾਲਜ/ਯੂਨੀਵਰਸਿਟੀ ਲੈਕਚਰਾਰਾਂ, ਖੋਜ ਸਹਾਇਕਾਂ/ਸਕਾਲਰਾਂ ਆਦਿ ਨੂੰ ਜਦੋਂ ਨਿਗਰਾਨੀ ਦੀ ਡਿਊਟੀ ਤੇ ਲਾਇਆ ਜਾਵੇ ਤਾਂ ਉਨ੍ਹਾਂ ਨੂੰ ਡਿਪਟੀ ਸੁਪਰਡੈਂਟ ਕਿਹਾ ਜਾਵੇਗਾ, ਪਰੰਤੂ ਉਹ ਇਸ ਤੋਂ ਪਹਿਲਾਂ ਵਾਂਗ ਲਾਈਨ-ਸੁਪਰਵਾਈਜ਼ਰਾਂ ਦੀਆਂ ਡਿਊਟੀਆਂ ਅਦਾ ਕਰਨਗੇ ਅਤੇ ਸੁਪਰਡੈਂਟ ਦੁਆਰਾ ਉਨ੍ਹਾਂ ਵਿੱਚੋਂ ਇੱਕ ਨੂੰ, ਵਾਰੀ-ਵਾਰੀ, ਡਿਪਟੀ ਸੁਪਰਡੈਂਟ ਦੀਆਂ ਡਿਊਟੀਆਂ ਸੌਂਪੀਆਂ ਜਾਣਗੀਆਂ।

5. ਸਹਾਇਕ ਸੁਪਰਡੈਂਟ (ਕਲਰਕ)

ਸਹਾਇਕ ਸੁਪਰਡੈਂਟ (ਕਲਰਕ) ਇਸ ਯੂਨੀਵਰਸਿਟੀ ਦੇ ਵਿਸ਼ੇਸ਼-ਅਧਿਕਾਰ ਪ੍ਰਾਪਤ ਸੰਸਥਾ ਦੇ ਕਲਰਕ ਅਮਲੇ ਵਿੱਚੋਂ ਨਿਯੁਕਤ ਕੀਤਾ ਜਾ ਸਕੇਗਾ।

6. ਪਰੀਖਿਆਵਾਂ ਦੇ ਸੰਚਾਲਨ ਲਈ ਅਮਲੇ ਨੂੰ ਅਦਾਇਗੀਆਂ

(ੳ) ਮਾਨ-ਭੇਟਾ ਦੇ ਦਰ

ਹੇਠ-ਲਿਖਿਆਂ ਨੂੰ ਮਾਨ-ਭੇਟਾ ਸਮੇਂ-ਸਮੇਂ ਮੁਕੱਰਰ ਦਰਾਂ ਅਨੁਸਾਰ ਅਦਾਇਗੀਯੋਗ ਹੋਵੇਗੀ :

1. (ੳ) ਕੋਆਰਡੀਨੇਟਰ/ਪ੍ਰਿੰਸੀਪਲ
   (ਅ) ਡਿਪਟੀ ਕੋਆਰਡੀਨੇਟਰ
2. ਸੈਂਟਰ ਸੁਪਰਵਾਈਜ਼ਰ/ਸੁਪਰਡੈਂਟ
3. ਡਿਪਟੀ ਸੁਪਰਡੈਂਟ
4. ਸੀਨੀਅਰ ਸੁਪਰਵਾਈਜ਼ਰ
5. ਸਹਾਇਕ ਸੁਪਰਡੈਂਟ
6. ਕੋਆਰਡੀਨੇਟਰ ਨੂੰ ਕਲੈਰੀਕਲ ਸਹਾਇਤਾ
7. (ੳ) ਫ਼ਲਾਇੰਗ ਸਕੁਐਡ ਅਫ਼ਸਰ
   (ਅ) ਮੈਂਬਰ, ਫ਼ਲਾਇੰਗ ਸਕੁਐਡ
8. ਸਰਵਿਸ ਸਟਾਫ਼
   (ੳ) ਦਫ਼ਤਰੀ/ਵਾਟਰਮੈਨ/ਸਵੀਪਰ
   (ਅ) ਚੌਂਕੀਦਾਰ

(ਅ) ਸਥਾਨਕ ਸਵਾਰੀ ਖ਼ਰਚਾ*

ਹੇਠ-ਲਿਖਿਆਂ ਨੂੰ ਲੋਕਲ ਸਵਾਰੀ ਖ਼ਰਚਾ ਸਮੇਂ-ਸਮੇਂ ਮੁਕੱਰਰ ਦਰਾਂ ਅਨੁਸਾਰ ਅਦਾਇਗੀਯੋਗ ਹੋਵੇਗਾ :

---

*1. ਕੰਮ-ਕਾਜੀ ਦਿਨਾਂ ਦੇ ਦੌਰਾਨ ਕਿਸੇ ਨੂੰ ਵੀ ਆਪਣੀ ਸੰਸਥਾ/ਕਾਲਜ ਵਿੱਚ ਡਿਊਟੀ ਲਈ ਲੋਕਲ ਸਵਾਰੀ ਖ਼ਰਚਾ ਨਹੀਂ ਦਿੱਤਾ ਜਾਵੇਗਾ। ਪਰੰਤੂ ਜੇਕਰ ਪਰੀਖਿਆ ਵਕੇਸ਼ਨਾਂ/ਸਰਦੀਆਂ ਦੀਆਂ ਛੁੱਟੀਆਂ/ਪਤਝੜ ਦੀਆਂ ਛੁੱਟੀਆਂ ਦੌਰਾਨ ਜਾਂ ਛੁੱਟੀ ਵਾਲੇ ਦਿਨ ਕਰਵਾਈ ਜਾਂਦੀ ਹੈ ਤਾਂ ਡਿਊਟੀ ਉਤੇ ਹਰ ਅਮਲੇ ਦੇ ਹਰ ਵਰਗ ਨੂੰ ਮੁਕੱਰਰ ਦਰਾਂ ਤੇ ਇਸ ਸ਼ਰਤ ਦੇ ਤਾਬੇ ਅਦਾਇਗੀ ਕੀਤੀ ਜਾਵੇਗੀ ਕਿ ਉਨ੍ਹਾਂ ਨੂੰ ਸੰਸਥਾ/ਕਾਲਜ ਵਿੱਚ ਇਨ੍ਹਾਂ ਛੁੱਟੀਆਂ ਦੌਰਾਨ ਹਾਜ਼ਰ ਹੋਣ ਦੀ ਲੋੜ ਨਹੀਂ ਸੀ।

2. ਜਿਥੇ ਸੰਬੰਧਤ ਵਿਅਕਤੀ ਦੀ ਰਿਹਾਇਸ਼ ਦੀ ਥਾਂ ਅਤੇ ਡਿਊਟੀ ਦੀ ਥਾਂ ਇੱਕੋ ਕੈਂਪਸ ਤੇ ਹੈ ਉਥੇ ਕੋਈ ਸਥਾਨਕ ਸਵਾਰੀ ਖ਼ਰਚਾ ਅਦਾ ਨਹੀਂ ਕੀਤਾ ਜਾਵੇਗਾ।

(1) ਕੋਆਰਡੀਨੇਟਰ/ਡਿਪਟੀ ਕੋਆਰਡੀਨੇਟਰ

(2) ਕੇਂਦਰ ਸੁਪਰਡੈਂਟ/ਡਿਪਟੀ ਸੁਪਰਡੈਂਟ/ਸਹਾਇਕ ਸੁਪਰਡੈਂਟ/ ਕੋਆਰਡੀਨੇਟਰ ਨਾਲ ਡਿਊਟੀ ਤੇ ਕਲਰਕ

(3) ਦਫ਼ਤਰੀ/ਵਾਟਰਮੈਨ/ਸਫਾਈ ਸੇਵਕ

ਕੇਂਦਰ ਦੇ ਸੁਪਰਡੈਂਟ ਨੂੰ ਆਪਣੇ ਨਿਵਾਸ ਦੀ ਥਾਂ ਤੋਂ ਪਰੀਖਿਆ ਕੇਂਦਰ ਤੱਕ ਅਤੇ ਉਥੋਂ ਵਾਪਸ ਨਿਵਾਸ ਦੀ ਥਾਂ ਤੱਕ ਆਉਣ ਲਈ, ਬਿਲਾ ਲਿਹਾਜ਼ ਇਸ ਗੱਲ ਦੇ ਕਿ ਉਸ ਦੁਆਰਾ ਕਿਸ ਕਿਸਮ ਦੀ ਸਵਾਰੀ ਵਰਤੀ ਜਾਂਦੀ ਹੈ, ਪਰੀਖਿਆ ਦੇ ਹਰਿਕ ਦਿਨ ਲਈ ਮੁਕੱਰਰ ਦਰ ਤੇ ਪ੍ਰਤੀ ਦਿਨ ਸਵਾਰੀ ਖਰਚਾ ਅਦਾ ਕੀਤਾ ਜਾਵੇਗਾ।

(ੲ) ਸੀਟਿੰਗ ਯੋਜਨਾ ਟਾਈਪ ਕਰਨ/ਲਿਖਣ/ਫਰਨੀਚਰ ਦਾ ਪ੍ਰਬੰਧ ਕਰਨ/ ਸਟੇਸ਼ਨਰੀ ਆਦਿ ਲਈ ਖ਼ਰਚਾ ਸਮੇਂ-ਸਮੇਂ ਮੁਕੱਰਰ ਦਰਾਂ ਅਨੁਸਾਰ ਅਦਾਇਗੀ ਯੋਗ ਹੋਵੇਗਾ।

*ਅਪ੍ਰੈਲ 2007 ਦੀਆਂ ਪਰੀਖਿਆਵਾਂ ਤੋਂ ਪਰੀਖਿਆ ਕੇਂਦਰਾਂ ਤੇ ਫੁਟਕਲ ਖ਼ਰਚੇ (ਕੰਟਿਨਜੈਂਸੀ) ਜਿਵੇਂ ਕਿ ਕਪੜਾ, ਸਟੇਸ਼ਨਰੀ ਆਦਿ ਦੀ ਅਦਾਇਗੀ ਸਾਲਾਨਾ ਪਰੀਖਿਆਵਾਂ ਦੀ ਸੂਰਤ ਵਿਚ 10/-ਰੁ. ਪ੍ਰਤੀ ਵਿਦਿਆਰਥੀ ਅਤੇ ਸਪਲੀਮੈਂਟਰੀ/ਸਪਲੀਮੈਂਟਰੀ ਪਰੀਖਿਆਵਾਂ ਦੀ ਸੂਰਤ ਵਿਚ 6/- ਰੁ. ਪ੍ਰਤੀ ਵਿਦਿਆਰਥੀ ਦੀ ਦਰ ਤੇ ਕੀਤੀ ਜਾਵੇਗੀ।

(ਸ) ਸਮੱਸਿਆ ਕੇਂਦਰ ਲਈ, ਜੋ ਮੁੱਖ ਕੋਆਰਡੀਨੇਟਰ ਦੁਆਰਾ ਪਰਿਨਿਸਚਿਤ ਕੀਤਾ ਜਾਵੇਗਾ, ਸੁਪਰਡੈਂਟ/ਡਿਪਟੀ ਸੁਪਰਡੈਂਟ ਨੂੰ ਵਿਸ਼ੇਸ਼ ਭੱਤੇ ਵਜੋਂ ਪ੍ਰਤੀਦਿਨ ਦੇ ਹਿਸਾਬ ਮੁਕੱਰਰ ਰਕਮ ਅਦਾ ਕੀਤੀ ਜਾਵੇਗੀ।

7. ਪਰੀਖਿਆ ਦਿਨਾਂ ਦੇ ਵਿਚਕਾਰ ਪਈ ਵਿੱਥ ਦੇ ਦਿਨਾਂ ਲਈ ਨਿਗਰਾਨ ਅਮਲੇ ਨੂੰ ਰੋਜ਼ਾਨਾ ਭੱਤਾ

(i) ਪਰੀਖਿਆ ਕੇਂਦਰ ਵਿਖੇ ਨਿਗਰਾਨ ਅਮਲੇ ਦੀਆਂ ਡਿਊਟੀਆਂ ਉਤੋੜਿਤੀ ਹੋਣੀਆਂ ਚਾਹੀਦੀਆਂ ਹਨ ਅਤੇ ਕਿਸੇ ਨਿਗਰਾਨ ਨੂੰ ਸੌਂਪੀਆਂ ਗਈਆਂ ਡਿਊਟੀਆਂ ਵਿਚਕਾਰ ਦੋ ਦਿਨਾਂ ਤੋਂ ਵੱਧ ਦੀ ਵਿੱਥ ਨਹੀਂ ਹੋਣੀ ਚਾਹੀਦੀ।

(ii) ਜੇ ਦੋ ਪਰੀਖਿਆ ਡਿਊਟੀਆਂ ਵਿਚਕਾਰ ਵਿੱਥ ਦੋ ਦਿਨਾਂ ਤੋਂ ਵੱਧ ਹੋਵੇ ਤਾਂ ਅਧਿਆਪਕ ਕਾਲਜ ਵਿੱਚ ਡਿਊਟੀ ਲਈ ਪ੍ਰਿੰਸੀਪਲ ਨੂੰ ਰਿਪੋਰਟ ਕਰੇਗਾ।

(iii) ਅਜਿਹੀ ਸੂਰਤ ਵਿੱਚ ਡਿਊਟੀ ਤੇ ਮੁੜ ਹਾਜ਼ਰ ਹੋਣ ਲਈ ਸਫ਼ਰ ਭੱਤਾ ਯੂਨੀਵਰਸਿਟੀ (ਕੇਂਦਰ ਤੋਂ ਕਾਲਜ ਅਰਥਾਤ ਉਸ ਦੀ ਤੈਨਾਤੀ ਦੀ ਸਾਧਾਰਨ ਥਾਂ ਤੱਕ ਅਤੇ ਉਥੋਂ ਵਾਪਸ ਕੇਂਦਰ ਤਕ) ਅਦਾ ਕਰੇਗੀ।

---

* ਸਿੰਡੀਕੇਟ ਮਿਤੀ 29.3.2007 (ਪੈਰਾ 53.40)

(iv) ਬਦੇਸ਼ ਵਿਚ ਸਥਿਤ ਕੇਂਦਰ ਵਿਖੇ ਪਰੀਖਿਆ ਦੇ ਸੰਚਾਲਣ ਲਈ ਨਿਯੁਕਤ ਕੀਤੇ ਗਏ ਅਮਲੇ ਨੂੰ ਸੇਵਾ-ਫਲ, ਸਫ਼ਰ ਭੱਤੇ ਅਤੇ ਅਨੁਸੰਗਕ ਖ਼ਰਚੇ ਦੀ ਅਦਾਇਗੀ, ਸਮਰਥਨ ਕਰਨ ਵਾਲੇ ਵਾਊਚਰਾਂ ਤੋਂ ਬਿਨਾਂ, ਭਾਰਤੀ ਸਫ਼ਾਰਤਖ਼ਾਨੇ ਜਾਂ ਪਰੀਖਿਆ ਸੰਚਾਲਤ ਕਰਨ ਵਾਲੀ ਹੋਰ ਏਜੰਸੀ ਦੁਆਰਾ ਤਸਦੀਕੇ ਬਿੱਲਾਂ ਦੇ ਆਧਾਰ ਤੇ ਕੀਤੀ ਜਾਵੇਗੀ।

8. ਅਮਲੇ ਦੀ ਨਫ਼ਰੀ

(i) ਸੁਪਰਡੈਂਟ ਦੇ ਅਧੀਨ ਨਿਗਰਾਨ ਅਮਲੇ ਦੀ ਨਫ਼ਰੀ ਹੇਠ ਦਿੱਤੇ ਅਨੁਸਾਰ ਹੋਵੇਗੀ ਅਤੇ ਨਿਯੁਕਤੀ ਹੇਠਾਂ ਦਿੱਤੇ ਚਾਰਟ ਦੀ ਅਨੁਰੂਪਤਾ ਵਿੱਚ ਹੋਣੀ ਚਾਹੀਦੀ ਹੈ :-

| ਉਮੀਦਵਾਰਾਂ ਦੀ ਗਿਣਤੀ | ਡਿਪਟੀ ਸੁਪਰਡੈਂਟ (ਲਾਈਨ ਡਿਊਟੀ) | ਸਹਾਇਕ ਸੁਪਰਡੈਂਟ (ਕਲਰਕ) | ਡਿਪਟੀ ਸੁਪਰਡੈਂਟ (ਜਨਰਲ ਡਿਊਟੀ) | ਵਿਸ਼ੇਸ ਕਥਨ |
|---|---|---|---|---|
| 1-19 | ਇੱਕ | ਇੱਕ | ਕੋਈ ਨਹੀਂ | |
| 2●-4● | 1 | 1 | ਕੋਈ ਨਹੀਂ | |
| 41-8● | 1 | 1 | 1 | ਡਿਪਟੀ ਸੁਪਰਡੈਂਟ ਜਨਰਲ ਅਜਿਹਾ |
| 81-12● | 2 | 1 | 1 | ਅਧਿਕ ਕਰਮਚਾਰੀ ਹੈ ਜੋ |
| 121-15● | 3 | 1 | 1 | ਸੁਪਰਡੈਂਟ ਦੀ ਤਦ ਸਹਾਇਤਾ |
| 151-16● | 4 | 1 | 2 | ਕਰਦਾ ਹੈ ਜਦੋਂ ਸਾਰੇ ਕੇਂਦਰ |
| 161-2●● | 5 | 1 | 2 | ਵਿੱਚ ਕਿਸੇ ਸੈਸ਼ਨ ਵਿਚ 4● ਤੋਂ |
| 2●1-24● | 6 | 1 | 2 | ਵੱਧ ਉਮੀਦਵਾਰ ਹੋਣ ਜਾਂ ਹਾਲ |
| 241-28● | 7 | 1 | 2 | ਦੇ ਸਮੇਤ ਤਿੰਨ ਕਮਰੇ ਵਰਤੇ |
| 281-32● | 8 | 1 | 2 | ਗਏ ਹੋਣ। |
| 321-36● | 9 | 1 | 2 | |
| 361-4●● | 1● | 1 | 2 | |

ਨੋਟ : ਜਦ ਕਿਸੇ ਸਾਂਝੇ ਕੇਂਦਰ ਵਿੱਚ ਇਸਤਰੀ ਉਮੀਦਵਾਰਾਂ ਦੀ ਗਿਣਤੀ 1● ਜਾਂ ਉਸ ਤੋਂ ਵੱਧ ਹੋਵੇ ਤਾਂ ਇੱਕ ਇਸਤਰੀ ਸੁਪਰਵਾਈਜ਼ਰ ਲਾਈ ਜਾ ਸਕੇਗੀ।

(ii) ਜੇ ਦਰਖ਼ਾਸਤ ਵਿੱਚ ਬਿਆਨ ਕੀਤੀ ਗਈ ਕੋਈ ਗੱਲ ਜਾਂ ਸੂਚਨਾ ਗ਼ਲਤ ਪਾਈ ਜਾਵੇ ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

(iii) ਵੱਖ-ਵੱਖ ਯੂਨੀਵਰਸਿਟੀ ਪਰੀਖਿਆਵਾਂ ਲਈ ਸੀਨੀਅਰ ਸੁਪਰਵਾਈਜ਼ਰਾਂ / ਸੁਪਰਵਾਈਜ਼ਰਾਂ ਵਜੋਂ ਨਿਯੁਕਤ ਕੀਤੇ ਗਏ ਯੂਨੀਵਰਸਿਟੀ/ਕਾਲਜ ਅਧਿਆਪਕਾਂ ਨੂੰ ਅਦਾਇਗੀਯੋਗ ਮਾਨ-ਭੇਟਾ ਦੇ ਦਰ ਇਨ੍ਹਾਂ ਡਿਊਟੀਆਂ ਤੇ ਲਗਾਏ ਗਏ ਰੀਟਾਇਰਡ ਅਧਿਆਪਕਾਂ/ਲੈਕਚਰਾਰਾਂ ਨੂੰ ਵੀ ਲਾਗੂ ਹੋਣਗੇ।

(iv) ਕਿਸੇ ਪਰੀਖਿਆ ਹਾਲ ਤੋਂ ਬਾਹਰ ਅਨੁਸਾਸ਼ਨ ਕਾਇਮ ਰੱਖਣ ਲਈ ਪਰੀਖਿਆ ਕੇਂਦਰ ਤੋਂ ਬਾਹਰ ਨਿਯੁਕਤ ਕੀਤੇ ਜਾਣ ਵਾਲਾ ਅਤਿਰਿਕਤ ਡਿਪਟੀ ਸੁਪਰਡੈਂਟ ਉਸ ਕਾਲਜ ਤੋਂ ਲਿਆ ਜਾ ਸਕੇਗਾ ਜਿਸ ਵਿੱਚ ਪਰੀਖਿਆ ਕੇਂਦਰ ਸਥਿਤ ਹੈ:

ਪਰੰਤੂ ਇਹ ਤਦ ਜਦ ਉਸ ਕਾਲਜ ਦਾ ਪ੍ਰਿੰਸੀਪਲ ਉਸ ਦੀ ਜ਼ਿੰਮੇਵਾਰੀ ਲਏ, ਵਰਨਾ ਅਜਿਹੇ ਅਤਿਰਿਕਤ ਡਿਪਟੀ ਸੁਪਰਡੈਂਟ ਦੀ ਨਿਯੁਕਤੀ ਉਸ ਕਾਲਜ ਤੋਂ ਬਾਹਰ ਤੋਂ ਕੀਤੀ ਜਾਵੇਗੀ ਜਿਸ ਵਿੱਚ ਉਹ ਕੇਂਦਰ ਸਥਿਤ ਹੋਵੇ।

(v) ਪਰੀਖਿਆ ਦੇ ਪਹਿਲੇ ਦਿਨ ਨਿਗਰਾਨ ਅਮਲੇ ਦੀ ਨਫ਼ਰੀ ਕੇਂਦਰ ਵਿਵਰਣ ਵਿੱਚ ਦਿੱਤੇ ਅੰਕੜਿਆ ਦੇ ਅਨੁਸਾਰ ਹੋਵੇਗੀ, ਪਰ ਉੱਤਰਵਰਤੀ ਦਿਨਾਂ ਨੂੰ ਨਿਗਰਾਨ ਅਮਲੇ ਦੀ ਨਫ਼ਰੀ ਉਸ ਵਿਸ਼ੇ ਦੇ ਪਹਿਲੇ ਪਰਚੇ ਵਿੱਚ ਵਾਸਤਵ ਵਿੱਚ ਪਰੀਖਿਆ ਦੇਣ ਵਾਲੇ ਉਮੀਦਵਾਰਾਂ ਦੀ ਗਿਣਤੀ ਦੁਆਰਾ ਸ਼ਾਸਤ ਹੋਵੇਗੀ, ਨਾ ਕਿ ਕੇਂਦਰ ਦੇ ਵਿਵਰਣ ਵਿੱਚ ਦਰਸਾਈ ਗਈ ਗਿਣਤੀ ਦੁਆਰਾ। ਇਹ ਨਫ਼ਰੀ ਪਰੀਖਿਆ ਦੇ ਰਹੇ ਉਮੀਦਵਾਰਾਂ ਦੀ ਅਸਲ ਗਿਣਤੀ ਅਨੁਸਾਰ ਰੋਜ਼ਾਨਾ ਵਧਾਈ ਜਾਂ ਘਟਾਈ ਜਾਵੇਗੀ । ਜਿਸ ਦਿਨ ਦੋ ਸੈਸ਼ਨ ਹੋਣ ਉਸ ਦਿਨ ਸ਼ਾਮ ਦੇ ਸੈਸ਼ਨ ਲਈ ਲਾਏ ਗਏ ਸੁਪਰਵਾਈਜ਼ਰ ਸਵੇਰ ਦੇ ਸੈਸ਼ਨ ਵਿੱਚ ਲਾਏ ਗਏ ਸੁਪਰਵਾਈਜ਼ਰਾਂ ਵਿਚੋਂ ਹੋਣਗੇ। ਜਿਸ ਦਿਨ ਇੱਕੋ ਸੈਸ਼ਨ ਹੋਵੇ ਉਸ ਦਿਨ ਕੇਵਲ ਉਹ ਸੁਪਰਵਾਈਜ਼ਰ ਲਾਏ ਜਾਣਗੇ ਜੋ ਦੂਹਰੇ ਸੈਸ਼ਨ ਵਾਲੇ ਦਿਨਾਂ ਨੂੰ ਉਮੀਦਵਾਰਾਂ ਦੀ ਗਿਣਤੀ ਦੇ ਘੱਟ ਜਾਣ ਕਾਰਨ ਨਹੀਂ ਸਨ ਲਾਏ ਜਾ ਸਕੇ।

(vi) ਉਪਰੋਕਤ 8 (i) ਵਿੱਚ ਦਿੱਤੀ ਗਈ ਸਾਰਣੀ ਉਮੀਦਵਾਰਾਂ ਦੇ ਸਭ ਤੋਂ ਵੱਧ ਗਿਣਤੀ ਵਾਲੇ ਕਮਰੇ ਅਰਥਾਤ ਹਾਲ ਲਈ ਹੈ, ਪਰ ਜਦੋਂ ਅਤਿਰਿਕਤ ਕਮਰੇ ਵੀ ਵਰਤੇ ਜਾਣ ਤਾਂ ਹਰਿਕ ਕਮਰੇ ਵਿੱਚ ਹਰਿਕ 40 ਉਮੀਦਵਾਰਾਂ ਜਾਂ ਉਸ ਦੇ ਭਾਗ ਲਈ ਇਕ ਵੱਖਰਾ ਸੁਪਰਵਾਈਜ਼ਰ ਹੋਣਾ ਜ਼ਰੂਰੀ ਹੈ। ਹਰਿਕ ਕਮਰੇ ਵਿੱਚ ਸੀਟਾਂ ਦੀ ਗਿਣਤੀ ਨੂੰ ਇਸ ਤਰ੍ਹਾਂ ਤਰਤੀਬ ਦਿੱਤੀ ਜਾਵੇ ਕਿ ਹਰ ਸੈਸ਼ਨ ਵਿੱਚ ਸੁਪਰਵਾਈਜ਼ਰ ਘੱਟ ਤੋਂ ਘੱਟ ਗਿਣਤੀ ਵਿੱਚ ਡਿਊਟੀ ਤੇ ਹੋਣ। ਇਹ ਤਦ ਹੋ ਸਕੇਗਾ ਜੇ ਹਰਿਕ ਕਮਰੇ ਵਿੱਚ ਬਿਠਾਏ ਗਏ ਉਮੀਦਵਾਰਾਂ ਦੀ ਗਿਣਤੀ ਜਿਥੋਂ ਤਕ ਹੋ ਸਕੇ 40 ਦੇ ਗੁਣਨ-ਫਲ ਅਨੁਸਾਰ ਹੋਵੇ।

(vii) (ੳ) ਜਿਨ੍ਹਾਂ ਸੈਸ਼ਨਾਂ ਵਿੱਚ ਅਤਿਰਿਕਤ ਕਮਰਿਆਂ ਦੇ ਕਾਰਨ ਸੁਪਰਵਾਈਜ਼ਰਾਂ ਦੀ ਗਿਣਤੀ ਦਫ਼ਤਰ ਦੁਆਰਾ ਦਿੱਤੀ ਸੂਚੀ ਵਿੱਚ ਦਰਸਾਈ ਗਿਣਤੀ ਤੋਂ ਵੱਧ ਜਾਵੇ, ਉਨ੍ਹਾਂ ਵਿੱਚ ਇਤਫ਼ਾਕੀਆ ਸੁਪਰਵਾਈਜ਼ਰ ਨਿਯੁਕਤ ਕੀਤੇ ਜਾ ਸਕਣਗੇ ਅਤੇ ਰਜਿਸਟਰਾਰ ਦੀ ਮਨਜ਼ੂਰੀ ਤੁਰੰਤ ਹਾਸਲ ਕੀਤੀ ਜਾਵੇਗੀ। ਮਨਜ਼ੂਰੀ ਅਚੇਤ ਖ਼ਰਚ ਬਿਲ ਨਾਲ ਲਾਈ ਜਾਵੇ ਤਾਂ ਜੋ ਅਦਾਇਗੀ ਵਿੱਚ ਬੇਲੋੜੀ ਦੇਰੀ ਨਾ ਹੋਵੇ।

(ਅ) ਇਤਫ਼ਾਕੀਆ ਸੁਪਰਵਾਈਜ਼ਰਾਂ ਦੀ ਨਿਯੁਕਤੀ ਕੇਵਲ ਉਸੇ ਸੈਸ਼ਨ ਲਈ ਹੁੰਦੀ ਹੈ ਜਿਸ ਵਿੱਚ ਲੋੜ ਹੋਵੇ। ਕਿਸੇ ਕੇਂਦਰ ਨੂੰ ਵਾਰੀਆਂ ਦੀ ਵੰਡ ਲਈ ਅਲਾਟ ਕੀਤੀ ਗਈ ਸੁਪਰਵਾਈਜ਼ਰਾਂ ਦੀ ਬਾਕਾਇਦਾ ਗਿਣਤੀ ਵਿੱਚ ਇਤਫ਼ਾਕੀਆ ਸੁਪਰਵਾਈਜ਼ਰ ਕਿਸੇ ਸੂਰਤ ਵਿੱਚ ਵੀ ਸ਼ਾਮਲ ਨ ਕੀਤੇ ਜਾਣ।

(viii) ਕਿਸੇ ਕੇਂਦਰ ਵਿੱਚ, ਜਿਥੇ 81 ਜਾਂ ਉਸ ਤੋਂ ਵੱਧ ਉਮੀਦਵਾਰ ਪਰੀਖਿਆ ਦੇ ਰਹੇ ਹੋਣ, ਦੋ ਡਿਪਟੀ ਸੁਪਰਡੈਂਟਾਂ ਦੀ ਇਜਾਜ਼ਤ ਹੋਵੇਗੀ। ਉਨ੍ਹਾਂ ਵਿੱਚੋਂ ਇੱਕ ਸੁਪਰਡੈਂਟ ਨੂੰ ਆਮ ਨਿਗਰਾਨੀ ਵਿੱਚ ਸਹਾਇਤਾ ਕਰੇਗਾ ਅਤੇ ਦੂਜਾ ਉੱਤਰ-ਪਰਚਿਆਂ ਤੇ ਮੁਹਰਾਂ ਲਾਉਣ ਵਿੱਚ। ਸੁਪਰਡੈਂਟ ਨੂੰ ਚਾਹੀਦਾ ਹੈ ਕਿ ਉਹ ਮੁਹਰਾਂ ਲਾਉਣ ਦਾ ਕੰਮ ਦੋਹਾਂ ਡਿਪਟੀ ਸੁਪਰਡੈਂਟਾਂ ਨੂੰ ਵਾਰੋ ਵਾਰੀ ਦੇਵੇ। ਜਦ ਉਮੀਦਵਾਰਾਂ ਦੀ ਗਿਣਤੀ 81 ਤੋਂ ਘੱਟ ਜਾਵੇ ਤਾਂ ਕੇਵਲ ਇੱਕ ਡਿਪਟੀ ਸੁਪਰਡੈਂਟ ਦੀ ਲੋੜ ਹੋਵੇਗੀ ਅਤੇ ਉਸ ਸੂਰਤ ਵਿਚ ਦੂਜੇ ਡਿਪਟੀ ਸੁਪਰਡੈਂਟ ਨੂੰ ਸੁਪਰਵਾਈਜ਼ਰ ਦੀ ਡਿਊਟੀ ਦਿੱਤੀ ਜਾਵੇਗੀ:

ਪਰੰਤੂ ਸਾਰੇ ਨਿਗਰਾਨ ਅਮਲੇ ਦੀ ਗਿਣਤੀ ਉਪਰ ਮੁੱਕਰਰ ਕੀਤੀ ਗਿਣਤੀ ਤੋਂ ਵੱਧ ਨਹੀਂ ਹੋਣ ਦਿੱਤੀ ਜਾਵੇਗੀ।

(ix) ਜਦੋਂ ਦੋ ਜਾਂ ਵੱਧ ਪਰੀਖਿਆਵਾਂ ਇੱਕੋ ਸਮੇਂ ਹੋ ਰਹੀਆਂ ਹੋਣ ਅਤੇ ਉਮੀਦਵਾਰਾਂ ਦੀ ਗਿਣਤੀ 24● ਤੋਂ ਵੱਧ ਹੋਵੇ ਤਾਂ ਇਕ ਅਤਿਰਿਕਤ ਸਹਾਇਕ ਸੁਪਰਡੈਂਟ (ਕਲਰਕ) ਲਾਉਣ ਦੀ ਇਜਾਜ਼ਤ ਹੋਵੇਗੀ। ਜੇ ਗਿਣਤੀ 41-24● ਦੇ ਦਰਮਿਆਨ ਹੋਵੇ, ਇੱਕ ਕਲਰਕ ਨਿਗਰਾਨੀ ਦੀਆਂ ਡਿਊਟੀਆਂ ਨਿਭਾਏਗਾ ਅਤੇ ਇਸ ਤਰ੍ਹਾਂ ਇਜਾਜ਼ਤ ਯੋਗ ਨਿਗਰਾਨ ਅਮਲੇ ਦੀ ਨਫ਼ਰੀ ਵਿੱਚ ਸ਼ਾਮਲ ਹੋਵੇਗਾ। ਦੋਹਾਂ ਕਲਰਕਾਂ ਨੂੰ ਜਿਥੋਂ ਤੱਕ ਹੋ ਸਕੇ ਇਕੋ ਜਿੰਨੀਆਂ ਵਾਰੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

(x) ਅਤਿਅੰਤ ਸੰਕਟ ਦੀ ਸੂਰਤ ਵਿੱਚ ਅਤਿਰਿਕਤ ਸੁਪਰਵਾਈਜ਼ਰਾਂ/ਸੀਨੀਅਰ ਸੁਪਰਵਾਈਜ਼ਰਾਂ/ਡਿਪਟੀ ਸੁਪਰਡੈਂਟ ਲਈ ਮਨ ਜ਼ੂ ਰੀ, ਕੇਂਦਰ ਦੇ ਕੋ-ਆਰਡੀਨੇਟਰ ਤੋਂ ਲਿਖਤੀ ਰੂਪ ਵਿੱਚ ਤਿੰਨ ਪਰਤਾਂ ਵਿੱਚ ਲਈ ਜਾ ਸਕੇਗੀ। ਇੱਕ ਕਾਪੀ ਸੁਪਰਵਾਈਜ਼ਰਾਂ ਦੇ ਬਿੱਲ ਨਾਲ ਲਾਈ ਜਾਵੇਗੀ, ਦੂਜੀ ਸੁਪਰਡੈਂਟ (ਕੰਡਕਟ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜੀ ਜਾਵੇਗੀ, ਅਤੇ ਤੀਜੀ ਸੁਪਰਡੈਂਟ ਦੇ ਆਪਣੇ ਰਿਕਾਰਡ ਲਈ ਹੋਵੇਗੀ। ਇਹ ਮਨਜ਼ੂਰੀ ਰਜਿਸਟਰਾਰ ਦੀ ਪਰਵਾਨਗੀ ਦੇ ਤਾਬੇ ਹੋਵੇਗੀ ਅਤੇਇਸ ਵਿੱਚ ਹੇਠ-ਲਿਖਿਆ ਵੇਰਵਾ ਦਿੱਤਾ ਜਾਵੇਗਾ :

ਸੁਪਰਵਾਈਜ਼ਰਾਂ/ਸੀਨੀਅਰ ਸੁਪਰਵਾਈਜ਼ਰਾਂ ਦੇ ਨਾਂ ਅਤੇ ਸਿਰਨਾਵੇਂ, ਪਰੀਖਿਆ ਦੀ ਤਰੀਕ, ਉਮੀਦਵਾਰਾਂ ਦੀ ਗਿਣਤੀ (ਕਮਰੇਵਾਰ) ਉਹ ਖ਼ਾਸ ਕਾਰਨ ਜਿਨ੍ਹਾਂ ਕਰਕੇ ਨਿਯੁਕਤੀ ਦੀ ਲੋੜ ਪਈ, ਦਿਨਾਂ/ਸੈਸ਼ਨਾਂ ਦੀ ਗਿਣਤੀ ਜਿਨ੍ਹਾਂ ਲਈ ਕੋ-ਆਰਡੀਨੇਟਰ ਦੁਆਰਾ ਮਨਜ਼ੂਰੀ ਦਿੱਤੀ ਗਈ (ਕੇਵਲ ਨਿਪੁੰਨ ਨਿਗਰਾਨੀ ਕਾਫ਼ੀ ਨਹੀਂ ਸਮਝਿਆ ਜਾਵੇਗਾ)।

(xi) ਮੈਡੀਕਲ ਅਤੇ ਜ਼ਰਾਇਤ ਦੀਆਂ ਪ੍ਰੈਕਟੀਕਲ ਪਰੀਖਿਆਵਾਂ ਲਈ ਨਿਗਰਾਨ ਅਮਲੇ ਦੀ ਗਿਣਤੀ ਸੰਬੰਧਤ ਪ੍ਰਿੰਸੀਪਲ ਦੀ ਸਿਫ਼ਾਰਸ਼ ਤੇ ਨਿਸ਼ਚਿਤ ਕੀਤੀ ਜਾਵੇਗੀ।

(xii) ਸੁਪਰਡੈਂਟ ਨੂੰ ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਵੱਖ-ਵੱਖ ਪਰਵਾਨਤ ਨਿਗਰਾਨਾ ਨੂੰ ਵਾਰੀਆਂ ਅਲਾਟ ਕਰ ਦੇਣ ਨਾਲ ਜਾਇਜ਼ ਸ਼ਿਕਾਇਤਾਂ ਦੀ ਗੁੰਜਾਇਸ਼ ਨਹੀਂ ਰਹਿ ਜਾਵੇਗੀ। ਸਭ ਸੰਬੰਧਤ ਕਰਮਚਾਰੀਆਂ ਨੂੰ ਵਾਰੀਆਂ ਅਲਾਟ ਕਰ ਦੇਣ ਤੋਂ ਪਿਛੋਂ ਕੇਂਦਰ ਵਿਖੇ ਲੱਗੇ ਅਮਲੇ ਦਾ ਡਿਊਟੀ ਚਾਰਟ, ਪਰੀਖਿਆ ਦੇ ਪਹਿਲੇ ਦਿਨ ਹੀ ਕੋਆਰਡੀਨੇਟਰ ਦੇ ਮੁਆਇਨੇ ਲਈ, ਤਿਆਰ ਕਰ ਦੇਣਾ ਚਾਹੀਦਾ ਹੈ।

(xiii) ਵੱਖ-ਵੱਖ ਸੁਪਰਵਾਈਜ਼ਰਾਂ ਨੂੰ ਅਲਾਟ ਕੀਤੀਆਂ ਗਈਆਂ ਕਤਾਰਾਂ/ ਕਮਰਿਆਂ ਬਾਰੇ ਸੂਚਨਾ ਗੁਪਤ ਰੱਖੀ ਜਾਵੇ ਅਤੇ ਕੇਵਲ ਸੰਬੰਧਤ ਵਿਅਕਤੀਆਂ ਨੂੰ ਪਰੀਖਿਆ ਸ਼ੁਰੂ ਹੋਣ ਤੋਂ ਕੁਝ ਚਿਰ ਪਹਿਲਾਂ ਦੱਸੀ ਜਾਵੇ। ਕੇਂਦਰ ਸੁਪਰਡੈਂਟ ਨੂੰ ਚਾਹੀਦਾ ਹੈ ਕਿ ਉਹ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਪਰੀਖਿਆ ਹਾਲ ਵਿੱਚ ਉਮੀਦਵਾਰਾਂ ਦੀ ਤਲਾਸ਼ੀ ਲਵੇ।

ਕੇਂਦਰਾਂ ਦੇ ਸੁਪਰਡੈਂਟਾਂ ਨੂੰ ਚਾਹੀਦਾ ਹੈ ਕਿ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਇਹ ਸੁਨਿਸਚਿਤ ਕਰਨ ਕਿ ਲੋੜੀਂਦੀਆਂ ਸਾਰੀਆਂ ਚੀਜ਼ਾਂ, ਪਾਣੀ ਸਮੇਤ, ਪਰੀਖਿਆ ਹਾਲ ਵਿੱਚ ਉਪਲੱਬਧ ਹਨ ਅਤੇ ਕਿਸੇ ਨੌਕਰ ਚਾਕਰ ਜਾਂ ਨਿਗਰਾਨ ਅਮਲੇ ਦੇ ਕਿਸੇ ਮੈਂਬਰ ਨੂੰ ਪਰੀਖਿਆ ਦਾ ਅੱਧਾ ਸਮਾਂ ਗੁਜ਼ਰਨ ਤੋਂ ਪਹਿਲਾਂ ਬਾਹਰ ਨਾ ਜਾਣ ਦਿੱਤਾ ਜਾਵੇ।

(xiv) (ੳ) ਅਜਿਹੇ ਸੁਪਰਵਾਈਜ਼ਰਾਂ ਅਤੇ ਸਹਾਇਕ ਸੁਪਰਡੈਂਟਾਂ (ਕਲਰਕਾਂ), ਜੋ ਕਿਸੇ ਨਾ ਕਿਸੇ ਕਾਰਨ ਨਿਗਰਾਨੀ/ਕਲਰਕੀ ਕੰਮ ਨਾ ਕਰ ਸਕਣ, ਉਨ੍ਹਾਂ ਦੀ ਥਾਵੇਂ ਤਜਵੀਜ਼ ਕੀਤੇ ਇਵਜ਼ੀਆਂ ਦੇ ਨਾਂ ਅਤੇ ਹੋਰ ਵੇਰਵੇ, ਤਿੰਨ ਪਰਤਾਂ ਵਿੱਚ ਕੰਡਕਟ ਸ਼ਾਖਾ ਨੂੰ, ਕੰਟਰੋਲਰ ਪਰੀਖਿਆਵਾਂ ਦੀ ਪਰਵਾਨਗੀ ਲਈ ਭੇਜੇ ਜਾਣੇ ਜ਼ਰੂਰੀ ਹਨ। ਇਵਜ਼ੀ ਨਿਯਮਾਂ ਅਧੀਨ ਨਿਯੁਕਤੀ ਦਾ ਪਾਤਰ ਹੋਣਾ ਚਾਹੀਦਾ ਹੈ।

(ਅ) ਡਿਪਟੀ ਸੁਪਰਡੈਂਟ ਦੀ ਥਾਵੇਂ ਲਾਏ ਜਾਣ ਵਾਲੇ ਇਵਜ਼ੀ ਬਾਰੇ, ਜੇ ਸਮਾਂ ਥੋੜ੍ਹਾ ਹੋਵੇ ਤਾਂ ਕੰਟਰੋਲਰ ਪਰੀਖਿਆਵਾਂ ਦੀ ਪਰਵਾਨਗੀ ਫ਼ੋਨ ਤੇ ਲਈ ਜਾਵੇ। ਡਿਪਟੀ ਸੁਪਰਡੈਂਟ ਦੀ ਨਿਯੁਕਤੀ ਅਤੇ ਹਟਾਇਆ ਜਾਣਾ, ਕੰਟਰੋਲਰ ਪਰੀਖਿਆਵਾਂ ਦੇ ਸਿੱਧੇ ਰੂਪ ਵਿੱਚ ਹੁਕਮਾਂ ਅਧੀਨ ਹੋਵੇਗਾ।

(xv) ਕਿਸੇ ਅਜਿਹੇ ਵਿਅਕਤੀ ਨੂੰ ਨਿਗਰਾਨ ਦਾ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ ਜੋ ਵਿਦਿਆਰਥੀ ਹੈ ਜਾਂ ਮੈਟ੍ਰਿਕ ਪਾਸ ਨਹੀਂ ਹੈ, ਜਾਂ ਸੁਪਰਡੈਂਟ ਦਾ ਰਿਸ਼ਤੇਦਾਰ ਹੈ ਜਾਂ 2● ਸਾਲ ਤੋਂ ਘੱਟ ਉਮਰ ਦਾ ਹੈ ਜਾਂ ਇਸ ਯੂਨੀਵਰਸਿਟੀ ਦੀ ਖੇਤਰੀ ਅਧਿਕਾਰਤਾ ਦੇ ਅੰਦਰ ਕਿਸੇ ਮਾਨਤਾ ਪ੍ਰਾਪਤ ਸੰਸਥਾ ਵਿੱਚ ਨਿਯੋਜਤ ਨਹੀਂ ਹੈ। ਸਿਫ਼ਾਰਸ਼ ਕੀਤੇ ਵਿਅਕਤੀ ਦੀਆਂ ਸਿੱਖਿਅਕ ਯੋਗਤਾਵਾਂ ਹਰ ਹਾਲਤ ਫ਼ਾਰਮ ਵਿੱਚ ਦੱਸੀਆਂ ਜਾਣ। ਜੇ ਸੰਬੰਧਤ ਵਿਅਕਤੀ ਦੇ ਗ਼ਲਤ ਐਲਾਨ ਤੇ ਕੋਈ ਨਿਯੁਕਤੀ ਕਰ ਦਿੱਤੀ ਗਈ ਹੋਵੇ ਤਾਂ ਉਸ ਨੂੰ ਨਿਗਰਾਨ ਅਮਲੇ ਤੋਂ ਹਟਾਇਆ ਜਾ ਸਕੇਗਾ ਅਤੇ ਇਸ ਬਾਰੇ ਡਿਪਟੀ ਰਜਿਸਟਰਾਰ (ਕੰਡਕਟ) ਨੂੰ ਸੂਚਨਾ ਤਤਕਾਲ ਭੇਜੀ ਜਾਵੇ। ਕੋਈ ਵਿਅਕਤੀ ਜੋ ਪਹਿਲਾਂ ਹੀ ਕਿਸੇ ਹੋਰ ਕੇਂਦਰ ਵਿਖੇ ਕੰਮ ਕਰ ਰਿਹਾ ਹੋਵੇ, ਉਸ ਦੀ ਨਿਗਰਾਨ ਜਾਂ ਸਹਾਇਕ ਸੁਪਰਡੈਂਟ (ਕਲਰਕ) ਵਜੋਂ ਸਿਫ਼ ਾਰਸ਼ ਨਾ ਕੀਤੀ ਜਾਵੇ।

(xvi) ਨਿਗਰਾਨ ਅਮਲੇ ਦੇ ਅਜਿਹੇ ਮੈਂਬਰ ਨੇ ਜੋ ਡਿਊਟੀ ਨਿਭਾਉਣ ਤੋਂ ਇਨਕਾਰ ਕਰ ਦੇਣ ਜਾਂ ਸੈਸ਼ਨ ਦੇ ਵਿਚਕਾਰ ਡਿਊਟੀ ਲਈ ਰਿਪੋਰਟ ਕਰਨ ਜਾਂ ਡਿਊਟੀ ਛੱਡ ਕੇ ਚਲੇ ਜਾਣ, ਉਨ੍ਹਾਂ ਦੇ ਨਾਂ ਕਾਲੀ-ਸੂਚੀ ਵਿੱਚ ਦਰਜ ਕੀਤੇ ਜਾਣਗੇ ਅਤੇ ਯੂਨੀਵਰਸਿਟੀ ਦੁਆਰਾ ਸੇਵਾ-ਫਲ ਵਾਲਾ ਕੋਈ ਕੰਮ ਜਿਸ ਵਿੱਚ ਪਰੀਖਕ/ਉਪ-ਪਰੀਖਕ ਆਦਿ ਦਾ ਕੰਮ ਸ਼ਾਮਲ ਹੈ, ਉਨ੍ਹਾਂ ਨੂੰ ਨਹੀਂ ਦਿੱਤਾ ਜਾਵੇਗਾ। ਉਹ ਮੁੱਦਤ ਜਿਸ ਲਈ ਉਹ ਵਰਜਿਤ ਰਹਿਣਗੇ, ਵਾਈਸ-ਚਾਂਸਲਰ ਦੁਆਰਾ ਤੈਅ ਕੀਤੀ ਜਾਵੇਗੀ।

ਸਾਵਧਾਨੀ

(i) ਸੁਪਰਡੈਂਟ, ਉਸ ਦੁਆਰਾ ਹਰੇਕ ਵਿਅਕਤੀ ਅਤੇ ਡਿਪਟੀ ਸੁਪਰਡੈਂਟ ਨੂੰ ਅਲਾਟ ਕੀਤੀਆਂ ਡਿਊਟੀਆਂ ਦਾ ਵਿਸਤਾਰ-ਪੂਰਵਕ ਵੇਰਵਾ ਰਖੇਗਾ ਅਤੇ ਘੱਟ ਤੋਂ ਘੱਟ ਛੇ ਮਹੀਨੇ ਲਈ ਉਸ ਨੂੰ ਸਾਂਭ ਕੇ ਰਖੇਗਾ। ਉਹ ਹਰੇਕ ਨਿਗਰਾਨ ਦੁਆਰਾ ਦਸਖ਼ਤ ਕੀਤੀ ਸਾਰਣੀ ਰੱਖੇਗਾ ਜਿਸ ਵਿੱਚ ਉਹ ਰੋਲ ਨੰਬਰ ਵਿਖਾਏ ਹੋਣਗੇ ਜਿਨ੍ਹਾਂ ਦੀ ਨਿਗਰਾਨੀ ਉਸ ਨਿਗਰਾਨ ਨੇ ਹਰੇਕ ਦਿਨ ਕੀਤੀ।

(ii) ਸੁਪਰਡੈਂਟ ਨਿਗਰਾਨ ਅਮਲੇ ਦੇ ਹਰੇਕ ਮੈਂਬਰ ਨੂੰ ਵੀ ਇੱਕ ਸਰਟੀਫ਼ਿਕੇਟ ਦੇਵੇਗਾ ਜਿਸ ਵਿੱਚ ਉਨ੍ਹਾਂ ਸੈਸ਼ਨਾਂ ਦੀ ਗਿਣਤੀ ਵਿਖਾਈ ਗਈ ਹੋਵੇਗੀ ਜਿਨ੍ਹਾਂ ਵਿੱਚ ਉਸ ਨੇ ਕੰਮ ਕੀਤਾ।

(iii) ਡਿਪਟੀ ਸੁਪਰਡੈਂਟ, ਸਹਾਇਕ ਸੁਪਰਡੈਂਟ (ਕਲਰਕ, ਨਿਗਰਾਨ ਅਤੇ ਨੌਕਰ ਚਾਕਰ ਅਮਲਾ) ਤੋਂ ਸੁਪਰਡੈਂਟ ਇੱਕ ਇਹ ਸਰਟੀਫ਼ਿਕੇਟ ਵੀ ਹਾਸਲ ਕਰੇਗਾ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਦੁਆਰਾ ਨਾਕਾਬਲ ਨਹੀਂ ਕੀਤਾ ਗਿਆ ਜਾਂ ਕੋਈ ਤਾੜਨਾ ਨਹੀਂ ਦਿੱਤੀ ਗਈ ਅਤੇ ਉਸ ਕੇਂਦਰ ਵਿੱਚ ਪਰੀਖਿਆ ਦੇਣ ਵਾਲਿਆਂ ਵਿੱਚ ਨਾ ਤਾਂ ਉਸ ਦਾ ਕੋਈ ਰਿਸ਼ਤੇਦਾਰ ਸੀ ਅਤੇ ਨਾ ਹੀ ਕੋਈ ਅਜਿਹਾ ਉਮੀਦਵਾਰ ਸੀ ਜਿਸ ਨੂੰ ਉਸ ਨੇ ਪ੍ਰਾਈਵੇਟ ਤੌਰ ਤੇ ਪੜ੍ਹਾਇਆ ਹੋਵੇ।

9. ਪ੍ਰੈਕਟੀਕਲ ਪਰੀਖਿਆਵਾਂ ਲਈ ਪ੍ਰਯੋਗਸ਼ਾਲਾ-ਅਮਲੇ ਦੀ ਨਿਯੁਕਤੀ ਅਤੇ ਸੇਵਾ-ਫਲ ਬਾਰੇ :

(ੳ) ਨਿਯੁਕਤੀ :

| | | |
|---|---|---|
| 1 | ਸੀਨੀਅਰ ਲੈਕਚਰ ਸਹਾਇਕ | ਇੱਕ |
| 2 | ਜੂਨੀਅਰ ਲੈਕਚਰ ਸਹਾਇਕ | ਇੱਕ |
| 3 | ਲੈਬਾਰਟਰੀ ਅਟੈਂਡੈਂਟ | ਦੋ |
| 4 | ਗੈਸਮੈਨ ਜਾਂ ਮਕੈਨੀਕਲ ਅਟੈਂਡੈਂਟ/ ਇੰਸਟਰੂਮੈਂਟ ਮੇਕਰ/ਪੌਦਾ ਸੰਗ੍ਰਹਿਕ/ ਜਾਨਵਰ ਸੰਗ੍ਰਹਿਕ ਜਾਂ ਉਸ ਦੇ ਤੁੱਲ ਆਸਾਮੀ (ਵਿਸ਼ੇ ਦੀ ਲੋੜ ਅਨੁਸਾਰ) | ਇੱਕ |
| 5 | ਸਫ਼ਾਈ ਸੇਵਕ | ਇੱਕ |

(ਅ) ਸੇਵਾ-ਫਲ :

ਉਪਰੋਕਤ (ੳ) ਅਨੁਸਾਰ ਨਿਯੁਕਤ ਪ੍ਰਯੋਗਸ਼ਾਲਾ ਅਮਲੇ ਦੇ ਵੱਖ-ਵੱਖ ਵਰਗਾਂ ਨੂੰ ਸੇਵਾ-ਫਲ ਪ੍ਰਤੀ ਸੈਸ਼ਨ/ਪ੍ਰਤੀ ਉਮੀਦਵਾਰ ਸਮੇਂ-ਸਮੇਂ ਮੁਕੱਰਰ ਦਰਾਂ ਅਨੁਸਾਰ ਅਦਾ ਕੀਤਾ ਜਾਵੇਗਾ।

ਪ੍ਰੈਕਟੀਕਲਾਂ ਵਿੱਚ ਵਰਗ IV ਦੇ ਲਾਏ ਗਏ ਸਭ ਵਿਅਕਤੀਆਂ ਨੂੰ ਕੇਂਦਰ ਦੇ ਸੁਪਰਡੈਂਟ ਪਾਸ ਮੌਜੂਦ ਪੇਸ਼ਗੀ/ਇੰਪ੍ਰੈਸਟ ਵਿੱਚੋਂ ਮੌਕੇ ਤੇ ਅਦਾਇਗੀ ਕੀਤੀ ਜਾਵੇਗੀ।

ਆਨਰਜ਼ ਸਕੂਲ ਅਤੇ ਪੇਸ਼ਾਵਰਾਨਾ ਪਰੀਖਿਆਵਾਂ ਦੇ ਪਰੀਖਕਾਂ ਦੇ ਸਹਾਇਕ (ਡੈਮਾਨਸਟਰੇਟਰ), ਪੇਸ਼ਾਵਰਾਨਾ ਕਾਲਜਾਂ ਦੇ ਲੈਕਚਰਾਰਾਂ ਅਤੇ ਆਨਰਜ਼ ਦੀਆਂ ਜਮਾਤਾਂ ਦੇ ਸੀਨੀਅਰ ਲੈਕਚਰਾਰਾਂ ਅਤੇ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਦੇ ਲੈਕਚਰਾਰਾਂ ਨੂੰ ਸੇਵਾ-ਫਲ ਪ੍ਰਤੀ ਦਿਨ ਦੇ ਹਿਸਾਬ ਨਾਲ ਸਮੇਂ- ਸਮੇਂ ਮੁਕੱਰਰ ਦਰਾਂ ਅਨੁਸਾਰ ਅਦਾ ਕੀਤਾ ਜਾਵੇਗਾ।

(ੲ) ਇਤਫ਼ਾਕੀਆ ਖ਼ਰਚੇ :

ਵੱਖ-ਵੱਖ ਵਿਸ਼ਿਆਂ ਲਈ ਪ੍ਰੈਕਟੀਕਲ ਦੀਆਂ ਪਰੀਖਿਆਵਾਂ ਤੇ ਉਠਾਏ ਜਾਣ ਵਾਲੇ ਇਤਫ਼ਾਕੀਆ ਖ਼ਰਚ ਸਮੇਂ-ਸਮੇਂ ਸਿਰ ਮੁਕੱਰਰ ਦਰਾਂ ਅਨੁਸਾਰ ਹੋਣਗੇ।

10. ਪੇਸ਼ਾਵਰਾਨਾ ਪਰੀਖਿਆਵਾਂ :

ਰਸਾਇਣ ਵਿਗਿਆਨ, ਜੀਵ ਵਿਗਿਆਨ ਅਤੇ ਭੌਤਿਕ ਵਿਗਿਆਨ ਦੇ ਸਿਵਾਏ ਫਾਰਮੇਸੀ ਵਿੱਚ ਡਿਪਲੋਮਾ ਅਤੇ ਡਰੈਸਰ ਕੋਰਸ ਪਰੀਖਿਆ ਦੇ ਲਈ ਸੰਬੰਧਤ ਸੰਸਥਾ/ਵਿਭਾਗ ਦੇ ਮੁਖੀ ਦੁਆਰਾ ਤਸਦੀਕ ਕੀਤਾ ਵਾਸਤਵਿਕ ਖ਼ਰਚ, ਵਿਸ਼ੇ ਲਈ ਅਦਾ ਕੀਤਾ ਜਾਵੇਗਾ, ਜਿਸ ਸੂਰਤ ਵਿੱਚ ਇਤਫ਼ਾਕੀਆ ਖ਼ਰਚ ਉਹੀ ਹੋਣਗੇ ਜੋ ਪ੍ਰੈਕਟੀਕਲ ਪਰੀਖਿਆਵਾਂ ਲਈ ਮੁਕੱਰਰ ਕੀਤੇ ਗਏ ਹਨ।

11. ਅਣ-ਉਚਿਤ ਸਾਧਨਾਂ ਦੀ ਵਰਤੋਂ ਰੋਕਣ ਲਈ ਪਰੀਖਿਆ ਕੇਂਦਰਾਂ ਦੇ ਨਿਰੀਖਣ ਲਈ ਇਨਸਪੈਕਟਰਾਂ ਅਤੇ ਨਿਗਰਾਨ ਅਮਲੇ ਦੀ ਨਿਯੁਕਤੀ

(i) ਕਾਲਜ ਦਾ ਪ੍ਰਿੰਸੀਪਲ ਆਪਣੇ ਕਾਲਜ ਵਿਚਲੇ ਪਰੀਖਿਆ ਕੇਂਦਰ (ਕੇਂਦਰਾਂ) ਦੇ ਕੋਆਰਡੀਨੇਟਰ ਵਜੋਂ ਕੰਮ ਕਰੇਗਾ। ਉਹ ਸਾਲਾਨਾ ਪਰੀਖਿਆਵਾਂ ਵਿੱਚ ਕੇਂਦਰ ਦਾ ਘੱਟ ਤੋਂ ਘੱਟ ਚਾਰ ਵਾਰ ਅਤੇ ਅਨੁਪੂਰਕ ਪਰੀਖਿਆਵਾਂ ਵਿੱਚ ਦੋ ਵਾਰ ਨਿਰੀਖਣ ਕਰੇਗਾ ਅਤੇ ਇਸ ਸੰਬੰਧ ਵਿੱਚ ਪਰੀਖਿਆ ਦੇ ਦਿਨਾਂ ਦੇ ਦੌਰਾਨ ਕੰਟਰੋਲਰ (ਪਰੀਖਿਆਵਾਂ) ਨੂੰ ਸਪਤਾਹਕ ਰਿਪੋਰਟਾਂ ਭੇਜੇਗਾ।

(ii) ਡਿਪਟੀ ਕੋਆਰਡੀਨੇਟਰ ਕੇਵਲ ਇੱਕ ਕੇਂਦਰ ਲਈ ਨਿਯੁਕਤ ਕੀਤਾ ਜਾਵੇਗਾ। ਹਰਿਕ ਸੰਬੱਧ ਕਾਲਜ ਦਾ ਪ੍ਰਿੰਸੀਪਲ ਮੰਗ ਕੀਤੇ ਜਾਣ ਤੇ ਕੰਟਰੋਲਰ (ਪਰੀਖਿਆਵਾਂ) ਨੂੰ :

(ੳ) ਘੱਟੋ-ਘੱਟ ਦੋ ਜਾਂ ਤਿੰਨ ਸੀਨੀਅਰ ਅਤੇ ਇਤਬਾਰਯੋਗ ਸਟਾਫ਼ ਮੈਂਬਰਾਂ ਦੇ ਨਾਂ ਭੇਜੇਗਾ ਜਿਨ੍ਹਾਂ ਨੂੰ ਕੇਂਦਰ ਸੁਪਰਡੈਂਟ ਲਾਇਆ ਜਾ ਸਕੇ;

(ਅ) ਸਟਾਫ਼ ਦੇ ਘੱਟੋ-ਘੱਟ ਚਾਰ ਸੀਨੀਅਰ ਮੈਂਬਰਾਂ ਦੇ ਨਾਂ ਭੇਜੇਗਾ ਜਿਨ੍ਹਾਂ ਨੂੰ ਡਿਪਟੀ ਸੁਪਰਡੈਂਟ ਲਾਇਆ ਜਾ ਸਕੇ;

(ੲ) ਸੰਬੰਧਤ ਸੰਸਥਾ ਤੋਂ ਉਸ ਪਰੀਖਿਆ ਵਿੱਚ ਬੈਠਣ ਵਾਲੇ ਹਰ 4● ਉਮੀਦਵਾਰਾਂ ਲਈ ਘੱਟੋ-ਘੱਟ ਇੱਕ ਅਧਿਆਪਕ ਦੇ ਹਿਸਾਬ ਨਾਲ, ਅਧਿਕਤਮ ਦਰ ਦੇ ਤਾਬੇ, ਡਿਪਟੀ ਸੁਪਰਡੈਂਟਾਂ ਦੇ ਨਾਂ ਭੇਜੇਗਾ।

(iii) ਜਿਥੋਂ ਤੱਕ ਹੋ ਸਕੇ, ਇੱਕ ਵਕਤ ਤੇ ਇੱਕ ਕੇਂਦਰ ਵਿੱਚ 3●● ਤੋਂ ਵੱਧ ਪਰੀਖਿਆਰਥੀ ਨਹੀਂ ਹੋਣੇ ਚਾਹੀਦੇ।

(iv) ਕਿਸੇ ਕੇਂਦਰ ਵਿੱਚ ਘੱਟ ਤੋਂ ਘੱਟ ਇੱਕ ਡਿਪਟੀ ਸੁਪਰਡੈਂਟ ਉਸ ਸੰਸਥਾ ਤੋਂ ਬਾਹਰ ਦਾ ਹੋਣਾ ਚਾਹੀਦਾ ਹੈ ਜਿਸ ਵਿੱਚ ਕੇਂਦਰ ਵਾਕਿਆ ਹੋਵੇ ਅਤੇ ਬਾਕੀ ਦਾ ਨਿਗਰਾਨ ਅਮਲਾ 5● : 5● ਦੀ ਨਿਸਬਤ ਵਿੱਚ ਹੋਣਾ ਚਾਹੀਦਾ ਹੈ। 5● ਫ਼ੀ ਸਦੀ ਉਸ ਕਾਲਜ ਦੇ ਅਧਿਆਪਕਾਂ ਵਿੱਚੋਂ ਅਤੇ ਬਾਕੀ ਦਾ 5● ਫ਼ੀ ਸਦੀ ਹੋਰ ਸੰਸਥਾਵਾਂ ਤੋਂ:

ਪਰੰਤੂ ਜਿਨ੍ਹਾਂ ਕਾਲਜਾਂ ਵਿੱਚ ਵੱਡੇ ਪੈਮਾਨੇ ਤੇ ਨਕਲ ਹੋਈ ਹੋਵੇ ਜਾਂ ਪਰੀਖਿਆ ਕੇਂਦਰ ਦੇ ਅੰਦਰ ਜਾਂ ਆਸ-ਪਾਸ ਅਨੁਸ਼ਾਸਨ ਢਿੱਲਾ ਰਿਹਾ ਹੋਵੇ, ਉਸ ਕਾਲਜ ਦੇ ਅਮਲੇ ਨੂੰ ਆਪਣੇ ਕਾਲਜਾਂ ਵਿੱਚ ਸਥਿਤ ਕੇਂਦਰਾਂ ਵਿੱਚ ਨਿਗਰਾਨੀ ਦੀ ਡਿਊਟੀ ਤੇ ਨਹੀਂ ਲਾਇਆ ਜਾਵੇਗਾ।

(v) ਕਾਲਜ ਵਿੱਚ ਬਾਹਰ ਤੋਂ ਲਾਏ ਗਏ ਨਿਗਰਾਨ ਅਮਲੇ ਦੀ ਰਿਹਾਇਸ਼ ਦਾ ਪ੍ਰਬੰਧ ਕਰਨ ਦੀ ਜ਼ਿੰਮੇਂਵਾਰੀ ਕਾਲਜ ਦੇ ਪ੍ਰਿੰਸੀਪਲ ਦੀ ਹੋਵੇਗੀ। ਉਨ੍ਹਾਂ ਦੇ ਖਾਣ-ਪੀਣ ਦੇ ਪ੍ਰਬੰਧ ਵੀ ਪ੍ਰਿੰਸੀਪਲ ਦੁਆਰਾ, ਉਨ੍ਹਾਂ ਦੁਆਰਾ ਅਦਾਇਗੀ ਕੀਤੇ ਜਾਣ ਤੇ, ਕੀਤੇ ਜਾ ਸਕਣਗੇ।

(vi) ਪਰੀਖਿਆ ਲਈ ਫ਼ਰਨੀਚਰ ਦਾ, ਅਤੇ ਘੜੀ, ਰੋਸ਼ਨੀ, ਪੱਖਿਆਂ ਆਦਿ ਦਾ ਪੂਰਾ-ਪੂਰਾ ਪ੍ਰਬੰਧ ਕਰਨਾ ਕਾਲਜ ਦੀ ਜ਼ਿੰਮੇਂਵਾਰੀ ਹੋਵੇਗੀ। ਇਸ ਸੰਬੰਧ ਵਿੱਚ ਕੀਤਾ ਗਿਆ ਖ਼ਰਚ ਕਾਲਜ ਦੇ ਸੰਮਿਲਤ ਫ਼ੰਡ ਤੇ ਜਾਇਜ਼ ਭਾਰ ਹੋਵੇਗਾ।

(vii) ਵੱਖ-ਵੱਖ ਪਰੀਖਿਆਵਾਂ ਲਈ ਲੋੜੀਂਦੇ ਕੋਰੇ ਉੱਤਰ-ਪਰਚੇ ਉਚਿੱਤ ਦੇਖ-ਰੇਖ ਅਧੀਨ ਤਾਲਾ-ਬੰਦ ਰੱਖਣ ਦਾ ਪ੍ਰਬੰਧ ਪ੍ਰਿੰਸੀਪਲ ਕਰੇਗਾ ਅਤੇ ਉਹ ਕੋਰੇ ਉੱਤਰ-ਪਰਚਿਆਂ ਦੀ ਖਪਤ ਬਾਰੇ ਸਮੇਂ-ਸਮੇਂ ਰਿਪੋਰਟ ਭੇਜੇਗਾ।

(viii) ਕੇਂਦਰ ਸੁਪਰਡੈਂਟ ਨੂੰ ਚਾਹੀਦਾ ਹੈ ਕਿ ਉਹ ਨਿਗਰਾਨ ਅਮਲੇ ਨੂੰ ਡਿਊਟੀਆਂ ਦੀ ਵੰਡ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖੇ ਕਿ, ਜਿਥੋਂ ਤੱਕ ਹੋ ਸਕੇ, ਕਿਸੇ ਖ਼ਾਸ ਵਿਸ਼ੇ ਦੇ ਉਸ ਕਾਲਜ ਦੇ ਅਧਿਆਪਕ ਨੂੰ ਉਸ ਦਿਨ ਡਿਊਟੀ ਤੇ ਨਾ ਲਾਇਆ ਜਾਵੇ ਜਦ ਪਰਚਾ ਉਸ ਵਿਸ਼ੇ ਦਾ ਹੋਵੇ ਜੋ ਉਹ ਪੜ੍ਹਾਉਂਦਾ ਹੈ।

(ix) ਪਰੀਖਿਆ ਕੇਂਦਰ ਚਲਾਉਣ ਲਈ ਲੋੜੀਂਦਾ ਨੌਕਰ ਚਾਕਰ ਅਮਲਾ ਪ੍ਰਿੰਸੀਪਲ ਦੁਆਰਾ ਦਿੱਤਾ ਜਾਵੇਗਾ।

12. ਇਨਸਪੈਕਟਰਾਂ ਲਈ ਮਾਨ-ਭੇਟਾ

ਯੂਨੀਵਰਸਿਟੀ ਪਰੀਖਿਆ ਕੇਂਦਰਾਂ ਦੇ ਇਨਸਪੈਕਟਰਾਂ ਨੂੰ ਨਿਰੀਖਣ ਫ਼ੀਸ ਮੁਕੱਰਰ ਦਰਾਂ ਤੇ, ਵੱਧ ਤੋਂ ਵੱਧ ਦੋ ਕੇਂਦਰ ਪ੍ਰਤੀ ਦਿਨ ਦੇ ਤਾਬੇ, ਅਦਾ ਕੀਤੀ ਜਾਵੇਗੀ।

13. *ਪਰੀਖਿਆ ਕੇਂਦਰਾਂ ਦੇ ਨਿਰੀਖਣ ਲਈ ਫ਼ਲਾਇੰਗ ਸੁਕੈਡ

(i) ਫ਼ਲਾਇੰਗ ਸੁਕੈਡ ਦੇ ਅਫ਼ਸਰਾਂ ਅਤੇ ਫ਼ਲਾਇੰਗ ਸੁਕੈਡ ਅਫ਼ਸਰਾਂ ਦੇ ਨਾਲ ਜਾਣ ਵਾਲਿਆਂ ਨੂੰ ਮੁਕੱਰਰ ਅਧਿਕਤਮ ਰਕਮ ਦੇ ਤਾਬੇ, ਅਜਿਹੇ ਰੋਜ਼ਾਨਾ ਦਰਾਂ ਤੇ, ਮਾਨ ਭੇਟਾ ਅਦਾ ਕੀਤੀ ਜਾਵੇਗੀ, ਜੋ ਮੁਕੱਰਰ ਕੀਤੇ ਜਾਣ। ਇਸ ਤੋਂ ਇਲਾਵਾ ਉਨ੍ਹਾਂ ਨੂੰ ਯੂਨੀਵਰਸਿਟੀ ਦੇ ਨਿਯਮਾਂ ਅਧੀਨ ਮਿਲਣਯੋਗ ਰੋਜ਼ਾਨਾ ਭੱਤਾ ਅਦਾ ਕੀਤਾ ਜਾਵੇਗਾ। ਉਨ੍ਹਾਂ ਨੂੰ ਕੋਈ ਸਫ਼ਰ ਭੱਤਾ ਨਹੀਂ ਦਿੱਤਾ ਜਾਵੇਗਾ ਕਿਉਂਕਿ ਉਹ ਯੂਨੀਵਰਸਿਟੀ ਦੇ ਖ਼ਰਚ ਤੇ ਕਾਰ/ਟੈਕਸੀ ਵਿੱਚ ਸਫ਼ਰ ਕਰ ਰਹੇ ਹੋਣਗੇ। ਫ਼ਲਾਇੰਗ ਸੁਕੈਡ ਨੂੰ ਟੈਕਸੀ/ਆਪਣੀ ਕਾਰ ਦੀ ਵਰਤੋਂ ਕਰਨ ਲਈ ਚਾਰਜਿਜ਼, ਮੁਕੱਰਰ ਦਰ, ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਅਦਾ ਕੀਤੇ ਜਾਣਗੇ।

(ii) ਕਿਸੇ ਕੇਂਦਰ ਵਿਖੇ ਪਰੀਖਿਆ ਦੇ ਰਹੇ ਉਮੀਦਵਾਰ ਦੀ ਪੂਰੀ ਪੜਤਾਲ/ਤਲਾਸ਼ੀ ਲੈਣ ਲਈ ਫ਼ਲਾਇੰਗ ਸੁਕੈਡ ਅਫ਼ਸਰ ਆਪਣੇ ਨਾਲ ਆਪਣੇ ਅਮਲੇ ਵਿੱਚੋਂ ਦੋ ਜਾਂ ਤਿੰਨ ਇਤਬਾਰੀ ਮੈਂਬਰ ਲਿਜਾ ਸਕੇਗਾ।

(iii) ਜਿਸ ਪ੍ਰਿੰਸੀਪਲ ਨੂੰ ਫ਼ਲਾਇੰਗ ਸੁਕੈਡ ਅਫ਼ਸਰ ਨਿਯੁਕਤ ਕੀਤਾ ਜਾਵੇ, ਉਹ ਕਾਲਜ ਦੇ ਪਰੀਖਿਆ ਕੇਂਦਰ (ਕੇਂਦਰਾਂ) ਦੇ ਇੰਸਪੈਕਟਰ ਵਜੋਂ ਕੰਮ ਕਰਦਾ ਰਹੇਗਾ ਅਤੇ ਇਸ ਲਈ ਉਸ ਨੂੰ ਅਜਿਹਾ ਸੇਵਾ-ਫਲ ਅਦਾ ਕੀਤਾ ਜਾਵੇਗਾ। ਜਿਹਾ ਇਨ੍ਹਾਂ ਔਰਡਿਨੈਂਸਾਂ ਅਧੀਨ ਉਪਬੰਧਤ ਹੋਵੇ।

---

* ਇਹ ਔਰਡਿਨੈਂਸ ਅਧਿਆਪਨ ਅਤੇ ਗ਼ੈਰ-ਅਧਿਆਪਨ ਅਮਲੇ ਦੋਹਾਂ ਨੂੰ ਲਾਗੂ ਹੋਵੇਗਾ।

14. ਵੱਖ-ਵੱਖ ਕੋਰਸਾਂ ਲਈ ਪ੍ਰਵੇਸ਼ ਟੈਸਟ ਲਈ ਅਦਾਇਗੀਯੋਗ ਸੇਵਾ-ਫਲ

ਕੋਆਰਡੀਨੇਟਰ :

ੳ. ਪ੍ਰਾਸਪੈਕਟਸ ਦੀ ਤਿਆਰੀ

| | |
|---|---|
| (i) 3 ਦੀ ਗਿਣਤੀ ਤੱਕ | ਮੁਕੱਰਰ ਕੀਤੇ ਅਨੁਸਾਰ |
| (ii) 4 ਤੋਂ 8 ਦੀ ਗਿਣਤੀ ਤੱਕ | -ਉਹੀ- |
| (iii) 9 ਅਤੇ ਉਸ ਤੋਂ ਉਪਰ ਗਿਣਤੀ ਦੇ | -ਉਹੀ- |

ਅ. ਪ੍ਰਸ਼ਨ-ਪੱਤਰ ਪਾਉਣ ਲਈ ਤਾਲ-ਮੇਲ

| | |
|---|---|
| (i) 1 ਤੋਂ 5 ਪਰਚੇ | ਮੁਕੱਰਰ ਕੀਤੇ ਅਨੁਸਾਰ |
| (ii) 6 ਤੋਂ 1● ਪਰਚੇ | -ਉਹੀ- |
| (iii) 1● ਤੋਂ ਉੱਪਰ | -ਉਹੀ- |

ਨੋਟ :

(ੳ) ਡਿਪਟੀ ਰਜਿਸਟਰਾਰ (ਗੁਪਤ ਸ਼ਾਖਾ) ਉਸ ਦੇ ਸਟਾਫ਼ ਅਤੇ ਸੰਬੰਧਤ ਕੋਆਰਡੀਨੇਟਰ ਨੂੰ ਪਰਵਾਨਤ ਸੇਵਾ-ਫਲ ਦੀ ਅਦਾਇਗੀ 6●:4● ਦੇ ਅਨੁਪਾਤ ਵਿੱਚ ਕੀਤੀ ਜਾਵੇਗੀ।

(ਅ) ਡਿਪਟੀ ਰਜਿਸਟਰਾਰ (ਗੁਪਤ ਸ਼ਾਖਾ) ਨੂੰ ਮਿਲਣ ਵਾਲੇ ਸੇਵਾਫਲ ਦਾ 6● ਪ੍ਰਤੀਸ਼ਤ ਦਿੱਤਾ ਜਾਵੇ ਅਤੇ ਬਾਕੀ ਦਾ 4● ਪ੍ਰਤੀਸ਼ਤ ਸੁਪਰਡੈਂਟ(ਗੁਪਤ) ਅਤੇ ਨਿੱਜੀ ਸਹਾਇਕ(ਗੁਪਤ ਸ਼ਾਖਾ) ਨੂੰ 3:2 ਦੇ ਅਨੁਪਾਤ ਅਨੁਸਾਰ ਅਦਾ ਕੀਤਾ ਜਾਵੇ।

(ੲ) ਸੰਚਾਲਨ ਅਤੇ ਮੁਲਾਂਕਣ

| | |
|---|---|
| (i) 4●●● ਉਮੀਦਵਾਰਾਂ ਤੱਕ | ਮੁਕੱਰਰ ਕੀਤੇ ਅਨੁਸਾਰ |
| (ii) 4●●●ਤੋਂਵੱਧਅਤੇ 8●●●ਉਮੀਦਵਾਰਾਂਤੱਕ | -ਉਹੀ- |
| (iii) 8●●● ਜਾਂ ਵੱਧ ਉਮੀਦਵਾਰ | ਮੁਕੱਰਰ ਰਾਸ਼ੀ ਜਮਾਂ ਪ੍ਰਤੀ ਉਮੀਦਵਾਰ ਮੁਕੱਰਰ ਦਰ (ਸ਼ਰਤ ਇਹ ਹੈ ਕਿ ਇਹ ਰਾਸ਼ੀ ਵੱਧ ਤੋਂ ਵੱਧ ਮੁਕੱਰਰ ਰਕਮ ਦੀ ਸੀਮਾ ਤੋਂ ਨਹੀਂ ਵਧੇਗੀ।) |

ਨੋਟ

ਜਿਨ੍ਹਾਂ ਪ੍ਰਵੇਸ਼ ਟੈਸਟਾਂ ਵਿੱਚ ਕੋਆਰਡੀਨੇਟਰਾਂ ਦੇ ਨਾਲ ਕੋ-ਕੋਆਰਡੀਨੇਟਰ ਵੀ ਨਿਯੁਕਤ ਕੀਤਾ ਜਾਵੇ ਉਨ੍ਹਾਂ ਵਿੱਚ ਕੋ-ਕੋਆਰਡੀਨੇਟਰ ਨੂੰ ਅਦਾਇਗੀਯੋਗ ਸੇਵਾਫਲ ਕੋਆਰਡੀਨੇਟਰ ਨੂੰ ਮਿਲਣ ਵਾਲੇ ਸੇਵਾਫਲ ਦਾ 75 ਪ੍ਰਤੀਸ਼ਤ ਹੋਵੇਗਾ।

ਜਿਥੇ ਗਰੁੱਪ ਡਿਸ਼ਕਸ਼ਨ/ਇੰਟਰਵਿਊ ਅਤੇ ਕਾਊਂਸਲਿੰਗ ਆਦਿ ਹੁੰਦੀ ਹੈ, ਉਥੇ ਸੰਬੰਧਤ ਅਮਲੇ ਨੂੰ ਮਾਨ ਭੇਟਾ ਹੇਠ–ਲਿਖੇ ਅਨੁਸਾਰ ਅਦਾ ਕੀਤੀ ਜਾਵੇਗੀ:–

(ਸ) ਵਿਸ਼ੇਸੱਗ ਮਸ਼ਵਰਾ, ਕਾਉਂਸਲਿੰਗ ਅਤੇ ਕਾਉਂਸਲਿੰਗ ਨਾਲ ਸੰਬੰਧਤ ਕੰਮ :

(ਰੈਂਕ ਅਨੁਸਾਰ)

| | | |
|---|---|---|
| 1. | ਕੋਆਰਡੀਨੇਟਰ | ਮੁਕੱਰਰ ਰਾਸ਼ੀ ਪ੍ਰਤੀ ਦਿਨ |
| 2. | ਕੋ–ਕੁਆਰਡੀਨੇਟਰ | –ਉਹੀ– |
| 3. | ਪ੍ਰੋਫ਼ੈਸਰ | –ਉਹੀ– |
| 4. | ਰੀਡਰ | –ਉਹੀ– |
| 5. | ਲੈਕਚਰਾਰ | –ਉਹੀ– |
| 6. | ਸੁਪਰਡੈਂਟ | –ਉਹੀ– |
| 7. | ਸਹਾਇਕ ਰਜਿਸਟਰਾਰ ਜਾਂ ਉਸ ਦੇ ਬਰਾਬਰ | –ਉਹੀ– |
| 8. | ਸੀਨੀਅਰ ਅਫ਼ਸਰ (ਸਹਾਇਕ ਰਜਿਸਟਰਾਰ ਤੋਂ ਬਿਨਾਂ ਹੋਰ) | –ਉਹੀ– |

## ਅਧਿਆਏ-XXXII

# ਵੱਖ-ਵੱਖ ਪ੍ਰਕਾਰ ਦੇ ਸਰਟੀਫ਼ਿਕੇਟ ਆਦਿ ਲੈਣ ਲਈ ਫ਼ੀਸਾਂ

1. ਵੱਖ-ਵੱਖ ਪ੍ਰਕਾਰ ਦੇ ਸਰਟੀਫ਼ਿਕੇਟ ਜਾਰੀ ਕਰਨ ਲਈ ਚਾਰਜ ਕੀਤੀਆਂ ਜਾਣ ਵਾਲੀਆਂ ਫ਼ੀਸਾਂ ਅਜਿਹੀਆਂ ਹੋਣਗੀਆਂ ਜਿਹੀਆਂ ਸਮੇਂ-ਸਮੇਂ ਮੁਕੱਰਰ ਕੀਤੀਆਂ ਜਾਣ।

2 ਜੇ ਕੋਈ ਉਮੀਦਵਾਰ ਕੋਈ ਸਰਟੀਫ਼ਿਕੇਟ ਤੁਰੰਤ ਲੈਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਦੁਗਣੀ ਫ਼ੀਸ ਅਦਾ ਕਰਨੀ ਪਵੇਗੀ। ਅਜਿਹਾ ਸਰਟੀਫ਼ਿਕੇਟ 48 ਘੰਟਿਆਂ ਦੇ ਅੰਦਰ ਰਜਿਸਟਰਡ ਡਾਕ ਰਾਹੀ ਭੇਜਿਆ ਜਾਵੇਗਾ।

*ਡੁਪਲੀਕੇਟ ਸਰਟੀਫ਼ਿਕੇਟ/ਡਿਗਰੀ ਆਦਿ ਜਾਰੀ ਕਰਨ ਲਈ ਕਿਸੇ ਕਲਾਸ ਦੇ ਇੱਕ ਭਾਗ ਦੇ ਡੁਪਲੀਕੇਟ ਸਰਟੀਫ਼ਿਕੇਟ ਜਾਂ ਕਲਾਸ ਦੀ ਡਿਗਰੀ ਲਈ ਵੱਧ ਤੋਂ ਵੱਧ ਫ਼ੀਸ 2000/- ਰੁਪਏ ਹੋਵੇਗੀ :

ਪਰੰਤੂ ਕਿਸੇ ਵਿਦਿਆਰਥੀ ਦੀ ਬੇਨਤੀ ਤੇ ਉਸ ਦੀਆਂ ਸਾਰੀਆਂ ਸੰਬੰਧਤ ਕਲਾਸਾਂ ਦੇ ਸਰਟੀਫ਼ਿਕੇਟ/ਡਿਗਰੀ ਇੱਕੋ ਸਮੇਂ ਡੁਪਲੀਕੇਟ ਜਾਰੀ ਕਰਨ ਲਈ ਕੁੱਲ ਫ਼ੀਸ ਦਸ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਵੇਗੀ।

3 ਜੇ ਕਰ ਕੋਈ ਪਾਤਰ ਵਿਦਿਆਰਥੀ ਕਿਸੇ ਪਰੀਖਿਆ ਲਈ ਫ਼ਾਰਮ/ਫ਼ੀਸ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾਉਂਦਾ ਹੈ ਅਤੇ ਯੂਨੀਵਰਸਿਟੀ ਉਸ ਨੂੰ ਲੋੜੀਂਦੀ ਸਰਵਿਸ ਕਿਸੇ ਕਾਰਨਾਂ ਕਰਕੇ ਮੁਹੱਈਆਂ ਕਰਨ ਤੋਂ ਅਸਮਰਥ ਰਹਿੰਦੀ ਹੈ ਤਾਂ ਅਜਿਹੇ ਵਿਦਿਆਰਥੀ ਵੱਲੋਂ ਜਮ੍ਹਾਂ ਕਰਵਾਈ ਫ਼ੀਸ ਦਾ 90% ਹਿੱਸਾ ਉਸ ਵਿਦਿਆਰਥੀ ਨੂੰ ਵਾਪਸ ਕਰ ਦਿੱਤਾ ਜਾਵੇਗਾ। ਪਰ ਇਹ ਲਾਭ ਉਨ੍ਹਾਂ ਕੇਸਾਂ ਵਿੱਚ ਨਹੀਂ ਦਿੱਤਾ ਜਾਵੇਗਾ, ਜਿਥੇ ਪਾਤਰਤਾ ਨਾ ਰੱਖਣ ਵਾਲਾ ਵਿਦਿਆਰਥੀ ਕਿਸੇ ਪਰੀਖਿਆ ਲਈ ਪਰੀਖਿਆ ਫ਼ੀਸ, ਲੇਟ ਫ਼ੀਸ ਆਦਿ ਜਮ੍ਹਾਂ ਕਰਵਾਉਂਦਾ ਹੈ।

4 ਸਮੈਸਟਰ ਪ੍ਰਣਾਲੀ ਦੇ ਰੈਗੂਲਰ ਵਿਦਿਆਰਥੀਆਂ ਲਈ ਇੱਕ, ਦੋ ਜਾਂ ਦੋ ਤੋਂ ਵੱਧ ਰੀ-ਅਪੀਅਰ ਪੇਪਰਾਂ ਲਈ ਪਰੀਖਿਆ ਫ਼ੀਸ ਅਜਿਹੀ ਹੋਵੇਗੀ ਜਿਹੀ ਸਮੇਂ-ਸਮੇਂ ਮੁਕੱਰਰ ਕੀਤੀ ਜਾਵੇ।

---

* ਸਿੰਡੀਕੇਟ ਮਿਤੀ 30.8.2005 (ਪੈਰਾ 45.40)

## ਅਧਿਆਏ-XXXIII
# ਪਰੀਖਕਾਂ ਨੂੰ ਸੇਵਾ-ਫਲ

1. ਸੇਵਾਫਲ ਦਾ ਪੈਮਾਨਾ

ਯੂਨੀਵਰਸਿਟੀ ਪਰੀਖਿਆਵਾਂ ਲਈ

ਯੂਨੀਵਰਸਿਟੀ ਪਰੀਖਿਆਵਾਂ ਲਈ ਪਰਚਾ ਪਾਉਣ ਵਾਲਿਆਂ, ਮੁੱਖ ਪਰੀਖਕਾਂ ਅਤੇ ਉਪ-ਪਰੀਖਕਾਂ ਅਤੇ ਵਾਹਦ ਪਰੀਖਕਾਂ ਨੂੰ ਅਦਾ ਕੀਤੇ ਜਾਣ ਵਾਲੇ ਸੇਵਾ-ਫਲ ਦਾ ਪੈਮਾਨਾ ਅਜਿਹਾ ਹੋਵੇਗਾ ਜਿਹਾ ਮੁਕੱਰਰ ਕੀਤਾ ਜਾਵੇ।

ਪ੍ਰਸ਼ਨ ਪੱਤਰ ਦਾ ਕਿਸੇ ਹੋਰ ਭਾਸ਼ਾ ਵਿਚ ਅਨੁਵਾਦ ਕਰਨ ਲਈ ਨਿਯੁਕਤ ਕੀਤੇ ਗਏ ਵਿਅਕਤੀ ਨੂੰ ਅਨੁਵਾਦ ਲਈ ਮੁਕੱਰਰ ਫ਼ੀਸ ਅਦਾ ਕੀਤੀ ਜਾਵੇਗੀ।

ਡਾਕਟੋਰੇਟ ਡਿਗਰੀ ਦੀ ਪਰੀਖਿਆ ਲਈ

ਡਾਕਟੋਰੇਟ ਡਿਗਰੀ ਪਰੀਖਿਆ ਲਈ ਪਰੀਖਕਾਂ ਨੂੰ ਅਦਾਇਗੀਯੋਗ ਸੇਵਾਫਲ ਦੇ ਦਰ ਉਹ ਹੋਣਗੇ ਜੋ ਮੁਕੱਰਰ ਕੀਤੇ ਜਾਣ। ਸੇਵਾ-ਫਲ ਦਾ ਉਪਬੰਧ ਨਿਮਨ-ਅਨੁਸਾਰ ਕੀਤਾ ਜਾ ਸਕੇਗਾ:-

(ੳ) (i) ਥੀਸਿਸ ਦਾ ਮੁਲਾਂਕਣ ਲਈ ਸੇਵਾ-ਫਲ

(ii) ਥੀਸਿਸ ਦਾ ਮੁੜ-ਮੁਲਾਂਕਣ ਕਰਨ ਲਈ ਸੇਵਾ-ਫਲ

(iii) ਜ਼ਬਾਨੀ ਪਰੀਖਿਆ ਲੈਣ ਦਾ ਸੇਵਾ-ਫਲ

(ਅ) ਅੰਦਰੂਨੀ ਪਰੀਖਕ ਨੂੰ ਲਿਖਤੀ, ਜ਼ਬਾਨੀ ਜਾਂ ਪ੍ਰੈਕਟੀਕਲ ਪਰੀਖਿਆ ਲੈਣ ਲਈ ਸੇਵਾ-ਫਲ ।

(ੲ) ਅਜਿਹੇ ਬੈਰੂਨੀ ਪਰੀਖਕ ਨੂੰ ਸੇਵਾ-ਫਲ ਜੋ ਪੀ-ਐੱਚ. ਡੀ. ਡਿਗਰੀ ਲਈ ਕਿਸੇ ਉਮੀਦਵਾਰ ਦੀ ਜ਼ਬਾਨੀ ਪਰੀਖਿਆ ਲੈਂਦਾ ਹੈ ਪਰ ਥੀਸਿਸ ਦਾ ਮੁਲਾਂਕਣ ਨਹੀਂ ਕਰਦਾ।

(ਸ) ਯੂਨੀਵਰਸਿਟੀ ਦੇ ਕਿਸੇ ਅਜਿਹੇ ਅਧਿਆਪਕ ਦੁਆਰਾ, ਜੋ ਪੀ-ਐੱਚ. ਡੀ. ਨਹੀਂ ਹੈ ਅਤੇ ਜਿਸ ਨੂੰ ਐਮ. ਫ਼ਿਲ. ਅਧਿਆਪਨ ਦਾ ਕੰਮ ਸੌਂਪਿਆ ਜਾਣਾ ਹੈ, ਪੇਸ਼ ਕੀਤੀ ਗਈ "ਪ੍ਰਕਾਸ਼ਤ ਖੋਜ ਰਚਨਾਂ" ਦੇ ਮੁਲਾਂਕਣ ਲਈ ਨਿਯੁਕਤ ਕੀਤੇ ਗਏ ਮਾਹਿਰ ਪਰੀਖਕ ਨੂੰ ਹਰਿਕ ਅਸਾਈਨਮੈਂਟ ਲਈ ਸੇਵਾ-ਫਲ।

(ਹ) ਡਾਕਟੋਰੇਟ ਡਿਗਰੀ ਤੋਂ ਕਿਸੇ ਉਚੇਰੀ ਡਿਗਰੀ ਦੀ ਪਰੀਖਿਆ ਲਈ ਸੇਵਾ-ਫਲ ।

2. ਇਤਫ਼ਾਕੀਆ ਖ਼ਰਚੇ ਦੀ ਅਦਾਇਗੀ

(ੳ) ਉਪ-ਪਰੀਖਕਾਂ ਨੂੰ ਅਦਾਇਗੀ-ਯੋਗ ਇਤਫ਼ਾਕੀਆ ਖ਼ਰਚਿਆਂ ਵਿੱਚ ਨਿਮਨ-ਲਿਖਤ ਖ਼ਰਚੇ ਸ਼ਾਮਲ ਕੀਤੇ ਜਾ ਸਕਣਗੇ :-

(i) ਡਾਕ ਅਤੇ ਹੋਰ ਅਨੁਸੰਗਕ ਖ਼ਰਚੇ।

(ii) ਉਪ-ਪਰੀਖਕ ਨੰਬਰ ਲੱਗੇ ਪਰਚੇ ਆਪਣੇ ਮੁੱਖ ਪਰੀਖਕਾਂ ਨੂੰ 'ਪਹਿਲਾਂ ਅਦਾਇਗੀ' ਕਰਕੇ ਭੇਜਣਗੇ, ਨਾ ਕਿ "ਅਦਾਇਗੀ ਯੋਗ"।

(iii) ਜੇ ਮੁਕੱਰਰ ਦਰਾਂ ਅਨੁਸਾਰ ਉੱਕੇ ਪੁੱਕੇ ਖ਼ਰਚੇ ਮਨਜ਼ੂਰ ਕੀਤੇ ਗਏ ਹੋਣ ਤਾਂ ਵੱਖਰੇ ਬਿੱਲ ਪੇਸ਼ ਕਰਨ ਦੀ ਲੋੜ ਨਹੀਂ ਹੋਵੇਗੀ। ਜੇ ਉਪ-ਪਰੀਖਕ ਨੇ ਮੁਕੱਰਰ ਉੱਕੇ ਪੁੱਕੇ ਖ਼ਰਚੇ ਤੋਂ ਵੱਧ ਖ਼ਰਚਾ ਉਠਾਇਆ ਹੋਵੇ, ਤਾਂ ਉਸ ਨੂੰ ਖ਼ਰਚੇ ਦੀਆਂ ਠੀਕ ਤਰ੍ਹਾਂ ਤਸਦੀਕੀਆਂ ਮੂਲ ਰਸੀਦਾਂ ਪੇਸ਼ ਕਰਨ ਤੇ ਅਦਾਇਗੀ ਕੀਤੀ ਜਾਵੇਗੀ।

(iv) ਜਿਨ੍ਹਾਂ ਉਪ-ਪਰੀਖਕਾਂ ਦੇ ਸਦਰ-ਮਕਾਮ ਰੇਲ ਦੁਆਰਾ ਨਾ ਜੁੜੇ ਹੋਣ ਅਤੇ ਨਿਕਟਤਮ ਰੇਲਵੇ ਸਟੇਸ਼ਨ 8 ਕਿਲੋਮੀਟਰ ਤੋਂ ਵੱਧ ਦੂਰ ਹੋਵੇ, ਉਨ੍ਹਾਂ ਨੂੰ ਆਪਣੇ ਨੰਬਰ ਲਗੇ ਉੱਤਰ-ਪਰਚੇ ਮੁੱਖ ਪਰੀਖਕਾਂ ਨੂੰ ਰੇਲ ਦੀ ਥਾਵੇਂ ਰਜਿਸਟਰਡ ਡਾਕ ਰਾਹੀਂ ਭੇਜਣ ਦੀ ਇਜਾਜ਼ਤ ਹੈ। ਉਪ-ਪਰੀਖਕਾਂ ਤੋਂ ਲੋੜਿਆ ਜਾਂਦਾ ਹੈ ਕਿ ਉਹ ਉੱਤਰ ਪਰਚੇ ਭੇਜਣ ਤੋਂ ਪਹਿਲਾਂ ਇਸ ਬਾਰੇ ਪੂਰੀ ਪੁੱਛ-ਗਿੱਛ ਕਰਨ। ਉਨ੍ਹਾਂ ਨੂੰ ਇਤਫ਼ਾਕੀਆ ਖ਼ਰਚੇ ਹੇਠ-ਲਿਖੇ ਅਨੁਸਾਰ ਅਦਾ ਕੀਤੇ ਜਾਣਗੇ:-

(i) ਅਦਾ ਕੀਤੇ-ਵਾਊਚਰ ਪੇਸ਼ ਕਰਨ ਤੇ ਵਾਸਤਵਿਕ ਡਾਕ ਖ਼ਰਚ;

(ii) ਹੇਠ-ਲਿਖਿਆ ਸਰਟੀਫਿਕੇਟ ਪੇਸ਼ ਕਰਨ ਤੇ ਮੋਹਰ ਲਾਉਣ ਲਈ ਲਾਖ ਆਦਿ ਦਾ ਮੁਕੱਰਰ ਦਰਾਂ ਤੇ ਖ਼ਰਚਾ :-

"ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਲਾਖ, ਪੈਕ ਕਰਨ ਆਦਿ ਉੱਤੇ -
-------ਰੁਪਏ ਖ਼ਰਚ ਕੀਤੇ ਹਨ।"

(ਅ) ਮੁੱਖ-ਪਰੀਖਕਾਂ ਨੂੰ ਅਦਾਇਗੀ-ਯੋਗ ਇਤਫ਼ਾਕੀਆ ਖ਼ਰਚੇ ਵਿੱਚ ਹੇਠ-ਲਿਖੇ ਖ਼ਰਚੇ ਸ਼ਾਮਲ ਕੀਤੇ ਜਾ ਸਕਣਗੇ :-

(i) ਵਾਸਤਵਿਕ ਡਾਕ ਖ਼ਰਚ/ਰੇਲ ਭਾੜਾ ਖ਼ਰਚੇ, ਮੂਲ ਵਾਊਚਰ ਪੇਸ਼ ਕਰਨ ਤੇ ;

(ii) ਹੇਠ ਲਿਖੇ ਅਨੁਸਾਰ ਸਰਟੀਫਿਕੇਟ ਜਾਂ ਅਦਾ ਕੀਤੇ ਵਾਊਚਰ ਪੇਸ਼ ਕਰਨ ਤੇ ਸੀਲ ਕਰਨ ਲਈ ਲਾਖ, ਮੋਮ ਆਦਿ ਲਈ ਮੁਕੱਰਰ ਖਰਚੇ;

'ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਸੀਲ ਕਰਨ ਲਈ ਲਾਖ, ਮੋਮ, ਪੈਕ ਕਰਨ ਆਦਿ ਤੇ ------- ਰੁਪਏ ਖਰਚ ਕੀਤੇ ਹਨ'

(iii) ਪੈਕਿੰਗਲਈਕ ੱਪੜਾ, ਬੋਰੀ, ਹਸੀਅਨ ਕਪੜੇ ਤੇ ਵਾਸਤਵਿਕ ਖ਼ਰਚੇ ;

(iv) ਰੇਲਵੇ ਸਟੇਸ਼ਨ ਤੋਂ ਨਿਵਾਸ ਅਸਥਾਨ ਤੱਕ ਕੇਵਲ ਉੱਤਰ-ਪਰਚੇ ਲਿਆਉਣ ਲਈ ਢੁਆਈ ਖ਼ਰਚ ;

(v) ਨੌਕਰਾਂ ਲਈ ਮੁਕੱਰਰ ਭੱਤਾ ਮੂਲ ਵਾਊਚਰ ਪੇਸ਼ ਕਰਨ ਤੇ।

(ੲ) ਹੋਰ ਪਰੀਖਕਾਂ ਨੂੰ ਅਦਾਇਗੀ-ਯੋਗ ਇਤਫ਼ਾਕੀਆ ਖ਼ਰਚੇ :

(i) ਮੁੱਫ਼ਸਲ ਅਤੇ ਸਥਾਨਿਕ ਪਰੀਖਕਾਂ ਨੂੰ ਜਾਂ ਤਾਂ ਮੁਕੱਰਰ ਦਰਾਂ ਅਨੁਸਾਰ ਅਦਾਇਗੀ ਕੀਤੀ ਜਾਵੇਗੀ, ਜਾਂ ਮੂਲ ਵਾਊਚਰ ਪੇਸ਼ ਕਰਨ ਤੇ; ਵਾਸਤਵਿਕ ਡਾਕ ਖ਼ਰਚ ਜਾਂ ਰੇਲ ਭਾੜਾ ਖ਼ਰਚੇ, ਅਤੇ ਰੇਲਵੇ ਸਟੇਸ਼ਨ ਤੋਂ ਨਿਵਾਸ ਅਸਥਾਨ ਤੱਕ ਕੇਵਲ ਉੱਤਰ-ਪਰਚੇ ਲਿਆਉਣ ਲਈ ਢੁਆਈ ਖ਼ਰਚ (ਟੈਕਸੀ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀ ਹੈ), ਮੂਲ ਰਸੀਦ ਪੇਸ਼ ਕਰਨ ਤੇ;

(ii) ਐਵਾਰਡਜ਼ ਅਤੇ ਥੀਸਿਸ/ਖੋਜ-ਨਿਬੰਧ ਆਦਿ ਦੀ ਭਿਜਵਾਈ ਤੇ ਉਠਾਏ ਜਾਣ ਵਾਲੇ ਡਾਕ ਖ਼ਰਚੇ ਵੀ ਪਰੀਖਕਾਂ ਨੂੰ ਅਦਾ ਕੀਤੇ ਜਾਣਗੇ।

(iii) ਵੱਖ-ਵੱਖ ਯੂਨੀਵਰਸਿਟੀ ਪਰੀਖਿਆਵਾਂ ਲਈ ਪਰਚੇ ਪਾਉਣ ਵਾਲਿਆਂ ਨੂੰ ਉਨ੍ਹਾਂ ਦੇ ਸਵੀਕ੍ਰਿਤੀ ਫ਼ਾਰਮ ਅਤੇ ਬੀਮਾ ਕਰਵਾ ਕੇ ਪ੍ਰਸ਼ਨ ਪੱਤਰ ਭੇਜਣ ਤੇ ਆਏ ਡਾਕ ਖ਼ਰਚੇ ਦੀ ਪੂਰਤੀ ਲਈ ਇਤਫ਼ਾਕੀਆ ਖ਼ਰਚੇ ਮੁਕੱਰਰ ਦਰਾਂ ਤੇ ਅਦਾ ਕੀਤੇ ਜਾਣਗੇ।

(ਸ) ਕਲਰਕੀ ਸਹਾਇਤਾ

(i) ਦੋ ਉਪ-ਪਰੀਖਕਾਂ ਤੱਕ ਲਈ ਕੋਈ ਕਲਰਕੀ ਭੱਤਾ ਅਦਾ ਨਹੀਂ ਕੀਤਾ ਜਾਵੇਗਾ।

(ii) ਤਿੰਨ ਜਾਂ ਤਿੰਨ ਤੋਂ ਵੱਧ ਉਪ-ਪਰੀਖਕਾਂ ਲਈ ਕਲਰਕੀ ਸਹਾਇਤਾ ਲਈ ਅਦਾਇਗੀ ਮੁਕੱਰਰ ਦਰਾਂ ਤੇ ਕੀਤੀ ਜਾਵੇਗੀ।

(ਹ) *ਮੁਲਾਂਕਣ ਕੇਂਦਰਾਂ ਵਿਖੇ ਨਿਯੁਕਤ ਕੀਤੇ ਜਾਂਦੇ ਕੋ-ਆਰਡੀਨੇਟਰ ਅਤੇ ਹੋਰ ਸਹਾਇਕ ਅਮਲੇ ਦੀ ਪ੍ਰਤੀ ਕੇਂਦਰ ਗਿਣਤੀ ਅਤੇ ਸੇਵਾ ਫਲ ਅਪ੍ਰੈਲ 2●●8 ਦੀਆਂ ਪਰੀਖਿਆਵਾਂ ਤੋਂ ਹੇਠ ਲਿਖੇ ਅਨੁਸਾਰ ਹੋਵੇਗਾ :

| ਲੜੀ ਨੰ: | ਅਹੁਦਾ | ਗਿਣਤੀ | ਸੇਵਾ ਫਲ |
|---|---|---|---|
| 1. | ਕੋਆਰਡੀਨੇਟਰ | ਇੱਕ | 8●●●/- ਰੁਪਏ (ਉੱਕਾ-ਪੁੱਕਾ) |
| 2. | ਕੋ-ਕੋਆਰਡੀਨੇਟਰ | ਇੱਕ | 6●●●/- ਰੁਪਏ (ਉੱਕਾ-ਪੁੱਕਾ) |
| 3. | ਸਹਾਇਕ/ਜੂਨੀਅਰ ਸਹਾਇਕ/ਕਲਰਕ | ਤਿੰਨ | 4●●●/- ਰੁਪਏ ਪ੍ਰਤੀ ਕਰਮਚਾਰੀ (ਉੱਕਾ-ਪੁੱਕਾ) |
| 4. | ਦਫ਼ਤਰੀ/ਸੇਵਾਦਾਰ | ਚਾਰ | 25●●/- ਰੁਪਏ ਪ੍ਰਤੀ ਕਰਮਚਾਰੀ (ਉੱਕਾ-ਪੁੱਕਾ) |
| 5. | ਸਫ਼ਾਈ ਸੇਵਕ | ਇੱਕ | 75●/- ਰੁਪਏ ਉੱਕਾ-ਪੁੱਕਾ |
| 6. | ਚੌਂਕੀਦਾਰ | ਦੋ | 75●/- ਰੁਪਏ ਪ੍ਰਤੀ ਕਰਮਚਾਰੀ ਉੱਕਾ-ਪੁੱਕਾ |

## ਆਮ ਨਿਯਮ

1. (i) ਉੱਤਰ-ਪਰਚਿਆਂ ਦਾ ਮੁਲਾਂਕਣ ਕਰਨ ਵਾਲੇ ਪਰੀਖਕਾਂ ਨੂੰ ਸੇਵਾਫਲ ਦੀ ਨਕਦ ਅਦਾਇਗੀ ਕਰਨ ਦੇ ਪ੍ਰਯੋਜਨ ਲਈ ਗੁਪਤ ਸ਼ਾਖਾ ਵਿੱਚ ਇੰਪਰੈਸਟ ਦੀ ਮੁਕੱਰਰ ਰਾਸ਼ੀ ਡਿਪਟੀ ਰਜਿਸਟਰਾਰ/ਸਹਾਇਕ ਰਜਿਸਟਰਾਰ (ਗੁਪਤ ਸ਼ਾਖਾ) ਦੇ ਨਾਂ ਤੇ ਰਖੀ ਜਾਵੇਗੀ।

(ii) **ਯੂਨੀਵਰਸਿਟੀ ਪਰੀਖਿਆਵਾਂ ਦੀਆਂ ਉੱਤਰ-ਕਾਪੀਆਂ ਦੇ ਮੁਲਾਂਕਣ ਦੇ ਸੇਵਾਫਲ ਦੀ ਪਰੀਖਕਾਂ ਨੂੰ ਨਕਦ ਅਦਾਇਗੀ ਕਰਨ ਹਿਤ ਸਥਾਪਿਤ ਕੀਤੇ ਗਏ ਇੰਪਰੈਸਟ ਵਿੱਚੋਂ ਹੇਠ ਲਿਖੇ ਕੰਮਾਂ ਦੇ ਸੇਵਾਫਲ ਦੀ ਨਕਦ ਅਦਾਇਗੀ ਕੀਤੀ ਜਾ ਸਕਦੀ ਹੈ :-

(ੳ) ਯੂਨੀਵਰਸਿਟੀ ਵੱਲੋਂ ਸਥਾਪਿਤ ਕੀਤੇ ਮੁਲਾਂਕਣ ਕੇਂਦਰਾਂ ਵਿਖੇ ਨਿਯੁਕਤ ਕੀਤੇ ਜਾਂਦੇ ਕੋ-ਆਰਡੀਨੇਟਰ/ਡਿਪਟੀ-ਕੋਆਰਡੀਨੇਟਰ ਅਤੇ ਹੋਰ ਗੈਰ-ਅਧਿਆਪਨ ਸਟਾਫ਼ (ਚੈਕਿੰਗ ਸਹਾਇਕ ਸਮੇਤ) ਨੂੰ ਸੇਵਾਫਲ ਦੀ ਅਦਾਇਗੀ।

(ਅ) ਕਾਲਜਾਂ ਦੇ ਪ੍ਰਿੰਸੀਪਲਾ ਅਤੇ ਉਸ ਦੇ ਸਹਾਇਕ ਗੈਰ-ਅਧਿਆਪਨ ਅਮਲੇ ਨੂੰ ਕਾਲਜ ਦੇ ਅਧਿਆਪਕਾਂ ਤੋਂ ਮੁਲਾਂਕਣ ਦਾ ਕੰਮ ਕਰਵਾ ਕੇ ਦੇਣ ਲਈ ਸੇਵਾਫਲ)

2. ਉਨ੍ਹਾਂ ਪਰੀਖਕਾਂ ਨੂੰ ਪਰਚਾ ਪਾਉਣ ਲਈ ਕੋਈ ਫ਼ੀਸ ਅਦਾ ਨਹੀਂ ਕੀਤੀ ਜਾਵੇਗੀ ਜੋ ਮੌਕੇ ਤੇ ਪ੍ਰੈਕਟੀਕਲ ਦੇ ਪਰਚੇ ਪਾਉਣਗੇ।

3. ਉਨ੍ਹਾਂ ਪਰੀਖਿਆਵਾਂ ਵਿੱਚ ਜਿਥੇ ਅੰਦਰੂਨੀ ਅਤੇ ਬੈਰੂਨੀ ਪਰੀਖਕ ਹੋਣ, ਹਰਿਕ ਪਰੀਖਕ ਨੂੰ ਪ੍ਰਤੀ ਉਮੀਦਵਾਰ ਦੇ ਹਿਸਾਬ ਪੂਰਾ ਸੇਵਾ ਫਲ ਅਦਾ ਕੀਤਾ ਜਾਵੇਗਾ, ਪਰ ਜੇ ਪਰੀਖਕਾਂ ਦੀ ਗਿਣਤੀ ਦੋ ਤੋਂ ਵੱਧ ਹੋਵੇ ਤਾਂ ਪ੍ਰਤੀ ਉਮੀਦਵਾਰ ਅਧਿਕਤਮ ਦੋ ਸੇਵਾ ਫਲ ਪ੍ਰਤੀ ਉਮੀਦਵਾਰ ਅਦਾ ਕੀਤੇ ਜਾਣਗੇ।

* ਸਿੰਡੀਕੇਟ ਮਿਤੀ 28.6.2●●8 (ਪੈਰਾ 27.3)

** ਸਿੰਡੀਕੇਟ ਮਿਤੀ 4.2.2●●5 ਦੁਆਰਾ ਜੋੜਿਆ ਗਿਆ।

4. ਸਾਲ ਵਿੱਚ ਦੋ ਵਾਰ ਹੋਣ ਵਾਲੀਆਂ ਪਰੀਖਿਆਵਾਂ ਦੇ ਪਰੀਖਕਾਂ ਨੂੰ ਵੱਖੋ-ਵੱਖਰੇ ਪਰੀਖਕ ਸਮਝਿਆ ਜਾਵੇਗਾ।

5. ਵਿਗਿਆਨ ਦੇ ਵਿਸ਼ਿਆਂ ਵਿੱਚ ਪ੍ਰੈਕਟੀਕਲ ਪਰੀਖਿਆਵਾਂ ਨੂੰ ਛੱਡ ਕੇ, ਘੱਟ ਤੋਂ ਘੱਟ ਸੇਵਾ-ਫਲ ਦਾ ਮਤਲਬ ਹੈ ਕਿਸੇ ਪਰੀਖਕ ਨੂੰ ਲਿਖਤੀ ਪਰੀਖਿਆ ਬਾਰੇ ਅਦਾ ਕੀਤੀ ਜਾਣ ਵਾਲੀ ਘੱਟ ਤੋਂ ਘੱਟ ਕੁੱਲ ਰਕਮ।

6. ਉਨ੍ਹਾਂ ਪਰੀਖਕਾਂ ਨੂੰ, ਜੋ ਪਰਚੇ ਦੋਹਾਂ ਭਾਸ਼ਾਵਾਂ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਪਾਉਣਗੇ, ਮੁਕੱਰਰ ਦਰਾਂ ਤੇ ਅਤਿਰਿਕਤ ਅਦਾਇਗੀ ਕੀਤੀ ਜਾਵੇਗੀ, ਅਤੇ ਉਨ੍ਹਾਂ ਪਰੀਖਕਾਂ ਦੀ ਸੂਰਤ ਵਿੱਚ ਜੋ ਪੰਜਾਬੀ ਵਿੱਚ ਪਰਚਾ ਨਾ ਪਾ ਸਕਦੇ ਹੋਣ, ਪਰਚਾ ਯੂਨੀਵਰਸਿਟੀ ਦੁਆਰਾ ਉਸੇ ਸੇਵਾ-ਫਲ ਤੇ ਅਨੁਵਾਦ ਕਰਵਾਇਆ ਜਾ ਸਕੇਗਾ।

7. ਪ੍ਰੈਕਟੀਕਲ ਪਰੀਖਿਆਵਾਂ ਲਈ ਜਿਹੜਾ ਪਰਚਾ ਪਾਉਣ ਵਾਲਾ ਦੋਹਾਂ ਭਾਸ਼ਾਵਾਂ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਪਰਚਾ ਪਾਵੇਗਾ ਉਸ ਨੂੰ ਮੁਕੱਰਰ ਦਰਾਂ ਤੇ ਅਤਿਰਿਕਤ ਸੇਵਾ-ਫਲ ਅਦਾ ਕੀਤਾ ਜਾਵੇਗਾ।

8. ਬੀ. ਏ./ਬੀ. ਐਸ-ਸੀ. ਅਤੇ ਬੀ. ਕਾਮ. ਦੀਆਂ ਪਰੀਖਿਆਵਾਂ ਲਈ ਪਰਚਾ ਪਾਉਣ ਵਾਲਿਆਂ ਨੂੰ ਉੱਤਰ-ਕਾਪੀਆਂ ਦੇ ਮੁਲਾਂਕਣ ਲਈ ਗਾਈਡ-ਲਾਈਨਜ਼ ਤਿਆਰ ਕਰਨ ਲਈ ਪਰਚਾ ਪਾਉਣ ਦੇ ਸੇਵਾ-ਫਲ ਤੋਂ ਵੱਖਰਾ ਸੇਵਾ-ਫਲ ਅਦਾ ਕੀਤਾ ਜਾਵੇਗਾ।
ਬੀ.ਏ., ਬੀ.ਐਸ-ਸੀ. ਅਤੇ ਬੀ.ਕਾਮ. ਦੀਆਂ ਅਪ੍ਰੈਲ/ਮਈ 2004 ਤੋਂ ਹੋਣ ਵਾਲੀਆਂ ਪਰੀਖਿਆਵਾਂ ਤੋਂ ਸੰਬੰਧਤ ਪੇਪਰ ਸੈੱਟਰ ਪ੍ਰਸ਼ਨ ਪੱਤਰ ਤਿਆਰ ਕਰਨ ਸਮੇਂ ਉੱਤਰ ਕਾਪੀਆਂ ਦੇ ਮੁਲਾਂਕਣ ਲਈ ਪ੍ਰਸਤਾਵਤ ਗਾਈਡ-ਲਾਈਨਜ਼ ਤਿਆਰ ਕਰਕੇ ਵਖਰੇ ਲਿਫ਼ਾਫ਼ੇ ਵਿੱਚ ਭੇਜਣਗੇ।

9. ਜਿਥੇ ਘੱਟ ਤੋਂ ਘੱਟ ਫ਼ੀਸ ਦਾ ਉਪਬੰਧ ਨਾ ਕੀਤਾ ਗਿਆ ਹੋਵੇ ਅਤੇ ਕਿਸੇ ਪਰੀਖਕ ਨੂੰ ਅਜਿਹੇ ਕਿਸੇ ਪਰਚੇ ਜਾਂ ਪਰਚਿਆਂ ਦੇ ਉਤੱਰਾਂ ਦੀ ਪਰੀਖਿਆ ਕਰਨ ਲਈ ਨਿਯੁਕਤ ਕੀਤਾ ਜਾਵੇ, ਜੋ ਉਸ ਨੇ ਨਾ ਪਾਇਆ ਹੋਵੇ/ਨ ਪਾਏ ਹੋਣ ਤਾਂ ਉਸ ਨੂੰ ਅਦਾ ਕੀਤਾ ਜਾਣ ਵਾਲਾ ਸੇਵਾ-ਫਲ ਉਸ ਫ਼ੀਸ ਦੇ ਅੱਧ ਤੋਂ ਘੱਟ ਨਹੀਂ ਹੋਵੇਗਾ ਜੋ ਪਰਚਾ ਜਾਂ ਪਰਚੇ ਪਾਉਣ ਲਈ ਅਦਾ ਕੀਤੀ ਗਈ ਹੈ।
ਇਸ ਤੋਂ ਇਲਾਵਾ, ਜੇ ਕੋਈ ਪਰੀਖਕ ਅਜਿਹੇ ਪਰਚੇ ਜਾਂ ਪਰਚਿਆਂ ਦੇ ਉੱਤਰਾਂ ਦੀ ਪਰੀਖਿਆ ਕਰਨ ਲਈ ਨਿਯੁਕਤ ਕੀਤਾ ਜਾਵੇ ਜੋ ਉਸ ਨੇ ਪੂਰਵ ਸਾਲ ਦੀ ਪਰੀਖਿਆ ਲਈ ਪਾਇਆ ਸੀ/ਪਾਏ ਸਨ ਤਾਂ ਉਸ ਨੂੰ ਅਦਾ ਕੀਤਾ ਜਾਣ ਵਾਲਾ ਸੇਵਾ-ਫਲ, ਉਸ ਸੇਵਾ-ਫਲ ਦੇ ਅੱਧ ਤੋਂ ਘੱਟ ਨਹੀਂ ਹੋਵੇਗਾ ਜੋ ਉਸ ਨੂੰ ਪਰਚਾ ਜਾਂ ਪਰਚੇ ਪਾਉਣ ਲਈ ਅਦਾ ਕੀਤਾ ਗਿਆ ਸੀ।

10. ਪੇਪਰ-ਸੈਟਰਾਂ/ਪਰੀਖਕਾਂ ਦੇ ਸੇਵਾ-ਫਲ ਵਿੱਚੋਂ ਵਿਦਿਆਰਥੀ ਸਹਾਇਤਾ ਫ਼ੰਡ ਲਈ ਅਤੇ ਹਾਲੀ-ਡੇ-ਹੋਮ ਲਈ ਕ੍ਰਮਵਾਰ 1% ਅਤੇ **4% ਦਰ ਤੇ ਕਟੌਤੀ ਕੀਤੀ ਜਾਵੇਗੀ:

---

* ਸਿੰਡੀਕੇਟ ਮਿਤੀ 29.10.2003.

** (ੳ) ਪੰਜਾਬੀ ਦਾ ਕੰਮ ਕਰਨ ਵਾਲੇ ਲੇਖਕਾਂ, ਸੋਧਕਾਂ ਅਤੇ ਅਨੁਵਾਦਕਾਂ, ਪਰੀਖਕਾਂ, ਪਰੀਖਿਆਵਾਂ ਲੈਣ ਲਈ ਨਿਯੁਕਤ ਕੀਤੇ ਗਏ ਨਿਗਰਾਨ ਅਮਲੇ ਦੇ ਸੇਵਾ-ਫਲ ਵਿੱਚੋਂ 4% ਕਟੌਤੀ ਕੀਤੀ ਜਾਵੇ।

(ਅ) ਯੂਨੀਵਰਸਿਟੀ ਦੁਆਰਾ ਹਰ ਸਾਲ ਆਪਣੇ ਫ਼ੰਡਾਂ ਵਿੱਚੋਂ ਬਰਾਬਰ ਦੀ ਰਕਮ ਪਾਈ ਜਾਵੇਗੀ।

ਪਰੰਤੂ ਇਹ ਕਿ ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਦੇ ਕਾਲਜਾਂ ਅਤੇ ਬਾਹਰਲੀਆਂ ਯੂਨੀਵਰਸਿਟੀਆਂ ਦੇ ਅਧਿਆਪਕਾਂ ਨੂੰ ਵੱਖ-ਵੱਖ ਪਰੀਖਿਆਵਾਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ/ਪੁਨਰ-ਮੁਲਾਂਕਣ ਕਰਨ, ਪਰਚਾ ਪਾਉਣ, ਪ੍ਰੈਕਟੀਕਲ ਅਤੇ ਪਰੀਖਿਆ ਕੇਂਦਰ ਤੇ ਨਿਯੁਕਤ ਕੀਤੇ ਜਾਂਦੇ ਸੁਪਰਵਾਈਜ਼ਰੀ ਅਮਲੇ ਦੇ ਸੇਵਾਫਲ ਵਿੱਚੋਂ 1% ਵਿਦਿਆਰਥੀ ਸਹਾਇਤਾ ਫ਼ੰਡ ਅਤੇ 4% ਹੋਲੀ-ਡੇ-ਹੋਮ ਫ਼ੰਡ ਦੀ ਕਟੌਤੀ ਨਹੀਂ ਕੀਤੀ ਜਾਵੇਗੀ।

11. ਆਰਟਸ ਅਤੇ ਵਿਗਿਆਨ ਫ਼ੈਕਲਟੀਆਂ ਵਿੱਚ ਮੁੱਖ ਵਿਸ਼ਿਆਂ ਦੇ ਸੰਬੰਧ ਵਿੱਚ ਕਿਸੇ ਪਰੀਖਕ ਨੂੰ ਦੋ ਤੋਂ ਵੱਧ ਪਰੀਖਕ-ਪਦ ਪੇਸ਼ ਨਹੀਂ ਕੀਤੇ ਜਾਣਗੇ ਅਤੇ ਉਨ੍ਹਾਂ ਤੋਂ ਹਾਸਲ ਹੋਣ ਵਾਲਾ ਕੁੱਲ ਸੇਵਾ-ਫਲ ਪ੍ਰਤੀ ਸਾਲ ਉਸ ਰਕਮ ਤੋਂ ਵੱਧ ਨਹੀਂ ਹੋਵੇਗਾ ਜੋ ਸਮੇਂ-ਸਮੇਂ ਮੁਕੱਰਰ ਕੀਤੀ ਜਾਵੇ ਅਤੇ ਕਿਸੇ ਸਾਲ ਕਿਸੇ ਅਧਿਆਪਕ ਨੂੰ ਉਸ ਰਕਮ ਤੋਂ ਵੱਧ ਹਾਸਲ ਹੋਈ ਰਕਮ ਅਧਿਆਪਕ ਹੋਲੀ-ਡੇ-ਹੋਮ ਫ਼ੰਡ ਵਿਚ ਜਮ੍ਹਾਂ ਕੀਤੀ ਜਾਵੇਗੀ।

12. ਪਰੀਖਕਾਂ ਅਤੇ ਮੁੱਖ-ਪਰੀਖਕਾਂ ਦੇ ਸੇਵਾ-ਫਲ ਵਿੱਚੋਂ 1● ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਆਪਣੇ-ਆਪ ਕਟੌਤੀ ਕਰ ਲਈ ਜਾਵੇਗੀ, ਜੇ ਐਵਾਰਡ ਨਿਯਮ ਅਧੀਨ ਮੁਕੱਰਰ ਕੀਤੀ ਗਈ ਤਰੀਕ ਤੱਕ ਨਾ ਪਹੁੰਚਣ:

ਪਰੰਤੂ ਵਾਈਸ-ਚਾਂਸਲਰ ਵਿਸ਼ੇਸ਼ ਹਾਲਾਤ ਅਧੀਨ ਦੇਰੀ ਖਿਮਾ ਕਰ ਸਕੇਗਾ :

ਪਰੰਤੂ ਇਹ ਹੋਰ ਕਿ ਪੋਸਟ-ਗ੍ਰੈਜੂਏਟ ਅਤੇ ਪ੍ਰੋਫ਼ੈਸ਼ਨਲ ਪਰੀਖਿਆਵਾਂ ਦੀ ਸੂਰਤ ਵਿਚ ਪਰੀਖਕਾਂ ਦੇ ਸੇਵਾ-ਫਲ ਵਿੱਚੋਂ ਅਜਿਹੀ ਕਟੌਤੀ ਨਹੀਂ ਕੀਤੀ ਜਾਵੇਗੀ, ਪਰ ਇਹ ਤਦ ਜੇ ਵਾਈਸ-ਚਾਂਸਲਰ ਦੁਆਰਾ ਇਸ ਦੇ ਉਲਟ ਨਿਰਦੇਸ਼ ਨਾ ਦਿੱਤਾ ਜਾਵੇ।

13. ਪਰਚਿਆਂ ਦੇ ਮੁਲਾਂਕਣ ਵਿੱਚ ਪਰੀਖਕ/ਪੜਤਾਲ ਸਹਾਇਕ ਦੁਆਰਾ ਕੀਤੀਆਂ ਗ਼ਲਤੀਆਂ ਲਈ ਸਜ਼ਾ :-

(ੳ) ਜਿੱਥੇ ਪਰੀਖਕ ਦੁਆਰਾ ਵੱਡੀ ਗ਼ਲਤੀ ਕੀਤੀ ਗਈ ਹੋਵੇ, ਅਰਥਾਤ, ਇਹ ਕਿ ਉਸ ਗ਼ਲਤੀ ਨੂੰ ਦਰੁੱਸਤ ਕਰਨ ਉਪਰੰਤ, ਕੱਚੇ ਜਾ ਚੁੱਕੇ ਨਤੀਜੇ ਵਿੱਚ ਸੋਧ ਕਰਨ ਦੀ ਲੋੜ ਪੈ ਜਾਵੇ, ਭਾਵ ਨਤੀਜਾ ਪਾਸ ਤੋਂ ਫ਼ੇਲ੍ਹ ਜਾਂ ਫ਼ੇਲ੍ਹ ਤੋਂ ਪਾਸ ਬਣਦਾ ਹੋਵੇ, ਤਾਂ ਉਸ ਸੂਰਤ ਵਿੱਚ ਕਸੂਰਵਾਰ ਪਰੀਖਕ ਨੂੰ ਦੋ ਸੌ ਰੁਪਏ ਪ੍ਰਤੀ ਗ਼ਲਤੀ ਦਾ ਡੰਨ ਲਾਇਆ ਜਾਵੇਗਾ, ਜੋ ਉਸ ਨੂੰ ਚਿੱਠੀ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਜਮ੍ਹਾਂ ਕਰਨ ਲਈ ਕਿਹਾ ਜਾਵੇਗਾ, ਜੇਕਰ ਉਸਦੀ ਬਣਦੀ ਮਾਨ-ਭੇਟਾ ਦੀ ਅਦਾਇਗੀ ਹਾਲੇ ਕਰਨੀ ਹੋਵੇ, ਤਾਂ ਇਹ ਡੰਨ ਦੀ ਰਕਮ ਉਸਦੀ ਮਾਨ-ਭੇਟਾ ਵਿਚੋਂ ਕੱਟ ਲਈ ਜਾਵੇਗੀ।

(ਅ) ਜਿੱਥੇ ਪਰੀਖਕ ਨੇ ਛੋਟੀ ਗ਼ਲਤੀ ਕੀਤੀ ਹੋਵੇ, ਭਾਵ ਕਿ ਗ਼ਲਤੀ ਨੂੰ ਦਰੁੱਸਤ ਕਰਨ ਉਪਰੰਤ ਨਤੀਜਾ ਜਿਉਂ ਦਾ ਤਿਉਂ ਰਹੇ, ਤਾਂ ਉਸ ਸੂਰਤ ਵਿੱਚ 50/- ਰੁਪਏ ਪ੍ਰਤੀ ਗ਼ਲਤੀ ਦਾ ਡੰਨ ਪਰੀਖਕ ਨੂੰ ਲਾਇਆ ਜਾਵੇਗਾ, ਜੋ ਉਸ ਨੂੰ ਚਿੱਠੀ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਜਾਵੇਗਾ।

(ੲ) ਜੇ ਕੋਈ ਪਰੀਖਕ ਇਹ ਡੰਨ ਇੱਕ ਮਹੀਨੇ ਦੇ ਅੰਦਰ ਜਮ੍ਹਾਂ ਨਹੀਂ ਕਰਾਵੇਗਾ ਤਾਂ ਉਸ ਨੂੰ ਯੂਨੀਵਰਸਿਟੀ ਦੇ ਸੇਵਾ-ਫਲ ਵਾਲੇ ਕਿਸੇ ਕੰਮ ਤੋਂ ਦੋ ਸਾਲ ਲਈ ਨਾਕਾਬਲ ਕੀਤਾ ਜਾਵੇਗਾ।

(ਸ) ਪਰੀਖਕ ਨਾਲ ਲੱਗੇ ਪੜਤਾਲ ਸਹਾਇਕ ਦੁਆਰਾ ਕੀਤੀਆਂ ਗਈਆਂ ਗ਼ਲਤੀਆਂ ਲਈ ਹੇਠ-ਲਿਖੇ ਅਨੁਸਾਰ ਡੰਨ ਲਾਇਆ ਜਾਵੇਗਾ :-

20/- ਰੁਪਏ ਪ੍ਰਤੀ ਵੱਡੀ ਗ਼ਲਤੀ ਲਈ;

10/- ਰੁਪਏ ਪ੍ਰਤੀ ਛੋਟੀ ਗ਼ਲਤੀ ਲਈ :

ਪਰੰਤੂ ਇਹ ਕਿ ਹਰੇਕ ਕੇਸ ਦੀ ਸਥਿਤੀ ਅਤੇ ਗੰਭੀਰਤਾ ਨੂੰ ਮੁੱਖ ਰਖਦੇ ਹੋਏ ਡੰਨ ਲਾਉਣ ਜਾਂ ਛੋਟ ਦੇਣ ਦਾ ਅਧਿਕਾਰ ਚੀਫ਼ ਕੋਆਰਡੀਨੇਟਰ (ਪਰੀਖਿਆਵਾਂ) ਨੂੰ ਹੋਵੇਗਾ।

14. ਕਿਸੇ ਕਰਮਚਾਰੀ ਦੁਆਰਾ ਡੀ-ਕੋਡਿੰਗ ਦੀ ਸਟੇਜ ਤੇ ਕੀਤੀਆਂ ਗ਼ਲਤੀਆਂ ਲਈ ਉਸ ਨੂੰ 50/- ਰੁਪਏ ਪ੍ਰਤੀ ਗ਼ ਲਤੀ ਦੇ ਹਿਸਾਬ ਡੰਨ ਲਾਇਆ ਜਾਵੇਗਾ। ਇਹ ਡੰਨ ਦੀ ਰਕਮ ਉਸਦੀ ਬਣਦੀ ਮਾਨ-ਭੇਟਾ ਵਿੱਚੋਂ ਕੱਟ ਲਈ ਜਾਵੇਗੀ, ਜੇ ਮਾਨ-ਭੇਟਾ ਦੀ ਰਕਮ 9 ਗ਼ਲਤੀਆਂ ਲਈ ਡੰਨ ਦੀ ਰਕਮ ਤੋਂ ਘੱਟ ਹੋਵੇ ਤਾਂ ਸਾਰੀ ਮਾਨ-ਭੇਟਾ ਜ਼ਬਤ ਹੋ ਜਾਵੇਗੀ। ਜਿਸ ਕਰਮਚਾਰੀ ਦੀਆਂ 10 ਜਾਂ ਉਸ ਤੋਂ ਵੱਧ ਗ਼ਲਤੀਆਂ ਹੋਣ, ਉਸਦੀ ਬਣਦੀ ਸਾਰੀ ਮਾਨ-ਭੇਟਾ ਜ਼ਬਤ ਕੀਤੀ ਜਾਵੇਗੀ।

## ਫੁਟਕਲ ਉਪਬੰਧ

1. ਪਰੀਖਕਾਂ ਨੂੰ ਅਦਾਇਗੀ ਦੇ ਪ੍ਰਯੋਜਨ ਲਈ ਭੂਗੋਲ ਦਾ 'ੲ' ਪਰਚਾ ਅਤੇ ਸੰਗੀਤ, ਵਿਗਿਆਨ ਦੇ ਵਿਸ਼ੇ ਸਮਝੇ ਜਾਣਗੇ।
2. ਮੁੱਖ-ਪਰੀਖਕ ਆਪਣੀ ਤੱਸਲੀ ਕਰਨ ਲਈ ਵਧੀਕ ਉੱਤਰ-ਪਰਚਿਆਂ ਦੀ ਮੁੜ-ਪਰੀਖਿਆ ਕਰ ਸਕੇਗਾ, ਪਰ ਉਸ ਨੂੰ ਪ੍ਰੈਕਟੀਕਲ ਦੀ ਸੂਰਤ ਵਿੱਚ 15 ਪ੍ਰਤੀਸ਼ਤ ਤੋਂ ਵੱਧ ਅਤੇ ਲਿਖਤੀ ਪਰੀਖਿਆ ਦੀ ਸੂਰਤ ਵਿੱਚ 10 ਪ੍ਰਤੀਸ਼ਤ ਤੋਂ ਵੱਧ ਲਈ, ਵਾਈਸ-ਚਾਂਸਲਰ ਦੀ ਪੂਰਵ ਮਨਜ਼ੂਰੀ ਤੋਂ ਬਿਨਾਂ, ਅਦਾਇਗੀ ਨਹੀਂ ਕੀਤੀ ਜਾਵੇਗੀ।
3. ਜੇ ਇੱਕ ਉਮੀਦਵਾਰ ਲਈ ਇੱਕ ਤੋਂ ਵੱਧ ਉਪ-ਪਰੀਖਕ ਹੋਣ ਤਾਂ ਇੱਕ ਸੇਵਾ-ਫਲ ਬਰਾਬਰ ਬਰਾਬਰ ਵੰਡਿਆ ਜਾਵੇਗਾ।

4. ਪ੍ਰਸ਼ਨ ਪਰਚਾ ਪਾਉਣ ਦਾ ਸੇਵਾ-ਫਲ ਕੋ-ਪੇਪਰ ਸੈਟਰਾਂ ਵਿੱਚ ਬਰਾਬਰ ਵੰਡਿਆ ਜਾਵੇਗਾ।

5. ਜਦੋਂ ਮੁੱਖ-ਪਰੀਖਕ ਅਤੇ ਉਪ-ਪਰੀਖਕ ਵਿਚਕਾਰ ਮਤ-ਭੇਦ ਹੋਣ ਦੀ ਸੂਰਤ ਵਿੱਚ ਵਾਈਸ-ਚਾਂਸਲਰ ਦੁਆਰਾ ਤੀਜਾ ਪਰੀਖਕ ਨਿਯਤ ਕੀਤਾ ਜਾਵੇ ਤਾਂ ਇੱਕ ਇਕੱਲੇ ਉੱਤਰ-ਪਰਚੇ ਦੀ ਪਰੀਖਿਆ ਲਈ ਨਿਯਤ ਸੇਵਾ-ਫਲ ਦੋਹਾਂ ਉਪ-ਪਰੀਖਕਾਂ ਵਿੱਚ, ਕੰਮ ਦੀ ਪ੍ਰਕਿਰਤੀ ਅਨੁਸਾਰ, ਵੰਡਿਆ ਜਾਵੇਗਾ। ਵੰਡ ਦਾ ਫ਼ੈਸਲਾ ਰਜਿਸਟਰਾਰ ਦੁਆਰਾ ਕੀਤਾ ਜਾਵੇਗਾ।

6. ਜੇ ਕੋਈ ਉੱਤਰ-ਪਰਚਾ ਭਾਗਾਂ ਵਿੱਚ ਵੰਡਿਆਂ ਹੋਵੇ, ਤਾਂ ਵੱਖ-ਵੱਖ ਭਾਗਾਂ ਲਈ ਅਦਾਇਗੀ ਇਸ ਤਰ੍ਹਾਂ ਵੰਡੀ ਜਾਵੇਗੀ ਕਿ ਉਹ ਪੂਰੇ ਪਰਚੇ ਦੀ ਪਰੀਖਿਆ ਦੇ ਸੇਵਾ-ਫਲ ਤੋਂ ਨਾ ਵਧੇ।

7. ਬੀ.ਏ./ਬੀ.ਐਸ-ਸੀ ਭਾਗ-II ਲਈ ਸੈਨਕ ਸਿਖਲਾਈ (ਅਤਿਰਿਕਤ/ ਅਖ਼ਤਿਆਰੀ) ਵਿਸ਼ੇ ਵਿੱਚ ਲਿਖਤੀ ਪਰਚਾ (ਜਲ ਸੈਨਕ ਅਤੇ ਵਾਯੂ ਸੈਨਕ ਵਿੰਗ) ਲਈ ਨਿਯੁਕਤ ਕੀਤੇ ਗਏ ਪਰਚਾ ਪਾਉਣ ਵਾਲੇ/ਪਰੀਖਕ ਨੂੰ ਜੋ ਪਰਚੇ ਦਾ 1/3 ਹਿੱਸਾ ਪਾਵੇਗਾ ਜਾਂ ਮੁਲਾਂਕਣ ਕਰੇਗਾ ਉਸ ਨੂੰ ਪੂਰਾ ਪਰਚਾ ਪਾਉਣ/ਪੂਰੇ ਉੱਤਰ-ਪਰਚਿਆਂ ਦੇ ਮੁਲਾਂਕਣ ਲਈ ਮਿਲਣਯੋਗ ਸੇਵਾ-ਫਲ ਦਾ 1/3 ਜਾਂ ਮੁਕੱਰਰ ਉੱਕੀ ਪੁੱਕੀ ਰਕਮ, ਇਨ੍ਹਾਂ ਵਿੱਚੋਂ ਜੋ ਵੀ ਵੱਧ ਹੋਵੇ, ਅਦਾ ਕੀਤੀ ਜਾਵੇਗੀ।

8. ਯੂਨੀਵਰਸਿਟੀ ਅਧਿਕਾਰ ਖੇਤਰ ਤੋਂ ਬਾਹਰ ਦੇ ਅਧਿਆਪਕਾਂ ਨੂੰ ਪ੍ਰਸ਼ਨ-ਪੱਤਰ ਮਾਡਰੇਟ ਕਰਨ ਲਈ, ਮਾਡਰੇਟਰ ਵਜੋਂ ਸੇਵਾ-ਫਲ ਦੀ ਅਦਾਇਗੀ, ਪੇਪਰ-ਸੈੱਟਰ ਨੂੰ ਅਦਾਇਗੀ ਯੋਗ ਸੇਵਾ-ਫਲ ਦੇ 1/3 ਦਰ ਤੇ ਕੀਤੀ ਜਾਵੇਗੀ।

9. ਕਲਾ ਦੇ ਪ੍ਰੈਕਟੀਕਲ ਵਿੱਚ ਪਰੀਖਕਾਂ ਨੂੰ ਅਦਾਇਗੀ ਪ੍ਰੈਕਟੀਕਲ ਪਰੀਖਿਆ ਦੇ ਵੱਖ-ਵੱਖ ਭਾਗਾਂ ਲਈ ਵੱਖਰੇ ਰੂਪ ਵਿੱਚ ਕੀਤੀ ਜਾਵੇਗੀ।

10. ਭੂਗੋਲ ਵਿੱਚ ਨਕਸ਼ੇ ਦੇ ਕੰਮ ਵਿਚ, ਨੰਬਰ ਲਾਉਣ ਦਾ ਪ੍ਰਤੀ ਉਮੀਦਵਾਰ ਸੇਵਾ-ਫਲ ਪਰੀਖਕਾਂ ਵਿੱਚ ਬਰਾਬਰ ਬਰਾਬਰ ਵੰਡਿਆ ਜਾਵੇਗਾ।

11. ਬੀ.ਏ./ਬੀ. ਐਸ-ਸੀ. (ਟੀ.ਡੀ. ਸੀ.) ਭਾਗ-II ਅਤੇ III ਲਈ ਰਸਾਇਣ ਵਿਗਿਆਨ ਅਤੇ ਭੌਤਿਕ ਵਿਗਿਆਨ ਅਤੇ ਜੀਵ ਵਿਗਿਆਨ ਦੇ ਵਿਸ਼ੇ ਅਤੇ ਬੀ. ਏ. ਭਾਗ-I,II ਅਤੇ III ਲਈ ਬਨਸਪਤੀ ਵਿਗਿਆਨ ਵਿੱਚ ਜਿਥੇ ਉਮੀਦਵਾਰ ਦੀ ਇੱਕ ਵਿਸ਼ੇ ਵਿੱਚ ਦੋ ਵਾਰ ਪਰੀਖਿਆ ਲਈ ਜਾਵੇ, ਉਥੇ ਪਰੀਖਕਾਂ ਨੂੰ ਪ੍ਰਤੀ ਉਮੀਦਵਾਰ ਪ੍ਰਤੀ ਪਰੀਖਕ ਦੋ ਸੇਵਾ-ਫਲ ਅਦਾ ਕੀਤੇ ਜਾਣਗੇ।

12. ਪਰੀਖਕਾਂ ਅਤੇ ਪ੍ਰਯੋਗਸ਼ਾਲਾ ਸਹਾਇਕਾਂ ਨੂੰ ਅਦਾਇਗੀ ਦੇ ਪ੍ਰਯੋਜਨਾਂ ਲਈ, ਮਨੋਵਿਗਿਆਨ ਵਿੱਚ ਬੀ.ਏ. (ਆਨਰਜ਼) ਪਰੀਖਿਆ ਨੂੰ ਵਿਗਿਆਨ ਦੇ ਵਿਸ਼ੇ ਦੀ ਪਰੀਖਿਆ ਮੰਨਿਆ ਜਾਵੇਗਾ।

13. ਬੀ.ਏ. ਮਨੋਵਿਗਿਆਨ ਦੀ ਪ੍ਰੈਕਟੀਕਲ ਪਰੀਖਿਆ ਵਿੱਚ 'ਸਬਜੈਕਟ' ਵਜੋਂ ਨਿਯੋਜਤ ਵਿਦਿਆਰਥੀਆਂ ਨੂੰ ਅਦਾਇਗੀ ਮੁਕੱਰਰ ਦਰਾਂ ਤੇ ਕੀਤੀ ਜਾਵੇਗੀ।

14. ਜੇ ਜ਼ਬਾਨੀ ਪਰੀਖਿਆ ਵਕੇਸ਼ਨਾਂ ਦੇ ਦੌਰਾਨ ਲਈ ਜਾਵੇ ਤਾਂ ਜ਼ਬਾਨੀ ਪਰੀਖਿਆਂ ਦੇ ਸੰਚਾਲਨ ਨਾਲ ਸ਼ਰੀਕ ਕੀਤੇ ਗਏ ਅੰਦਰੂਨੀ ਪਰੀਖਕਾਂ ਨੂੰ ਉਨ੍ਹਾਂ ਦੀ ਸਥਾਈ ਰਿਹਾਇਸ਼ ਦੀ ਥਾਂ (ਘਰ) ਤੋਂ ਪਰੀਖਿਆ ਦੇ ਅਸਥਾਨ ਤੱਕ ਅਤੇ ਉਥੋਂ ਵਾਪਸੀ ਲਈ ਕੇਵਲ ਵਾਸਤਵਿਕ ਸਫ਼ਰ ਖ਼ਰਚ ਅਦਾ ਕੀਤਾ ਜਾਵੇਗਾ। ਕੋਈ ਦੈਨਿਕ ਭੱਤਾ ਅਤੇ ਅਨੁਸੰਗਕ ਖ਼ਰਚੇ ਅਦਾ ਨਹੀਂ ਕੀਤੇ ਜਾਣਗੇ।

15. ਬੈਚੁਲਰ ਆਫ਼ ਲਾਇਬਰੇਰੀ ਸਾਇੰਸ ਦੀ 'ਹਵਾਲਾ ਸੇਵਾ' ਵਿੱਚ ਪ੍ਰੈਕਟੀਕਲ ਪਰੀਖਿਆ ਲਈ, ਪਰੀਖਿਆਵਾਂ ਦੇ ਸੰਚਾਲਣ ਦੇ ਪ੍ਰਯੋਜਨ ਲਈ ਬਣਾਏ ਗਏ ਗਰੁੱਪਾਂ ਦੀ ਗਿਣਤੀ ਦੇ ਬਿਲਾ ਲਿਹਾਜ਼, ਬੈਰੂਨੀ ਅਤੇ ਅੰਦਰੂਨੀ ਪਰੀਖਕ ਵਿਚਕਾਰ 30:20 ਦੇ ਅਨੁਪਾਤ ਵਿੱਚ ਵੰਡੀ ਜਾਣ ਵਾਲੀ ਪਰਚਾ ਪਾਉਣ ਲਈ ਮੁਕੱਰਰ ਇਕ ਫ਼ੀਸ ਅਦਾ ਕੀਤੀ ਜਾਵੇਗੀ।

*ਸਾਲ 2004 ਤੋਂ ਬੀ.ਏ./ਬੀ.ਐਸ-ਸੀ./ਬੀ.ਕਾਮ. ਭਾਗ ਪਹਿਲਾ ਪ੍ਰੀਖਿਆਵਾਂ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਰਾਹੀਂ ਕਰਾਉਣ ਅਤੇ ਇਸ ਕੰਮ ਲਈ ਪ੍ਰਿੰਸੀਪਲ ਨੂੰ ਅਤੇ ਕਾਲਜ ਦੇ ਹੋਰ ਸਟਾਫ਼ ਨੂੰ ਦਿੱਤੇ ਜਾਂਦੇ ਉੱਕਾ-ਪੁੱਕਾ ਸੇਵਾ-ਫਲ ਵਿੱਚ ਹੇਠ ਲਿਖੇ ਅਨੁਸਾਰ ਸੋਧ ਦੀ ਪ੍ਰਵਾਨਗੀ ਦਿੱਤੀ ਹੈ :

| | | |
|---|---|---|
| 1. | ਪ੍ਰਿੰਸੀਪਲ | 1000/- ਰੁਪਏ |
| 2. | ਸਹਾਇਕ/ਕਲਰਕ | 400/- ਰੁਪਏ |
| 3. | ਸੇਵਾਦਾਰ | 250/- ਰੁਪਏ |

* ਸਿੰਡੀਕੇਟ ਮਿਤੀ 29.3.2004 (ਪੈਰਾ 19.57).

## ਅਧਿਆਏ–XXXIV
# ਪਰਚਾ ਪਾਉਣ ਵਾਲਿਆਂ ਅਤੇ ਪਰੀਖਕਾਂ ਦੀ ਨਿਯੁਕਤੀ

### ਪਰਚਾ ਪਾਉਣ ਵਾਲੇ

1. ਪਰਚਾ ਪਾਉਣ ਨਾਲ ਸੰਬੰਧਤ ਵਿਸ਼ੇ ਲਈ ਅਧਿਐਨ ਬੋਰਡ, ਹਰੇਕ ਪਰਚੇ ਲਈ ਅਗੇਤ ਕ੍ਰਮ ਵਿੱਚ, ਜਿਥੋਂ ਤੱਕ ਸੰਭਵ ਹੋ ਸਕੇ, ਪੰਜ ਪਰੀਖਕਾਂ ਦੇ ਪੇਨਲ ਦੀ ਸਿਫ਼ਾਰਸ਼ ਕਰੇਗਾ।

   ਸਬੰਧਤ ਅਧਿਐਨ ਬੋਰਡ ਲੇਟ ਤੋਂ ਲੇਟ ਪਰੀਖਿਆ ਤੋਂ ਪੂਰਵ–ਵਰਤੀ ਨਵੰਬਰ ਦੀ ਪਹਿਲੀ ਤਰੀਕ ਤੱਕ ਪਰਚਾ ਪਾਉਣ ਵਾਲਿਆਂ ਦੇ ਪੇਨਲ ਦੀ ਸਿਫ਼ਾਰਸ਼ ਕਰੇਗਾ। ਵਾਈਸ–ਚਾਂਸਲਰ ਉਨ੍ਹਾਂ ਵਿੱਚੋਂ ਇੱਕ ਨੂੰ ਪਰਚਾ ਪਾਉਣ ਲਈ ਨਿਯੁਕਤ ਕਰੇਗਾ। ਇਹ ਜ਼ਰੂਰੀ ਨਹੀਂ ਹੋਵੇਗਾ ਕਿ ਇਸ ਤਰ੍ਹਾਂ ਨਿਯੁਕਤ ਕੀਤਾ ਗਿਆ ਪਰਚਾ ਪਾਉਣ ਵਾਲਾ ਉੱਤਰ ਪਰਚਿਆਂ ਦੇ ਮੁਲਾਂਕਣ ਲਈ ਪਰੀਖਕ ਦੇ ਤੌਰ ਤੇ ਕੰਮ ਕਰੇ। ਪਰਚਾ ਪਾਉਣ ਵਾਲਿਆਂ ਦੇ ਪੇਨਲਾਂ ਦੀ ਸਿਫ਼ਾਰਸ਼ ਕਰਨ ਲੱਗਿਆਂ, ਅਧਿਐਨ ਬੋਰਡ ਅਧਿਆਪਕ ਦੇ ਰੈਂਕ/ਰੁਤਬੇ ਦਾ ਧਿਆਨ ਰੱਖੇਗਾ।

2. ਜੇ ਅਨੁਬੰਧਤ ਤਰੀਕ ਤੱਕ ਕਿਸੇ ਵਿਸ਼ੇ ਦਾ ਅਧਿਐਨ ਬੋਰਡ ਪਰਚਾ ਪਾਉਣ ਵਾਲਿਆਂ ਦੀ ਸੂਚੀ ਮੁਹਈਆ ਨਾ ਕਰੇ ਤਾਂ ਵਾਈਸ ਚਾਂਸਲਰ ਪਰਚਾ ਪਾਉਣ ਵਾਲਿਆਂ ਦੀ ਨਿਯੁਕਤੀ ਕਰਨ ਲਈ ਸ਼ਕਤਵਾਨ ਹੋਵੇਗਾ।

3. ਕਿਸੇ ਅਜਿਹੇ ਵਿਅਕਤੀ ਨੂੰ ਪਰਚਾ ਪਾਉਣ ਲਈ ਨਿਯੁਕਤ ਨਹੀਂ ਕੀਤਾ ਜਾਵੇਗਾ ਜੇਕਰ ਉਹ ਕਿਸੇ ਮਾਨਤਾ–ਪ੍ਰਾਪਤ ਸੰਸਥਾ ਵਿੱਚ ਉਸ ਵਿਸ਼ੇ ਦਾ ਪੰਜ ਸਾਲਾਂ* ਦਾ ਅਧਿਆਪਨ ਤਜਰਬਾ ਨਾ ਰੱਖਦਾ ਹੋਵੇ।

---

* ਪਰਚਾ ਪਾਉਣ ਲਈ ਨਿਯੁਕਤ ਕੀਤੇ ਜਾਣ ਲਈ ਅਧਿਆਪਨ ਤਜਰਬਾ ਉਥੇ ਨਰਮ ਕੀਤਾ ਜਾ ਸਕੇਗਾ ਜਿਥੇ ਪਰਚਾ ਪਾਉਣ ਵਾਲੇ ਪੇਸ਼ਾਵਰਾਨਾ ਕੰਮ ਕਰ ਰਹੇ ਹੋਣ ਜਿਵੇਂ ਕਿ ਕਾਨੂੰਨ ਦੀ ਪਰੀਖਿਆ ਦੀ ਸੂਰਤ ਵਿੱਚ ਜੱਜ/ਐਡਵੋਕੇਟ, ਪੱਤਰਕਾਰੀ ਦੀ ਪਰੀਖਿਆ ਲਈ ਪੱਤਰਕਾਰ, ਸੁਰੱਖਿਆ ਅਧਿਐਨ ਪਰੀਖਿਆ ਦੀ ਸੂਰਤ ਵਿੱਚ ਫ਼ੌਜੀ ਅਫ਼ਸਰ, ਫ਼ਾਰਮੇਸੀ, ਬਾਇਉ–ਟੈਕਨਾਲੋਜੀ, ਫ਼ੋਰੈਨਸਿਕ ਸਾਇੰਸ ਪਰੀਖਿਆਵਾਂ ਵਿੱਚ ਪ੍ਰਯੋਗ ਸ਼ਾਲਾਵਾਂ ਵਿੱਚ ਲਗੇ ਪੇਸ਼ਾਵਰਾਨਾ ਖੋਜਕਾਰ ਆਦਿ ਅਤੇ ਉਥੇ ਵੀ ਜਿਥੇ ਸੁਯੋਗ ਅਧਿਆਪਕ ਉਪਲਬਧ ਨਾ ਹੋਣ।

4. ਵੱਖ-ਵੱਖ ਫ਼ੈਕਲਟੀਆਂ ਵਿੱਚ ਅਧਿਐਨ ਬੋਰਡਾਂ ਦੁਆਰਾ ਸਿਫ਼ਾਰਸ਼ ਕੀਤੇ ਪੇਨਲਾਂ ਵਿੱਚ ਦੂਰ-ਦੁਰਾਡੇ ਦੇ ਪਰਚਾ ਪਾਉਣ ਵਾਲਿਆਂ ਦੀ ਥਾਵੇਂ, ਜਿਵੇਂ ਉਹ ਠੀਕ ਸਮਝੇ, ਇਵਜ਼ੀ ਨਿਯੁਕਤ ਕਰਨ ਦਾ ਇਖ਼ਤਿਆਰ ਵਾਈਸ-ਚਾਂਸਲਰ ਨੂੰ ਹਾਸਲ ਹੈ।

5. ਜੇ ਕਿਸੇ ਫ਼ੈਕਲਟੀ ਵਿਚ ਕਿਸੇ ਪਰੀਖਿਆ ਲਈ ਕਿਸੇ ਪਰਚਾ ਪਾਉਣ ਵਾਲੇ ਦਾ ਕੰਮ ਗ਼ੈਰ ਤਸੱਲੀਬਖ਼ਸ਼ ਪਾਇਆ ਜਾਵੇ ਜਾਂ ਜਿਸ ਬਾਰੇ ਇਹ ਪਾਇਆ ਜਾਵੇ ਕਿ ਉਸ ਨੇ ਬੇਕਾਇਦਗੀਆਂ ਕੀਤੀਆਂ ਹਨ ਜਾਂ ਪ੍ਰਸ਼ਨ-ਪੱਤਰ ਪੇਸ਼ ਕਰਨ ਵਿਚ ਬਹੁਤ ਜ਼ਿਆਦਾ ਦੇਰੀ ਕੀਤੀ ਹੈ, ਜਾਂ ਉਸ ਦੀ ਈਮਾਨਦਾਰੀ ਬਾਰੇ ਕੋਈ ਸ਼ੱਕ ਹੋਵੇ, ਜਾਂ ਹੋਰਵੇਂ ਵਿਖਾਇਆ ਗਿਆ ਹੋਵੇ ਕਿ ਉਹ ਕੰਮ ਕਰਨ ਦੇ ਜਾਂ ਯੂਨੀਵਰਸਿਟੀ ਦੇ ਨਿਰਦੇਸ਼ਾਂ ਦੇ ਅਨੁਰੂਪ ਚਲਣ ਦੇ ਅਸਮਰਥ ਸੀ, ਤਾਂ ਤਤਸਮੇਂ ਨਾਫ਼ਜ਼ ਕਿਸੇ ਹੋਰ ਔਰਡਿਨੈਂਸ ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆ ਵੀ, ਵਾਈਸ ਚਾਂਸਲਰ ਨੂੰ ਇਖ਼ਤਿਆਰ ਹਾਸਲ ਹੋਵੇਗਾ ਕਿ ਉਹ ਉਸ ਨੂੰ ਸਥਾਈ ਤੌਰ ਤੇ ਜਾਂ ਉਲਿਖਤ ਮੁੱਦਤ ਲਈ ਹਟਾ ਦੇਵੇ।

6. ਜਿਥੇ ਕਿਸੇ ਪਰਚਾ ਪਾਉਣ ਵਾਲੇ ਦੀ ਨਿਯੁਕਤੀ ਉਪਰਲੇ ਔਰਡਿਨੈਂਸ 5 ਅਧੀਨ ਮਨਸੂਖ਼ ਕਰ ਦਿੱਤੀ ਗਈ ਹੋਵੇ, ਜਾਂ ਕੋਈ ਪਰਚਾ ਪਾਉਣ ਵਾਲਾ ਕਿਸੇ ਤਰ੍ਹਾਂ ਉਸ ਰੂਪ ਵਿੱਚ ਕੰਮ ਨਾ ਕਰ ਸਕਦਾ ਹੋਵੇ, ਜਾਂ ਨਿਯੁਕਤੀ ਸਵੀਕਾਰ ਨਾ ਕਰੇ, ਜਾਂ ਕਿਸੇ ਹੰਗਾਮੀ ਹਾਲਤ ਵਿੱਚ, ਉਥੇ ਕਿਸੇ ਖ਼ਾਸ ਹਾਲਤ ਦਾ ਮੁਕਾਬਲਾ ਕਰਨ ਲਈ ਵਾਈਸ ਚਾਂਸਲਰ ਨੂੰ ਇਖ਼ਤਿਆਰ ਹਾਸਲ ਹੋਵੇਗਾ ਕਿ ਉਹ ਉਸ ਦੀ ਥਾਵੇਂ ਕੋਈ ਇਵਜ਼ੀ, ਜਿਸ ਨੂੰ ਉਹ ਮੁਨਾਸਬ ਸਮਝੇ, ਨਿਯੁਕਤ ਕਰੇ।

6ੳ. (i) ਉੱਤਰ ਕਾਪੀਆਂ ਦੇ ਮੁਲਾਂਕਣ/ਪੁਨਰ-ਮੁਲਾਂਕਣ ਲਈ ਜੋ ਮੁਲਾਂਕਣ-ਕਾਰ ਨਿਯੁਕਤ ਕੀਤੇ ਜਾਣ, ਉਹ ਮੁੱਖ ਤੌਰ ਤੇ ਯੂਨੀਵਰਸਿਟੀ ਨਾਲ ਸੰਬੰਧਤ ਕਾਲਜਾਂ/ ਵਿਭਾਗਾਂ/ ਸਰਕਾਰੀ-ਗੈਰ-ਸਰਕਾਰੀ ਵਿਦਿਅਕ ਇੰਸਟੀਚਿਊਟਸ/ ਹੋਰ ਵਿਦਿਅਕ ਅਦਾਰਿਆਂ ਜਾਂ ਰਿਜ਼ਨ ਦੀਆਂ ਦੂਸਰੀਆਂ ਯੂਨੀਵਰਸਿਟੀਆਂ ਤੇ ਉਨ੍ਹਾਂ ਨਾਲ ਸੰਬੰਧਤ ਕਾਲਜਾਂ/ਵਿਭਾਗਾਂ/ਸਰਕਾਰੀ-ਗੈਰ-ਸਰਕਾਰੀ ਵਿਦਿਅਕ ਇੰਸਟੀਚਿਊਟਸ ਜਾਂ ਨੇੜਲੀਆਂ ਯੂਨੀਵਰਸਿਟੀਆਂ ਤੋਂ ਹਾਸਲ ਕੀਤੇ ਅਧਿਆਪਕਾਂ ਦੇ ਨਾਵਾਂ ਤੇ ਆਧਾਰਤ ਪੈਨਲ ਤੋਂ ਕੀਤੇ ਜਾਣ।

(ii) ਕਾਲਜਾਂ/ਵਿਭਾਗਾਂ ਦੇ ਰੈਗੂਲਰ ਅਧਿਆਪਕਾਂ ਦੇ ਨਾਲ-ਨਾਲ ਐਡਹਾਕ/ਪਾਰਟ-ਟਾਈਮ/ਗੈਸਟ-ਫ਼ੈਕਲਟੀ ਜਾਂ ਲੋੜ ਪੈਣ ਤੇ ਸੇਵਾ-ਮੁਕਤ/ਕਾਲਜ ਵਿਭਾਗ ਛੱਡ ਚੁੱਕੇ ਅਧਿਆਪਕਾਂ ਨੂੰ ਵੀ ਮੁਲਾਂਕਣਕਾਰ ਨਿਯੁਕਤ ਕੀਤਾ ਜਾ ਸਕਦਾ ਹੈ।

(iii) ਪੋਸਟ-ਗ੍ਰੈਜੂਏਟ ਅਤੇ ਅੰਡਰ-ਗ੍ਰੈਜੂਏਟ ਦੋਵੇਂ ਪੱਧਰਾਂ ਦੀਆਂ ਪ੍ਰੀਖਿਆਵਾਂ ਵਿੱਚ ਮੁਲਾਂਕਣਕਾਰ ਨਿਯੁਕਤ ਕਰਨ ਲਈ ਅਧਿਆਪਕਾਂ ਦਾ ਸੰਬੰਧਤ ਵਿਸ਼ੇ ਨੂੰ ਪੜ੍ਹਾਉਣ ਦਾ ਅਧਿਆਪਨ ਤਜ਼ਰਬਾ ਘੱਟੋ-ਘੱਟ ਦੋ ਸਾਲਾਂ ਦਾ ਹੋਣਾ ਜ਼ਰੂਰੀ ਹੈ।

(iv) ਆਮ ਤੌਰ ਤੇ ਪੋਸਟ-ਗ੍ਰੈਜੂਏਟ ਪੱਧਰ ਦੀਆਂ ਪ੍ਰੀਖਿਆਵਾਂ ਲਈ ਇੱਕ ਮੁਲਾਂਕਣਕਾਰ ਨੂੰ ਇੱਕ ਸੈਸ਼ਨ ਵਿਚ 250 ਤੋਂ 300 ਉੱਤਰ-ਕਾਪੀਆਂ ਅਤੇ ਅੰਡਰ-ਗ੍ਰੈਜੂਏਟ ਪੱਧਰ ਦੀਆਂ ਪ੍ਰੀਖਿਆਵਾਂ ਦੇ ਇੱਕ ਮੁਲਾਂਕਣਕਾਰ ਨੂੰ ਇੱਕ ਸੈਸ਼ਨ ਵਿੱਚ ਲਗਭਗ 1000 ਉੱਤਰ ਕਾਪੀਆਂ ਮੁਲਾਂਕਣ ਲਈ ਦਿੱਤੀਆਂ ਜਾਣ।

(v) ਅੰਡਰ-ਗ੍ਰੈਜੂਏਟ/ਪੋਸਟ-ਗ੍ਰੈਜੂਏਟ ਪੱਧਰ ਦੀਆਂ ਪ੍ਰੀਖਿਆਵਾਂ ਦੀਆਂ ਉੱਤਰ-ਕਾਪੀਆਂ ਜੋ ਰਿਜ਼ਨ ਦੀਆਂ ਦੂਜੀਆਂ ਜਾਂ ਨੇੜਲੀਆਂ ਯੂਨੀਵਰਸਿਟੀਆਂ ਵਿੱਚ ਮੁਲਾਂਕਣ/ਪੁਨਰ-ਮੁਲਾਂਕਣ ਲਈ ਭੇਜਣੀਆਂ ਪੈਣ, ਦੇ ਮਲਾਂਕਣਕਾਰਾਂ ਬਾਰੇ ਸਬੰਧਤ ਵਿਭਾਗਾਂ ਦੇ ਮੁਖੀ ਸਾਹਿਬਾਨ ਤੋਂ ਮੌਕੇ ਤੇ ਪੁੱਛ ਕੇ ਨਿਯੁਕਤੀਆਂ ਕੀਤੀਆਂ ਜਾ ਸਕਦੀਆਂ ਹਨ ਪਰ ਅਜਿਹੇ ਕੇਸਾਂ ਵਿੱਚ ਵੀ ਦੋਵੇਂ ਪੱਧਰਾਂ ਦੀਆਂ ਪ੍ਰੀਖਿਆਵਾਂ ਦੇ ਮੁਲਾਂਕਣਕਾਰਾਂ ਲਈ ਸਬੰਧਤ ਵਿਸ਼ੇ ਨੂੰ ਪੜਾਉਣ ਦੇ ਦੋ ਸਾਲ ਦੇ ਤਜ਼ਰਬੇ ਦੀ ਸ਼ਰਤ ਨੂੰ ਜ਼ਰੂਰ ਕਾਇਮ ਰੱਖਿਆ ਜਾਵੇ।

(vi) ਅੰਡਰ-ਗ੍ਰੈਜੂਏਟ ਪੱਧਰ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ/ਪੁਨਰ-ਮੁਲਾਂਕਣ ਲੋੜ ਪੈਣ ਤੇ ਪੋਸਟ-ਗ੍ਰੈਜੂਏਟ ਪੱਧਰ ਦੇ ਅਧਿਆਪਕਾਂ ਤੋਂ ਵੀ ਕਰਵਾਇਆ ਜਾ ਸਕਦਾ ਹੈ।

(vii) ਨਤੀਜਿਆਂ ਦਾ ਸਮੇਂ ਸਿਰ ਐਲਾਨਿਆਂ ਜਾਣਾ ਸੁਨਿਸ਼ਚਿਤ ਕਰਨ ਲਈ ਅਪਾਤਕਾਲੀਨ ਸਥਿਤੀ ਵਿੱਚ ਡੀਨ, ਅਕਾਦਮਿਕ ਮਾਮਲਿਆਂ ਦੀ ਪ੍ਰਵਾਨਗੀ ਨਾਲ ਉਕਤ 3, 4, 5 ਵਿੱਚ ਦਰਸਾਈ ਮੁਲਾਂਕਣਕਾਰਾਂ ਦੀਆਂ ਨਿਯੁਕਤੀਆਂ ਲਈ ਅਧਿਆਪਨ ਤਜਰਬੇ ਦੀ ਸ਼ਰਤ ਜਾਂ ਇੱਕ ਮੁਲਾਂਕਣਕਾਰ ਲਈ ਉੱਤਰ ਕਾਪੀਆਂ ਦੇ ਮੁਲਾਂਕਣ ਦੀ ਅਧਿਕਤਮ ਗਿਣਤੀ ਦੀ ਸ਼ਰਤ ਤੋਂ ਕਿਸੇ ਵੀ ਹੱਦ ਤੱਕ ਢਿੱਲ ਦਿੱਤੀ ਜਾ ਸਕੇਗੀ।

(viii) ਅੰਦਰੂਨੀ ਮੁਲਾਂਕਣ ਸਿਸਟਮ ਅਧੀਨ ਜਿਸ ਪੇਪਰ ਦੀਆਂ ਉੱਤਰ ਕਾਪੀਆਂ ਦੀ ਗਿਣਤੀ 10 ਤੋਂ ਘੱਟ ਹੋਵੇ ਉਸ ਪੇਪਰ ਦੀਆਂ ਉੱਤਰ ਕਾਪੀਆਂ ਮੁਲਾਂਕਣ/ਪੁਨਰ-ਮੁਲਾਂਕਣ ਲਈ ਉਸ ਕਲਾਸ/ਵਿਸ਼ੇ ਨੂੰ ਪੜ੍ਹਾਉਣ ਵਾਲੇ ਸੰਬੰਧਤ ਅੰਦਰੂਨੀ ਅਧਿਆਪਕ ਨੂੰ ਨਾ ਦਿੱਤੀਆਂ ਜਾਣ। ਇਸ ਵਿੱਚ ਡੀਨ, ਅਕਾਦਮਿਕ ਕਾਰ-ਵਿਹਾਰ ਦੁਆਰਾ ਢਿੱਲ ਦਿੱਤੀ ਜਾ ਸਕੇਗੀ।

(ix) ਅੰਡਰ-ਗ੍ਰੈਜੂਏਟ/ਪੋਸਟ-ਗ੍ਰੈਜੂਏਟ ਪੱਧਰ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਲਈ ਪ੍ਰੀਖਿਅਕਾਂ ਦੀ ਨਿਯੁਕਤੀ ਲਈ ਵੀ ਉਕਤ ਵਿਧੀ ਅਪਣਾ ਲਈ ਜਾਵੇ।*

---

* ਸਿੰਡੀਕੇਟ ਮਿਤੀ 26.3.2008 (ਪੈਰਾ 10.126)

7. ਕਿਸੇ ਵਿਅਕਤੀ ਨੂੰ ਪਰਚਾ ਪਾਉਣ ਵਾਲੇ ਦੇ ਤੌਰ ਤੇ ਨਿਯੁਕਤ ਨਹੀਂ ਕੀਤਾ ਜਾਵੇਗਾ:-

(i) ਜੇ ਉਸ ਨੇ ਉਸ ਪਰੀਖਿਆ* ਲਈ ਉਮੀਦਵਾਰਾਂ ਦੀ ਵਰਤੋਂ ਲਈ ਉਸ ਪਰਚੇ ਨਾਲ ਸੰਬੰਧਤ ਕੋਈ ਪੁਸਤਕ ਲਿਖੀ ਜਾਂ ਸੋਧੀ ਹੋਵੇ; ਜਾਂ

(ii) ਜੇ ਉਸ ਨੇ ਉਸ ਪਰਚੇ ਨਾਲ ਸੰਬੰਧਤ ਕੋਈ ਗਾਈਡ ਜਾਂ ਸਹਾਇਕ ਪੁਸਤਕ ਲਿਖੀ ਹੋਵੇ; ਜਾਂ

(iii) ਜੇ ਉਸ ਦਾ ਕੋਈ ਰਿਸ਼ਤੇਦਾਰ** ਉਸ ਪਰੀਖਿਆ ਵਿੱਚ ਬੈਠ ਰਿਹਾ ਹੋਵੇ।

8. ਜਿੱਥੋਂ ਤੱਕ ਸੰਭਵ ਹੋਵੇ, ਇੱਕ ਅਧਿਆਪਕ ਨੂੰ, ਜੋ ਉਹ ਹੋਰਵੇਂ ਬਰਾਬਰ ਰੂਪ ਵਿੱਚ ਕਾਬਲ ਹੋਵੇ, ਗ਼ੈਰ ਅਧਿਆਪਕ ਨਾਲੋਂ ਤਰਜੀਹ ਦਿੱਤੀ ਜਾਵੇਗੀ।

9. ਜਿਥੇ ਪਰੀਖਿਆਵਾਂ ਲਈ ਸਲੇਬਸ ਇੱਕ-ਸਮਾਨ ਹੋਣ ਉਥੇ ਦੋਹਾਂ ਲਈ ਉਹੀ ਪਰਚਾ ਵਰਤਿਆ ਜਾ ਸਕੇਗਾ।

10. ਜਿਥੇ ਪੁਰਾਣੇ ਅਤੇ ਨਵੇਂ ਸਲੇਬਸਾਂ ਵਿੱਚ ਕੋਈ ਅਦਲਾ ਬਦਲੀ ਨਾ ਹੋਵੇ ਉਥੇ ਪੁਰਾਣਾ ਪ੍ਰਸ਼ਨ ਪੱਤਰ ਵਰਤਿਆ ਜਾ ਸਕੇਗਾ।

ਆਮ ਸ਼ਰਤਾਂ

1. ਅੰਡਰ-ਗ੍ਰੈਜੂਏਟ ਪਰੀਖਿਆਵਾਂ ਲਈ ਪਰਚਾ ਪਾਉਣ ਵਾਲੇ ਯੂਨੀਵਰਸਿਟੀ ਦੀ ਅਧਿਕਾਰਤਾ ਦੇ ਅੰਦਰ ਸੰਬੱਧ ਕਾਲਜਾਂ/ਵਿਭਾਗਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਵਿੱਚੋਂ ਅਤੇ ਇਸ ਸ਼ਰਤ ਦੇ ਤਾਬੇ ਨਿਯੁਕਤ ਕੀਤੇ ਜਾਣਗੇ ਕਿ ਪਰਚਾ ਪਾਉਣ ਵਾਲੇ ਨੇ ਉਸ ਸੈਸ਼ਨ ਲਈ ਜਮਾਤ ਨੂੰ ਉਹ ਵਿਸ਼ਾ ਨਹੀਂ ਪੜ੍ਹਾਇਆ ਅਤੇ ਨਿਯੁਕਤੀ ਦੀਆਂ ਹੋਰ ਸਭ ਸ਼ਰਤਾਂ ਪੂਰੀਆਂ ਕਰਦਾ ਹੈ।

ਉਨ੍ਹਾਂ ਤੋਂ ਲੋੜਿਆ ਜਾਵੇਗਾ ਕਿ ਉਹ ਹਰੇਕ ਪਰਚੇ ਲਈ ਤਿੰਨ ਬਦਲਵੇਂ ਪ੍ਰਸ਼ਨ-ਪੱਤਰ ਪਾਉਣ।

---

* ਇਹ ਗੱਲ ਆਨਰਜ਼, ਪੋਸਟ ਗ੍ਰੈਜੂਏਟ, ਪ੍ਰੈਕਟੀਕਲ ਪਰੀਖਿਆਵਾਂ, ਅੰਦਰੂਨੀ ਪਰੀਖਕਾਂ ਅਤੇ ਉਨ੍ਹਾਂ ਨੂੰ ਲਾਗੂ ਨਹੀਂ ਹੁੰਦੀ ਜਿਨ੍ਹਾਂ ਨੂੰ ਅੰਗਰੇਜ਼ੀ ਤੋਂ ਪੰਜਾਬੀ ਮਾਧਿਅਮ ਪਰਿਵਰਤਨ ਦੇ ਪ੍ਰੋਗਰਾਮ ਨਾਲ ਸੰਬੰਧਤ ਵੱਖ-ਵੱਖ ਕੋਰਸਾਂ ਲਈ ਮੁਕੱਰਰ ਕੀਤੇ ਜਾਣ/ਸਿਫ਼ਾਰਸ਼ ਕੀਤੇ ਜਾਣ ਲਈ ਪੰਜਾਬੀ ਵਿੱਚ ਮੌਲਕ ਪੁਸਤਕਾਂ ਲਿਖਣ ਲਈ ਯੂਨੀਵਰਸਿਟੀ ਦੁਆਰਾ ਅਸਾਈਨਮੈਂਟਾਂ ਦਿੱਤੀਆਂ ਜਾਂਦੀਆਂ ਹਨ ਜਾਂ ਜੋ ਮਾਧਿਅਮ ਪਰਿਵਰਤਨ ਵਿੱਚ ਸਹਾਈ ਹੋਣ ਲਈ ਹੋਰਵੇ ਪੰਜਾਬੀ ਵਿੱਚ ਪੁਸਤਕਾਂ ਲਿਖਣ ਵਿੱਚ ਲੱਗੇ ਹੋਏ ਹਨ।

** ਰਿਸ਼ਤੇਦਾਰ ਸ਼ਬਦ ਨੂੰ ਹੇਠ-ਲਿਖੇ ਅਨੁਸਾਰ ਪਰਿਭਾਸ਼ਤ ਕੀਤਾ ਜਾਂਦਾ ਹੈ:-
ਪਤਨੀ, ਪਤੀ, ਪੁੱਤਰ, ਧੀ, ਭੈਣ, ਸਾਲਾ, ਸਾਲੀ, ਭਰਾ ਦਾ ਪੁੱਤਰ ਅਤੇ ਧੀ, ਭਣੇਵਾਂ ਅਤੇ ਭਣੇਵੀ, ਤਾਏ/ਚਾਚੇ/ਮਾਮੇ/ਮਾਸੀ/ਭੂਆ ਦਾ ਪੁੱਤਰ ਅਤੇ ਧੀ, ਦੇਵਰ, ਜੇਠ ਅਤੇ ਨਨਾਣ, ਭਰਾ, ਭਤੀਜਾ,ਪੋਤਰਾ/ਦੁਹਤਰਾ, ਪੋਤਰੀ/ਦੁਹਤਰੀ ਜਾਂ ਅਜਿਹਾ ਹੋਰ ਰਿਸ਼ਤੇਦਾਰ ਜੋ ਇਸ ਔਰਡਿਨੈਂਸ ਦੇ ਪ੍ਰਯੋਜਨਾਂ ਲਈ ਵਾਈਸ ਚਾਂਸਲਰ ਦੁਆਰਾ ਨੇੜੇ ਦਾ ਰਿਸ਼ਤੇਦਾਰ ਸਮਝਿਆ ਜਾਵੇ।

2. ਪੋਸਟ-ਗ੍ਰੈਜੂਏਟ(ਸਮੈਸਟਰ ਸਿਸਟਮ), ਪੋਸਟ-ਗ੍ਰੈਜੂਏਟ (ਸਾਲਾਨਾ ਸਿਸਟਮ), ਐਮ. ਏ/ ਐਮ.ਐਸ-ਸੀ/ਵੋਕੇਸ਼ਨਲ ਕੋਰਸਿਜ਼/ਬੀ. ਏ., ਬੀ. ਐਸ-ਸੀ, ਆਨਰਜ਼ ਸਕੂਲ ਕੋਰਸਾਂ ਅਤੇ ਬੀ. ਟੈਕ ਆਦਿ ਅਧੀਨ ਪਰੀਖਿਆਵਾਂ ਦੇ ਪ੍ਰਸ਼ਨ-ਪੱਤਰ ਬੈਰੂਨੀ ਪਰੀਖਕਾਂ ਤੋਂ ਹੀ ਸੈੱਟ ਕਰਵਾਏ ਜਾਣਗੇ। ਪ੍ਰਸ਼ਨ ਪੱਤਰਾਂ ਦੀ ਮਾਡਰੇਸ਼ਨ ਨਹੀਂ ਕੀਤੀ ਜਾਵੇਗੀ।

3. ਜੇ ਕੋਈ ਬੈਰੂਨੀ ਅਧਿਆਪਕ ਪ੍ਰਸ਼ਨ ਪੱਤਰ ਪਾਉਣ ਲਈ ਰਜ਼ਾਮੰਦ ਨਾ ਹੋਵੇ, ਤਾਂ ਸ਼ਕਤਵਾਨ ਅਥਾਰਿਟੀ ਦੀ ਪਰਵਾਨਗੀ ਨਾਲ, ਪ੍ਰਸ਼ਨ ਪੱਤਰ ਵਿਭਾਗ ਦੇ ਮੁਖੀ ਨਾਲ ਮਸ਼ਵਰਾ ਕਰਕੇ ਅੰਦਰੂਨੀ ਅਧਿਆਪਕ ਤੋਂ ਪਵਾਇਆ ਜਾ ਸਕੇਗਾ।

4. ਐਮ.ਏ. ਅਤੇ ਹੋਰ ਕੋਰਸਾਂ ਜਿਨ੍ਹਾਂ ਲਈ ਪੰਜਾਬੀ ਮਾਧਿਅਮ ਦੀ ਇਜਾਜ਼ਤ ਦਿੱਤੀ ਜਾ ਚੁੱਕੀ ਹੈ, ਪਰਚਾ ਪਾਉਣ ਵਾਲੇ ਦੁਆਰਾ ਦੋਹਾਂ ਭਾਸ਼ਾਵਾਂ (ਅੰਗਰੇਜ਼ੀ ਅਤੇ ਪੰਜਾਬੀ) ਵਿੱਚ ਪਾਇਆ ਜਾਵੇਗਾ। ਹਰੇਕ ਪ੍ਰਸ਼ਨ ਪੱਤਰ ਦੇ ਪੰਜਾਬੀ ਰੂਪ ਲਈ ਮੁਕੱਰਰ ਸੇਵਾ-ਫਲ ਅਦਾ ਕੀਤਾ ਜਾਵੇਗਾ। ਜੇ ਪਰਚਾ ਪਾਉਣ ਵਾਲਾ ਪੰਜਾਬੀ ਭਾਸ਼ਾ ਵਿਚ ਪਰਚਾ ਨਾ ਪਾ ਸਕਦਾ ਹੋਵੇ, ਤਾਂ ਅਨੁਵਾਦ ਦਾ ਪ੍ਰਬੰਧ, ਮੁਕੱਰਰ ਸੇਵਾ-ਫਲ ਦੀ ਅਦਾਇਗੀ ਤੇ ਯੂਨੀਵਰਸਿਟੀ ਦੁਆਰਾ ਕੀਤਾ ਜਾਵੇਗਾ।

ਨਿਯਮ

1. ਜਿਥੇ ਸੰਬੱਧ ਕਾਲਜਾਂ/ਯੂਨੀਵਰਸਿਟੀ ਅਧਿਆਪਨ ਵਿਭਾਗਾਂ ਦੇ ਅਮਲੇ ਵਿੱਚੋਂ ਪਾਤਰ ਵਿਅਕਤੀ ਉਪਲਬਧ ਨਾ ਹੋਣ, ਉਥੇ ਚੇਅਰਮੈਨ, ਅਧਿਐਨ ਬੋਰਡ ਨਾਲ ਮਸ਼ਵਰਾ ਕਰਕੇ, ਸਿਵਾਏ ਹੰਗਾਮੀ ਹਾਲਤ ਵਿੱਚ, ਨਿਯੁਕਤੀਆਂ ਪੰਜਾਬ, ਦਿੱਲੀ, ਕੁਰੂਕਸ਼ੇਤਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਨਾਲ ਸੰਬੱਧ ਕਾਲਜਾਂ ਤੋਂ ਕੀਤੀਆਂ ਜਾਣਗੀਆਂ।

2. ਧਰਮ ਅਧਿਐਨ ਵਿੱਚ ਐਮ. ਲਿਟ.* ਦੀ ਡਿਗਰੀ ਲਈ ਪਰੀਖਿਆ ਲਈ ਪਰਚਾ ਪਾਉਣ ਦਾ ਕੰਮ ਪ੍ਰਸ਼ਨ ਬੈਂਕ ਪ੍ਰਣਾਲੀ ਦੁਆਰਾ ਵਿਨਿਯਮਤ ਕੀਤਾ ਜਾ ਸਕੇਗਾ। ਪ੍ਰਸ਼ਨ ਪੱਤਰ, ਬੈਰੂਨੀ ਅਤੇ ਅੰਦਰੂਨੀ ਦੋਹਾਂ ਪਰਚਾ ਪਾਉਣ ਵਾਲਿਆਂ ਦੁਆਰਾ, ਇੱਕ ਦੂਜੇ ਦੇ ਸਹਿਯੋਗ ਨਾਲ ਪਾਇਆ ਜਾਵੇਗਾ/ਪਾਏ ਜਾਣਗੇ।

3. ਪਰਚਾ ਪਾਉਣ ਵਾਲਿਆਂ ਨੂੰ ਅਤੇ ਵਿਸ਼ੇਸ਼ੱਗ ਟਿੱਪਣੀ/ਹਦਾਇਤਾਂ/ਤਾਲ ਮੇਲ ਆਦਿ ਲਈ ਅਦਾ ਕੀਤੇ ਜਾਣ ਵਾਲੇ ਸੇਵਾ-ਫਲ ਦੇ ਦਰ ਉਹ ਹੋਣਗੇ, ਜੋ ਸਿੰਡੀਕੇਟ ਦੁਆਰਾ, ਸਮੇਂ-ਸਮੇਂ ਅਕਾਦਮਿਕ ਕੌਂਸਲ ਦੀਆਂ ਸਿਫ਼ਾਰਸ਼ਾਂ ਤੇ, ਨਿਯਤ ਕੀਤੇ ਜਾਣ।

---

* ਭਾਵੇਂ ਇਸ ਕੋਰਸ ਨੂੰ ਧਰਮ ਅਧਿਐਨ ਵਿੱਚ ਐਮ. ਲਿਟ. ਡਿਗਰੀ ਦਾ ਨਾਂ ਦਿੱਤਾ ਗਿਆ ਹੈ, ਪਰ ਇਹ ਪੀ-ਐੱਚ. ਡੀ. ਡਿਗਰੀ ਪੂਰਵ ਕੋਰਸ ਨਹੀਂ ਹੈ ਕਿਉਂ ਕਿ ਇਸ ਦੇ ਭਾਗ-I ਵਿੱਚ ਤਿੰਨ ਪਰਚੇ ਹਨ ਅਤੇ ਭਾਗ- II ਵਿੱਚ ਖੋਜ ਨਿਬੰਧ ਦਾ ਇੱਕ ਪਰਚਾ ਅਤੇ ਜ਼ਬਾਨੀ ਪਰੀਖਿਆ ਸ਼ਾਮਲ ਹੈ ਅਤੇ ਇਸ ਦਾ ਨਮੂਨਾ ਹੋਰ ਪੋਸਟ ਗ੍ਰੈਜੂਏਟ ਕੋਰਸਾਂ ਦੇ ਮਾਡਲ ਉੱਤੇ ਰੱਖਿਆ ਗਿਆ ਹੈ।

4. ਪਰਚਾ ਪਾਉਣ ਵਾਲੇ ਨੂੰ ਇਤਫ਼ਾਕੀਆ ਖ਼ਰਚੇ ਵਜੋਂ ਮੁਕੱਰਰ ਉੱਕੀ ਪੁੱਕੀ ਰਕਮ ਅਦਾ ਕੀਤੀ ਜਾਵੇਗੀ ਅਤੇ ਜੇ ਇਤਫ਼ਾਕੀਆ ਖ਼ਰਚ ਮੁਕੱਰਰ ਰਕਮ ਤੋਂ ਵੱਧ ਹੋਵੇ ਤਾਂ ਅਦਾਇਗੀ ਅਸਲੀ ਰਸੀਦਾਂ ਪੇਸ਼ ਕਰਨ ਤੇ ਕੀਤੀ ਜਾਵੇਗੀ।

5. ਪਰਚਾ ਪਾਉਣ ਵਾਲਿਆਂ ਦੇ ਸੇਵਾ-ਫਲ ਵਿੱਚੋਂ 1% ਕਟੌਤੀ ਵਿਦਿਆਰਥੀ ਸਹਾਇਤਾ ਫ਼ੰਡ ਲਈ ਅਤੇ *4% ਕਟੌਤੀ ਹਾਲੀਡੇ ਹੋਮ ਲਈ ਕੀਤੀ ਜਾਵੇਗੀ: ਪਰੰਤੂ ਇਹ ਕਿ ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਦੇ ਕਾਲਜਾਂ ਅਤੇ ਬਾਹਰਲੀਆਂ ਯੂਨੀਵਰਸਿਟੀਆਂ ਦੇ ਅਧਿਆਪਕਾਂ ਨੂੰ ਵੱਖ-ਵੱਖ ਪਰੀਖਿਆਵਾਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ/ਪੁਨਰ-ਮੁਲਾਂਕਣ ਕਰਾਉਣ, ਪਰਚਾ ਪਾਉਣ, ਪ੍ਰੈਕਟੀਕਲ ਅਤੇ ਪਰੀਖਿਆ ਕੇਂਦਰ ਤੇ ਨਿਯੁਕਤ ਕੀਤੇ ਗਏ ਸੁਪਰਵਾਈਜ਼ਰੀ ਸਟਾਫ਼ ਦੇ ਸੇਵਾਫਲ ਵਿੱਚੋਂ 4% ਹੋਲੀ-ਡੇ-ਹੋਮ ਅਤੇ 1% ਵਿਦਿਆਰਥੀ ਸਹਾਇਤਾ ਫ਼ੰਡ ਦੀ ਕਟੌਤੀ ਨਹੀਂ ਕੀਤੀ ਜਾਵੇਗੀ।

6. ਪ੍ਰਸ਼ਨ- ਪੱਤਰ ਦੇ ਵਿਰੁੱਧ ਸ਼ਿਕਾਇਤ ਕੇਵਲ ਤਦ ਹੀ ਗ੍ਰਹਿਣ ਕੀਤੀ ਜਾਵੇਗੀ ਜੇ ਕਿਸੇ ਸੰਬੱਧ ਕਾਲਜ ਦੇ ਪ੍ਰਿੰਸੀਪਲ ਜਾਂ ਯੂਨੀਵਰਸਿਟੀ ਵਿਭਾਗ ਦੇ ਮੁਖੀ ਰਾਹੀਂ ਉਸ ਪਰਚੇ ਦੀ ਪਰੀਖਿਆ ਤੋਂ 7 ਦਿਨਾਂ ਦੇ ਅੰਦਰ ਕੰਟਰੋਲਰ, ਪਰੀਖਿਆਵਾਂ ਨੂੰ ਮਿਲ ਜਾਵੇ। ਉਸ ਤੋਂ ਪਿੱਛੋਂ ਕੋਈ ਸ਼ਿਕਾਇਤ ਗ੍ਰਹਿਣ ਨਹੀਂ ਕੀਤੀ ਜਾਵੇਗੀ।

ਪਰੀਖਕ

ਪਰਿਭਾਸ਼ਾਵਾਂ

(*i*) ਬੈਰੂਨੀ ਪਰੀਖਕ

ਬੈਰੂਨੀ ਪਰੀਖਕ ਉਹ ਹੋਵੇਗਾ ਜੋ ਇਸ ਯੂਨੀਵਰਸਿਟੀ ਦੇ ਵਿਭਾਗਾਂ ਜਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸੰਬੱਧ ਕਿਸੇ ਕਾਲਜ ਵਿੱਚ ਨਾ ਪੜ੍ਹਾ ਰਿਹਾ ਹੋਵੇ। ਸਧਾਰਨ ਤੌਰ ਤੇ ਬੈਰੂਨੀ ਪਰੀਖਕ ਉਹ ਹੋਵੇਗਾ ਜੋ ਕਿਸੇ ਹੋਰ ਯੂਨੀਵਰਸਿਟੀ ਵਿੱਚ ਉਸ ਵਿਸ਼ੇ ਦਾ ਅਧਿਆਪਕ ਹੋਵੇ ਜਾਂ ਕਿਸੇ ਯੂਨੀਵਰਸਿਟੀ ਤੋਂ ਉਸ ਵਿਸ਼ੇ ਦਾ ਅਧਿਆਪਕ ਰਿਟਾਇਰ ਹੋਇਆ ਹੋਵੇ।

(*ii*) ਨਿਰਪੱਖ ਪਰੀਖਕ

ਨਿਰਪੱਖ ਪਰੀਖਕ ਉਹ ਹੋਵੇਗਾ ਜੋ ਉਮੀਦਵਾਰਾਂ ਨੂੰ ਉਸ ਪਰੀਖਿਆ ਵਿਸ਼ੇਸ਼ ਲਈ ਜਿਸ ਲਈ ਉਹ ਨਿਯੁਕਤ ਕੀਤਾ ਗਿਆ ਹੈ, ਨਾ ਪੜ੍ਹਾ ਰਿਹਾ ਹੋਵੇ (ਅਤੇ ਪਰੀਖਿਆ ਤੋਂ ਪਹਿਲਾਂ ਦੋ ਸਾਲ ਲਈ ਨਾ ਪੜ੍ਹਾਇਆ ਹੋਵੇ)। ਉਹ ਕਿਸੇ ਸੰਬੱਧ ਕਾਲਜ ਦਾ ਮੈਂਬਰ ਹੋ ਵੀ ਸਕਦਾ ਹੈ ਅਤੇ ਨਹੀਂ ਵੀ ਹੋ ਸਕਦਾ।

---

* ਪਰੀਖਕਾਂ, ਪਰੀਖਿਆਵਾਂ ਦੇ ਸੰਚਾਲਣ ਲਈ ਨਿਯੁਕਤ ਨਿਗਰਾਨ ਅਮਲੇ, ਪੰਜਾਬੀ ਦਾ ਕੰਮ ਕਰਨ ਵਾਲੇ ਲੇਖਕਾਂ, ਸੋਧਕਾਂ ਅਤੇ ਅਨੁਵਾਦਕਾਂ ਦੇ ਸੇਵਾਫਲ ਵਿੱਚੋਂ 4% ਦੀ ਕਟੌਤੀ ਕੀਤੀ ਜਾਵੇ।

(*iii*) ਅੰਦਰੂਨੀ ਪਰੀਖਕ

ਸਧਾਰਨ ਤੌਰ ਤੇ ਅੰਦਰੂਨੀ ਪਰੀਖਕ ਉਹ ਹੋਵੇਗਾ ਜੋ ਉਮੀਦਵਾਰਾਂ ਨੂੰ, ਉਸ ਪਰੀਖਿਆ ਵਿਸ਼ੇਸ਼ ਲਈ ਜਿਸ ਲਈ ਉਹ ਨਿਯੁਕਤ ਕੀਤਾ ਗਿਆ ਹੈ, ਪੜ੍ਹਾ ਰਿਹਾ ਹੈ (ਜਾਂ ਜਿਸ ਨੇ ਪਿਛਲੇ ਦੋ ਸਾਲਾਂ ਦੇ ਅੰਦਰ ਪੜ੍ਹਾਇਆ ਹੈ) :

ਪਰੰਤੂ ਇਹ ਕਿ ਵਾਈਸ- ਚਾਂਸਲਰ ਨੂੰ ਇਖ਼ਤਿਆਰ ਹਾਸਲ ਹੋਵੇਗਾ ਕਿ ਉਹ ਸੰਬੰਧਤ ਵਿਭਾਗ ਵਿੱਚੋਂ ਕਿਸੇ ਹੋਰ ਵਿਅਕਤੀ ਨੂੰ, ਜੋ ਇਸ ਸ਼੍ਰੇਣੀ ਵਿੱਚ ਨਾ ਆਉਂਦਾ ਹੋਵੇ, ਅੰਦਰੂਨੀ ਪਰੀਖਕ ਨਿਯੁਕਤ ਕਰ ਦੇਵੇ।

ਦੂਜਾ ਪਰੀਖਕ ਉੱਤਰ-ਪਰਚਿਆਂ ਦੀ ਗਿਣਤੀ ਦੇ ਆਧਾਰ ਤੇ, ਜੇ ਜ਼ਰੂਰੀ ਹੋਵੇ ਤਾਂ, ਨਿਯੁਕਤ ਕੀਤਾ ਜਾਵੇਗਾ, ਅਰਥਾਤ ਜਦੋਂ ਪੇਸ਼ਾਵਰਾਨਾ ਪਰੀਖਿਆਵਾਂ ਦੀ ਸੂਰਤ ਵਿੱਚ ਉੱਤਰ-ਪਰਚਿਆਂ ਦੀ ਗਿਣਤੀ 2●● ਤੋਂ ਵੱਧ; ਐਮ.ਏ. ਪਰੀਖਿਆਵਾਂ ਦੀ ਸੂਰਤ ਵਿੱਚ 35● ਤੋਂ ਵੱਧ ਅਤੇ ਹੋਰਨਾਂ ਪਰੀਖਿਆਵਾਂ ਦੀ ਸੂਰਤ ਵਿੱਚ 25● ਤੋਂ ਵੱਧ ਹੋਵੇ : ਪਰੰਤੂ ਇਹ ਕਿ ਅਪਵਾਦੀ ਸੂਰਤਾਂ ਵਿੱਚ, ਵਾਈਸ ਚਾਂਸਲਰ, ਉੱਤਰ ਪਰਚਿਆਂ ਦੀ ਗਿਣਤੀ ਵਿੱਚ ਹਾਸ਼ਿਆਈ ਵਾਧਾ ਕਿਸੇ ਪਰੀਖਕ ਨੂੰ ਦਿੱਤੇ ਜਾਣ ਦੀ ਇਜਾਜ਼ਤ ਦੇ ਸਕੇਗਾ।

ਪਰੀਖਕਾਂ ਦੀ ਨਿਯੁਕਤੀ

1. ਕਿਸੇ ਵਿਸ਼ੇ ਲਈ ਅਧਿਐਨ ਬੋਰਡ ਹਰੇਕ ਪਰਚੇ ਲਈ ਅਗੇਤ ਕ੍ਰਮ ਵਿੱਚ, ਜਿਥੋਂ ਤੱਕ ਸੰਭਵ ਹੋ ਸਕੇ, ਪੰਜ ਪਰੀਖਕਾਂ ਦੇ ਪੇਨਲ ਦੀ ਸਿਫ਼ਾਰਸ਼ ਕਰੇਗਾ।
2. ਅਧਿਐਨ ਬੋਰਡ ਦੁਆਰਾ ਤਜਵੀਜ਼ੇ ਅਨੁਸਾਰ ਪੰਜ ਪਰੀਖਕਾਂ ਦਾ ਪੇਨਲ ਤਿੰਨ ਸਾਲਾਂ ਦੀ ਮੁੱਦਤ ਲਈ ਕਾਨੂੰਨ-ਮੰਨਵਾਂ ਹੋਵੇਗਾ ਅਤੇ ਤਿੰਨ ਸਾਲਾਂ ਦੀ ਉਸ ਮੁੱਦਤ ਦੇ ਦੌਰਾਨ ਵਾਈਸ-ਚਾਂਸਲਰ ਉਸ ਪੇਨਲ ਵਿੱਚੋਂ ਪਰੀਖਕ ਨਿਯੁਕਤ ਕਰ ਸਕੇਗਾ :

   ਪਰੰਤੂ ਇਹ ਕਿ ਉਹ ਪੇਨਲ ਤਿੰਨ ਸਾਲਾਂ ਦੀ ਇਸ ਮੁੱਦਤ ਤੋਂ ਬਾਹਰ ਪੈਂਦੀ ਅਨੁਪੂਰਕ ਪਰੀਖਿਆ (ਪਰੀਖਿਆਵਾਂ) ਲਈ ਵੀ ਕਾਨੂੰਨ-ਮੰਨਵਾਂ ਹੋਵੇਗਾ, ਪਰ ਇਹ ਤਦ ਜੇ, ਬੋਰਡ ਦੀਆਂ ਸਿਫ਼ਾਰਸ਼ਾਂ ਦੀ ਤਰੀਕ ਤੋਂ ਸ਼ੁਮਾਰ ਕਰ ਕੇ, ਉਸ ਕੋਰਸ ਲਈ ਸਾਲਾਨਾ ਪਰੀਖਿਆ ਉਸ ਮੁੱਦਤ ਦੇ ਅੰਦਰ ਸੰਚਾਲਤ ਕੀਤੀ ਗਈ ਹੋਵੇ।

   ਨੋਟ : ਆਰਟਸ ਅਤੇ ਸਾਇੰਸ ਫ਼ੈਕਲਟੀਆਂ ਵਿੱਚ ਵੱਡੀਆਂ ਪਰੀਖਿਆਵਾਂ ਬਾਰੇ, ਕਿਸੇ ਇਕ ਅਧਿਆਪਕ ਨੂੰ ਦੋ ਤੋਂ ਵਧ ਪਰੀਖਕ-ਪਦਾਂ ਦੀ ਪੇਸ਼ਕਸ਼ ਨਹੀਂ ਕੀਤੀ ਜਾਵੇਗੀ ਅਤੇ ਇਹ ਕਿ ਉਨ੍ਹਾਂ ਤੋਂ ਮਿਲਣ ਵਾਲਾ ਸੇਵਾਫਲ ਉਸ ਉਪਰਲੀ ਸੀਮਾ ਤੋਂ ਵੱਧ ਨਹੀਂ ਹੋਵੇਗਾ ਜੋ ਸੁਸੰਗਤ ਔਰਡਿਨੈਂਸਾਂ ਵਿ ੱਚ ਉਪਬੰਧਤ ਹੈ।
3. ਬੀ.ਏ./ਬੀ-ਐਸ ਸੀ (ਟੀ ਡੀ ਸੀ) ਭਾਗ -II ਅਤੇ ਭਾਗ -III ਲਈ ਪਰੀਖਿਆਵਾਂ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਬਨਸਪਤੀ ਵਿਗਿਆਨ, ਜੀਵ ਵਿਗਿਆਨ ਅਤੇ ਭੂਗੋਲ ਦੇ ਵਿਸ਼ਿਆ ਵਿੱਚ ਪ੍ਰੈਕਟੀਕਲਾਂ ਲਈ ਹਰੇਕ ਵਿਸ਼ੇ ਵਿੱਚ ਕੇਵਲ ਦੋ ਬੈਰੂਨੀ ਪਰੀਖਕ ਨਿਯੁਕਤ ਕੀਤੇ ਜਾਣਗੇ।

4. ਪੋਸਟ-ਗ੍ਰੈਜੂਏਟ ਜਮਾਤਾਂ ਵਿੱਚ *ਪ੍ਰੈਕਟੀਕਲਾਂ ਲਈ, ਇੱਕ ਬੈਰੂਨੀ ਪਰੀਖਕ ਤੋਂ ਇਲਾਵਾ, ਹਰੇਕ ਵਿਸ਼ੇ ਲਈ ਅਧਿਐਨ ਬੋਰਡ ਦੁਆਰਾ ਸਿਫ਼ਾਰਸ਼ ਕੀਤੇ ਜਾਣ ਵਾਲੇ ਪੰਜ ਪਰੀਖਕਾਂ ਦੇ ਪੈਨਲ ਵਿੱਚੋਂ ਵਾਈਸ-ਚਾਂਸਲਰ ਦੁਆਰਾ ਇੱਕ ਅੰਦਰੂਨੀ ਪਰੀਖਕ ਵੀ ਨਿਯੁਕਤ ਕੀਤਾ ਜਾਵੇਗਾ।

5. ਕਿਸੇ ਅਜਿਹੇ ਵਿਸ਼ੇ ਦੀ ਸੂਰਤ ਵਿੱਚ, ਜਿਥੇ ਅਧਿਐਨ ਬੋਰਡ ਅਜਿਹਾ ਮੁਨਾਸਬ ਵਿਅਕਤੀ ਨਾ ਲੱਭ ਸਕੇ ਜੋ ਸਭ ਹੀ ਚਾਰ ਭਾਸ਼ਾਵਾਂ ਅਰਥਾਤ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਪਰੀਖਕ ਦੇ ਤੌਰ ਤੇ ਕੰਮ ਕਰ ਸਕਦਾ ਹੋਵੇ, ਉਥੇ ਭਾਸ਼ਾ ਵਿਸ਼ੇਸ਼ ਜਾਂ ਭਾਸ਼ਾਵਾਂ ਵਿੱਚ ਉੱਤਰ-ਪਰਚਿਆਂ ਦੇ ਮੁਲਾਂਕਣ ਲਈ ਅਧਿਐਨ ਬੋਰਡ ਵੱਖਰੇ ਪਰੀਖਕਾਂ ਦੀ ਸਿਫ਼ਾਰਸ਼ ਕਰ ਸਕੇਗਾ।

6. ਜੇ ਕਿਸੇ ਫ਼ੈਕਲਟੀ ਵਿੱਚ ਕਿਸੇ ਪਰੀਖਿਆ ਲਈ ਕਿਸੇ ਮੁੱਖ-ਪਰੀਖਕ/ਪਰੀਖਕ/ ਅੰਦਰੂਨੀ ਪਰੀਖਕ/ਨਿਰਪਖ ਪਰੀਖਕ/ ਉਪ-ਪਰੀਖਕ ਦਾ ਕੰਮ ਨੰਬਰ ਲਾਉਣ ਦੇ ਮਿਆਰ ਬਾਬਤ ਗ਼ੈਰ-ਤਸੱਲੀ ਬਖ਼ਸ਼ ਪਾਇਆ ਜਾਵੇ ਜਾਂ ਜਿਸ ਬਾਰੇ ਇਹ ਪਾਇਆ ਜਾਵੇ ਕਿ ਉਸ ਨੇ ਬੇਕਾਇਦਗੀਆਂ ਕੀਤੀਆਂ ਹਨ ਜਾਂ ਨੰਬਰ-ਸੂਚੀਆਂ/ਪ੍ਰਸ਼ਨ ਪੱਤਰ ਆਦਿ ਪੇਸ਼ ਕਰਨ ਵਿੱਚ ਬਹੁਤ ਜ਼ਿਆਦਾ ਦੇਰੀ ਕੀਤੀ ਹੈ ਜਾਂ ਉਸ ਦੀ ਈਮਾਨਦਾਰੀ ਬਾਰੇ ਕੋਈ ਸ਼ੱਕ ਸੀ ਜਾਂ ਹੋਰਵੇਂ ਵਿਖਾਇਆ ਗਿਆ ਹੋਵੇ ਕਿ ਉਹ ਕੰਮ ਕਰਨ ਦੇ ਜਾਂ ਯੂਨੀਵਰਸਿਟੀ ਦੇ ਨਿਰਦੇਸ਼ਾਂ ਦੇ ਅਨੁਰੂਪ ਚਲਣ ਦੇ ਅਸਮਰਥ ਸੀ, ਤਾਂ ਤਦ ਸਮੇਂ ਨਾਫ਼ਜ਼ ਕਿਸੇ ਹੋਰ ਔਰਡਿਨੈਂਸ ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਵਾਈਸ-ਚਾਂਸਲਰ ਨੂੰ ਇਖ਼ਤਿਆਰ ਹਾਸਲ ਹੋਵੇਗਾ ਕਿ ਉਹ ਉਸ ਨੂੰ ਸਥਾਈ ਤੌਰ ਤੇ ਜਾਂ ਉਲਿਖਤ ਮੁੱਦਤ ਲਈ ਹਟਾ ਦੇਵੇ।

7. ਜਿਥੇ ਉਪਰਲੇ ਔਰਡਿਨੈਂਸ 6 ਅਧੀਨ ਕਿਸੇ ਮੁੱਖ-ਪਰੀਖਕ/ਪਰੀਖਕ/ਅੰਦਰੂਨੀ ਪਰੀਖਕ/ਨਿਰਪੱਖ ਪਰੀਖਕ/ਉੱਪ-ਪਰੀਖਕ ਦੀ ਨਿਯੁਕਤੀ ਮਨਸੂਖ਼ ਕਰ ਦਿੱਤੀ ਗਈ ਹੋਵੇ, ਜਾਂ ਕੋਈ ਮੁੱਖ-ਪਰੀਖਕ/ਪਰੀਖਕ/ਅੰਦਰੂਨੀ ਪਰੀਖਕ/ ਨਿਰਪੱਖ ਪਰੀਖਕ/ਉੱਪ-ਪਰੀਖਕ ਕਿਸੇ ਤਰ੍ਹਾਂ ਉਸ ਰੂਪ ਵਿੱਚ ਕੰਮ ਨਾ ਕਰ ਸਕਦਾ ਹੋਵੇ ਜਾਂ ਨਿਯੁਕਤੀ ਸਵੀਕਾਰ ਨਾ ਕਰੇ, ਜਾਂ ਕਿਸੇ ਹੰਗਾਮੀ ਹਾਲਤ ਵਿੱਚ, ਕਿਸੇ ਖ਼ਾਸ ਹਾਲਤ ਦਾ ਮੁਕਾਬਲਾ ਕਰਨ ਲਈ ਵਾਈਸ-ਚਾਂਸਲਰ ਨੂੰ ਉਸ ਦੀ ਥਾਵੇਂ ਕੋਈ ਇਵਜ਼ੀ, ਜਿਸ ਨੂੰ ਉਹ ਮੁਨਾਸਬ ਸਮਝੇ, ਨਿਯੁਕਤ ਕਰਨ ਦਾ ਇਖ਼ਤਿਆਰ ਹਾਸਲ ਹੋਵੇਗਾ।

8. ਸਿੰਡੀਕੇਟ, ਅਕਾਦਮਿਕ ਕੌਂਸਲ ਦੀਆਂ ਸਿਫ਼ਾਰਸ਼ਾਂ ਉੱਤੇ, ਪਰੀਖਕਾਂ ਦੀ ਅਗਵਾਈ ਲਈ ਅਜਿਹੀਆਂ ਆਮ ਹਦਾਇਤਾਂ ਜਾਰੀ ਕਰੇਗੀ, ਜੋ ਉਹ ਉਨ੍ਹਾਂ ਦੇ ਕਰੱਤਵਾਂ ਦੇ ਉਚਿੱਤ ਤੌਰ ਤੇ ਨਿਭਾਉਣ ਲਈ ਜ਼ਰੂਰੀ ਸਮਝੇ।

---

* ਅੰਡਰ ਗ੍ਰੈਜੂਏਟ ਜਮਾਤਾਂ ਲਈ ਪ੍ਰੈਕਟੀਕਲਾਂ ਵਾਸਤੇ ਅੰਦਰੂਨੀ ਪਰੀਖਕ ਨਹੀਂ ਹੋਵੇਗਾ ਸਿਵਾਏ ਬੀ.ਐਸ-ਸੀ. (ਟੀ ਡੀ ਸੀ) ਦੀ ਸੂਰਤ ਵਿੱਚ, ਜਿਥੇ ਆਰਮਰਡ ਕੋਰ, ਨੇਵਲ ਵਿੰਗ ਅਤੇ ਏਅਰ ਵਿੰਗ ਦੇ ਪ੍ਰੈਕਟੀਕਲ ਪਰੀਖਕਾਂ ਦੇ ਪ੍ਰੈਕਟੀਕਲ ਲੈਣ ਲਈ ਦੋ ਪਰੀਖਕਾਂ ਦਾ ਬੋਰਡ ਬਣਾਉਣ ਲਈ ਦੂਜਾ ਪਰੀਖਕ (ਅੰਦਰੂਨੀ ਅਤੇ ਬੈਰੂਨੀ) ਨਿਯੁਕਤ ਕੀਤਾ ਜਾਵੇਗਾ।

ਪਰੀਖਕਾਂ ਦੇ ਤੌਰ ਤੇ ਨਿਯੁਕਤੀ ਲਈ ਨਾਵਾਂ ਦੀ ਸਿਫ਼ਾਰਸ਼ ਕਰਨ ਵਿੱਚ ਬੋਰਡ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ ਜੋ ਸਮੇਂ-ਸਮੇਂ ਸਿੰਡੀਕੇਟ/ਅਕਾਦਮਿਕ ਕੌਂਸਲ ਦੁਆਰਾ ਦਿੱਤੇ ਜਾਣ। ਸੰਬੰਧਤ ਅਧਿਐਨ ਬੋਰਡ, ਲੇਟ ਤੋਂ ਲੇਟ ਪਰੀਖਿਆ ਤੋਂ ਪੂਰਵਵਰਤੀ ਨਵੰਬਰ ਦੀ ਪਹਿਲੀ ਤਰੀਕ ਤੱਕ ਪਰੀਖਕਾਂ ਦੇ ਪੇਨਲ ਦੀ ਸਿਫ਼ਾਰਸ਼ ਕਰ ਦੇਵੇਗਾ, ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿੱਚ ਨਿਯੁਕਤੀਆਂ ਵਾਈਸ- ਚਾਂਸਲਰ ਕਰੇਗਾ।

9. ਪਰੀਖਕਾਂ ਨੂੰ ਅਦਾ ਕੀਤੇ ਜਾਣ ਵਾਲੇ ਸੇਵਾ-ਫਲ ਦਾ ਪੈਮਾਨਾ, ਅਕਾਦਮਿਕ ਕੌਂਸਲ ਦੀਆਂ ਸਿਫ਼ਾਰਸ਼ਾਂ ਉੱਤੇ, ਸਿੰਡੀਕੇਟ ਦੁਆਰਾ ਨਿਯਤ ਕੀਤਾ ਜਾਵੇਗਾ।

10. ਕੋਈ ਵਿਅਕਤੀ ਬੈਰੂਨੀ/ਨਿਰਪੱਖ ਪਰੀਖਕ ਜਾਂ ਅੰਦਰੂਨੀ ਪਰੀਖਕ ਦੇ ਤੌਰ ਤੇ ਨਿਯੁਕਤ ਕੀਤੇ ਜਾਣ ਦਾ ਪਾਤਰ ਨਹੀਂ ਹੋਵੇਗਾ, ਜੇ ਉਸ ਦਾ ਕੋਈ ਰਿਸ਼ਤੇਦਾਰ* ਉਸ ਪਰੀਖਿਆ ਵਿੱਚ ਬੈਠ ਰਿਹਾ ਹੋਵੇ ।

11. ਜਿਥੇ ਤੱਕ ਸੰਭਵ ਹੋਵੇ, ਇਕ ਅਧਿਆਪਕ ਨੂੰ, ਜੇ ਹੋਰਵੇਂ ਬਰਾਬਰ ਦਾ ਕਾਬਲ ਹੋਵੇ, ਗ਼ੈਰ-ਅਧਿਆਪਕ ਤੋਂ ਤਰਜੀਹ ਦਿੱਤੀ ਜਾਵੇਗੀ।

12. ਕਿਸੇ ਵਿਦਿਆਰਥੀ ਨੂੰ, ਜੋ ਕਿਸੇ ਸੰਬੱਧ ਕਾਲਜ ਵਿੱਚ ਪੜ੍ਹ ਰਿਹਾ ਹੋਵੇ ਜਾਂ ਪ੍ਰਾਈਵੇਟ ਉਮੀਦਵਾਰ ਦੇ ਤੌਰ ਤੇ ਪਰੀਖਿਆ ਦੇ ਰਿਹਾ ਹੋਵੇ ਜਾਂ ਜਿਸ ਨੇ ਉਸ ਸਾਲ ਦੇ ਦੌਰਾਨ ਯੂਨੀਵਰਸਿਟੀ ਦੀ ਕਿਸੇ ਪਰੀਖਿਆ ਵਿੱਚ ਬੈਠਣ ਲਈ ਆਪਣਾ ਦਾਖ਼ਲਾ ਫ਼ਾਰਮ ਅਤੇ ਫ਼ੀਸ ਭਰੀ ਹੋਵੇ, ਪਰੀਖਕ ਨਿਯੁਕਤ ਨਹੀਂ ਕੀਤਾ ਜਾਵੇਗਾ। ਕੋਈ ਵਿਅਕਤੀ ਜੋ ਕਿਸੇ ਪਰੀਖਿਆ ਵਿੱਚ ਬੈਠ ਰਿਹਾ ਹੋਵੇ ਉਸ ਨੂੰ ਉਸ ਪਰੀਖਿਆ ਲਈ ਪਰੀਖਕ ਬਣਨ ਦੀ ਇਜਾਜ਼ਤ ਨਹੀਂ ਹੋਵੇਗੀ।
ਪ੍ਰਸ਼ਾਸਕੀ ਆਸਾਮੀਆਂ ਉਤੇ ਨਿਯੁਕਤ ਕੀਤੇ ਜਾਣ ਤੇ ਅਧਿਆਪਕ, ਜੇ ਉਨ੍ਹਾਂ ਦੀਆਂ ਯੋਗਤਾਵਾਂ, ਤਜਰਬਾ ਅਤੇ ਹੋਰ ਸ਼ਰਤਾਂ ਇਸ ਗੱਲ ਦਾ ਸਮਰਥਨ ਕਰਨ ਤਾਂ, ਪਰੀਖਕ ਨਿਯੁਕਤ ਕੀਤੇ ਜਾਣ ਦੇ ਪਾਤਰ ਹੋਣਗੇ।

13. ਪਰੀਖਕਾਂ ਦੀ ਨਿਯੁਕਤੀ ਦੇ ਪ੍ਰਯੋਜਨਾਂ ਲਈ ਉਹ ਸਭ ਪਰੀਖਿਆਵਾਂ, ਜਿਨ੍ਹਾਂ ਵਿੱਚ ਪ੍ਰੈਕਟੀਕਲ ਸ਼ਾਮਲ ਹਨ, ਜਿਥੇ ਕਿਸੇ ਪਰੀਖਕ ਦਾ ਕੁੱਲ ਸੇਵਾ-ਫਲ ਨਿਮਨਤਮ ਮੁਕੱਰਰ ਸੀਮਾ ਤੱਕ ਜਾਂ ਉਸ ਤੋਂ ਹੇਠਾਂ ਤੱਕ ਬਣਦਾ ਹੈ, ਛੋਟੀਆਂ ਪਰੀਖਿਆਵਾਂ ਸਮਝੀਆ ਜਾਣਗੀਆਂ।

14. ਵਿਗਿਆਨ ਦੇ ਵਿਸ਼ਿਆਂ ਵਿੱਚ ਪ੍ਰੈਕਟੀਕਲ ਪਰੀਖਿਆ ਲਈ ਪਰੀਖਕਾਂ ਦੀ ਸੂਰਤ ਵਿੱਚ, ਜਿਥੇ ਮੌਜੂਦਾ ਉਪਬੰਧਾਂ ਅਧੀਨ ਕਾਬਲ ਪਰੀਖਕਾਂ ਦੀ ਕਾਫ਼ੀ ਗਿਣਤੀ ਉਪਲਬਧ ਨਹੀਂ ਹੈ, ਤਿੰਨ ਸਾਲਾਂ ਦੇ ਅਧਿਆਪਨ ਤਜਰਬੇ ਦੀ ਸ਼ਰਤ ਵਿਚ ਢਿੱਲ ਦਿੱਤੀ ਜਾ ਸਕੇਗੀ।

---

* ਰਿਸ਼ਤੇਦਾਰ ਸ਼ਬਦ ਨੂੰ ਹੇਠ-ਲਿਖੇ ਅਨੁਸਾਰ ਪਰਿਨਿਸਚਿਤ ਕੀਤਾ ਜਾਂਦਾ ਹੈ:- ਪਤਨੀ, ਪਤੀ, ਪੁੱਤਰ, ਧੀ, ਭੈਣ, ਸਾਲਾ ਅਤੇ ਸਾਲੀ, ਭਰਾ ਦਾ ਪੁੱਤਰ ਅਤੇ ਧੀ, ਭਣੇਵਾਂ, ਅਤੇ ਭਣੇਵੀਂ, ਤਾਏ/ਚਾਚੇ/ਮਾਮੇ/ਮਾਸੀ/ਭੂਆ ਦਾ ਪੁੱਤਰ ਅਤੇ ਧੀ, ਦੇਵਰ, ਜੇਠ ਅਤੇ ਨਨਾਣ, ਭਰਾ, ਭਤੀਜਾ, ਪੋਤਰਾ/ਦੁਹਤਰਾ, ਪੋਤਰੀ/ਦੁਹਤਰੀ ਜਾਂ ਅਜਿਹਾ ਹੋਰ ਰਿਸ਼ਤਾ ਜੋ ਇਸ ਔਰਡਿਨੈਂਸ ਦੇ ਪ੍ਰਯੋਜਨਾਂ ਲਈ ਵਾਈਸ-ਚਾਂਸਲਰ ਦੁਆਰਾ ਨੇੜੇ ਦਾ ਸਮਝਿਆ ਜਾਵੇ।

ਘੱਟ ਤੋਂ ਘੱਟ ਤਿੰਨ ਸਾਲਾਂ ਦੇ ਅਧਿਆਪਨ ਤਜਰਬੇ ਦੀ ਸ਼ਰਤ ਵਿੱਚ, ਉਨ੍ਹਾਂ ਵਿਅਕਤੀਆਂ ਦੀ ਸੂਰਤ ਵਿੱਚ ਵੀ ਢਿੱਲ ਦਿੱਤੀ ਜਾ ਸਕੇਗੀ ਜੋ ਉੱਚ ਅਕਾਦਮਿਕ ਯੋਗਤਾਵਾਂ ਜਿਵੇਂ ਕਿ ਡਾਕਟਰੇਟ ਜਾਂ ਬਦੇਸ਼ੀ ਡਿਗਰੀ ਰਖਦੇ ਹੋਣ।

15 (i) ਬੈਰੂਨੀ ਅਤੇ ਅੰਦਰੂਨੀ ਪਰੀਖਕਾਂ ਵਾਲੀਆਂ ਪਰੀਖਿਆਵਾਂ ਦੀ ਸੂਰਤ ਵਿੱਚ, ਜੇ ਪਰੀਖਕ ਸਹਿਮਤ ਨਾ ਹੋ ਸਕਣ ਅਤੇ ਉਨ੍ਹਾਂ ਦੁਆਰਾ ਦਿੱਤੇ ਨੰਬਰਾਂ ਵਿੱਚ ਫ਼ਰਕ, ਅਧਿਕਤਮ ਨੰਬਰਾਂ ਦੇ 10% ਤਕ ਹੋਵੇ, ਤਾਂ ਦੋਹਾਂ ਦੀ ਔਸਤ ਨੂੰ ਅੰਤਿਮ ਰੂਪ ਵਿੱਚ ਦਿੱਤੇ ਨੰਬਰ ਮੰਨਿਆ ਜਾਵੇਗਾ।

ਅਜਿਹੀਆਂ ਸੂਰਤਾਂ ਵਿੱਚ ਵਾਈਸ ਚਾਂਸਲਰ ਦੁਆਰਾ ਤੀਜੇ ਪਰੀਖਕ ਦੀ ਨਿਯੁਕਤੀ ਕੇਵਲ ਤੱਦ ਜ਼ਰੂਰੀ ਹੋਵੇਗੀ ਜੇ ਦੋ ਪਰੀਖਕਾਂ ਵਿੱਚ ਅਣਸੁਲਝਿਆ ਫ਼ਰਕ ਅਧਿਕਤਮ ਨੰਬਰਾਂ ਦੇ 10% ਤੋਂ ਜ਼ਿਆਦਾ ਹੋਵੇ।

(ii) ਉਨ੍ਹਾਂ ਸਭ ਪਰੀਖਿਆਵਾਂ ਵਿੱਚ ਜਿਥੇ ਅੰਦਰੂਨੀ ਪਰੀਖਕ ਹੁੰਦੇ ਹਨ, ਜੇ ਨੰਬਰਾਂ ਵਿਚਲੀ ਅਦਲਾ-ਬਦਲੀ ਅਜਿਹੀ ਹੈ ਕਿ ਉਸ ਨਾਲ ਉਮੀਦਵਾਰ ਦੀ ਡਵੀਜ਼ਨ ਉੱਤੇ ਅਸਰ ਪੈਂਦਾ ਹੈ, ਤਾਂ ਬੈਰੂਨੀ ਪਰੀਖਕ ਨੂੰ ਹਵਾਲਾ ਕੀਤੇ ਜਾਣ ਤੋਂ ਬਿਨਾਂ ਅਦਲਾ ਬਦਲੀ ਸਵੀਕਾਰ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਸੂਰਤਾਂ ਵਿੱਚ ਜਿਥੇ ਅੰਦਰੂਨੀ ਪਰੀਖਕ ਨੇ ਕਿਸੇ ਉਮੀਦਵਾਰ ਦੇ ਨੰਬਰ ਘਟਾਏ ਹਨ, ਮਾਮਲੇ ਦੀ ਰਿਪੋਰਟ ਵਾਈਸ ਚਾਂਸਲਰ ਨੂੰ ਕੀਤੀ ਜਾਵੇਗੀ, ਜੋ, ਜੇ ਉਹ ਜ਼ਰੂਰੀ ਸਮਝੇ, ਤਾਂ ਤੀਜਾ ਪਰੀਖਕ ਨਿਯੁਕਤ ਕਰੇਗਾ, ਜਿਸ ਦੁਆਰਾ ਦਿੱਤੇ ਨੰਬਰ ਅੰਤਿਮ ਸਮਝੇ ਜਾਣਗੇ।

16. ਪ੍ਰੈਕਟੀਕਲ ਲਈ ਪਰੀਖਕ, ਜਿਥੇ ਉਹ ਜਾਂਦੇ ਹਨ ਉਨ੍ਹਾਂ ਸੰਸਥਾਵਾਂ ਜਾਂ ਅਧਿਆਪਕਾਂ ਦੀ ਮਹਿਮਾਨ ਨਿਵਾਜ਼ੀ ਸਵੀਕਾਰ ਕਰਨ ਤੋਂ ਵਰਜਤ ਹਨ।

17. ਕਿਸੇ ਪਰੀਖਕ ਦੇ ਅਹੁਦੇ ਦੀ ਅਉਧ ਤੈਅ ਕਰਨ ਲਈ, ਨਿਯੁਕਤੀ ਦਾ ਸਾਲ, ਭਾਵੇਂ ਕੋਈ ਪਰੀਖਕ ਅਪਰੈਲ ਵਿੱਚ ਨਿਯੁਕਤ ਕੀਤਾ ਗਿਆ ਹੋਵੇ ਜਾਂ ਸਤੰਬਰ ਵਿੱਚ, ਪੂਰੇ ਸਾਲ ਦੇ ਤੌਰ ਤੇ ਗਿਣਿਆ ਜਾਵੇਗਾ।

18. ਮੁੱਖ ਪਰੀਖਕ

(i) ਦਸ ਸਾਲ ਤੋਂ ਘੱਟ ਅਧਿਆਪਨ ਤਜਰਬੇ ਵਾਲੇ ਕਿਸੇ ਵਿਅਕਤੀ ਨੂੰ ਮੁੱਖ ਪਰੀਖਕ ਨਿਯੁਕਤ ਨਹੀਂ ਕੀਤਾ ਜਾਵੇਗਾ।

(ii) ਦੂਰ-ਦੁਰਾਡੇ ਦੀਆਂ ਥਾਵਾਂ ਤੋਂ ਮੁੱਖ ਪਰੀਖਕਾਂ ਦੀ ਨਿਯੁਕਤੀ ਤੋਂ ਸਾਧਾਰਨ ਤੌਰ ਤੇ ਬਚਿਆ ਜਾਵੇਗਾ।

(iii) ਇੱਕ ਮੁੱਖ-ਪਰੀਖਕ ਨੂੰ 10 ਤੋਂ ਵੱਧ ਪਰੀਖਕ ਅਲਾਟ ਨਹੀਂ ਕੀਤੇ ਜਾਣਗੇ।

19. ਮੁੱਖ-ਪਰੀਖਕ/ਉਪ-ਪਰੀਖਕ ਨਿਯੁਕਤ ਕੀਤੇ ਜਾਣ ਲਈ ਰਜਿਸਟਰ ਕੀਤੇ ਗਏ ਅਧਿਆਪਕਾਂ ਦੀ ਆਪਸੀ ਸੀਨੀਆਰਤਾ, ਸੰਬੱਧ ਕਾਲਜਾਂ/ਯੂਨੀਵਰਸਿਟੀ ਵਿਭਾਗਾਂ ਦੇ ਅਧਿਆਪਕਾਂ ਦੀ ਸਾਂਝੀ ਸੂਚੀ ਤੋਂ ਉਨ੍ਹਾਂ ਦੇ ਅਧਿਆਪਨ ਤਜਰਬੇ ਦੀ ਲੰਮਾਈ ਦੇ ਆਧਾਰ ਤੇ ਤੈਅ ਕੀਤੀ ਜਾਵੇਗੀ ਅਤੇ ਨਿਯੁਕਤੀ ਦੀ ਪੇਸ਼ਕਸ਼ ਉਸ ਕ੍ਰਮ ਵਿੱਚ ਅਰਥਾਤ ਮੁੱਖ-ਪਰੀਖਕ ਅਤੇ ਉਪ-ਪਰੀਖਕ ਵਜੋਂ ਨਿਯੁਕਤੀ ਸਭ ਤੋਂ ਸੀਨੀਅਰ ਵਿਅਕਤੀ ਅਤੇ ਸਭ ਤੋਂ ਸੀਨੀਅਰ ਪਰੀਖਿਆ, ਜਿਹਾ ਕਿ ਬੀ.ਏ./ ਬੀ.ਐਸ-ਸੀ./ਬੀ.ਕਾਮ. (ਟੀ.ਡੀ.ਸੀ.) ਭਾਗ-III, ਭਾਗ-II ਆਦਿ ਅਨੁਸਾਰ ਕੀਤੀ ਜਾਵੇਗੀ।

## ਆਮ ਸ਼ਰਤਾਂ

1. ਜੇ ਉੱਤਰ ਪਰਚਿਆਂ ਦੀ ਗਿਣਤੀ 25● ਤੋਂ ਵੱਧ ਨਾ ਹੋਵੇ ਤਾਂ ਬੈਰੂਨੀ ਜਾਂ ਨਿਰਪੱਖ ਪਰੀਖਕ, ਪਰੀਖਕ ਦੇ ਤੌਰ ਤੇ ਵੀ ਕੰਮ ਕਰੇਗਾ।
2. ਜਦੋਂ ਉਤੱਰ-ਪਰਚਿਆਂ ਦੀ ਗਿਣਤੀ 25● ਤੋਂ ਵੱਧ ਹੋਵੇ, ਤਾਂ ਪਰਚਾ ਪਾਉਣ ਵਾਲਾ ਵਿਅਕਤੀ ਮੁੱਖ ਪਰੀਖਕ ਦੇ ਤੌਰ ਤੇ ਕੰਮ ਕਰੇਗਾ ਅਤੇ ਇੱਕ ਜਾਂ ਵੱਧ ਮਾਤਹਿਤ ਪਰੀਖਕ, ਜਿਤਨੇ ਲੋੜੀਂਦੇ ਹੋਣ, ਉੱਤਰ ਪਰਚਿਆਂ ਦੇ ਨੰਬਰ ਲਾਉਣ ਲਈ ਨਿਯੁਕਤ ਕੀਤੇ ਜਾਣਗੇ। ਮਾਤਹਿਤ ਪਰੀਖਕਾਂ ਦੁਆਰਾ ਨੰਬਰ ਲਾਉਣ ਦਾ ਮਿਆਰ ਮੁੱਖ-ਪਰੀਖਕ ਦੁਆਰਾ ਤੈਅ ਕੀਤਾ ਜਾਵੇਗਾ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਮੁੱਖ ਪਰੀਖਕ ਇਤਨੇ ਦੂਰੋਂ ਨਿਯੁਕਤ ਨਾ ਕੀਤਾ ਜਾਵੇ ਕਿ ਉਹ ਦਿੱਤੇ ਗਏ ਸਮੇਂ ਦੇ ਅੰਦਰ ਕੰਮ ਹੀ ਨਾ ਮੁਕਾ ਸਕੇ।
3. ਅੰਡਰ-ਗ੍ਰੈਜੂਏਟ ਪਰੀਖਿਆਵਾਂ ਲਈ ਪਰੀਖਕ ਸੰਬੱਧ ਕਾਲਜਾਂ/ਯੂਨੀਵਰਸਿਟੀ ਦੀ ਅਧਿਕਾਰਤਾ ਦੇ ਅੰਦਰ ਕੰਮ ਕਰ ਰਹੇ ਅਧਿਆਪਕਾਂ ਵਿੱਚੋਂ ਅਤੇ ਇਸ ਸ਼ਰਤ ਦੇ ਤਾਬੇ ਨਿਯੁਕਤ ਕੀਤੇ ਜਾਣਗੇ ਕਿ ਪਰੀਖਕ ਨੇ ਉਸ ਸੈਸ਼ਨ ਲਈ ਉਹ ਵਿਸ਼ਾ ਜਮਾਤ ਨੂੰ ਨਹੀਂ ਪੜ੍ਹਾਇਆ ਅਤੇ ਉਹ ਨਿਯੁਕਤੀ ਦੀਆਂ ਹੋਰ ਸਭ ਸ਼ਰਤਾਂ ਪੂਰੀਆਂ ਕਰਦੇ ਹਨ।
4. ਜੇ ਕੋਈ ਵਿਅਕਤੀ ਸੰਬੰਧਤ ਵਿਸ਼ੇ ਵਿੱਚ ਐਮ.ਏ./ਐਮ. ਐਸ-ਸੀ. ਦੀ ਡਿਗਰੀ ਅਤੇ ਘੱਟ ਤੋਂ ਘੱਟ ਤਿੰਨ ਸਾਲਾਂ ਦਾ ਅਧਿਆਪਨ ਤਜਰਬਾ ਨਾ ਰੱਖਦਾ ਹੋਵੇ, ਤਾਂ ਉਸ ਨੂੰ ਉਪ-ਪਰੀਖਕ ਨਿਯੁਕਤ ਨਹੀਂ ਕੀਤਾ ਜਾਵੇਗਾ।

## ਨਿਯਮ

1. ਇਸ ਪ੍ਰਯੋਜਨ ਲਈ ਸੀਨੀਅਰਤਾ, ਵਿਅਕਤੀ ਦੁਆਰਾ ਆਪਣੇ ਦਰਖ਼ਾਸਤ ਫ਼ਾਰਮ ਵਿੱਚ ਦਿੱਤੇ ਅਧਿਆਪਨ ਤਜਰਬੇ ਦੇ ਆਧਾਰ ਤੇ ਤੈਅ ਕੀਤੀ ਜਾਵੇਗੀ।
2. ਬੀ.ਏ./ਬੀ. ਐਸ-ਸੀ. (ਟੀ.ਡੀ.ਸੀ.) ਭਾਗ- II ਅਤੇ ਭਾਗ- III ਦੀਆਂ ਪ੍ਰੈਕਟੀਕਲ ਪਰੀਖਿਆਵਾਂ ਲਈ, ਕੇਵਲ ਉਹ ਵਿਅਕਤੀ ਪਰੀਖਕ ਦੇ ਤੌਰ ਤੇ ਨਿਯੁਕਤ ਕੀਤੇ ਜਾਣਗੇ ਜਿਨ੍ਹਾਂ ਨੂੰ ਇਨ੍ਹਾਂ ਜਾਂ ਉਚੇਰੀਆਂ ਜਮਾਤਾਂ ਨੂੰ ਘੱਟ ਤੋਂ ਘੱਟ ਤਿੰਨ ਸਾਲ ਅਧਿਆਪਨ ਦਾ ਤਜਰਬਾ ਹੋਵੇ।

3. ਸੈਨਿਕ ਸਿਖਲਾਈ ਵਿੱਚ ਪ੍ਰੈਕਟੀਕਲ ਪਰੀਖਿਆ ਲਈ ਕੇਵਲ ਉਹ ਅਧਿਆਪਕ ਨਿਯੁਕਤ ਕੀਤੇ ਜਾ ਸਕਣਗੇ ਜੋ ਪਰੀਖਿਆ ਦੇ ਸਮੇਂ ਐਨ. ਸੀ. ਸੀ. ਅਫ਼ਸਰ ਹੋਣ।

4. ਸਿਖਲਾਈ ਕਾਲਜਾਂ ਦੇ ਕੇਵਲ ਉਹ ਅਧਿਆਪਕ ਨਿਯੁਕਤੀ ਲਈ ਵਿਚਾਰੇ ਜਾ ਸਕਣਗੇ ਜਿਨ੍ਹਾਂ ਨੇ ਪਰੀਖਿਆ ਦੇ ਅਰੰਭ ਤੋਂ ਦੋ ਪੂਰਵ ਵਰਤੀ ਸਾਲਾਂ ਦੇ ਦੌਰਾਨ ਉਹ ਵਿਸ਼ਾ ਕਿਸੇ ਡਿਗਰੀ ਕਾਲਜ ਵਿੱਚ ਪੜ੍ਹਾਇਆ ਹੋਵੇ।

5. ਕਿਉਂਕਿ ਉਪ-ਪਰੀਖਕ ਉਨ੍ਹਾਂ ਦੇ ਅਧਿਆਪਨ ਤਜਰਬੇ ਦੀ ਲੰਮਾਈ ਦੇ ਆਧਾਰ ਤੇ ਉਨ੍ਹਾਂ ਦੀ ਤੈਅ ਕੀਤੀ ਸੀਨੀਅਰਤਾ ਦੇ ਆਧਾਰ ਤੇ ਵਾਰੀ ਸਿਰ ਨਿਯੁਕਤ ਕੀਤੇ ਜਾਂਦੇ ਹਨ, ਇਸ ਲਈ ਅਧਿਐਨ ਬੋਰਡ ਦੇ ਮੈਂਬਰ ਪਰੀਖਕ ਨਿਯੁਕਤ ਕੀਤੇ ਜਾਣ ਤੋਂ ਵਰਜਤ ਨਹੀਂ ਕੀਤੇ ਜਾਣਗੇ।

6. ਕਿਸੇ ਪਰੀਖਕ ਦੀ ਨਿਯੁਕਤੀ ਦੀ ਪਹਿਲੀ ਅਉਧ ਗੁਜ਼ਰਨ ਤੇ, ਉਸ ਨੂੰ ਇੱਕ ਸਾਲ ਦੇ ਵਕਫ਼ੇ ਤੋਂ ਬਾਅਦ ਮੁੜ ਨਿਯੁਕਤ ਕੀਤਾ ਜਾ ਸਕੇਗਾ :
ਪਰੰਤੂ ਇਹ ਕਿ ਜਿੱਥੇ ਕਾਬਲ ਵਿਅਕਤੀ ਉਪਲਬਧ ਨਾ ਹੋਣ ਉਥੇ ਇਸ ਸ਼ਰਤ ਵਿੱਚ ਢਿੱਲ ਦਿੱਤੀ ਜਾ ਸਕੇਗੀ।

7. ਪੰਜਾਬੀ ਯੂਨੀਵਰਸਿਟੀ ਦੁਆਰਾ ਸੰਚਾਲਤ ਪ੍ਰੈਕਟੀਕਲ ਪਰੀਖਿਆਵਾਂ ਲਈ ਪੰਜਾਬੀ ਯੂਨੀਵਰਸਿਟੀ ਦੇ ਕੇਵਲ ਅਜਿਹੇ ਖੋਜ ਸਕਾਲਰਾਂ ਨੂੰ ਪਰੀਖਕ ਦੇ ਤੌਰ ਤੇ ਵਿਚਾਰਿਆ ਜਾ ਸਕੇਗਾ ਜੋ ਘੱਟ ਤੋਂ ਘੱਟ ਤਿੰਨ ਸਾਲਾਂ ਦਾ ਅਧਿਆਪਨ ਤਜਰਬਾ ਰੱਖਦੇ ਹੋਣ, ਪਰੰਤੂ ਸੰਬੱਧ ਕਾਲਜਾਂ ਦੇ ਉਨ੍ਹਾਂ ਅਧਿਆਪਕਾਂ ਨੂੰ ਤਰਜੀਹ ਦਿੱਤੀ ਜਾਵੇਗੀ ਜੋ ਉਹ ਵਿਸ਼ਾ ਵਿਸ਼ੇਸ਼ ਪੜ੍ਹਾਉਂਦੇ ਹੋਣ ਅਤੇ ਜਿਨ੍ਹਾਂ ਪਾਸ ਲੋੜੀਂਦੀਆਂ ਯੋਗਤਾਵਾਂ ਅਤੇ ਤਜਰਬਾ ਹੋਵੇ।

8. ਪਰੀਖਕ ਦੀ ਨਿਯੁਕਤੀ ਲਈ ਰਖੀਆਂ ਗਈਆਂ ਲੋੜੀਂਦੀਆਂ ਯੋਗਤਾਵਾਂ ਹਾਸਲ ਕਰਨ ਤੋਂ ਪਹਿਲਾਂ ਦਾ ਅਧਿਆਪਕ ਦਾ ਤਜਰਬਾ ਉਸ ਦੀ ਸੀਨੀਅਰਤਾ ਤੈਅ ਕਰਨ ਲਈ ਅਧਿਆਪਨ ਤਜਰਬੇ ਵਿੱਚ ਨਹੀਂ ਗਿਣਿਆ ਜਾ ਸਕੇਗਾ।

9. ਜਿੱਥੋਂ ਤੱਕ ਸੰਭਵ ਹੋ ਸਕੇ, ਇਸ ਪ੍ਰਯੋਜਨ ਲਈ ਨਿਯੁਕਤ ਕੀਤੇ ਉਪ-ਪਰੀਖਕਾਂ ਵਿਚਕਾਰ ਉੱਤਰ-ਪਰਚਿਆਂ ਦੀ ਜਾਂ ਪ੍ਰੈਕਟੀਕਲ ਪਰੀਖਿਆ ਵਿੱਚ ਉਮੀਦਵਾਰਾਂ ਦੀ ਗਿਣਤੀ ਬਰਾਬਰ ਬਰਾਬਰ ਵੰਡੀ ਜਾਵੇ।

10. ਪਰਚਾ ਪਾਉਣ ਤੋਂ ਇਲਾਵਾ, ਜਦੋਂ ਤੱਕ ਕਿਸੇ ਵਿਸ਼ੇ ਵਿਸ਼ੇਸ਼ ਵਿੱਚ ਸਭ ਕਾਬਲ ਵਿਅਕਤੀਆਂ ਨੂੰ ਇੱਕ-ਇੱਕ ਅਸਾਈਨਮੈਂਟ ਨਾ ਦਿੱਤੀ ਜਾ ਚੁੱਕੀ ਹੋਵੇ, ਕਿਸੇ ਨੂੰ ਵੀ ਦੂਜੀ ਪੇਸ਼ਕਸ਼ ਨਾ ਕੀਤੀ ਜਾਵੇ। ਕਿਸੇ ਵੀ ਸੂਰਤ ਵਿੱਚ ਕਿਸੇ ਨੂੰ ਦੋ ਵੱਡੀਆਂ ਅਸਾਈਨਮੈਂਟਾਂ ਤੋਂ ਵੱਧ ਨਾ ਦਿੱਤੀਆਂ ਜਾਣ।

11. ਜਿੱਥੇ ਸੰਬੱਧ ਕਾਲਜਾਂ/ਯੂਨੀਵਰਸਿਟੀ ਅਧਿਆਪਨ ਵਿਭਾਗਾਂ ਦੇ ਅਮਲੇ ਵਿੱਚੋਂ ਪਾਤਰ ਵਿਅਕਤੀ ਉਪਲੱਬਧ ਨਾ ਹੋਣ, ਉਥੇ ਹੰਗਾਮੀ ਹਾਲਾਤ ਵਿ ੱਚ ਸਿਵਾਏ, ਚੇਅਰਮੇਨ, ਅਧਿਐਨ ਬੋਰਡ ਨਾਲ, ਮਸ਼ਵਰਾ ਕਰਕੇ, ਨਿਯੁਕਤੀਆਂ ਪੰਜਾਬ, ਦਿੱਲੀ, ਕੁਰੂਕਸ਼ੇਤਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਨਾਲ ਸੰਬੱਧ ਕਾਲਜਾਂ ਤੋਂ ਕੀਤੀਆਂ ਜਾਣਗੀਆਂ।

12. ਵੱਖ-ਵੱਖ ਫ਼ੈਕਲਟੀਆਂ ਵਿੱਚ ਅਧਿਐਨ ਬੋਰਡ ਦੁਆਰਾ ਸਿਫ਼ਾਰਸ਼ ਕੀਤੇ ਪੇਨਲਾਂ ਵਿੱਚ ਸ਼ਾਮਲ ਕੀਤੇ ਦੂਰ ਦੁਰਾਡੇ ਦੇ ਪਰੀਖਕਾਂ ਦੀ ਥਾਵੇਂ, ਜਿਵੇਂ ਉਹ ਠੀਕ ਸਮਝੇ, ਇਵਜ਼ੀ ਨਿਯੁਕਤ ਕਰਨ ਦਾ ਇਖ਼ਤਿਆਰ ਵਾਈਸ ਚਾਂਸਲਰ ਨੂੰ ਹੋਵੇਗਾ।

13. ਧਰਮ ਅਧਿਐਨ* ਪਰੀਖਿਆ ਵਿੱਚ ਐਮ. ਲਿਟ ਡਿਗਰੀ ਲਈ ਪਰਚਿਆਂ ਦਾ ਮੁਲਾਂਕਣ ਦੋ ਬੈਰੂਨੀ ਪਰੀਖਕਾਂ ਦੁਆਰਾ ਕੀਤਾ ਜਾ ਸਕੇਗਾ।

14. ਐਮ.ਫਿਲ. ਪਰੀਖਿਆ ਦੇ ਕੇਸ ਵਿੱਚ ਪਰਚਿਆਂ ਦਾ ਮੁਲਾਂਕਣ, ਬੈਰੂਨੀ ਅਤੇ ਅੰਦਰੂਨੀ, ਦੋਹਾਂ ਪਰੀਖਕਾਂ ਦੁਆਰਾ ਇੱਕ ਦੂਜੇ ਦੇ ਸਹਿਯੋਗ ਨਾਲ ਕੀਤਾ ਜਾਵੇਗਾ।

15. ਸਭ ਫ਼ੈਕਲਟੀਆਂ ਵਿੱਚ ਸਭਨਾਂ ਪਰੀਖਿਆਵਾਂ ਲਈ ਮੁੱਖ ਪਰੀਖਕ, ਇੱਕਲਾ ਪਰੀਖਕ ਅਤੇ ਅੰਦਰੂਨੀ ਪਰੀਖਕ, ਇੱਕ ਪੜਤਾਲ ਸਹਾਇਕ ਨਿਯੁਕਤ ਕਰੇਗਾ ਜੋ ਘੱਟ ਤੋਂ ਘੱਟ ਗ੍ਰੈਜੂਏਟ ਹੋਵੇ।

16. ਪਰੀਖਕਾਂ ਦੇ ਸੇਵਾਫਲ ਵਿੱਚੋਂ 1% ਕਟੌਤੀ ਵਿਦਿਆਰਥੀ ਸਹਾਇਤਾ ਫ਼ੰਡ ਲਈ ਅਤੇ 4% ਕਟੌਤੀ ਹੋਲੀ-ਡੇ-ਹੋਮ ਲਈ ਕੀਤੀ ਜਾਵੇਗੀ :

ਪਰੰਤੂ ਇਹ ਕਿ ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰ-ਖੇਤਰ ਤੋਂ ਬਾਹਰ ਦੇ ਕਾਲਜਾਂ ਅਤੇ ਬਾਹਰਲੀਆਂ ਯੂਨੀਵਰਸਿਟੀਆਂ ਦੇ ਅਧਿਆਪਕਾਂ ਨੂੰ ਵੱਖ-ਵੱਖ ਪਰੀਖਿਆਵਾਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ/ਪੁਨਰ-ਮੁਲਾਂਕਣ ਕਰਾਉਣ, ਪਰਚਾ ਪਾਉਣ, ਪ੍ਰੈਕਟੀਕਲ ਅਤੇ ਪਰੀਖਿਆ ਕੇਂਦਰ ਤੇ ਨਿਯੁਕਤ ਕੀਤੇ ਜਾਂਦੇ ਨਿਗਰਾਨ ਅਮਲੇ ਦੇ ਸੇਵਾਫਲ ਵਿੱਚੋਂ **4% ਹੋਲੀ-ਡੇ-ਹੋਮ ਲਈ ਅਤੇ 1% ਵਿਦਿਆਰਥੀ ਸਹਾਇਤਾ ਫ਼ੰਡ ਲਈ ਕਟੌਤੀ ਨਹੀਂ ਕੀਤੀ ਜਾਵੇਗੀ।

---

* ਭਾਵੇਂ ਇਸ ਕੋਰਸ ਨੂੰ ਧਰਮ ਅਧਿਐਨ ਵਿਚ ਐਮ.ਲਿਟ. ਡਿਗਰੀ ਦਾ ਨਾਂ ਦਿੱਤਾ ਗਿਆ ਹੈ, ਤਦ ਵੀ ਇਹ ਪੂਰਵ ਪੀ-ਐਚ.ਡੀ. ਡਿਗਰੀ ਨਹੀਂ ਹੈ, ਕਿਉਂਕਿ ਇਸ ਦੇ ਭਾਗ-। ਵਿਚ ਤਿੰਨ ਪਰਚੇ ਹਨ ਅਤੇ ਭਾਗ-।। ਵਿੱਚ ਖੋਜ ਨਿਬੰਧ ਦਾ ਇਕ ਪਰਚਾ ਅਤੇ ਜ਼ਬਾਨੀ ਪਰੀਖਿਆ ਸ਼ਾਮਲ ਹੈ ਅਤੇ ਇਸ ਦਾ ਨਮੂਨਾ ਹੋਰ ਪੋਸਟ-ਗ੍ਰੈਜੂਏਟ ਕੋਰਸਾਂ ਦੇ ਮਾਡਲ ਉੱਤੇ ਰੱਖਿਆ ਗਿਆ ਹੈ।

** ਪਰੀਖਿਆਵਾਂ ਦੇ ਸੰਚਾਲਣ ਲਈ ਨਿਯੁਕਤ ਨਿਗਰਾਨ ਅਮਲੇ, ਪੰਜਾਬੀ ਦਾ ਕੰਮ ਕਰਨ ਵਾਲੇ ਲੇਖਕਾਂ, ਸੋਧਕਾਂ ਅਤੇ ਅਨੁਵਾਦਕਾਂ ਦੇ ਸੇਵਾਫਲ ਵਿਚ 4% ਦੀ ਕਟੌਤੀ ਕੀਤੀ ਜਾਵੇ।

ਵੱਖ-ਵੱਖ ਪਰੀਖਿਆਵਾਂ ਲਈ ਪਰਚਾ ਪਾਉਣ ਵਾਲਿਆਂ ਅਤੇ ਪਰੀਖਕਾਂ ਨੂੰ ਲਾਗੂ ਹੋਣ ਵਾਲੇ ਉਪਬੰਧ :

ਐਮ.ਏ./ਐਮ.ਐਸ-ਸੀ./ਵੋਕੇਸ਼ਨਲ ਕੋਰਸਾਂ/ਬੀ.ਏ./ਬੀ.ਐਸ-ਸੀ. ਆਨਰਜ਼ ਤਿੰਨ ਸਾਲਾ ਡਿਗਰੀ ਕੋਰਸ

1. ਐਮ. ਏ./ਐਮ.ਐਸ-ਸੀ./ਵੋਕੇਸ਼ਨਲ ਕੋਰਸਾਂ/ਬੀ.ਏ./ਬੀ.ਐਸ-ਸੀ. ਆਨਰਜ਼, ਤਿੰਨ ਸਾਲਾ ਡਿਗਰੀ ਕੋਰਸ ਦੀਆਂ ਪਰੀਖਿਆਵਾਂ ਲਈ ਪ੍ਰਸ਼ਨ ਪਰਚਾ ਬੈਰੂਨੀ ਪਰੀਖਕ ਦੁਆਰਾ ਪਾਇਆ ਜਾਵੇਗਾ, ਸਿਵਾਏ ਨਾਟ-ਕਲਾਵਾਂ ਵਿੱਚ ਐਮ.ਏ. ਦੇ, ਜਿਸ ਸੂਰਤ ਵਿੱਚ 50% ਪ੍ਰਸ਼ਨ ਪਰਚੇ ਅੰਦਰੂਨੀ ਪਰੀਖਕ ਦੁਆਰਾ ਅਤੇ 50% ਬੈਰੂਨੀ ਪਰੀਖਕਾਂ ਦੁਆਰਾ ਪਾਏ ਜਾਣਗੇ।
2. ਜਦੋਂ ਉੱਤਰ-ਪਰਚਿਆਂ ਦੀ ਗਿਣਤੀ 350 ਤੋਂ ਵੱਧ ਹੋਵੇ ਤਾਂ ਉੱਤਰ-ਪਰਚਿਆਂ ਤੇ ਨੰਬਰ ਲਾਉਣ ਲਈ ਮੁੱਖ-ਪਰੀਖਕ ਅਤੇ ਇੱਕ ਜਾਂ ਵੱਧ ਉਪ-ਪਰੀਖਕ, ਜਿਵੇਂ ਕਿ ਲੋੜੀਂਦਾ ਹੋਵੇ, ਨਿਯੁਕਤ ਕੀਤੇ ਜਾਣਗੇ। ਉਪ-ਪਰੀਖਕਾਂ ਦੁਆਰਾ ਨੰਬਰ ਲਾਉਣ ਦਾ ਮਿਆਰ ਮੁੱਖ-ਪਰੀਖਕ ਦੁਆਰਾ ਨਿਸ਼ਚਿਤ ਕੀਤਾ ਜਾਵੇਗਾ।

ਐਮ. ਫ਼ਿਲ. ਪਰੀਖਿਆਵਾਂ

ਹਰਿਕ ਸਿਧਾਂਤਕ ਪਰਚੇ ਅਤੇ ਪ੍ਰੈਕਟੀਕਲ ਦੀ ਪਰੀਖਿਆ ਇੱਕ ਬੈਰੂਨੀ ਅਤੇ ਇੱਕ ਅੰਦਰੂਨੀ ਪਰੀਖਕ ਦੁਆਰਾ ਸੰਯੁਕਤ ਤੌਰ ਤੇ ਲਈ ਜਾਵੇਗੀ। ਪ੍ਰਸ਼ਨ ਪਰਚੇ ਬੈਰੂਨੀ ਅਤੇ ਅੰਦਰੂਨੀ ਪਰੀਖਕਾਂ ਦੁਆਰਾ, ਇੱਕ ਦੂਜੇ ਦੇ ਸਹਿਯੋਗ ਨਾਲ, ਪਾਏ ਜਾਣਗੇ ਅਤੇ ਉੱਤਰ-ਪਰਚਿਆਂ ਦਾ ਮੁਲਾਂਕਣ ਵੀ ਕੀਤਾ ਜਾਵੇਗਾ। ਬੈਰੂਨੀ ਪਰੀਖਕ, ਐਮ.ਫਿਲ ਕੋਰਸ ਕਮੇਟੀ ਦੀਆਂ ਸਿਫ਼ਾਰਸ਼ਾਂ ਤੇ, ਵਾਈਸ-ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ। ਅੰਦਰੂਨੀ ਪਰੀਖਕ, ਵਿਭਾਗ ਦੇ ਮੁਖੀ ਦੀਆਂ ਸਿਫ਼ਾਰਸ਼ਾਂ ਤੇ, ਐਮ.ਫ਼ਿਲ. ਕੋਰਸ ਪੜ੍ਹਾਉਣ ਲਈ ਯੋਗਤਾ-ਪ੍ਰਾਪਤ ਅਧਿਆਪਕਾਂ ਵਿੱਚੋਂ ਨਿਯੁਕਤ ਕੀਤਾ ਜਾਵੇਗਾ।

*ਖੋਜ-ਨਿਬੰਧ ਦੀ ਪਰੀਖਿਆ ਦੋ ਪਰੀਖਕਾਂ ਦੁਆਰਾ ਵੱਖੋ-ਵੱਖਰੇ ਤੌਰ ਤੇ ਕੀਤੀ ਜਾਵੇਗੀ, ਉਨ੍ਹਾਂ ਵਿੱਚੋਂ ਇੱਕ ਅੰਦਰੂਨੀ ਅਤੇ ਇੱਕ ਬੈਰੂਨੀ ਪਰੀਖਕ ਹੋਵੇਗਾ। ਬੈਰੂਨੀ ਪਰੀਖਕ ਐਮ.ਫ਼ਿਲ. ਕੋਰਸ ਕਮੇਟੀ ਦੁਆਰਾ ਅਗੇਤ-ਕ੍ਰਮ ਅਨੁਸਾਰ, ਸਿਫ਼ਾਰਸ਼ ਕੀਤੇ ਗਏ ਦੋ ਵਿਅਕਤੀਆਂ ਦੇ ਪੇਨਲ ਵਿੱਚੋਂ ਵਾਈਸ-ਚਾਂਸਲਰ ਦੁਆਰਾ, ਨਿਯੁਕਤ ਕੀਤਾ ਜਾਵੇਗਾ। ਜ਼ਬਾਨੀ ਪਰੀਖਿਆ ਲਾਜ਼ਮੀ ਹੋਵੇਗੀ ਅਤੇ ਤਿੰਨ ਪਰੀਖਕਾਂ ਦੇ ਬੋਰਡ ਦੁਆਰਾ ਸੰਯੁਕਤ ਤੌਰ ਤੇ ਲਈ ਜਾਵੇਗੀ। ਇਹ ਬੋਰਡ ਬੈਰੂਨੀ ਪਰੀਖਕ, ਵਿਭਾਗ ਦੇ ਮੁਖੀ ਅਤੇ ਸੰਬੰਧਤ ਸੁਪਰਵਾਈਜ਼ਰ ਤੋਂ ਮਿਲ ਕੇ ਬਣੇਗਾ। ਜਿੱਥੇ ਵਿਭਾਗ ਦਾ ਮੁੱਖੀ ਸੁਪਰਵਾਈਜ਼ਰ ਵੀ ਹੋਵੇ ਉਥੇ ਬੋਰਡ ਦੋ ਪਰੀਖਕਾਂ ਤੋਂ ਮਿਲ ਕੇ ਬਣੇਗਾ।

---

* ਜੇ ਐਵਾਰਡਾਂ ਵਿੱਚ ਫ਼ਰਕ 1.5 ਤੋਂ 2 ਜੀ.ਪੀ.ਏ. ਹੋਵੇ ਤਾਂ ਦਫ਼ਤਰ ਸੰਬੰਧਤ ਵਿਭਾਗ ਦੇ ਮੁਖੀ ਨੂੰ ਸੂਚਿਤ ਕਰੇਗਾ ਅਤੇ ਜੇ ਫ਼ਰਕ 2 ਜਾਂ ਵੱਧ ਹੋਵੇ ਤਾਂ ਖੋਜ-ਨਿਬੰਧ ਤੀਜੇ ਪਰੀਖਕ ਨੂੰ ਭੇਜਿਆ ਜਾ ਸਕੇਗਾ ਅਤੇ ਦੋ ਨਿਕਟਤਮ ਐਵਾਰਡਾਂ ਦੀ ਔਸਤ ਕੱਢੀ ਜਾਵੇਗੀ।

II

I ;

ਉਮੀਦਵਾਰ ਦੇ ਦੋਵੇਂ ਪਾਠ ਨਾ ਵੇਖੇ;

ii ) ਤਾਂ ਜੋ ਇੱਕ ਹੀ ਪਰੀਖਕ ਕਿਸੇ

(ਅ) ਦੂਜੇ ਦਿਨ ਦੂਜੇ ਬੈਚ ਨੂੰ ਪਾਠ ਅਲਾਟ ਕਰਨਾ;

(ੳ) ਇੱਕ ਬੈਚ ਨੂੰ ਪਹਿਲੇ ਦਿਨ ਪਾਠ

( i )

5.

ਦਿੱਤਾ ਹੈ।

4.

ਖ-ਵੱਖ ਬੈਰੂਨੀ ਅਤੇ ਅੰਦਰੂਨੀ ਪਰੀਖਕਾਂ ਨੂੰ ਉਮੀਦਵਾਰ

ਵਾਰਡਾਂ ਵਿੱਚ ਮਿਆਰ ਦੀ ਇਕਸਾਰਤਾ ਕਾਇਮ ਰੱਖਣਾ;

ਏ ਕੀਤੇ ਗਏ ਕੇਂਦਰਾਂ ਵਿੱਚ 'ਅਧਿਆਪਨ ਦੀ ਪ੍ਰੈਕਟਿਸ' ਦੀ

ਆਂ ਡਿਊਟੀਆਂ ਨਿਮਨ-ਅਨੁਸਾਰ ਹੋਣਗੀਆ :-

ਕਿ ਉਸ ਨੇ ਆਪਣੀ ਨਿਯੁਕਤੀ ਤੋਂ ਅਸਤੀਫ਼ਾ ਦੇ

ਸੰਬੰਧਿਤ ਸਿੱਖਿਆ ਕਾਲਜ ਦਾ ਪ੍ਰਿੰਸੀਪਲ ਹੋਵੇਗਾ।

ਸਮੇਂ ਦੇ ਅੰਦਰ ਆਪਣਾ ਕੰਮ ਮੁਕੰਮਲ ਕਰ ਸਕੇ।

ਮੁੱਖ-ਪਰੀਖਕ ਇਤਨੇ ਦੂਰ-ਦੁਰਾਡੇ ਤੋਂ ਨਾ ਰਖਿਆ

ਦੁਆਰਾ ਨਿਸ਼ਚਿਤ ਕੀਤਾ ਜਾਵੇਗਾ। ਇਸ ਗੱਲ ਦਾ

ਤ ਕੀਤੇ ਜਾਣਗੇ। ਉਪ-ਪਰੀਖਕਾਂ ਦੇ ਨੰਬਰ ਲਾਉਣ

-ਪਰੀਖਕ, ਜਿਵੇਂ ਵੀ ਲੋੜ ਹੋਵੇ, ਉੱਤਰ-ਪਰਚਿਆਂ

ਬੀ. ਐਡ. ਪਰੀਖਿਆ

( i )

ਗਣਤੀ 2●● ਤੋਂ ਵੱਧ ਹੋਵੇ ਤਾਂ ਮੁੱਖ-ਪਰੀਖਕ ਅਤੇ

ਪਰੀਖਿਆਵਾਂ ਲਈ ਵੀ ਪਰੀਖਕ ਹੋਣਗੇ।

2●● ਤੋਂ ਵੱਧ ਨਾ ਹੋਵੇ ਤਾਂ ਉਹ ਪਰੀਖਕ ਵਜੋਂ ਵੀ

ਨਿਰਪੱਖ ਪਰੀਖਕ ਦੁਆਰਾ ਪਾਇਆ ਜਾਵੇਗਾ। ਜੇ

ਰਮੇਸੀ ਅਤੇ ਡਰੈਸਰ ਕੋਰਸ ਵਿੱਚ ਡਿਪਲੋਮਾ

ਰਲੇ ਪਰੀਖਕਾਂ ਦੁਆਰਾ ਸੰਚਾਲਤ ਕੀਤੀ ਜਾਵੇਗੀ।

(iii) ਹਰਿਕ ਕੇਂਦਰ ਦੇ ਨਤੀਜੇ ਸੰਕਲਤ ਕਰਨਾ ਅਤੇ ਉਨ੍ਹਾਂ ਨੂੰ ਸੇਵਾ-ਫਲ ਆਦਿ ਦੇ ਬਿਲਾਂ ਸਮੇਤ ਯੂਨੀਵਰਸਿਟੀ ਨੂੰ ਭੇਜਣਾ;

(iv) 'ਅਧਿਆਪਨ ਵਿੱਚ ਮਹਾਰਤ' ਦੀ ਫ਼ਾਈਨਲ ਪਰੀਖਿਆ ਵਿਸ਼ੇ-ਵਾਰ ਲਈ ਜਾਵੇਗੀ ਅਤੇ ਹਰਿਕ ਪਾਠ ਦਾ ਮੁਲਾਂਕਣ ਸੰਬੰਧਤ ਕਾਲਜ ਦੇ ਪ੍ਰਿੰਸੀਪਲ, ਜੋ ਕੁਆਰਡੀਨੇਟਰ ਹੋਵੇਗਾ ਅਤੇ ਹੇਠਾਂ ਦਰਜ ਦੋ ਪਰੀਖਕਾਂ ਦੁਆਰਾ ਕੀਤਾ ਜਾਵੇਗਾ :

(ੳ) ਕਾਲਜ ਦੇ ਅਧਿਆਪਨ ਅਮਲੇ ਦਾ ਕੋਈ ਅਜਿਹਾ ਮੈਂਬਰ ਜੋ ਅਧਿਆਪਨ ਪ੍ਰੈਕਟਿਸ ਦੇ ਸਮੇਂ ਉਸ ਵਿਸ਼ੇ ਦੇ ਅਧਿਆਪਨ ਦੀ ਨਿਗਰਾਨੀ ਵਿੱਚ ਸ਼ਰੀਕ ਕੀਤਾ ਗਿਆ ਹੈ;

(ਅ) ਵਿਸ਼ੇ ਦਾ ਕੋਈ ਬਾਹਰਲਾ ਮਾਹਿਰ।

6. (i) ਕੋਈ ਵਿਅਕਤੀ ਬੀ.ਐਡ. ਵਿੱਚ ਸਿਧਾਂਤ ਦੇ ਪਰਚੇ ਵਿੱਚ ਉਪ-ਪਰੀਖਕ ਵਜੋਂ ਨਿਯੁਕਤ ਕੀਤੇ ਜਾਣ ਦਾ ਤਦ ਪਾਤਰ ਹੋਵੇਗਾ, ਜੇ :-

(ੳ) ਉਹ ਐਮ.ਏ., ਬੀ.ਟੀ. ਜਾਂ ਬੀ.ਐਡ. ਹੋਵੇ ਜਾਂ ਉਸ ਦੇ ਬਰਾਬਰ ਦੀਆਂ ਯੋਗਤਾਵਾਂ ਰੱਖਦਾ ਹੋਵੇ; ਅਤੇ

(ਅ) ਉਸ ਕੋਲ ਕਿਸੇ ਸਿਖਲਾਈ ਕਾਲਜ ਵਿੱਚ ਅਧਿਆਪਨ ਦਾ ਘੱਟ ਤੋਂ ਘੱਟ ਤਿੰਨ ਸਾਲ ਦਾ ਤਜਰਬਾ ਹੋਵੇ; ਜਾਂ

(ੲ) ਉਹ ਸਿਖਲਾਈ-ਪ੍ਰਾਪਤ ਗ੍ਰੈਜੂਏਟ ਹੋਵੇ ਅਤੇ ਕਿਸੇ ਮਾਨਤਾ-ਪ੍ਰਾਪਤ ਹਾਈਸਕੂਲਵਿੱਚਘੱਟਤੋਂਘੱਟਪੰਜਸਾਲਹੈਡਮਾਸਟਰਰਹਿਚੁੱਕਾਹੋਵੇ।

(ii) (ੳ) ਫ਼ਿਲਾਸਫ਼ੀ ਜਾਂ ਮਨੋਵਿਗਿਆਨ ਦੇ ਵਿਸ਼ੇ ਵਿੱਚ ਉਪ-ਪਰੀਖਕ ਨਿਯੁਕਤ ਕੀਤੇ ਜਾਣ ਲਈ ਬੀ.ਟੀ. ਜਾਂ ਬੀ.ਐਡ. ਦੀ ਡਿਗਰੀ ਤੇ ਉਨ੍ਹਾਂ ਵਿਅਕਤੀਆਂ ਦੀ ਸੂਰਤ ਵਿੱਚ ਜ਼ੋਰ ਨਹੀਂ ਦਿੱਤਾ ਜਾਵੇਗਾ ਜੋ ਫ਼ਿਲਾਸਫ਼ੀ ਜਾਂ ਮਨੋਵਿਗਿਆਨ ਵਿੱਚ ਐਮ.ਏ. ਹਨ।

(ਅ) ਲੇਕਿਨ ਉਹ ਕਿਸੇ ਮਾਨਤਾ-ਪ੍ਰਾਪਤ ਹਾਈ/ਹਾਇਰ ਸੈਕੰਡਰੀ ਸਕੂਲ ਦਾ ਹੈਡਮਾਸਟਰ/ਪ੍ਰਿੰਸੀਪਲ ਰਹਿ ਚੁੱਕਾ ਹੋਵੇ।

7. 'ਅਧਿਆਪਨ ਵਿੱਚ ਮਹਾਰਤ' ਦੇ ਪ੍ਰੈਕਟੀਕਲ ਵਿੱਚ ਬੈਰੂਨੀ ਪਰੀਖਕ ਨਿਯੁਕਤ ਕੀਤੇ ਜਾਣ ਲਈ, ਸੰਬੰਧਤ ਵਿਅਕਤੀ ਪਾਸ ਹੇਠ-ਲਿਖੀਆਂ ਯੋਗਤਾਵਾਂ ਵਿੱਚੋਂ ਕੋਈ ਇਕ ਯੋਗਤਾ ਅਤੇ ਤਜਰਬਾ ਹੋਣਾ ਜ਼ਰੂਰੀ ਹੋਵੇਗਾ :

(ੳ) ਘੱਟ ਤੋਂ ਘੱਟ ਗ੍ਰੈਜੂਏਟ ਹੋਵੇ ਜੋ ਬੀ.ਟੀ. ਜਾਂ ਬੀ. ਐਡ. ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਅਤੇ ਜਿਸ ਨੂੰ ਕਿਸੇ ਸਿਖਲਾਈ ਕਾਲਜ ਦਾ ਪੰਜ ਸਾਲ ਦਾ ਤਜਰਬਾ ਹੋਵੇ (ਬੀ.ਐਡ. ਦੀ ਸੂਰਤ ਵਿੱਚ ਇਹ ਸ਼ਰਤ ਕੁਝ ਸਮੇਂ ਲਈ ਨਰਮ ਕੀਤੀ ਜਾ ਸਕੇਗੀ ਕਿਉਂਜੋ ਪਰੀਖਕ ਕਾਫ਼ੀ ਗਿਣਤੀ ਵਿੱਚ ਹਾਲਾਂ ਮਿਲ ਨਹੀਂ ਸਕਦੇ), ਜਾਂ

(ਅ) ਕਿਸੇ ਮਾਨਤਾ-ਪ੍ਰਾਪਤ ਹਾਈ ਸਕੂਲ ਦਾ ਮੁੱਖ-ਅਧਿਆਪਕ/ ਮੁੱਖ-ਅਧਿਆਪਕਾ ਜਿਸ ਨੂੰ ਅਧਿਆਪਨ ਦਾ ਘੱਟ ਤੋਂ ਘੱਟ ਪੰਜ ਸਾਲ ਦਾ ਤਜਰਬਾ ਹੋਵੇ, ਜਾਂ

(ੲ) ਸਰਕਲ ਸਿੱਖਿਆ ਅਫ਼ਸਰ/ਡਿਪਟੀ ਸਰਕਲ ਸਿੱਖਿਆ ਅਫ਼ਸਰ/ਜ਼ਿਲ੍ਹਾ ਸਿੱਖਿਆ ਅਫ਼ਸਰ/ਉਪ ਜ਼ਿਲ੍ਹਾ ਸਿੱਖਿਆ ਅਫ਼ਸਰ।

8. ਕਲਾ ਦੇ ਅਧਿਆਪਨ ਅਤੇ ਸੰਗੀਤ ਦੇ ਵਿਸ਼ੇ ਦੇ ਅਧਿਆਪਨ ਵਿੱਚ ਪ੍ਰੈਕਟੀਕਲ ਪਰੀਖਿਆ ਬੈਰੂਨੀ ਪਰੀਖਕ ਦੁਆਰਾ ਲਈ ਜਾਵੇਗੀ।

ਐਮ. ਐਡ.

ਕੇਵਲ ਬੈਰੂਨੀ ਪਰੀਖਕ ਹੀ ਸਿਧਾਂਤ ਦਾ ਪਰਚਾ ਪਾਵੇਗਾ। ਐਮ.ਐਡ. ਪਰੀਖਿਆ ਦੇ ਉੱਤਰ-ਪਰਚਿਆਂ ਦਾ ਮੁਲਾਂਕਣ, ਹੋਰ ਪੋਸਟ-ਗ੍ਰੈਜੂਏਟ ਪਰੀਖਿਆਵਾਂ ਵਾਂਗ, ਬੈਰੂਨੀ ਪਰੀਖਕ ਤੋਂ ਕਰਵਾਇਆ ਜਾਵੇਗਾ।

ਸਰੀਰਕ ਸਿੱਖਿਆ ਵਿੱਚ ਸਰਟੀਫ਼ਿਕੇਟ ਕੋਰਸ/ਬੈਚਲਰ ਆਫ਼ ਫ਼ਿਜ਼ੀਕਲ ਐਜੂਕੇਸ਼ਨ/ ਸਰੀਰਕ ਸਿੱਖਿਆ ਵਿੱਚ ਡਿਗਰੀ ਦੀਆਂ ਪਰੀਖਿਆਵਾਂ

1. ਸਿਧਾਂਤ ਦਾ ਹਰ ਪਰਚਾ ਬੈਰੂਨੀ ਜਾਂ ਨਿਰਪੱਖ ਪਰੀਖਕ ਦੁਆਰਾ ਪਾਇਆ ਜਾਵੇਗਾ ਜੋ, ਉੱਤਰ-ਪਰਚਿਆਂ ਦੇ 200 ਤੋਂ ਵੱਧ ਨਾ ਹੋਣ ਦੀ ਸੂਰਤ ਵਿੱਚ, ਪਰੀਖਕ ਵਜੋਂ ਵੀ ਕੰਮ ਕਰੇਗਾ।
2. ਸਰੀਰਕ ਸਿੱਖਿਆ ਵਿੱਚ ਸਰਟੀਫ਼ਿਕੇਟ ਕੋਰਸ
   ਅਧਿਆਪਨ ਪ੍ਰੈਕਟਿਸ ਦੀ ਪਰੀਖਿਆ ਬੈਰੂਨੀ ਅਤੇ ਅੰਦਰੂਨੀ ਪਰੀਖਕਾਂ ਦੁਆਰਾ ਸੰਯੁਕਤ ਤੌਰ ਤੇ ਲਈ ਜਾਵੇਗੀ। ਗੌਰਮਿੰਟ ਕਾਲਜ ਔਫ਼ ਫ਼ਿਜ਼ੀਕਲ ਐਜੂਕੇਸ਼ਨ, ਪਟਿਆਲਾ ਦਾ ਪ੍ਰਿੰਸੀਪਲ ਕੁਆਰਡੀਨੇਟਰ ਵਜੋਂ ਕੰਮ ਕਰੇਗਾ। ਪ੍ਰਿੰਸੀਪਲ ਦੀ ਗ਼ੈਰਹਾਜ਼ਰੀ ਵਿੱਚ ਉਸ ਤੋਂ ਅਗਲਾ ਸਭ ਤੋਂ ਸੀਨੀਅਰ ਅਧਿਆਪਕ ਆਪਣੇ ਆਪ ਕੁਆਰਡੀਨੇਟਰ ਵਜੋਂ ਕੰਮ ਕਰੇਗਾ।
3. ਬੈਚਲਰ ਔਫ਼ ਫ਼ਿਜ਼ੀਕਲ ਐਜੂਕੇਸ਼ਨ (ਪਹਿਲਾ ਸਾਲ)
   ਸਰੀਰ ਰਚਨਾ ਵਿਗਿਆਨ ਅਤੇ ਸਰੀਰ ਕਿਰਿਆ ਵਿਗਿਆਨ ਅਤੇ ਸਾਧਾਰਨ ਵਿਗਿਆਨ ਦੇ ਵਿਸ਼ਿਆਂ ਦੀ ਪਰੀਖਿਆ ਕੇਵਲ ਬੈਰੂਨੀ ਪਰੀਖਕਾਂ ਦੁਆਰਾ ਲਈ ਜਾਵੇਗੀ।
4. ਬੈਚਲਰ ਔਫ਼ ਫ਼ਿਜ਼ੀਕਲ ਐਜੂਕੇਸ਼ਨ (ਦੂਜਾ ਸਾਲ)
   'ਅਧਿਆਪਨ ਪ੍ਰੈਕਟਿਸ' ਦੀ ਪਰੀਖਿਆ ਦੋ ਬੈਰੂਨੀ ਅਤੇ ਇੱਕ ਅੰਦਰੂਨੀ ਪਰੀਖਕ ਦੁਆਰਾ ਲਈ ਜਾਵੇਗੀ। ਐਪਰ, ਕਸਰਤ ਦਾ ਸਰੀਰ ਕਿਰਿਆ ਵਿਗਿਆਨ ਅਤੇ ਕਿਨਜ਼ੀਆਲੋਜੀ ਦੇ ਵਿਸ਼ੇ ਦੀ ਪ੍ਰੈਕਟੀਕਲ ਪਰੀਖਿਆ ਕੇਵਲ ਬੈਰੂਨੀ ਪਰੀਖਕ ਦੁਆਰਾ ਲਈ ਜਾਵੇਗੀ।
5. ਬੈਚਲਰ ਔਫ਼ ਫ਼ਿਜ਼ੀਕਲ ਐਜੂਕੇਸ਼ਨ (ਫ਼ਾਈਨਲ)
   ਬੀ.ਪੀ. ਐਡ. ਫ਼ਾਈਨਲ ਪਰੀਖਿਆ ਵਿੱਚ ਰੈਫ਼ਰੀ ਦੇ ਕੰਮ ਅਤੇ ਕੋਚਿੰਗ (ਆਫ਼ੀਸੀਏਟਿੰਗ ਐਂਡ ਕੋਚਿੰਗ) ਵਿੱਚ ਅਧਿਆਪਨ ਪ੍ਰੈਕਟਿਸ ਇੱਕ ਬੈਰੂਨੀ ਅਤੇ ਇੱਕ ਅੰਦਰੂਨੀ ਪਰੀਖਕ ਦੁਆਰਾ ਅਤੇ ਮੇਜਰ ਗੇਮਜ਼ ਲੈਸਨਜ਼ ਦੇ ਵਿਸ਼ੇ ਵਿੱਚ ਪਰੀਖਿਆਵਾਂ ਦੋ ਬੈਰੂਨੀ ਅਤੇ ਇੱਕ ਅੰਦਰੂਨੀ ਪਰੀਖਕ ਦੁਆਰਾ ਲਈ ਜਾਵੇਗੀ।

2.

ਦੱਤੇ ਗਏ ਸਮੇਂ ਦੇ ਅੰਦਰ ਮੁਕੰਮਲ ਹੀ ਨਾ ਕਰ ਸਕੇ।

ਵੱਧ ਨਾ ਹੋਵੇ।

1.

ਇਤਨੇ ਦੂਰ-ਦੁਰਾਡੇ ਤੋਂ ਨਿਯੁਕਤ ਨਾ ਕੀਤਾ ਜਾਵੇ

ਜਾਵੇਗਾ। ਇਸ ਗੱਲ ਦਾ ਧਿਆਨ ਰੱਖਿਆ ਜਾਣਾ

ੀਖਕਾਂ ਦੇ ਨੰਬਰ ਲਾਉਣ ਦਾ ਮਿਆਰ ਮੁੱਖ-ਪਰੀਖਕ

ਬੈਚਲਰ ਔਫ਼ ਕਾਮਰਸ

ਲਈ ਜਾਵੇਗੀ।

2.

, ਇੱਕ ਜਾਂ ਇੱਕ ਤੋਂ ਵੱਧ ਉਪ-ਪਰੀਖਕ ਨਿਯੁਕਤ

ਵਜੋਂ ਕੰਮ ਕਰੇਗਾ ਅਤੇ ਉੱਤਰ-ਪਰਚਿਆਂ ਤੇ ਨੰਬਰ

ਵੱਧ ਨਾ ਹੋਵੇ।

ਣਤੀ 2●● ਤੋਂ ਵੱਧ ਹੋਵੇ ਤਾਂ ਪਰਚਾ ਪਾਉਣ ਵਾਲਾ

1.

ਤਦ ਜੇ ਉੱਤਰ-ਪਰਚਿਆਂ ਦੀ ਗਿਣਤੀ 2●● ਤੋਂ

ਪਰੀਖਕ ਦੁਆਰਾ ਪਾਇਆ ਜਾਵੇਗਾ ਜੋ ਪਰੀਖਕ

2.

ਮਾਸਟਰ ਔਫ਼ ਕਾਮਰਸ

1.

ਬੈਰੂਨੀ ਅਤੇ ਇੱਕ ਅੰਦਰੂਨੀ ਦੇ ਬੋਰਡ ਦੁਆਰਾ :

ਕੰਮ: ਪਰੀਖਿਆ ਦੇ ਹੈੱਡ ਵਜੋਂ ਵੀ ਕੰਮ ਕਰੇਗਾ

ਤਦ ਜੇ ਉੱਤਰ-ਪਰਚਿਆਂ ਦੀ ਗਿਣਤੀ 2●● ਤੋਂ

ਪਰੀਖਕ ਦੁਆਰਾ ਪਾਇਆ ਜਾਵੇਗਾ ਜੋ ਪਰੀਖਕ

7.

ਮਾਸਟਰ ਔਫ਼ ਬਿਜ਼ਨੈਸ ਐਡਮਨਿਸਟ੍ਰੇਸ਼ਨ

ਦਾ ਮੁਲਾਂਕਣ ਇੱਕ ਬੈਰੂਨੀ ਅਤੇ ਇੱਕ ਅੰਦਰੂਨੀ

ਜਾਵੇਗਾ।

ਐਮ. ਐਡ. (ਸਰੀਰਕ ਸਿੱਖਿਆ)

ਪਰੀਖਕ ਦੁਆਰਾ ਪਾਇਆ ਜਾਵੇਗਾ ਜੋ ਪਰੀਖਕ

6.

ਤਦ ਜੇ ਉੱਤਰ-ਪਰਚਿਆਂ ਦੀ ਗਿਣਤੀ 2●● ਤੋਂ

ਪਰੀਖਕ ਦੁਆਰਾ ਪਾਇਆ ਜਾਵੇਗਾ ਜੋ ਪਰੀਖਕ

ਅੰਦਰੂਨੀ ਪਰੀਖਕ ਤੋਂ ਮਿਲਕੇ ਬਣੇਗਾ :

ਸਰੀਰਕ ਸਿੱਖਿਆ ਵਿੱਚ ਡਿਗਰੀ

ੀ ਅਤੇ ਇੱਕ ਅੰਦਰੂਨੀ ਪਰੀਖਕ ਨਿਯੁਕਤ ਕੀਤਾ

ਵਿੱਚ ਪ੍ਰੈਕਟੀਕਲ ਪਰੀਖਿਆ ਲੈਣ ਲਈ ਵਾਈਸ-

ਲਈ ਜਾਵੇਗੀ ਜੋ ਦੋ ਬੈਰੂਨੀ ਪਰੀਖਕਾਂ ਅਤੇ ਇੱਕ

ੀ ਲਈ 'ਅਧਿਆਪਨ ਪ੍ਰੈਕਟਿਸ' ਪਰੀਖਿਆ ਤਿੰਨ

## ਨਾਟ-ਕਲਾ ਵਿੱਚ ਡਿਪਲੋਮਾ ਕੋਰਸ

1. ਹਰਿਕ ਸਿਧਾਂਤ ਪਰਚਾ ਇਕੱਲਿਆਂ ਬੈਰੂਨੀ ਪਰੀਖਕ ਦੁਆਰਾ ਪਾਇਆ ਜਾਵੇਗਾ। ਉੱਤਰ-ਪਰਚਿਆਂ ਦੇ ਮੁਲਾਂਕਣ ਲਈ ਅੰਦਰੂਨੀ ਪਰੀਖਕ ਨੂੰ ਨਾਲ ਮਿਲਾ ਲਿਆ ਜਾਵੇਗਾ।
2. ਫ਼ਾਈਨਲ ਸਮੈਸਟਰ ਵਿੱਚ ਪ੍ਰੈਕਟੀਕਲ ਪਰੀਖਿਆ ਤਿੰਨ ਪਰੀਖਕਾਂ—ਅਰਥਾਤ ਇੱਕ ਬੈਰੂਨੀ, ਇੱਕ ਅੰਦਰੂਨੀ ਅਤੇ ਇੱਕ ਤਾਲ-ਮੇਲ ਪਰੀਖਕ ਦੇ ਬੋਰਡ ਦੁਆਰਾ ਲਈ ਜਾਵੇਗੀ। ਸਪੀਚ, ਡਰਾਮਾ ਅਤੇ ਮਿਊਜ਼ਿਕ ਵਿਭਾਗ ਦਾ ਮੁਖੀ ਤਾਲ-ਮੇਲ ਪਰੀਖਕ ਹੋਵੇਗਾ।

## ਬੈਚਲਰ ਔਫ਼ ਲਾਇਬਰੇਰੀ ਸਾਇੰਸ ਵਿੱਚ ਪੋਸਟ-ਗ੍ਰੈਜੂਏਟ ਕੋਰਸ

1. ਹਰਿਕ ਪ੍ਰਸ਼ਨ ਪਰਚਾ (ਸਿਧਾਂਤ) ਬੈਰੂਨੀ ਪਰੀਖਕ ਦੁਆਰਾ ਪਾਇਆ ਜਾਵੇਗਾ, ਜੋ ਪਰੀਖਕ ਵਜੋਂ ਵੀ ਕੰਮ ਕਰੇਗਾ।
2. ਪ੍ਰੈਕਟੀਕਲ ਪਰੀਖਿਆ ਪਰੀਖਕਾਂ ਦੇ ਬੋਰਡ ਦੁਆਰਾ ਲਈ ਜਾਵੇਗੀ ਜੋ ਇੱਕ ਬੈਰੂਨੀ ਅਤੇ ਇੱਕ ਅੰਦਰੂਨੀ ਪਰੀਖਕ ਤੋਂ ਮਿਲਕੇ ਬਣੇਗਾ।

## ਰੂਸੀ, ਫ਼ਰਾਂਸੀਸੀ, ਜਰਮਨ, ਤਿੱਬਤੀ, ਲਾਤੀਨੀ, ਸੰਸਕ੍ਰਿਤ, ਫ਼ਾਰਸੀ ਅਤੇ ਪਾਲੀ ਵਿੱਚ ਸਰਟੀਫ਼ਿਕੇਟ ਕੋਰਸ/ਡਿਪਲੋਮਾ ਕੋਰਸ

1. ਹਰਿਕ ਪ੍ਰਸ਼ਨ ਪਰਚਾ (ਸਿਧਾਂਤ) ਬੈਰੂਨੀ ਜਾਂ ਨਿਰਪੱਖ ਪਰੀਖਕ ਦੁਆਰਾ ਪਾਇਆ ਜਾਵੇਗਾ ਜੋ ਪਰੀਖਕ ਵਜੋਂ ਵੀ ਕੰਮ ਕਰੇਗਾ।
2. ਜ਼ਬਾਨੀ ਪਰੀਖਿਆ ਬੈਰੂਨੀ ਜਾਂ ਨਿਰਪੱਖ ਅਤੇ ਅੰਦਰੂਨੀ ਪਰੀਖਕ ਦੁਆਰਾ ਸੰਯੁਕਤ ਰੂਪ ਵਿੱਚ ਲਈ ਜਾਵੇਗੀ।

### ਭਾਸ਼ਾ ਵਿਗਿਆਨ ਵਿੱਚ ਪੋਸਟ-ਗ੍ਰੈਜੂਏਟ ਕੋਰਸ

ਹਰਿਕ ਪ੍ਰਸ਼ਨ-ਪਰਚਾ (ਸਿਧਾਂਤ) ਬੈਰੂਨੀ ਪਰੀਖਕ ਦੁਆਰਾ ਪਾਇਆ ਜਾਵੇਗਾ, ਜੋ ਪਰੀਖਕ ਵਜੋਂ ਵੀ ਕੰਮ ਕਰੇਗਾ।

## ਕਾਨੂੰਨ ਦੀਆਂ ਪਰੀਖਿਆਵਾਂ

ਹਰਿਕ ਪ੍ਰਸ਼ਨ-ਪਰਚਾ ਬੈਰੂਨੀ ਪਰੀਖਕ ਦੁਆਰਾ ਪਾਇਆ ਜਾਵੇਗਾ ਜੋ ਸਾਧਾਰਨ ਤੌਰ ਤੇ ਪਰੀਖਕ ਵਜੋਂ ਕੰਮ ਕਰੇਗਾ, ਪਰ ਇਹ ਤਦ ਜੇ ਉੱਤਰ-ਪਰਚਿਆਂ ਦੀ ਗਿਣਤੀ 2●● ਤੋਂ ਵੱਧ ਨਾ ਹੋਵੇ।

## ਇੰਜੀਨੀਅਰਿੰਗ ਦੀਆਂ ਪਰੀਖਿਆਵਾਂ

### ਬੈਚਲਰ ਔਫ਼ ਇੰਜੀਨੀਅਰਿੰਗ (ਬੀ.ਈ.)

1. ਹਰਿਕ ਪ੍ਰਸ਼ਨ ਪਰਚਾ (ਸਿਧਾਂਤ) ਬੈਰੂਨੀ ਪਰੀਖਕ ਦੁਆਰਾ ਪਾਇਆ ਜਾਵੇਗਾ।
2. ਪਰਚਾ ਪਾਉਣ ਵਾਲਾ ਵਿਅਕਤੀ ਪਰਚਾ ਪਾਉਣ ਲੱਗਿਆਂ ਉੱਤਰ-ਪਰਚਿਆਂ ਦੇ ਮੁਲਾਂਕਣ ਲਈ ਵਿਸਤ੍ਰਿਤ ਹਦਾਇਤਾਂ ਤਿਆਰ ਕਰੇਗਾ ਅਤੇ ਪ੍ਰਸ਼ਨ ਪਰਚੇ ਦੇ ਨਾਲ ਉਨ੍ਹਾਂ ਦੀਆਂ ਚਾਰ ਕਾਪੀਆਂ ਰਜਿਸਟਰਾਰ ਨੂੰ ਭੇਜੇਗਾ।

3. ਪਰਚਾ ਪਾਉਣ ਵਾਲੇ ਵਿਅਕਤੀ ਦੁਆਰਾ ਨਿਊਮੈਰੀਕਲ ਪ੍ਰਾਬਲਮਜ਼ ਦੇ ਹੱਲ ਦੀਆਂ ਚਾਰ ਕਾਪੀਆਂ ਪ੍ਰਸ਼ਨ ਪਰਚੇ ਦੇ ਨਾਲ ਭੇਜੀਆਂ ਜਾਣਗੀਆਂ। ਹਦਾਇਤਾਂ ਅਤੇ ਹੱਲ ਦੀਆਂ ਕਾਪੀਆਂ ਹਰਿਕ ਪਰੀਖਕ ਨੂੰ ਉੱਤਰ-ਪਰਚਿਆਂ ਨਾਲ ਸਪਲਾਈ ਕੀਤੀਆਂ ਜਾਣਗੀਆਂ।

4. ਸਾਧਾਰਨ ਤੌਰ ਤੇ ਹਰਿਕ ਉੱਤਰ-ਪਰਚੇ ਤੇ ਪਹਿਲਾਂ ਬੈਰੂਨੀ ਪਰੀਖਕ ਨੰਬਰ ਲਾਵੇਗਾ। ਉਸ ਤੋਂ ਬਾਅਦ ਉਸ ਤੇ ਅੰਦਰੂਨੀ ਪਰੀਖਕ ਨੰਬਰ ਲਾਵੇਗਾ।

ਪ੍ਰੈਕਟੀਕਲ, ਜ਼ਬਾਨੀ ਪਰੀਖਿਆ ਅਤੇ ਪ੍ਰਾਜੈਕਟ ਦਾ ਪਰਚਾ

5. ਪ੍ਰਾਜੈਕਟ ਦਾ ਪਰਚਾ ਬੈਰੂਨੀ ਪਰੀਖਕ ਦੁਆਰਾ ਇਕੱਲਿਆਂ ਪਾਇਆ ਜਾਵੇਗਾ।

6. ਹਰਿਕ ਪਰਚੇ ਵਿੱਚ ਪ੍ਰੈਕਟੀਕਲ/ਜ਼ਬਾਨੀ ਪਰੀਖਿਆ ਦੋ ਪਰੀਖਕਾਂ ਦੇ ਬੋਰਡ ਦੁਆਰਾ ਲਈ ਜਾਵੇਗੀ ਜਿਸ ਵਿੱਚ ਇੱਕ ਅੰਦਰੂਨੀ ਅਤੇ ਇੱਕ ਬੈਰੂਨੀ ਪਰੀਖਕ ਹੋਵੇਗਾ।

ਮਾਸਟਰ ਔਫ਼ ਇੰਜੀਨੀਅਰਿੰਗ (ਐਮ.ਈ.)

ਸਿਧਾਂਤ ਦਾ ਹਰਿਕ ਪਰਚਾ ਇੱਕ ਬੈਰੂਨੀ ਅਤੇ ਇੱਕ ਅੰਦਰੂਨੀ ਪਰੀਖਕ ਦੁਆਰਾ ਸੰਯੁਕਤ ਤੌਰ ਤੇ ਪਾਇਆ ਅਤੇ ਜਾਂਚਿਆ ਜਾਵੇਗਾ।

ਥੀਸਿਸ ਦੀ ਪਰੀਖਿਆ ਇੱਕ ਬੋਰਡ ਦੁਆਰਾ ਕੀਤੀ ਜਾਵੇਗੀ ਜੋ ਇੱਕ ਬੈਰੂਨੀ ਅਤੇ ਇਕ ਅੰਦਰੂਨੀ ਪਰੀਖਕ ਤੋਂ ਮਿਲ ਕੇ ਬਣੇਗਾ। ਥੀਸਿਸ ਦੇ ਵਿਸ਼ੇ-ਵਸਤੂ ਤੇ ਜ਼ਬਾਨੀ ਪਰੀਖਿਆ ਲਈ ਜਾਵੇਗੀ। ਪਰੀਖਕ, ਜੇ ਜ਼ਰੂਰੀ ਸਮਝਣ, ਤਾਂ ਉਮੀਦਵਾਰ ਤੋਂ ਲੋੜ ਸਕਣਗੇ ਕਿ ਉਹ ਲਿਖਤੀ ਅਤੇ/ਜਾਂ ਪ੍ਰੈਕਟੀਕਲ ਟੈਸਟ ਵੀ ਦੇਵੇ ਜਾਂ ਥੀਸਿਸ ਤੇ ਸੈਮੀਨਾਰ ਦੇਵੇ।

ਓ. ਟੀ., ਐਮ. ਆਈ. ਐਲ. ਅਤੇ ਪੰਜਾਬੀ ਪਰਵੇਸ਼ਕਾ ਪਰੀਖਿਆਵਾਂ

1. ਹਰਿਕ ਪ੍ਰਸ਼ਨ ਪਰਚਾ ਬਾਹਰਲੇ ਜਾਂ ਨਿਰਪੱਖ ਪਰੀਖਕ ਦੁਆਰਾ ਪਾਇਆ ਜਾਵੇਗਾ, ਜੋ ਪਰੀਖਕ ਵਜੋਂ ਵੀ ਕੰਮ ਕਰੇਗਾ, ਪਰ ਇਹ ਤਦ ਜੇ ਉੱਤਰ-ਪਰਚਿਆਂ ਦੀ ਗਿਣਤੀ 25● ਤੋਂ ਵੱਧ ਨਾ ਹੋਵੇ।

2. ਆਧੁਨਿਕ ਭਾਰਤੀ ਭਾਸ਼ਾਵਾਂ ਵਿੱਚ ਪਰੀਖਿਆਵਾਂ ਲਈ ਕੇਵਲ ਸੰਬੱਧ ਕਾਲਜਾਂ ਦੇ ਲੈਕਚਰਾਰ ਅਤੇ ਮਾਨਤਾ-ਪ੍ਰਾਪਤ ਸੰਸਥਾਵਾਂ ਦੇ ਮੁਖੀ ਜੋ ਹੇਠਾਂ ਔਰਡਿਨੈਂਸ 3 ਵਿੱਚ ਦਿੱਤੀਆਂ ਲੋੜੀਂਦੀਆਂ ਯੋਗਤਾਵਾਂ ਰੱਖਦੇ ਹੋਣ ਅਤੇ ਜਿਨ੍ਹਾਂ ਨੂੰ 1● ਸਾਲ ਜਾਂ ਉਸ ਤੋਂ ਵੱਧ ਦਾ ਅਧਿਆਪਨ ਦਾ ਤਜਰਬਾ ਹੋਵੇ, ਪੇਪਰ-ਸੈਟਰ ਨਿਯੁਕਤ ਕੀਤੇ ਜਾਣ ਦੇ ਪਾਤਰ ਹੋਣਗੇ। (ਰਿਟਾਇਰ ਹੋ ਚੁੱਕੇ ਵਿਅਕਤੀ ਵੀ ਪਾਤਰ ਹਨ।)

3. ਜਦੋਂ ਉੱਤਰ-ਪਰਚਿਆਂ ਦੀ ਗਿਣਤੀ 25● ਤੋਂ ਵੱਧ ਹੋਵੇ ਤਾਂ ਪਰਚਾ ਪਾਉਣ ਵਾਲਾ ਵਿਅਕਤੀ ਮੁੱਖ-ਪਰੀਖਕ ਵਜੋਂ ਕੰਮ ਕਰੇਗਾ ਅਤੇ ਉੱਤਰ-ਪਰਚਿਆਂ ਤੇ ਨੰਬਰ ਲਾਉਣ ਲਈ ਇੱਕ ਜਾਂ ਇੱਕ ਤੋਂ ਵੱਧ ਉਪ-ਪਰੀਖਕ, ਜਿਤਨੇ ਲੋੜ ਹੋਣ, ਨਿਯੁਕਤ ਕੀਤੇ ਜਾਣਗੇ। ਉਪ-ਪਰੀਖਕਾਂ ਦੁਆਰਾ ਨੰਬਰ ਲਾਉਣ ਦਾ ਮਿਆਰ ਮੁੱਖ-ਪਰੀਖਕ ਦੁਆਰਾ ਨਿਸ਼ਚਿਤ ਕੀਤਾ ਜਾਵੇਗਾ। ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਮੁੱਖ-ਪਰੀਖਕ ਇੰਨੇ ਦੂਰ ਦੁਰਾਡੇ ਤੋਂ ਨਿਯੁਕਤ ਨਾ ਕੀਤਾ ਜਾਵੇ ਕਿ ਉਹ ਦਿੱਤੇ ਗਏ ਸਮੇਂ ਦੇ ਅੰਦਰ ਕੰਮ ਮੁਕੰਮਲ ਹੀ ਨਾ ਕਰ ਸਕੇ।

4. ਕੋਈ ਵਿਅਕਤੀ ਆਧੁਨਿਕ ਭਾਰਤੀ ਭਾਸ਼ਾਵਾਂ ਦੀ ਪਰੀਖਿਆ ਲਈ ਉਪ-ਪਰੀਖਕ ਨਿਯੁਕਤ ਕੀਤੇ ਜਾਣ ਦਾ ਪਾਤਰ ਨਹੀਂ ਹੋਵੇਗਾ ਜੇਕਰ ਉਹ ਕਿਸੇ ਮਾਨਤਾ-ਪ੍ਰਾਪਤ ਹਾਈ ਸਕੂਲ, ਸੰਬੱਧ ਕਾਲਜ ਜਾਂ ਐਸੋਸੀਏਟਿਡ ਸੰਸਥਾ ਵਿੱਚ ਤਿੰਨ ਸਾਲ ਦਾ ਅਧਿਆਪਨ ਦਾ ਤਜਰਬਾ ਅਤੇ ਘੱਟ ਤੋਂ ਘੱਟ ਨਿਮਨ ਯੋਗਤਾਵਾਂ ਨ ਾ ਰੱਖਦਾ ਹੋਵੇ :-

(ੳ) ਪ੍ਰਭਾਕਰ ਪਰੀਖਿਆ ਲਈ

(i) ਸੰਸਕ੍ਰਿਤ ਜਾਂ ਹਿੰਦੀ ਵਿੱਚ ਐਮ.ਏ.; ਜਾਂ

(ii) ਕਿਸੇ ਭਾਸ਼ਾ ਵਿੱਚ ਐਮ.ਏ. ਅਤੇ ਸ਼ਾਸਤਰੀ ਜਾਂ ਪ੍ਰਭਾਕਰ; ਜਾਂ

(iii) ਸ਼ਾਸਤਰੀ ਨਾਲ ਪ੍ਰਭਾਕਰ; ਜਾਂ

(iv) ਉਹ ਸ਼ਾਸਤਰੀ ਜਿਨ੍ਹਾਂ ਨੂੰ ਕਿਸੇ ਮਾਨਤਾ-ਪ੍ਰਾਪਤ ਜਾਂ ਸੰਬੱਧ ਸੰਸਥਾ ਵਿੱਚ ਅਧਿਆਪਨ ਦਾ ਪੰਜ ਸਾਲ ਦਾ ਤਜਰਬਾ ਹੋਵੇ।

(ਅ) ਗਿਆਨੀ ਪਰੀਖਿਆ ਲਈ

(i) ਪੰਜਾਬੀ ਵਿੱਚ ਐਮ. ਏ.; ਜਾਂ

(ii) ਕਿਸੇ ਭਾਸ਼ਾ ਵਿੱਚ ਐਮ. ਏ. ਅਤੇ ਗਿਆਨੀ।

(ੲ) ਅਦੀਬ ਫ਼ਾਜ਼ਲ ਪਰੀਖਿਆ ਲਈ

(i) ਫ਼ਾਰਸੀ ਜਾਂ ਉਰਦੂ ਵਿੱਚ ਐਮ.ਏ.; ਜਾਂ

(ii) ਕਿਸੇ ਭਾਸ਼ਾ ਵਿੱਚ ਐਮ. ਏ. ਅਤੇ ਅਦੀਬ ਫ਼ਾਜ਼ਲ ਜਾਂ ਮੁਨਸ਼ੀ ਫ਼ਾਜ਼ਲ

(ਸ) ਰਤਨ ਅਤੇ ਭੂਸ਼ਨ ਪਰੀਖਿਆਵਾਂ ਲਈ

ਬੀ. ਏ. ਅਤੇ ਪ੍ਰਭਾਕਰ, ਜਾਂ ਸ਼ਾਸਤਰੀ।

(ਹ) ਪੰਜਾਬੀ ਵਿੱਚ ਪ੍ਰਾਫ਼ੀਸ਼ੈਂਸੀ ਅਤੇ ਹਾਈ ਪ੍ਰਾਫ਼ੀਸ਼ੈਂਸੀ ਦੀਆਂ ਪਰੀਖਿਆਵਾਂ ਲਈ

ਬੀ. ਏ. ਅਤੇ ਗਿਆਨੀ।

(ਕ) ਅਦੀਬ ਅਤੇ ਅਦੀਬ ਆਲਮ ਪਰੀਖਿਆਵਾਂ ਲਈ

(i) ਬੀ.ਏ. ਅਤੇ ਅਦੀਬ ਫ਼ਾਜ਼ਲ; ਜਾਂ

(ii) ਬੀ. ਏ. ਅਤੇ ਮੁਨਸ਼ੀ ਫ਼ਾਜ਼ਲ

(ਖ) ਸੰਸਕ੍ਰਿਤ ਵਿੱਚ ਆਨਰਜ਼ ਦੀ ਪਰੀਖਿਆ ਲਈ

ਸੰਸਕ੍ਰਿਤ ਵਿੱਚ ਐਮ. ਏ. ਜਾਂ ਗ੍ਰੈਜੂਏਟ ਅਤੇ ਸੰਸਕ੍ਰਿਤ ਵਿੱਚ ਆਨਰਜ਼।

(ਗ) ਫ਼ਾਰਸੀ ਵਿੱਚ ਆਨਰਜ਼ ਦੀ ਪਰੀਖਿਆ ਲਈ

ਫ਼ਾਰਸੀ ਵਿੱਚ ਐਮ. ਏ. ਜਾਂ ਗ੍ਰੈਜੂਏਟ ਅਤੇ ਫ਼ਾਰਸੀ ਵਿੱਚ ਆਨਰਜ਼।

## ਅਧਿਆਏ-XXXV
# ਵੱਖ-ਵੱਖ ਪਰੀਖਿਆਵਾਂ ਦੇ ਪਰਚਿਆਂ ਦਾ ਪੁਨਰ-ਮੁਲਾਂਕਣ

1. ਹੇਠ ਲਿਖੀਆਂ ਪਰੀਖਿਆਵਾਂ ਤੋਂ ਬਿਨਾਂ ਬਾਕੀ ਪਰੀਖਿਆਵਾਂ ਵਿੱਚ ਪਰਚਿਆਂ ਦੇ ਪੁਨਰ-ਮੁਲਾਂਕਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ :-
   (ੳ) ਐਮ. ਫ਼ਿਲ/ਐਮ. ਲਿਟ.,
   (ਅ) ਪ੍ਰੈਕਟੀਕਲ ਪਰੀਖਿਆਵਾਂ, ਅਤੇ
   (ੲ) ਪੋਸਟ-ਗ੍ਰੈਜੂਏਟ ਪਰੀਖਿਆਵਾਂ ਵਿਚ ਖੋਜ-ਨਿਬੰਧ/ਥੀਸਿਸ
2. ਅੰਡਰ-ਗ੍ਰੈਜੂਏਟ ਪੱਧਰ ਦੀਆਂ ਪਰੀਖਿਆਵਾਂ ਦੇ ਕੇਵਲ ਦੋ ਵਿਸ਼ਿਆਂ (ਭਾਵ ਚਾਰ ਪਰਚਿਆਂ ਵਿੱਚ) ਅਤੇ ਪੋਸਟ-ਗ੍ਰੈਜੂਏਟ ਪੱਧਰ ਦੀਆਂ ਪਰੀਖਿਆਵਾਂ ਦੇ ਦੋ ਪਰਚਿਆਂ ਵਿਚ ਪੁਨਰ-ਮੁਲਾਂਕਣ ਦੀ ਇਜਾਜ਼ਤ, ਇਸ ਸ਼ਰਤ ਤੇ ਦਿੱਤੀ ਜਾਵੇਗੀ ਕਿ ਉਮੀਦਵਾਰ ਨੇ ਸੰਬੰਧਤ ਪਰਚਿਆਂ ਵਿੱਚ ਲੋੜੀਂਦੇ ਪਾਸ ਨੰਬਰਾਂ ਦੇ ਘੱਟੋ-ਘੱਟ 60 ਪ੍ਰਤੀਸ਼ਤ ਜਾਂ ਵੱਧ ਨੰਬਰ ਪ੍ਰਾਪਤ ਕੀਤੇ ਹੋਣ।
   ਪਾਸ ਪ੍ਰਤੀਸ਼ਤਤਾ ਦੇ ਘੱਟੋ-ਘੱਟ 60 ਪ੍ਰਤੀਸ਼ਤ ਦੀ ਲੋੜੀਂਦੀ ਸ਼ਰਤ ਵਿੱਚ ਜੇ ਨੰਬਰਾਂ ਵਿੱਚ ਕੋਈ ਕਸਰ ਸ਼ਾਮਲ ਹੋਵੇ, ਤਾਂ ਅਜਿਹੇ ਕੇਸਾਂ ਵਿੱਚ ਕੇਵਲ ਹੇਠਲਾ ਪੂਰਾ ਹਿੰਦਸਾ ਹੀ ਪੁਨਰ-ਮੁਲਾਂਕਣ ਲਈ ਆਧਾਰ ਮੰਨਿਆ ਜਾਵੇਗਾ।
3. ਪੁਨਰ-ਮੁਲਾਂਕਣ ਫ਼ਾਰਮ ਅਤੇ ਫ਼ੀਸ, ਅਸਲ ਨੰਬਰ ਬਿਉਰਾ ਕਾਰਡ/ਆਰਜ਼ੀ ਨਤੀਜਾ ਸੂਚਨਾ (ਮੂਲ ਰੂਪ ਵਿੱਚ) ਸਮੇਤ, ਹੇਠਾਂ ਦਿੱਤੀ ਸਮਾਂ ਸੂਚੀ ਅਨੁਸਾਰ ਪੇਸ਼ ਕੀਤੇ ਜਾ ਸਕਦੇ ਹਨ :-
   (ੳ) ਬਾਕਾਇਦਾ/ਪ੍ਰਾਈਵੇਟ ਉਮੀਦਵਾਰ ਨਤੀਜੇ ਦੇ ਪ੍ਰਕਾਸ਼ਨ ਦੀ ਤਰੀਕ (ਸ਼ਾਮਲ ਕਰਕੇ) 14 ਦਿਨਾਂ ਦੇ ਅੰਦਰ ਅਤੇ ਪੱਤਰ ਵਿਹਾਰ ਸਿੱਖਿਆ ਵਿਭਾਗ ਦੀਆਂ ਸਾਲਾਨਾ ਪਰੀਖਿਆਵਾਂ ਲਈ 21 ਦਿਨਾਂ ਦੇ ਅੰਦਰ ਪੁਨਰ-ਮੁਲਾਂਕਣ ਦੀ ਅਰਜ਼ੀ ਦੇ ਸਕਦੇ ਹਨ।
   (ਅ) ਉਨ੍ਹਾਂ ਵਿਦਿਆਰਥੀਆਂ ਦੀ ਸੂਰਤ ਵਿੱਚ ਜਿਨ੍ਹਾਂ ਦਾ ਨਤੀਜਾ ਮੇਨ ਗਜ਼ਟ ਵਿਚ ਨਹੀਂ ਐਲਾਨਿਆ ਗਿਆ ਅਤੇ ਕਿਸੇ ਵਜ੍ਹਾ ਕਾਰਨ ਲੇਟ ਦਰਸਾਇਆ ਗਿਆ ਹੋਵੇ, [ਸਿਵਾਏ ਆਰ. ਐਲ. (ਐਵਾਰਡ) ਅਤੇ ਯੂ. ਐਮ. ਸੀ. ਕੇਸਾਂ ਦੇ] ਪੁਨਰ-ਮੁਲਾਂਕਣ ਲਈ ਅਰਜ਼ੀ ਦੇਣ ਦਾ ਸਮਾਂ, ਉਨ੍ਹਾਂ ਨੂੰ ਨਤੀਜੇ ਦੀ ਆਰਜ਼ੀ ਸੂਚਨਾ ਦੀ ਤਰੀਕ ਤੋਂ ਬੀਤਣਾ ਸ਼ੁਰੂ ਹੋਵੇਗਾ।

(ੲ) ਆਰ. ਐਲ. ਕੇਸਾਂ ਵਿੱਚ ਕਮੀ ਪੂਰੀ ਹੋਣ ਉਪਰੰਤ ਨਤੀਜਾ ਨਿਕਲਣ ਤੇ ਉਨ੍ਹਾਂ ਵਿਦਿਆਰਥੀਆਂ ਨੂੰ [ਸਿਵਾਏ ਆਰ. ਐਲ.(ਐਵਾਰਡ) ਅਤੇ ਯੂ.ਐਮ. ਸੀ ਕੇਸਾਂ ਦੇ] ਪੁਨਰ-ਮੁਲਾਂਕਣ ਦੀ ਅਰਜ਼ੀ ਦੇਣ ਦਾ ਹੱਕ ਨਹੀਂ ਹੋਵੇਗਾ।

(ਸ) ਉਪਰੋਕਤ ਸਮਾਂ ਗੁਜ਼ਰ ਜਾਣ ਪਿਛੋਂ ਕੋਈ ਦਰਖ਼ਾਸਤ ਸਵੀਕਾਰ ਨਹੀਂ ਕੀਤੀ ਜਾਵੇਗੀ। ਲੇਟ ਫ਼ੀਸ ਨਾਲ ਪੁਨਰ-ਮੁਲਾਂਕਣ ਦਾ ਕੋਈ ਉਪਬੰਧ ਨਹੀਂ ਹੈ।

(ਹ) ਪੁਨਰ-ਮੁਲਾਂਕਣ ਕਰਵਾਉਣ ਲਈ ਪੋਸਟ-ਗ੍ਰੈਜੂਏਟ ਅਤੇ ਅੰਡਰ-ਗ੍ਰੈਜੂਏਟ ਪੱਧਰ ਲਈ ਪ੍ਰਤੀ ਪਰਚੇ ਦੇ ਹਿਸਾਬ ਮੁਕੱਰਰ ਦਰ ਨਾਲ ਫ਼ੀਸ ਚਾਰਜ ਕੀਤੀ ਜਾਵੇਗੀ।

4. ਪੁਨਰ-ਮੁਲਾਂਕਣ ਦਾ ਨਤੀਜਾ ਹੇਠ-ਲਿਖੇ ਅਨੁਸਾਰ ਤੈਅ ਕੀਤਾ ਜਾਵੇਗਾ :-

(ੳ) ਮੂਲ ਪਰੀਖਕ ਦੁਆਰਾ ਦਿਤੇ ਗਏ ਨੰਬਰਾਂ ਅਤੇ ਪੁਨਰ-ਮੁਲਾਂਕਣ ਲਈ ਨਿਯੁਕਤ ਕੀਤੇ ਗਏ ਪਰੀਖਕ ਦੁਆਰਾ ਦਿੱਤੇ ਗਏ ਨੰਬਰਾਂ ਦੀ ਔਸਤ, ਪਰ ਇਹ ਤਦ ਜੇ ਦੋਹਾਂ ਪਰੀਖਕਾਂ ਦੁਆਰਾ ਦਿੱਤੇ ਗਏ ਨੰਬਰਾਂ ਵਿੱਚ ਫ਼ਰਕ (ਵਾਧਾ/ਘਾਟਾ) ਪ੍ਰਸ਼ਨ ਪਰਚੇ ਦੇ ਅਧਿਕਤਮ ਨੰਬਰਾਂ ਦੇ 15 ਪ੍ਰਤੀਸ਼ਤ ਤੋਂ ਵੱਧ ਨਾ ਹੋਵੇ;

(ਅ) ਜੇ ਪੁਨਰ-ਮੁਲਾਂਕਣ ਤੇ ਨੰਬਰਾਂ ਵਿੱਚ ਵਾਧਾ/ਘਾਟਾ 15 ਪ੍ਰਤੀਸ਼ਤ* ਤੋਂ ਵੱਧ ਹੋਵੇ ਤਾਂ ਪਰਚਾ ਤੀਜੇ ਪਰੀਖਕ ਨੂੰ ਭੇਜਿਆ ਜਾਵੇਗਾ ਅਤੇ ਨਤੀਜਾ ਉਨ੍ਹਾਂ ਵਧੇਰੇ ਦੋ ਨੰਬਰਾਂ (ਤਿੰਨਾਂ ਵਿੱਚੋਂ) ਦੀ ਔਸਤ ਕੱਢ ਕੇ ਤੈਅ ਕੀਤਾ ਜਾਵੇਗਾ ਜੋ ਉਮੀਦਵਾਰ ਦੇ ਫ਼ਾਇਦੇ ਲਈ ਹੋਣ;

(ੲ) ●.5 ਜਾਂ ਜ਼ਿਆਦਾ ਦੀ ਕਸਰ ਪੂਰੀ ਕਰਕੇ ਅਗਲਾ ਪੂਰਾ ਹਿੰਦਸਾ ਬਣਾ ਦਿਤਾ ਜਾਵੇਗਾ;

(ਸ) ਜੇਕਰ ਕਿਸੇ ਪਰਚੇ (ਪਰਚਿਆਂ) ਦੇ ਪੁਨਰ-ਮੁਲਾਂਕਣ ਤੋਂ ਪਿਛੋਂ ਪਰਚੇ (ਪਰਚਿਆਂ) ਵਿੱਚ ਨੰਬਰਾਂ ਦੀ ਔਸਤ ਲੈਣ ਨਾਲ ਕੋਈ ਪਾਸ ਉਮੀਦਵਾਰ ਫ਼ੇਲ੍ਹ ਹੋ ਜਾਂਦਾ ਹੈ, ਤਾਂ ਅਜਿਹਾ ਪਰਚਾ (ਪਰਚੇ), ਭਾਵੇਂ ਪਹਿਲੇ ਤੇ ਦੂਜੇ ਪਰੀਖਕਾਂ ਦੇ ਨੰਬਰਾਂ ਵਿਚ 15 ਪ੍ਰਤੀਸ਼ਤ ਤੋਂ ਘੱਟ ਫ਼ਰਕ ਹੋਵੇ, ਤੀਜੇ ਪਰੀਖਕ ਨੂੰ ਭੇਜੇ ਜਾਣਗੇ ਅਤੇ (ਤਿੰਨਾਂ ਵਿਚੋਂ) ਦੋ ਉਚੇਰੇ ਨੰਬਰਾਂ, ਜਿਨ੍ਹਾਂ ਨਾਲ ਉਮੀਦਵਾਰ ਨੂੰ ਫਾਇਦਾ ਹੁੰਦਾ ਹੋਵੇ, ਦੀ ਔਸਤ ਕੱਢ ਕੇ ਨਤੀਜਾ ਤੈਅ ਕੀਤਾ ਜਾਵੇਗਾ।

---

* ਸਿੰਡੀਕੇਟ 376, ਮਿਤੀ 6.8.2●●7 ਦੇ ਫੈਸਲੇ ਅਨੁਸਾਰ 1●% ਦੀ ਥਾਵੇਂ 15% ਰੱਖੇ ਗਏ।

(ਹ) ਮੈਰਿਟ ਸੂਚੀ ਮੂਲ ਸਾਲਾਨਾ ਪਰੀਖਿਆ ਦੇ ਨਤੀਜਿਆਂ ਦੇ ਆਧਾਰ ਤੇ ਆਰਜ਼ੀ ਤੌਰ ਤੇ ਤਿਆਰ ਕੀਤੀ ਜਾਵੇਗੀ। ਜਿਥੇ ਅੰਤਿਮ ਪਰੀਖਿਆ ਦਾ ਨਤੀਜਾ ਉਮੀਦਵਾਰ ਦੁਆਰਾ ਵੱਖ-ਵੱਖ ਭਾਗਾਂ/ਸਮੈਸਟਰਾਂ ਵਿੱਚ ਹਾਸਲ ਕੀਤੇ ਕੁੱਲ ਨੰਬਰਾਂ ਦੇ ਆਧਾਰ ਤੇ ਐਲਾਨਿਆ ਗਿਆ ਸੀ ਉਥੇ ਉਸ ਪਰੀਖਿਆ ਲਈ ਉਨ੍ਹਾਂ ਸਭ ਭਾਗਾਂ/ਸਮੈਸਟਰਾਂ ਦੇ ਪੁਨਰ-ਮੁਲਾਂਕਣ ਦੇ ਨਤੀਜਿਆਂ ਨੂੰ ਹਿਸਾਬ ਵਿੱਚ ਲੈ ਕੇ ਮੈਰਿਟ ਸੂਚੀ ਸੋਧੀ ਜਾਵੇਗੀ।

5. ਵੱਖ-ਵੱਖ ਕੋਰਸਾਂ ਦੀਆਂ ਸਾਲਾਨਾ ਪਰੀਖਿਆਵਾਂ ਦੇ ਪੁਨਰ-ਮੁਲਾਂਕਣ ਦੇ ਨਤੀਜੇ ਤੋਂ ਬਾਅਦ ਨਤੀਜਾ ਕਾਰਡ ਜਾਰੀ ਕਰਨ ਦੀ ਮਿਤੀ ਤੋਂ 15 ਕੰਮ-ਕਾਜੀ ਦਿਨਾਂ ਦੇ ਅੰਦਰ ਵਿਦਿਆਰਥੀਆਂ ਨੂੰ ਅਗਲੀ ਕਲਾਸ ਵਿੱਚ ਬਿਨਾਂ ਲੇਟ ਫ਼ੀਸ ਦਾਖ਼ਲਾ ਦਿੱਤਾ ਜਾ ਸਕੇਗਾ।

6. ਟੈਕਨੀਕਲ ਕੋਰਸਾਂ ਵਿੱਚ ਜਿਥੇ ਅਗਲੀ ਉਚੇਰੀ ਕਲਾਸ ਵਿੱਚ ਦਾਖ਼ਲੇ ਲਈ ਸੀਟ ਉਪਲਬਧ ਨਾ ਹੋਵੇ, ਤਾਂ ਵਿਦਿਆਰਥੀ ਨੂੰ ਦਾਖ਼ਲਾ ਕੇਵਲ ਤੱਦ ਦਿੱਤਾ ਜਾਵੇਗਾ ਜੇ ਉਸ ਨੇ ਪੁਨਰ-ਮੁਲਾਂਕਣ ਦੇ ਨਤੀਜੇ ਵਿੱਚ ਉਸ ਵਰਗ ਅਧੀਨ, ਜਿਸ ਦੇ ਅਧੀਨ ਉਹ ਦਾਖ਼ਲਾ ਮੰਗਦਾ ਹੈ, ਯੋਗਤਾ ਦੇ ਆਧਾਰ ਤੇ ਦਾਖ਼ਲ ਹੋਏ ਆਖ਼ਰੀ ਵਿਦਿਆਰਥੀ ਦੇ ਬਰਾਬਰ ਜਾਂ ਉਸ ਤੋਂ ਵੱਧ ਨੰਬਰ ਲਏ ਹੋਣ।

7. ਸਮੈਸਟਰ ਪਰੀਖਿਆਵਾਂ ਦੀ ਸੂਰਤ ਵਿੱਚ, ਉਮੀਦਵਾਰ ਅਗਲੀ ਉਚੇਰੀ ਜਮਾਤ ਵਿੱਚ ਉਸ ਦਿਨ ਤੋਂ ਦੋ ਹਫ਼ਤਿਆਂ ਦੇ ਅੰਦਰ ਦਾਖ਼ਲਾ ਲੈਣ ਲਈ ਪਾਤਰ ਹੋਵੇਗਾ ਜਿਸ ਦਿਨ ਉਸ ਜਮਾਤ ਨੂੰ ਪਹਿਲਾ ਲੈਕਚਰ ਦਿੱਤਾ ਗਿਆ ਸੀ।

8. ਜਿਨ੍ਹਾਂ ਉਮੀਦਵਾਰਾਂ ਦੇ ਨੰਬਰ ਪੁਨਰ-ਮੁਲਾਂਕਣ ਤੇ ਵੱਧ ਜਾਂਦੇ ਹਨ ਅਤੇ ਉਹ ਸੀਟਾਂ ਦੇ ਉਪਲਬਧ ਨਾ ਹੋਣ ਕਾਰਨ ਦਾਖ਼ਲਾ ਨਹੀ ਲੈ ਸਕਦੇ ਉਹ ਆਰਟਸ, ਸਮਾਜਿਕ ਵਿਗਿਆਨ, ਭਾਸ਼ਾਵਾਂ, ਮਾਨਵਿਕੀ ਵਿਸ਼ਿਆਂ ਅਤੇ ਧਰਮ ਅਧਿਐਨ ਦੀਆਂ ਫ਼ੈਕਲਟੀਆਂ ਵਿੱਚ, ਅਕਾਦਮਿਕ ਕੌਂਸਿਲ ਦੀ ਪਰਵਾਨਗੀ ਨਾਲ, ਪ੍ਰਾਈਵੇਟ ਤੌਰ ਤੇ ਪਰੀਖਿਆ ਵਿੱਚ ਬੈਠ ਸਕਣਗੇ।

9. ਅਜਿਹਾ ਉਮੀਦਵਾਰ ਜੋ ਪਹਿਲਾਂ ਹੀ ਦਾਖ਼ਲ ਕਰ ਲਿਆ ਗਿਆ ਹੈ ਅਤੇ ਜਿਸ ਦੇ ਨੰਬਰ ਪੁਨਰ-ਮੁਲਾਂਕਣ ਤੇ ਘੱਟ ਜਾਂਦੇ ਹਨ ਪਰ ਉਹ ਤਦ ਵੀ ਪਾਤਰਤਾ ਦੀਆਂ ਘੱਟ ਤੋਂ ਘੱਟ ਸ਼ਰਤਾਂ ਪੂਰੀਆਂ ਕਰਦਾ ਹੈ, ਕੋਰਸ ਤੋਂ ਕੱਢਿਆ ਨਹੀਂ ਜਾਵੇਗਾ; ਵਰਨਾ ਉਸ ਦਾ ਕੋਰਸ ਵਿਚ ਦਾਖ਼ਲਾ ਆਪਣੇ ਆਪ ਮਨਸੂਖ਼ ਹੋ ਜਾਵੇਗਾ।

10. ਜਿਨ੍ਹਾਂ ਵਿਦਿਆਰਥੀਆਂ ਦਾ ਪੁਨਰ-ਮੁਲਾਂਕਣ ਦਾ ਨਤੀਜਾ ਅਗਲੀ ਪਰੀਖਿਆ ਭਾਵ ਸਪਲੀਮੈਂਟਰੀ/ਸਾਲਾਨਾ ਪਰੀਖਿਆ ਸ਼ੁਰੂ ਹੋਣ ਤੱਕ ਘੋਸ਼ਿਤ ਨਹੀਂ ਕੀਤਾ ਜਾਂਦਾ ਅਤੇ ਪਰੀਖਿਆਰਥੀ ਅਗਲੀ ਪਰੀਖਿਆ ਵਿੱਚ ਬੈਠ ਜਾਂਦੇ ਹਨ ਅਤੇ ਅਜਿਹੇ ਕੇਸਾਂ ਵਿੱਚ ਵਿਦਿਆਰਥੀਆਂ ਦੁਆਰਾ ਪੁਨਰ-ਮੁਲਾਂਕਣ ਜਾਂ ਅਗਲੀ ਪਰੀਖਿਆ ਵਿੱਚ ਹਾਸਲ ਕੀਤੇ ਨੰਬਰਾਂ ਵਿੱਚੋਂ, ਉਹ ਨੰਬਰ ਰੱਖ ਕੇ ਜਿਸ ਵਿੱਚ ਉਨ੍ਹਾਂ ਨੂੰ ਲਾਭ ਹੁੰਦਾ ਹੋਵੇ, ਉਨ੍ਹਾਂ ਦਾ ਨਤੀਜਾ ਘੋਸ਼ਿਤ ਕੀਤਾ ਜਾਵੇਗਾ।

11. ਪਰਚਾ ਪਾਉਣ ਵਾਲੇ ਦੁਆਰਾ ਤਿਆਰ ਕੀਤੀਆਂ ਗਈਆਂ ਪਰਚਿਆਂ ਤੇ ਨੰਬਰ ਲਾਉਣ ਲਈ ਹਦਾਇਤਾਂ ਦੂਜੇ/ਤੀਜੇ, ਜਿਹੀ ਕਿ ਸੂਰਤ ਹੋਵੇ, ਪਰੀਖਕਾਂ ਨੂੰ ਭੇਜੀਆ ਜਾਣਗੀਆਂ। ਉਸ ਹੀ ਪਰਚੇ ਦੇ ਛੇ ਉੱਤਰ-ਪਰਚੇ ਪਰੀਖਕ ਨੂੰ ਨੰਬਰ ਲਾਉਣ ਦਾ ਮਿਆਰ ਵੇਖਣ ਲਈ ਭੇਜੇ ਜਾਣਗੇ।

12. ਉਨ੍ਹਾਂ ਵਿਦਿਆਰਥੀਆਂ ਨੂੰ, ਜਿਨ੍ਹਾਂ ਨੇ ਪੁਨਰ ਮੁਲਾਂਕਣ ਲਈ ਦਰਖ਼ਾਸਤ ਨਹੀਂ ਦਿੱਤੀ, ਉਨ੍ਹਾਂ ਨੂੰ ਨਿਆਂਸ਼ੀਲ ਅਵਸਰ ਦੇਣ ਦੇ ਮੰਤਵ ਨਾਲ, ਉਨ੍ਹਾਂ ਉਮੀਦਵਾਰਾਂ ਦੇ ਉੱਤਰ ਪਰਚਿਆਂ ਦੇ ਨਮੂਨੇ, ਜਿਨ੍ਹਾਂ ਨੇ ਉਨ੍ਹਾਂ ਉਮੀਦਵਾਰਾਂ ਨਾਲੋਂ, ਜਿਨ੍ਹਾਂ ਨੇ ਪੁਨਰ ਮੁਲਾਂਕਣ ਲਈ ਦਰਖ਼ਾਸਤ ਦਿੱਤੀ ਸੀ, ਵੱਧ ਨੰਬਰ ਹਾਸਲ ਕੀਤੇ ਸਨ ਅਤੇ ਨਾਲੇ ਜਿਨ੍ਹਾਂ ਨੇ ਘੱਟ ਨੰਬਰ ਹਾਸਲ ਕੀਤੇ ਸਨ, ਤਿਆਰ ਕੀਤੇ ਜਾਣਗੇ ਅਤੇ ਜਿਨ੍ਹਾਂ ਉਮੀਦਵਾਰਾਂ ਨੇ ਪੁਨਰ ਮੁਲਾਂਕਣ ਲਈ ਦਰਖ਼ਾਸਤ ਦਿੱਤੀ ਸੀ, ਉਨ੍ਹਾਂ ਦੇ ਉੱਤਰ ਪਰਚਿਆਂ ਦਾ ਮੁਲਾਂਕਣ ਕੀਤੇ ਜਾਣ ਤੋਂ ਪਹਿਲਾਂ ਪਰੀਖਕਾਂ ਨੂੰ ਦਿੱਤੇ ਜਾਣਗੇ।

13. ਪੁਨਰ-ਮੁਲਾਂਕਣ ਲਈ ਜਮ੍ਹਾਂ ਕਰਵਾਈ ਗਈ ਫ਼ੀਸ ਕਿਸੇ ਵੀ ਸੂਰਤ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।

14. ਪੁਨਰ-ਮੁਲਾਂਕਣ ਲਈ ਦਰਖ਼ਾਸਤ ਦੇਣ ਲਈ ਮੁਕੱਰਰ ਆਖ਼ਰੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ ਪੁਨਰ-ਮੁਲਾਂਕਣ ਦੇ ਨਤੀਜੇ ਘੋਸ਼ਿਤ ਹੋ ਜਾਣੇ ਚਾਹੀਦੇ ਹਨ।

15. ਪੁਨਰ-ਮੁਲਾਂਕਣ ਉਪਰੰਤ ਜੇਕਰ ਫ਼ੇਲ੍ਹ ਵਿਦਿਆਰਥੀ ਦਾ ਨਤੀਜਾ ਫ਼ੇਲ੍ਹ ਤੋਂ ਰੀ-ਅਪੀਅਰ ਜਾਂ ਪਾਸ ਬਣ ਜਾਂਦਾ ਹੈ ਤਾਂ ਅਗਲੀ ਪਰੀਖਿਆ ਲਈ ਫ਼ਾਰਮ ਬਿਨਾਂ ਲੇਟ ਫ਼ੀਸ ਤੋਂ ਜਮ੍ਹਾਂ ਕਰਵਾਉਣ ਲਈ, ਬਦਲੇ ਨਤੀਜੇ ਦੀ ਘੋਸ਼ਣਾ ਉਪਰੰਤ ਜਾਰੀ ਨੰਬਰ-ਬਿਉਰਾ-ਕਾਰਡ ਤੇ ਅੰਕਿਤ ਤਰੀਕ ਤੋਂ 10 ਦਿਨ (ਛੁੱਟੀਆਂ ਸਮੇਤ) ਦਾ ਸਮਾਂ ਦਿੱਤਾ ਜਾਵੇਗਾ। ਇਸ ਉਪਰੰਤ ਵਿਦਿਆਰਥੀ ਨੂੰ ਉਹ ਫ਼ੀਸ ਅਦਾ ਕਰਨੀ ਪਵੇਗੀ, ਜੋ ਚਾਰਜ ਕਰਨ ਯੋਗ ਹੋਵੇ।

16. ਜਿਹੜੇ ਵਿਦਿਆਰਥੀ ਰੀ-ਅਪੀਅਰ ਨਤੀਜੇ ਦੇ ਆਧਾਰ ਤੇ ਅਗਲੇ ਸੈਸ਼ਨ ਦੀ ਰੀ-ਅਪੀਅਰ ਪਰੀਖਿਆ ਲਈ ਫ਼ਾਰਮ/ਫ਼ੀਸ ਭਰਦੇ ਹਨ ਤੇ ਨਾਲ ਹੀ ਪੁਨਰ-ਮੁਲਾਂਕਣ ਲਈ ਵੀ ਦਰਖ਼ਾਸਤ ਦਿੰਦੇ ਹਨ, ਜੇ ਪੁਨਰ-ਮੁਲਾਂਕਣ ਦੇ ਨਤੀਜੇ ਦੇ ਆਧਾਰ ਤੇ ਉਹ ਪਰੀਖਿਆ ਵਿੱਚ ਸਫਲ ਹੋ ਜਾਂਦੇ ਹਨ ਤਾਂ ਉਨ੍ਹਾਂ ਵੱਲੋਂ ਉਸ ਕਲਾਸ ਨਾਲ ਸੰਬੰਧਤ ਜਮ੍ਹਾਂ ਕਰਵਾਈ ਰੀ-ਅਪੀਅਰ ਫ਼ੀਸ ਦਾ 90% ਹਿੱਸਾ ਚੀਫ਼-ਕੋਆਰਡੀਨੇਟਰ (ਪਰੀਖਿਆਵਾਂ) ਦੀ ਪਰਵਾਨਗੀ ਨਾਲ ਵਾਪਸ ਕਰ ਦਿੱਤਾ ਜਾਵੇਗਾ :

ਪਰੰਤੂ ਜਿਨ੍ਹਾਂ ਕੇਸਾਂ ਵਿੱਚ ਵਿਦਿਆਰਥੀ ਗ਼ਲਤੀ ਨਾਲ ਮੁਕੱਰਰ ਤੋਂ ਜ਼ਿਆਦਾ ਪਰੀਖਿਆ ਫ਼ੀਸ/ਜੁਰਮਾਨਾ ਜਮ੍ਹਾਂ ਕਰਵਾ ਦਿੰਦੇ ਹਨ ਉਨ੍ਹਾਂ ਕੇਸਾਂ ਵਿੱਚ ਫ਼ੀਸ ਵਾਪਸੀ ਦਾ ਅਜਿਹਾ ਲਾਭ ਨਹੀਂ ਦਿੱਤਾ ਜਾਵੇਗਾ।

17. ਕੋਈ ਵੀ ਉਮੀਦਵਾਰ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ 10 ਦਿਨ ਦੇ ਅੰਦਰ ਪ੍ਰਤੀ ਉੱਤਰ-ਕਾਪੀ (ਸਿਧਾਂਤ) ਲਈ ਮੁਕੱਰਰ ਫ਼ੀਸ ਜਮ੍ਹਾਂ ਕਰਵਾ ਕੇ ਆਪਣੀ ਉੱਤਰ-ਕਾਪੀ ਦੀ ਫ਼ੋਟੋ-ਕਾਪੀ ਲੈ ਸਕਦਾ ਹੈ :

ਪਰੰਤੂ ਇਹ ਕਿ ਇਹ ਸੁਵਿਧਾ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਉਪਲਬਧ ਹੋਵੇਗੀ ਜੋ ਉੱਤਰ-ਕਾਪੀਆਂ ਦਾ ਪੁਨਰ-ਮੁਲਾਂਕਣ ਕਰਵਾਉਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ।

ਅਧਿਆਏ-XXXVI

# ਨੰਬਰ-ਬਿਉਰਾ-ਕਾਰਡ ਤਿਆਰ ਕਰਨਾ

ਨੰਬਰ-ਬਿਉਰਾ-ਕਾਰਡ ਸੈੱਟ ਰਾਹੀਂ ਤਿਆਰ ਅਤੇ ਸਹਾਇਕ ਅਤੇ ਸੁਪਰਡੈਂਟ ਵੱਲੋਂ ਚੈੱਕ ਕੀਤੇ ਜਾਣਗੇ। ਇਨ੍ਹਾਂ ਨੂੰ ਮੁਕੱਰਰ ਸੇਵਾ-ਫਲ ਅਦਾ ਕੀਤਾ ਜਾਵੇਗਾ।

ਬਾਅਦ ਵਿਚ ਜੇ ਕਾਰਡ ਵਿੱਚ ਕਿਸੇ ਪ੍ਰਕਾਰ ਦੀ ਕਮੀ ਪਾਈ ਜਾਵੇ ਤਾਂ ਹਰੇਕ ਗ਼ਲਤੀ ਲਈ ਕਲਰਕ, ਸੀਨੀਅਰ ਸਹਾਇਕ ਅਤੇ ਸੁਪਰਡੈਂਟ ਤੋਂ ਪ੍ਰਤੀ ਕਾਰਡ ਮੁਕੱਰਰ ਰਕਮ ਦੀ ਕਟੌਤੀ ਕੀਤੀ ਜਾਵੇਗੀ, ਪਰ ਇਹ ਕਟੌਤੀ ਕਰਮਚਾਰੀ ਨੂੰ ਮਿਲਣ ਵਾਲੇ ਸੇਵਾ-ਫਲ ਤੋਂ ਵੱਧ ਨਹੀਂ ਹੋਵੇਗੀ। ਰੀ-ਅਪੀਅਰ/ਫ਼ੇਲ੍ਹ ਵਿਦਿਆਰਥੀਆਂ ਦੇ ਨੰਬਰ-ਬਿਉਰਾ-ਕਾਰਡਾਂ ਉੱਤੇ ਸੁਪਰਡੈਂਟ ਦੇ ਪੱਧਰ ਤੇ ਦਸਖ਼ਤ ਕੀਤੇ ਜਾਣਗੇ ਅਤੇ ਪਾਸ ਵਿਦਿਆਰਥੀਆਂ ਦੇ ਨੰਬਰ-ਬਿਉਰਾ-ਕਾਰਡਾਂ ਤੇ ਸਹਾਇਕ ਰਜਿਸਟਰਾਰ/ਡਿਪਟੀ ਰਜਿਸਟਰਾਰ ਹੀ ਦਸਖ਼ਤ ਕਰਨਗੇ।

ਜੇ ਨਤੀਜਾ ਨਿਕਲਣ ਉਪਰੰਤ ਤਿੰਨ ਮਹੀਨਿਆਂ ਦੇ ਅੰਦਰ ਕੋਈ ਗ਼ਲਤੀ ਨੰਬਰ-ਬਿਉਰਾ-ਕਾਰਡ ਵਿੱਚ ਵਿਦਿਆਰਥੀ ਦੇ ਨੋਟਿਸ ਵਿੱਚ ਆਉਂਦੀ ਹੈ ਅਤੇ ਨਵਾਂ ਕਾਰਡ ਬਣਾਉਣ ਦੀ ਜ਼ਰੂਰਤ ਪੈਂਦੀ ਹੈ, ਤਾਂ ਉਸ ਸੂਰਤ ਵਿੱਚ ਵਿਦਿਆਰਥੀਆਂ ਤੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

ਜਿਹੜੇ ਵਿਦਿਆਰਥੀ ਪਰੀਖਿਆ ਪਾਸ ਕਰਨ ਤੋਂ ਦੱਸ ਸਾਲ ਬਾਅਦ ਡੁਪਲੀਕੇਟ ਨੰਬਰ-ਬਿਉਰਾ-ਕਾਰਡ ਲਈ ਦਰਖ਼ਾਸਤ ਕਰਨਗੇ, ਉਨ੍ਹਾਂ ਨੂੰ ਇਹ ਕਾਰਡ ਕੇਵਲ ਗਜ਼ਟ ਦੇ ਆਧਾਰ ਤੇ ਕੁੱਲ ਨੰਬਰ ਨਾਲ ਹੀ ਜਾਰੀ ਕੀਤਾ ਜਾਵੇਗਾ ਅਤੇ ਨੰਬਰਾਂ ਦੀ ਤਫ਼ਸੀਲ ਨਹੀਂ ਦਿੱਤੀ ਜਾਵੇਗੀ।

ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨ ਲਈ :

ਪਰੀਖਿਆ ਸ਼ਾਖਾ ਦੇ ਕਲਰਕ ਤੋਂ ਸੁਪਰਡੈਂਟ ਪੱਧਰ ਤੱਕ ਦੇ ਕਰਮਚਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ ਪਰੀਖਿਆ ਸ਼ਾਖਾ ਦੇ ਇਕ ਸੁਪਰਡੈਂਟ, ਇੱਕ ਸੀਨੀਅਰ ਸਹਾਇਕ ਅਤੇ ਇੱਕ ਕਲਰਕ, ਜਿਨ੍ਹਾਂ ਦਾ ਕੰਮ ਬਹੁਤ ਅੱਛਾ ਪਾਇਆ ਜਾਵੇਗਾ, ਨੂੰ ਮੁਕੱਰਰ ਰਕਮ (ਉੱਕੀ-ਪੁੱਕੀ) ਪ੍ਰਤੀ ਕਰਮਚਾਰੀ ਬਤੌਰ ਇਨਾਮ ਦਿੱਤੀ ਜਾਵੇਗੀ।

ਅਧਿਆਏ-XXXVII

# ਕਾਲਜਾਂ ਦਾ ਨਿਰੀਖਣ

1. ਹਰਿਕ ਸੰਬੱਧ ਕਾਲਜ ਦਾ ਨਿਰੀਖਣ ਸਾਧਾਰਨ ਤੌਰ ਤੇ ਹਰ ਤਿੰਨ ਸਾਲ ਵਿੱਚ ਇੱਕ ਵਾਰ ਕੀਤਾ ਜਾਵੇਗਾ ਅਤੇ ਹੋਰ ਸਮਿਆਂ ਤੇ ਤਦ ਕੀਤਾ ਜਾਵੇਗਾ ਜਦੋਂ ਅਕਾਦਮਿਕ ਕੌਂਸਲ ਦੀ ਰਾਏ ਵਿੱਚ ਕਿਸੇ ਕਾਲਜ ਦੀ ਸੂਰਤ ਵਿੱਚ ਅਜਿਹੇ ਨਿਰੀਖਣ ਲਈ ਖ਼ਾਸ ਕਾਰਨ ਮੌਜੂਦ ਹੋਣ। ਨਿਰੀਖਣ ਦਾ ਮੁੱਖ ਪ੍ਰਯੋਜਨ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਕੀ ਸੰਬੱਧਕਰਣ ਦੀਆਂ ਉਹ ਸ਼ਰਤਾਂ ਜੋ ਵਿਨਿਯਮਾਂ ਦੁਆਰਾ ਜਾਂ ਅਧੀਨ ਮੁਕੱਰਰ ਕੀਤੀਆਂ ਗਈਆਂ ਹਨ, ਅਮਲ ਵਿੱਚ ਲਿਆਂਦੀਆਂ ਜਾ ਰਹੀਆਂ ਹਨ ਜਾਂ ਨਹੀਂ, ਅਤੇ ਇਹ ਗੱਲ ਵੇਖਣਾ ਹੋਵੇਗਾ ਕਿ ਜਗ੍ਹਾ, ਸਫ਼ਾਈ ਦੇ ਪ੍ਰਬੰਧ, ਰਿਹਾਇਸ਼ ਲਈ ਪ੍ਰਬੰਧ, ਵਿਦਿਆਰਥੀਆਂ ਦੀ ਨਿਗਰਾਨੀ ਅਤੇ ਸਿੱਖਿਆ-ਦੀਖਿਆ, ਲਾਇਬ੍ਰੇਰੀ, ਫ਼ਰਨੀਚਰ, ਅਪਰੇਟਸ, ਰਜਿਸਟਰ ਅਤੇ ਅਮਲੇ ਦੇ ਮੈਂਬਰਾਂ ਦੀਆਂ ਯੋਗਤਾਵਾਂ ਅਤੇ ਕਰਤੱਵਾਂ ਅਤੇ ਇਸ ਤਰ੍ਹਾਂ ਦੇ ਹੋਰ ਮਾਮਲਿਆਂ ਬਾਰੇ ਨਿਪੁੰਨਤਾ ਯਕੀਨੀ ਬਣਾਉਣ ਲਈ ਕਾਫ਼ੀ ਉਪਾਅ ਕੀਤੇ ਜਾਂਦੇ ਹਨ। ਨਿਰੀਖਣ ਕਮੇਟੀ ਇਹ ਗੱਲ ਵੀ ਸੁਨਿਸਚਿਤ ਕਰੇਗੀ ਕਿ ਕੀ ਸਾਇੰਸ ਪ੍ਰੈਕਟੀਕਲਾਂ ਬਾਰੇ ਵਿਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਅਤੇ ਪ੍ਰਯੋਗਸ਼ਾਲਾਵਾਂ ਵਿੱਚ ਗੈਸ ਅਤੇ ਪਾਣੀ ਦੀ ਸਪਲਾਈ ਦਾ ਪੂਰਾ-ਪੂਰਾ ਪ੍ਰਬੰਧ ਹੈ। ਕਮੇਟੀ ਇਹ ਵੀ ਵੇਖੇਗੀ ਕਿ ਕਾਲਜਾਂ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਲੋੜੀਂਦਾ ਸਾਜ਼-ਸਾਮਾਨ ਉਪਲੱਬਧ ਹੈ।

*ਇਸ ਯੂਨੀਵਸਿਟੀ ਨਾਲ ਸੰਬੱਧ ਕਿਸੇ ਗੈਰ-ਸਰਕਾਰੀ ਸਵੈ-ਸਹਾਇਤਾ/ਸਹਾਇਤਾ-ਪ੍ਰਾਪਤ ਐਜੂਕੇਸ਼ਨ, ਲਾਅ, ਫ਼ਿਜ਼ੀਕਲ ਐਜੂਕੇਸ਼ਨ ਅਤੇ ਮੈਨੇਜਮੈਂਟ ਕਾਲਜ ਵਿੱਚ 60 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ 65 ਸਾਲ ਦੀ ਉਮਰ ਤੱਕ, ਪ੍ਰਿੰਸੀਪਲ ਵਜੋਂ, ਮੁਆਇਦਾ ਆਧਾਰ ਤੇ, ਨਿਯੁਕਤ ਕੀਤਾ ਜਾ ਸਕੇਗਾ :

ਪਰੰਤੂ ਇਹ ਕਿ ਸਬੰਧਤ ਕਾਲਜ ਦੀ ਮੈਨੇਜਮੈਂਟ ਲਈ ਯੂਨੀਵਰਸਿਟੀ ਤੋਂ ਇਸ ਤਰ੍ਹਾਂ ਦੀ ਨਿਯੁਕਤੀ ਦੀ ਪੂਰਵ-ਪਰਵਾਨਗੀ ਲੈਣੀ ਜ਼ਰੂਰੀ ਹੋਵੇਗੀ।

---

* ਸਿੰਡੀਕੇਟ ਮਿਤੀ 29.3.2007 (ਪੈਰਾ 6) ਦੁਆਰਾ ਸਿੰਡੀਕੇਟ ਮਿਤੀ 30.8.2005 (ਪੈਰਾ 8) ਦੀ ਥਾਵੇਂ ਰੱਖਿਆ ਗਿਆ।

ਯੂਨੀਵਰਸਿਟੀ ਵੱਲੋਂ NCTE/UGC/BCI ਰਾਜ ਸਰਕਾਰ ਅਤੇ/ਜਾਂ ਹੋਰ ਸਟੇਟ/ ਸੈਂਟਰਲ ਏਜੰਸੀਆਂ ਵੱਲੋਂ ਭੇਜੇ ਨਿਦੇਸ਼ਾਂ ਦੀ ਅਨੁਸਾਰਤਾ ਵਿੱਚ ਅਤੇ ਯੂਨੀਵਰਸਿਟੀ ਦੀਆਂ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਆਧਾਰ ਤੇ ਸਮੇਂ-ਸਮੇਂ ਤੇ ਜਾਰੀ ਕੀਤੇ ਗਏ ਨਿਯਮਾਂ, ਵਿਨਿਯਮਾਂ ਅਤੇ ਅਗਵਾਈ-ਲੀਹਾਂ ਨੂੰ ਮੈਨੇਜਮੈਂਟ ਦੇ ਧਿਆਨ ਵਿੱਚ ਲਿਆਉਣ ਤੋਂ ਇਲਾਵਾ ਪਾਲਣਾ ਕਰਵਾਉਣ ਦੀ ਜ਼ਿੰਮੇਵਾਰੀ ਵੀ ਪ੍ਰਿੰਸੀਪਲ ਦੀ ਹੋਵੇਗੀ। ਉਸ ਵੱਲੋਂ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪ੍ਰਿੰਸੀਪਲ ਵਜੋਂ ਯੂਨੀਵਰਸਿਟੀ ਦੀ ਦਿੱਤੀ ਗਈ ਪਰਵਾਨਗੀ ਵਾਪਸ ਲਈ ਜਾ ਸਕਦੀ ਹੈ। ਜੇਕਰ ਕਾਲਜ ਮੈਨੇਜਮੈਂਟ ਯੂਨੀਵਰਸਿਟੀ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕਰਨਾ ਚਾਹੁੰਦੀ ਜਾਂ ਸਹਿਯੋਗ ਨਹੀਂ ਦਿੰਦੀ ਤਾਂ ਮਾਮਲਾ ਪ੍ਰਿੰਸੀਪਲ ਵ ੱਲੋਂ ਡੀਨ, ਕਾਲਜ ਵਿਕਾਸ ਕੌਂਸਲ ਨੂੰ ਰਿਪੋਰਟ ਕਰਨਾ ਹੋਵੇਗਾ।

2. ਹਰਿਕ ਵਿੱਤੀ ਸਾਲ ਦੇ ਸ਼ੁਰੂ ਵਿੱਚ ਵਾਈਸ-ਚਾਂਸਲਰ ਉਸ ਸਾਲ ਦੇ ਦੌਰਾਨ ਨਿਰੀਖਣ ਕੀਤੇ ਜਾਣ ਵਾਲੇ ਕਾਲਜਾਂ ਲਈ ਨਿਰੀਖਣ ਕਮੇਟੀਆਂ ਨਿਯੁਕਤ ਕਰੇਗਾ।
3. ਕੁੱਲ ਸੰਬੱਧ ਕਾਲਜਾਂ ਵਿੱਚੋਂ ਤੀਜੇ ਹਿੱਸੇ ਦਾ ਹਰ ਸਾਲ ਨਿਰੀਖਣ ਕੀਤਾ ਜਾਵੇਗਾ।
4. ਸਾਧਾਰਣ ਤੌਰ ਤੇ ਨਿਰੀਖਣ ਕਮੇਟੀ ਦੋ ਮੈਂਬਰਾਂ ਤੋਂ ਮਿਲ ਕੇ ਬਣੇਗੀ ਅਤੇ ਕਿਸੇ ਵਿਅਕਤੀ ਨੂੰ ਸਾਧਾਰਨ ਤੌਰ ਤੇ ਦੋ ਤੋਂ ਵੱਧ ਨਿਰੀਖਣ ਨਹੀਂ ਦਿੱਤੇ ਜਾਣਗੇ। ਕਿਸੇ ਵਿਗਿਆਨ ਕਾਲਜ ਦੇ ਨਿਰੀਖਣ ਦੀ ਸੂਰਤ ਵਿੱਚ ਸਾਧਾਰਣ ਤੌਰ ਤੇ ਇਕ ਵਿਅਕਤੀ ਸਾਇੰਸ ਵਾਲਾ ਹੋਵੇਗਾ ਅਤੇ ਸਿਖਲਾਈ/ਪੇਸ਼ਾਵਰਾਨਾ ਕਾਲਜਾਂ ਦੀ ਸੂਰਤ ਵਿੱਚ ਉਸ ਪੇਸ਼ੇ ਵਿਸ਼ੇਸ਼ ਦਾ ਹੋਵੇਗਾ ਜਿਸ ਵਿੱਚ ਕਾਲਜ ਸੰਬੱਧ ਹੈ।
5. ਨਿਰੀਖਣ ਦੀ ਰਿਪੋਰਟ ਅਕਾਦਮਿਕ ਕੌਂਸਲ ਨੂੰ ਇਸ ਪ੍ਰਯੋਜਨ ਲਈ ਮੁਕੱਰਰ ਫ਼ਾਰਮ ਵਿੱਚ ਦਿੱਤੀ ਜਾਵੇਗੀ।
6. ਜੇ ਰਿਪੋਰਟ ਵਿੱਚ ਅਕਾਦਮਿਕ ਕੌਂਸਲ ਦੁਆਰਾ ਕਿਸੇ ਕਾਰਵਾਈ ਲਈ ਕਿਹਾ ਗਿਆ ਹੋਵੇ ਤਾਂ ਅਕਾਦਮਿਕ ਕੌਂਸਲ ਉਹ ਨੁਕਤੇ ਉਲਿੱਖਤ ਕਰੇਗੀ ਜਿਨ੍ਹਾਂ ਵਿੱਚ ਉਹ ਸਮਝਦੀ ਹੈ ਕਿ ਕਾਲਜ ਵਿੱਚ ਊਣਤਾਈਆਂ ਹਨ ਅਤੇ ਉਹ ਸਮਾਂ ਨਿਯਤ ਕਰੇਗੀ ਜੋ ਊਣਤਾਈਆਂ ਦੀ ਦਰੁਸਤੀ ਲਈ ਜ਼ਰੂਰੀ ਹੋਵੇ।
7. ਫ਼ੈਲੋਜ਼ ਨੂੰ (ਜੋ ਸਿੰਡੀਕੇਟ ਦੇ ਮੈਂਬਰ ਨਾ ਹੋਣ) ਨਿਰੀਖਣ ਕਮੇਟੀਆਂ ਵਿੱਚ ਜ਼ਿਆਦਾ ਸ਼ਰੀਕ ਕੀਤਾ ਜਾਵੇਗਾ। ਤਰਜੀਹ ਉਨ੍ਹਾਂ ਪ੍ਰਿੰਸੀਪਲਾਂ ਨੂੰ ਦਿੱਤੀ ਜਾਵੇਗੀ ਜੋ ਯੂਨੀਵਰਸਿਟੀ ਦੇ ਫ਼ੈਲੋ ਹਨ।
8. ਨਿਰੀਖਣ ਕਮੇਟੀ ਦਾ ਕਨਵੀਨਰ ਅਕਾਦਮਿਕ ਕੌਂਸਲ ਦੁਆਰਾ ਨਿਯੁਕਤ ਕੀਤਾ ਜਾਵੇਗਾ ਅਤੇ ਉਹ ਨਿਰੀਖਣ ਦਾ ਪ੍ਰਬੰਧ ਕਰਨ ਦਾ ਜ਼ਿੰਮੇਵਾਰ ਹੋਵੇਗਾ।

9. (ੳ) (i) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਧਿਕਾਰ ਖੇਤਰ ਅੰਦਰ ਜੇ ਕੋਈ ਸੋਸਾਇਟੀ/ਟਰੱਸਟ ਕੋਈ ਕਾਲਜ ਖੋਲ੍ਹਣਾ ਚਾਹੁੰਦਾ ਹੋਵੇ ਅਤੇ ਉਸ ਕੋਲ ਨਿਯਮਾਂ ਅਧੀਨ ਲੋੜੀਂਦੀ ਜ਼ਮੀਨ 99 ਸਾਲਾ ਪੱਟੇ (ਲੀਜ਼) ਤੇ ਹੋਵੇ ਤਾਂ ਉਸ ਨੂੰ ਕਾਲਜ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾ ਸਕੇਗੀ: ਪਰੰਤੂ ਇਹ ਕਿ ਜੇਕਰ ਪਟੇ ਦੇ ਸਮੇਂ ਦੇ ਦੌਰਾਨ ਪੱਟਾ ਮਨਸੂਖ਼ ਹੋ ਜਾਵੇ ਅਤੇ ਉਸ ਦੇ ਨਤੀਜੇ ਵਜੋਂ ਕਾਲਜ ਵਿਚ ਦਾਖ਼ਲ ਵਿਦਿਆਰਥੀਆਂ ਨੂੰ ਅਤੇ ਬਾਕੀ ਸਟਾਫ਼ ਨੂੰ ਕੋਈ ਨੁਕਸਾਨ ਹੁੰਦਾ ਹੋਵੇ, ਤਾਂ ਉਸ ਦੀ ਸਾਰੀ ਜ਼ਿੰਮੇਵਾਰੀ ਕਾਲਜ ਖੋਲ੍ਹਣ ਵਾਲੀ ਸੋਸਾਇਟੀ/ਟਰੱਸਟ ਦੀ ਹੋਵੇਗੀ।

(ii) *ਇਸ ਯੂਨੀਵਰਸਿਟੀ ਨਾਲ ਸੰਬੱਧਤਾ ਲਈ ਦਰਖ਼ਾਸਤ ਦੇਣ ਵਾਲੇ ਕਾਲਜ ਲਈ ਜ਼ਰੂਰੀ ਹੋਵੇਗਾ ਕਿ ਉਹ ਹੇਠਾਂ ਦਿੱਤੇ ਵਿਵਰਣ ਅਨੁਸਾਰ ਜ਼ਮੀਨ ਦੀਆਂ ਲੋੜਾਂ ਪੂਰੀਆਂ ਕਰੇ :-

(ੳ) ਮਿਉਂਸਪਲ ਕਾਰਪੋਰੇਸ਼ਨ ਜਾਂ ਮਿਉਂਸਪਲ ਕਮੇਟੀ ਦੀਆਂ ਸੀਮਾਵਾਂ ਅੰਦਰ ਖੋਲ੍ਹੇ ਜਾਣ ਵਾਲੇ ਆਰਟਸ/ਸਾਇੰਸ ਡਿਗਰੀ ਕਾਲਜ ਲਈ ਲੋੜੀਂਦੀ ਜ਼ਮੀਨ ਘੱਟ ਤੋਂ ਘੱਟ 2 ਏਕੜ ਹੋਵੇਗੀ ਅਤੇ ਮਿਉਂਸਪਲ ਸੀਮਾਵਾਂ ਤੋਂ ਬਾਹਰ 3 ਏਕੜ ਤੋਂ ਘੱਟ ਨਹੀਂ ਹੋਵੇਗੀ।

(ਅ) ਫ਼ਿਜ਼ੀਕਲ ਐਜੂਕੇਸ਼ਨ ਕਾਲਜ ਲਈ ਲੋੜੀਂਦੀ ਜ਼ਮੀਨ ਮਿਉਂਸਪਲ ਸੀਮਾਵਾਂ ਦੇ ਅੰਦਰ ਜਾਂ ਬਾਹਰ 5 ਏਕੜ ਤੋਂ ਘੱਟ ਨਹੀਂ ਹੋਵੇਗੀ।

(ੲ) ਐਜੂਕੇਸ਼ਨ, ਲਾਅ, ਇਨਫ਼ਰਮੇਸ਼ਨ ਟੈਕਨਾਲੋਜੀ ਅਤੇ ਮੈਨੇਜਮੈਂਟ ਅਤੇ ਆਰਟਸ ਅਤੇ ਸਾਇੰਸ ਡਿਗਰੀ ਕਾਲਜ ਲਈ ਲੋੜੀਂਦੀ ਜ਼ਮੀਨ ਹੇਠ-ਲਿਖੇ ਅਨੁਸਾਰ ਹੋਵੇਗੀ :-

(i) ਮਿਉਂਸਪਲ ਕਾਰਪੋਰੇਸ਼ਨ ਦੀਆਂ ਸੀਮਾਵਾਂ ਅੰਦਰ — 2 ਏਕੜ

(ii) ਮਿਉਂਸਪਲ ਕਮੇਟੀ ਦੀਆਂ ਸੀਮਾਵਾਂ ਅੰਦਰ — 3 ਏਕੜ

---

* ਸਿੰਡੀਕੇਟ 375, ਮਿਤੀ 29.3.07 ਦੁਆਰਾ (ii) ਦੀ ਥਾਵੇਂ ਰੱਖੀ ਗਈ।

(iii) ਮਿਉਂਸਪਲ ਕਾਰਪੋਰੇਸ਼ਨ/ਕਮੇਟੀ ਦੀਆਂ ਸੀਮਾਵਾਂ ਤੋਂ ਬਾਹਰ — 5 ਏਕੜ

*ਐਜੂਕੇਸ਼ਨ ਕਾਲਜਾਂ ਲਈ ਲੋੜੀਂਦਾ ਇਨਫ਼ਰਾਸਟਰੱਕਚਰ ਯੂਨੀਵਰਸਿਟੀ ਅਤੇ ਐਨ.ਸੀ.ਟੀ.ਈ. ਦੇ ਨਾਰਮਜ਼ ਮੁਤਾਬਕ ਅਤੇ ਲਾਅ ਕਾਲਜਾਂ ਲਈ ਲੋੜੀਂਦਾ ਇਨਫ਼ਰਾਸਟਰਕਚਰ ਯੂਨੀਵਰਸਿਟੀ ਅਤੇ ਬਾਰ ਕੌਂਸਲ ਆਫ਼ ਇੰਡੀਆ ਦੇ ਨਾਰਮਜ਼ ਮੁਤਾਬਕ ਹੋਵੇਗਾ।

(iii) ਸਿੰਗਲ ਫ਼ੈਕਲਟੀ ਕਾਲਜਾਂ (ਪੇਸ਼ਾਵਰਾਨਾ ਕੋਰਸਿਜ਼ ਤੋਂ ਬਿਨਾਂ ਹੋਰ) ਲਈ ਲੋੜੀਂਦੀ ਘੱਟੋ-ਘੱਟ ਜ਼ਮੀਨ 2 ਏਕੜ ਹੋਣੀ ਚਾਹੀਦੀ ਹੈ ਅਤੇ ਅਜਿਹੇ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 18● ਤੋਂ ਵੱਧ ਨਹੀਂ ਹੋਵੇਗੀ।

(iv) ਕੋਈ ਕਾਲਜ ਕਿਰਾਏ ਦੀ ਇਮਾਰਤ ਵਿੱਚ/ਕਿਰਾਏ ਦੀ ਜ਼ਮੀਨ ਉਤੇ ਨਹੀਂ ਖੋਲ੍ਹਿਆ ਜਾਣਾ ਚਾਹੀਦਾ ਅਤੇ ਉਸ ਦੀ ਆਪਣੀ ਜ਼ਮੀਨ/ਇਮਾਰਤ ਹੋਣੀ ਜ਼ਰੂਰੀ ਹੈ।

(ਅ) ਗ਼ੈਰ-ਸਰਕਾਰੀ ਕਾਲਜਾਂ ਵੱਲੋਂ ਯੂਨੀਵਰਸਿਟੀ ਪਾਸ ਰੱਖੇ ਜਾਂਦੇ ਇੰਡੋਮੈਂਟ ਫ਼ੰਡਾਂ ਉਪਰ ਦਿੱਤੇ ਜਾਂਦੇ ਸੂਦ ਦਾ 2 ਪ੍ਰਤੀਸ਼ਤ ਬਤੌਰ ਸਰਵਿਸ ਚਾਰਜਿਜ਼ ਯੂਨੀਵਰਸਿਟੀ ਨੂੰ ਦਿੱਤਾ ਜਾਵੇਗਾ।

1●. ਯੂਨੀਵਰਸਿਟੀ ਨਾਲ ਸੰਬੱਧ ਕਾਲਜਾਂ ਦਾ ਨਿਰੀਖਣ ਕਰਨ ਵਾਲੀ ਕਮੇਟੀ ਦੇ ਮੈਂਬਰਾਂ ਨੂੰ ਜੇਕਰ ਇੱਕ ਦਿਨ ਵਿੱਚ ਇੱਕ ਤੋਂ ਜ਼ਿਆਦਾ ਕਾਲਜਾਂ ਦਾ ਨਿਰੀਖਣ ਕਰਨਾ ਪਵੇ ਤਾਂ ਉਨ੍ਹਾਂ ਨੂੰ ਹਰੇਕ ਕਾਲਜ ਲਈ ਵੱਖੋ-ਵੱਖਰੀ ਫ਼ੀਸ ਅਦਾ ਕੀਤੀ ਜਾਵੇਗੀ। ਨਿਰੀਖਣ ਕਮੇਟੀ ਦੇ ਮੈਂਬਰਾਂ ਨੂੰ ਮੁਕੱਰਰ ਫ਼ੀਸ ਪ੍ਰਤੀ ਕਾਲਜ ਦੇ ਹਿਸਾਬ ਨਾਲ ਅਦਾ ਕੀਤੀ ਜਾਵੇਗੀ ਅਤੇ ਡੀ.ਏ. ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

11. ਜਿਥੋਂ ਤੱਕ ਸੰਭਵ ਹੋ ਸਕੇ, ਇੱਕ ਸ਼ਹਿਰ ਵਿਚਲੇ ਕਾਲਜਾਂ ਦਾ ਨਿਰੀਖਣ ਇੱਕੋ ਹੀ ਨਿਰੀਖਣ ਕਮੇਟੀ ਦੁਆਰਾ ਕੀਤਾ ਜਾਵੇਗਾ।

12. ਸੰਬੱਧ ਕਾਲਜਾਂ ਦਾ ਨਿਯਤ-ਕਾਲੀ ਨਿਰੀਖਣ ਮੁਕੱਰਰ ਪ੍ਰੋਫਾਰਮੇ ਅਨੁਸਾਰ ਕੀਤਾ ਜਾਵੇਗਾ।

---

* ਸਿੰਡੀਕੇਟ ਮਿਤੀ 29.3.●7 (ਪੈਰਾ 61.2●6) ਅਤੇ ਐਨ.ਸੀ.ਟੀ.ਈ. ਦੁਆਰਾ ਜਾਰੀ ਕੀਤੀ ਗਈ ਅਧਿਸੂਚਨਾ ਨੰ: ਐਫ਼.49/2●●6/ ਐਨ.ਸੀ.ਟੀ.ਈ. (ਐਨ ਐਂਡ ਐਸ) ਮਿਤੀ 21.7.2●●6 ਵੇਖਣ ਦੀ ਕਿਰਪਾ ਕਰੋ ਜੀ।

13. *ਜੇ ਕੋਈ ਲਾਅ, ਐਜੂਕੇਸ਼ਨ, ਫਿਜ਼ੀਕਲ ਐਜੂਕੇਸ਼ਨ, ਮੈਨੇਜਮੈਂਟ ਅਤੇ ਇਨਫਰਮੇਸ਼ਨ ਟੈਕਨਾਲੋਜੀ ਦੇ ਵਿਸ਼ਿਆਂ ਵਿੱਚ ਸੰਬੰਧਤਾ ਪ੍ਰਾਪਤ ਕਰਨ ਹਿਤ ਕਾਲਜਾਂ ਲਈ ਮੁਆਇਨਾ ਕਮੇਟੀ ਦੀਆਂ ਸਿਫ਼ਾਰਿਸ਼ਾਂ ਅਨੁਸਾਰ ਨਿਰਧਾਰਤ ਨਾਰਮਜ਼ ਪੂਰੇ ਨਾ ਕਰੇ ਯੂਨੀਵਰਸਿਟੀ ਉਸ ਉੱਤੇ ਹਰੇਕ ਉਲੰਘਣਾ ਦੇ ਸਾਹਮਣੇ ਵਿਖਾਏ ਅਨੁਸਾਰ ਜੁਰਮਾਨਾ ਅਰੋਪ ਸਕੇਗੀ ਅਰਥਾਤ :-

ੳ) ਕਾਲਜ ਲਈ ਲੋੜੀਂਦੀ ਜ਼ਮੀਨ ਬਾਰੇ ਉਲੰਘਣਾ
ਪੰਜ ਲੱਖ ਰੁਪਏ

ਅ) ਇਮਾਰਤ ਬਾਰੇ ਲੋੜਾਂ ਦੀ ਨਾਰਮ ਪੂਰੀ ਨਾ ਕਰਨਾ
1 ਲੱਖ ਤੋਂ 5 ਲੱਖ ਰੁਪਏ।

ੲ) (i) ਅਧਿਆਪਨ ਅਮਲੇ ਦੀ ਕਮੀ
ਪ੍ਰਿੰਸੀਪਲ 5●,●●●/- ਰੁਪਏ ਪ੍ਰਤੀ ਮਹੀਨਾ;
ਲੈਕਚਰਾਰ 25,●●●/- ਰੁਪਏ ਪ੍ਰਤੀ ਮਹੀਨਾ

(ii) ਗ਼ੈਰ-ਅਧਿਆਪਨ ਅਮਲੇ ਦੀ ਕਮੀ
25,●●●/- ਰੁਪਏ

ਸ) ਪ੍ਰਯੋਗਸ਼ਾਲਾਵਾਂ ਲਈ ਸਾਜ਼-ਸਮਾਨ ਦੀ ਕਮੀ
25 ਹਜ਼ਾਰ ਤੋਂ 1 ਲੱਖ ਰੁਪਏ

ਹ) ਲਾਇਬ੍ਰੇਰੀ ਵਿੱਚ ਪੁਸਤਕਾਂ ਦੀ ਥੁੜ ਕਾਰਨ
25 ਹਜ਼ਾਰ ਤੋਂ 5● ਹਜ਼ਾਰ ਰੁਪਏ।

ਕ) ਵੈਬ-ਸਾਈਟ ਤਿਆਰ ਨਾ ਕਰਨ ਜਾਂ ਉਸ ਤੇ ਗ਼ਲਤ ਸੂਚਨਾ ਦੇਣਾ
2 ਲੱਖ ਰੁਪਏ ਤੱਕ

ਜੁਰਮਾਨੇ ਉਪਰੰਤ ਕਾਲਜ ਨੂੰ ਇੱਕ ਮਹੀਨੇ ਦੇ ਅੰਦਰ-ਅੰਦਰ ਦੱਸੀਆਂ ਗਈਆਂ ਖ਼ਾਮੀਆਂ ਦੀ ਪੂਰਤੀ ਕਰਕੇ ਯੂਨੀਵਰਸਿਟੀ ਨੂੰ ਰਿਪੋਰਟ ਕਰਨੀ ਹੋਵੇਗੀ ਜਿਸ ਉਪਰੰਤ ਕਾਲਜ ਦਾ ਮੁਆਇਨਾ ਦੁਬਾਰਾ ਕਰਵਾਇਆ ਜਾਵੇਗਾ। ਫਿਰ ਵੀ ਖ਼ਾਮੀਆਂ ਰਹਿਣ ਤੇ ਕਾਲਜ ਵਿੱਚ ਨਵਾਂ ਦਾਖ਼ਲਾ ਬੰਦ ਕੀਤਾ ਜਾ ਸਕਦਾ ਹੈ ਅਤੇ ਕਾਲਜ ਦੀ ਸਬੰਧੱਤਾ ਰੱਦ ਕਰ ਸਕੇਗੀ।

---

* ਸਿੰਡੀਕੇਟ ਮਿਤੀ 29.3.●7 (ਪੈਰਾ 61.2●3)

## ਸੰਬੱਧ ਕਾਲਜਾਂ ਦੇ ਨਿਯਤ-ਕਾਲੀ ਨਿਰੀਖਣ ਲਈ ਪ੍ਰੋਫ਼ਾਰਮਾ

1. ਕਾਲਜ ਦਾ ਨਾਂ
2. ਸਥਾਨ
   ਟੈਲੀਫ਼ੋਨ ਨੰ: (ਜੇ ਕੋਈ ਹੋਵੇ)
   ਤਾਰ ਲਈ ਪਤਾ
3. ਨਿਰੀਖਣ ਦੀ ਤਰੀਕ
4. ਨਿਰੀਖਕਾਂ ਦੇ ਨਾਂ

### ਮੈਨੇਜਮੈਂਟ

1. ਪ੍ਰਬੰਧਕ ਕਮੇਟੀ/ਗਵਰਨਿੰਗ ਬਾਡੀ/ਟਰੱਸਟ ਦਾ ਸੋਸਾਇਟੀਜ਼ ਰਜਿਸਟਰੇਸ਼ਨ ਐਕਟ ਅਧੀਨ ਰਜਿਸਟਰਡ ਨੰਬਰ ਅਤੇ ਮਿਤੀ।
2. ਗਵਰਨਿੰਗ ਬਾਡੀ ਦੇ ਮੈਂਬਰਾਂ ਦੀ ਗਿਣਤੀ, ਕੀ ਉਸਦੇ ਵੱਧ ਤੋਂ ਵੱਧ 20 ਮੈਂਬਰ ਹਨ ?
3. ਗਵਰਨਿੰਗ ਬਾਡੀ ਦੇ ਮੈਂਬਰਾਂ ਦੇ ਨਾਂ ਅਤੇ ਪਤੇ (ਸੂਚੀ ਨੱਥੀ ਕੀਤੀ ਜਾਵੇ)
4. ਕੀ ਕਾਲਜ ਪ੍ਰਿੰਸੀਪਲ ਅਹੁਦੇ-ਕਾਰਨ ਗਵਰਨਿੰਗ ਬਾਡੀ ਦਾ ਮੈਂਬਰ ਹੈ ਅਤੇ ਕੀ ਉਸ ਨੂੰ ਵੋਟ ਦਾ ਹੱਕ ਹੈ ?
5. ਕੀ ਗਵਰਨਿੰਗ ਬਾਡੀ ਵਿੱਚ ਅਧਿਆਪਕਾਂ ਦੇ ਦੋ ਚੁਣੇ ਹੋਏ ਪ੍ਰਤੀਨਿਧ ਹਨ ? ਪਿਛਲੀ ਹੋਈ ਚੋਣ ਦੀ ਕਾਰਵਾਈ ਦੀ ਕਾਪੀ ਇਸਦੇ ਨਾਲ ਲਾਈ ਜਾਵੇ।
6. ਕੀ ਗਵਰਨਿੰਗ ਬਾਡੀ(ਸਹਿ-ਵਿਦਿਅਕ ਸੰਸਥਾ ਦੇ ਕੇਸ ਵਿੱਚ) ਵਿੱਚ ਮਹਿਲਾ ਮੈਂਬਰ ਹੈ ? ਉਸ ਦਾ ਨਾਂ ਤੇ ਪਤਾ।
7. ਕਾਲਜ ਦੇ ਸੰਵਿਧਾਨ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ।
8. ਕੀ ਗਵਰਨਿੰਗ ਬਾਡੀ ਦੀਆਂ ਇਕੱਤਰਤਾਵਾਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਹੁੰਦੀਆਂ ਹਨ ? ਪਿਛਲੇ ਸਾਲ ਦੌਰਾਨ ਹੋਈਆਂ ਇਕੱਤਰਤਾਵਾਂ ਦੀ ਗਿਣਤੀ ਅਤੇ ਤਰੀਕਾਂ।
9. ਇਹ ਦਸਿਆ ਜਾਵੇ ਕਿ ਕੀ ਯੂਨੀਵਰਸਿਟੀ ਪ੍ਰਤੀਨਿੱਧਾਂ ਨੂੰ ਗਵਰਨਿੰਗ ਬਾਡੀ ਦੀ ਇਕੱਤਰਤਾ ਦੀ ਸੂਚਨਾ ਅਤੇ ਏਜੰਡਾ ਰਜਿਸਟਰਡ ਪੱਤਰਾਂ ਰਾਹੀਂ ਭੇਜਿਆ ਜਾਂਦਾ ਹੈ ? ਜੇ ਹਾਂ, ਤਾਂ ਪਿਛਲੇ ਸਾਲ ਦੌਰਾਨ ਕਰਵਾਈਆਂ ਰਜਿਸਟਰੀਆਂ ਦੀਆਂ ਰਸੀਦਾਂ ਦੇ ਫ਼ੋਟੋ ਸਟੈਟ ਉਤਾਰੇ ਨਾਲ ਲਾਏ ਜਾਣ ਅਤੇ ਇਹ ਵੀ ਦਸਿਆ ਜਾਵੇ ਕਿ ਕੀ ਡੀਨ, ਕਾਲਜ ਵਿਕਾਸ ਕੌਂਸਲ ਨੂੰ ਸੂਚਿਤ ਕੀਤਾ ਜਾਂਦਾ ਹੈ ?
10. ਇਹ ਦੱਸਿਆ ਜਾਵੇ ਕਿ ਕੀ ਇਕੱਤਰਤਾਵਾਂ ਦੀ ਕਾਰਵਾਈ ਯੂਨੀਵਰਸਿਟੀ ਨੂੰ 15 ਦਿਨ ਅੰਦਰ ਰਜਿਸਟਰਡ ਪੱਤਰਾਂ ਰਾਹੀਂ ਭੇਜੀ ਜਾਂਦੀ ਹੈ ? ਜੇ ਹਾਂ, ਤਾਂ ਪਿਛਲੇ ਸਾਲ ਦੌਰਾਨ ਕਰਵਾਈਆਂ ਰਜਿਸਟਰੀਆਂ ਦੀਆਂ ਰਸੀਦਾਂ ਦੇ ਫ਼ੋਟੋ ਸਟੈਟ ਉਤਾਰੇ ਨਾਲ ਲਾਏ ਜਾਣ।

ਵਿੱਤੀ ਪੱਖ

1. ਕਾਲਜ ਦੀ ਇੰਡੋਮੈਂਟ ਫ਼ੰਡ ਦੀ ਰਕਮ
2. ਇੰਡੋਮੈਂਟ ਫ਼ੰਡ ਦੀ ਰਕਮ ਦੇ ਐਨ.ਐਸ.ਸੀ./ਡੀਬੈਂਚਰ/ਐਫ.ਡੀ. ਦੇ ਵੇਰਵੇ (ਫ਼ੋਟੋ ਸਟੈਟ ਉਤਾਰੇ ਨੱਥੀ ਕੀਤੇ ਜਾਣ)
3. ਕੀ ਐਨ.ਐਸ.ਸੀ./ਡੀਬੈਂਚਰ/ਐਫ.ਡੀ. ਡੀਨ, ਕਾਲਜ ਵਿਕਾਸ ਕੌਂਸਲ, ਪੰਜਾਬੀ ਯੂਨੀਵਰਸਿਟੀ ਦੇ ਨਾਂ ਹਨ ?
4. ਕੀ 95% ਗ੍ਰਾਂਟ ਅਧੀਨ ਆਉਂਦੀਆਂ ਆਸਾਮੀਆਂ ਬਾਬਤ ਘਾਟੇ ਦਾ ਲੇਖਾ, ਗਰਾਂਟ ਦੀਆਂ ਸ਼ਰਤਾਂ ਅਨੁਸਾਰ ਵੱਖਰਾ ਰੱਖਿਆ ਜਾਂਦਾ ਹੈ ? ਜੇ ਹਾਂ, ਤਾਂ ਉਸ ਵਿਅਕਤੀ ਦਾ ਨਾਂ ਦੱਸੋ ਜਿਸ ਦੇ ਨਾਂ ਤੇ ਲੇਖਾ ਚਲਦਾ ਹੈ ਅਤੇ ਉਸਨੂੰ ਕੌਣ ਉਪਰੇਟ ਕਰਦਾ ਹੈ ?
5. ਸਟਾਫ ਨੂੰ ਹਰ ਮਹੀਨੇ ਤਨਖ਼ਾਹ ਕਿਸ ਤਰੀਕ ਤੋਂ ਪਹਿਲਾਂ ਦਿੱਤੀ ਜਾਂਦੀ ਹੈ ਅਤੇ ਕੀ ਇਸ ਬਾਰੇ ਯੂਨੀਵਰਸਿਟੀ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ ?
6. ਗਵਰਨਿੰਗ ਬਾਡੀ ਦੁਆਰਾ ਪੰਜ ਪ੍ਰਤੀਸ਼ਤ ਅੰਸ਼ਦਾਨ ਦਾ ਸੋਮਾਂ।
7. ਪਿਛਲੇ ਦੋ ਸਾਲਾਂ ਦੌਰਾਨ (ਸਾਲ-ਵਾਰ) 5% ਅੰਸ਼ਦਾਨ ਦੀ ਰਕਮ ਅਤੇ ਗਵਰਨਿੰਗ ਬਾਡੀ ਵੱਲੋਂ ਅਮਲੇ ਦੀ ਤਨਖ਼ਾਹ ਵੱਲ ਦਿੱਤੇ ਅੰਸ਼ਦਾਨ ਦੀ ਰਕਮ।
8. 95% ਗ੍ਰਾਂਟ ਅਧੀਨ ਨਾ ਆਉਂਦੀਆਂ ਆਸਾਮੀਆਂ ਤੇ ਰੱਖੇ ਕਰਮਚਾਰੀਆਂ ਦੀ ਤਨਖ਼ਾਹ ਦਾ ਸਾਧਨ ਅਤੇ ਪਿਛਲੇ ਦੋ ਸਾਲਾਂ ਦੌਰਾਨ (ਸਾਲ-ਵਾਰ) ਕੁੱਲ ਖ਼ਰਚ ਕੀਤੀ ਗਈ ਰਕਮ।
9. ਕੀ ਸਟਾਫ਼ ਨੂੰ ਤਨਖ਼ਾਹ ਕਰਾਸ ਚੈੱਕਾਂ ਰਾਹੀਂ ਦਿੱਤੀ ਜਾਂਦੀ ਹੈ ? (ਕੇਵਲ ਗ਼ੈਰ-ਸਰਕਾਰੀ ਕਾਲਜਾਂ ਲਈ)
10. ਇਹ ਦੱਸੋ ਕਿ ਸਟਾਫ਼ ਨੂੰ ਕਿਹੜੇ ਮਹੀਨੇ ਤੱਕ ਤਨਖ਼ਾਹ ਦਿੱਤੀ ਜਾ ਚੁੱਕੀ ਹੈ ?
11. ਕਰਮਚਾਰੀਆਂ ਦੇ ਪ੍ਰਾਵੀਡੈਂਟ ਫ਼ੰਡ ਵਿੱਚ ਪਈ ਕੁੱਲ ਰਕਮ।
12. ਕਰਮਚਾਰੀਆਂ ਨੂੰ ਤਨਖ਼ਾਹ ਕਿਸ ਮਹੀਨੇ ਤੱਕ ਦਿੱਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਦੇ ਲੇਖਿਆਂ ਵਿੱਚ ਜਮ੍ਹਾਂ ਕਰਵਾਈ ਪ੍ਰਾਵੀਡੈਂਟ ਫ਼ੰਡ ਦੀ ਰਕਮ ਦੱਸੀ ਜਾਵੇ?
13. ਕੀ ਪ੍ਰਾਵੀਡੈਂਟ ਫ਼ੰਡ ਵਿੱਚੋਂ ਕਰਮਚਾਰੀਆਂ ਨੂੰ ਪੇਸ਼ਗੀ ਯੂਨੀਵਰਸਿਟੀ ਨਿਯਮਾਂ ਅਧੀਨ ਡੀਨ, ਕਾਲਜ ਵਿਕਾਸ ਕੌਂਸਲ ਦੀ ਮਨਜ਼ੂਰੀ ਨਾਲ ਦਿੱਤੀ ਜਾਂਦੀ ਹੈ ?
14. ਕੀ ਕਾਲਜ ਦੇ ਪ੍ਰਿੰਸੀਪਲ ਨੂੰ ਕਿਰਾਏ ਤੋਂ ਬਿਨਾਂ ਰਿਹਾਇਸ਼ੀ ਜਗ੍ਹਾ ਮਿਲੀ ਹੋਈ ਹੈ ?

15. ਕੀ ਪ੍ਰਿੰਸੀਪਲ (ਗ਼ੈਰ-ਸਰਕਾਰੀ ਕਾਲਜਾਂ) ਨੂੰ, ਮੁਕੱਰਰ ਕੀਤੇ ਅਨੁਸਾਰ, ਸਪੈਸ਼ਲ ਭੱਤਾ ਦਿੱਤਾ ਜਾਂਦਾ ਹੈ ?

16. ਕੀ ਕਾਲਜ ਦੀ ਵਿੱਤੀ ਪੋਜ਼ੀਸ਼ਨ ਸੰਤੋਸ਼ਜਨਕ ਹੈ ? (ਪਿਛਲੇ ਸਾਲ ਦੀ ਬੇਲੈਂਸ ਸ਼ੀਟ ਦਾ ਉਤਾਰਾ ਨਾਲ ਲਾਇਆ ਜਾਵੇ)

## ਵਿਦਿਆਰਥੀਆਂ ਤੋਂ ਵਸੂਲ ਕੀਤੇ ਜਾਣ ਵਾਲੇ ਫ਼ੰਡ

1. ਇਹ ਦਸਿਆ ਜਾਵੇ ਕਿ ਕੀ ਇਨ੍ਹਾਂ ਫ਼ੰਡਾਂ ਲਈ ਵੱਖਰਾ (ਗਵਰਨਿੰਗ ਬਾਡੀ ਦੇ ਖਾਤੇ ਤੋਂ ਵੱਖਰਾ) ਬੈਂਕ ਖਾਤਾ ਹੈ ? ਜੇ ਹਾਂ, ਤਾਂ ਇਸ ਨੂੰ ਕੌਣ ਉਪਰੇਟ ਕਰਦਾ ਹੈ ? ਬੈਂਕ ਖਾਤੇ ਦਾ ਨੰਬਰ ਵੀ ਦੱਸਿਆ ਜਾਵੇ।
2. ਇਹ ਦੱਸਿਆ ਜਾਵੇ ਕਿ ਕੀ ਇਨ੍ਹਾਂ ਫ਼ੰਡਾਂ ਦੀ ਵਰਤੋਂ ਸਮੇਂ ਵਿਦਿਆਰਥੀਆਂ ਦੇ ਨੁਮਾਇੰਦਿਆਂ ਅਤੇ ਕਾਲਜ ਦੇ ਸਟਾਫ਼ ਨਾਲ ਮਸ਼ਵਰਾ ਕੀਤਾ ਜਾਂਦਾ ਹੈ ?
3. ਕੀ ਇਨ੍ਹਾਂ ਫ਼ੰਡਾਂ ਵਿੱਚੋਂ ਕੋਈ ਰਕਮ ਗਵਰਨਿੰਗ ਬਾਡੀ ਦੇ ਖਾਤੇ ਵਿੱਚ ਤਬਦੀਲ ਕੀਤੀ ਜਾਂਦੀ ਹੈ? ਜੇ ਉੱਤਰ ਹਾਂ ਵਿੱਚ ਹੈ ਤਾਂ ਪਿਛਲੇ ਦੋ ਸਾਲਾਂ ਦੇ ਦੌਰਾਨ (ਸਾਲ-ਵਾਰ) ਗਵਰਨਿੰਗ ਬਾਡੀ ਦੇ ਨਾਂ ਤਬਦੀਲ ਕੀਤੀ ਰਕਮ ਦਾ ਵੇਰਵਾ ਦਿਉ।
4. ਪਿਛਲੇ ਦੋ ਸਾਲਾਂ ਦੌਰਾਨ (ਸਾਲ-ਵਾਰ) ਇਨ੍ਹਾਂ ਫ਼ੰਡਾਂ ਦੀ ਆਮਦਨ ਅਤੇ ਖ਼ਰਚ ਦੇ ਵੇਰਵੇ (ਸੂਚੀਆਂ ਨਾਲ ਲਾਉਣ ਦੀ ਕਿਰਪਾ ਕੀਤੀ ਜਾਵੇ)।
5. ਪਿਛਲੇ ਦੋ ਸਾਲਾਂ ਦੇ ਦੌਰਾਨ (ਸਾਲ-ਵਾਰ) ਹੇਠ-ਲਿਖੀਆਂ ਮੱਦਾਂ ਤੇ ਆਏ ਖ਼ਰਚ ਦਾ ਵੇਰਵਾ ਦੇਣ ਦੀ ਕਿਰਪਾ ਕੀਤੀ ਜਾਵੇ :-
   (ੳ) ਖੇਡਾਂ ਅ) ਲਾਇਬ੍ਰੇਰੀ ੲ) ਯੁਵਕ ਮੇਲੇ
   (ਸ) ਸਿੱਖਿਆ-ਅਤਿਰਿਕਤ ਸਰਗਰਮੀਆਂ (ਵਿੱਦਿਅਕ ਦੌਰੇ, ਭਾਸ਼ਣ ਮੁਕਾਬਲੇ, ਲੈਕਚਰ ਆਦਿ)
6. ਪਿਛਲੇ ਸਾਲ ਦੇ ਦੌਰਾਨ ਇਸ ਫ਼ੰਡ ਵਿੱਚ ਜਮ੍ਹਾਂ ਖਾਤੇ ਪਾਈ ਆਮਦਨ ਅਤੇ ਨਾਵੇਂ ਖਾਤੇ ਪਾਏ ਖ਼ਰਚ ਦੀ ਸੂਚੀ ਨਾਲ ਲਾਈ ਜਾਵੇ।
7. ਇਹ ਵੀ ਦੱਸਿਆ ਜਾਵੇ ਕਿ ਕੀ ਯੁਵਕ ਭਲਾਈ ਨਾਲ ਸੰਬੰਧਤ ਸਾਰੇ ਫ਼ੰਡ ਯੂਨੀਵਰਸਿਟੀ ਨੂੰ ਬਾਕਾਇਦਾ ਅਦਾ ਕੀਤੇ ਜਾਂਦੇ ਹਨ ?

## ਕਾਲਜ ਦੀ ਇਮਾਰਤ

1. ਕੈਂਪਸ ਦਾ ਕੁੱਲ ਰਕਬਾ।
2. ਪ੍ਰਬੰਧਕੀ ਬਲਾਕ ਦਾ ਵੇਰਵਾ।
3. ਜਮਾਤਾਂ ਦੇ ਕਮਰਿਆਂ ਦੀ ਗਿਣਤੀ।
4. ਪ੍ਰਯੋਗਸ਼ਾਲਾਵਾਂ ਦੀ (ਵਿਸ਼ੇਵਾਰ) ਗਿਣਤੀ।
5. ਲਾਇਬ੍ਰੇਰੀ ਅਧੀਨ ਰਕਬਾ। ਕੀ ਇਸ ਵਿੱਚ ਲੜਕੀਆਂ ਅਤੇ ਲੜਕਿਆਂ ਲਈ ਵੱਖੋ-ਵੱਖਰੇ ਰੀਡਿੰਗ ਰੂਮ ਹਨ ?
6. ਕੰਟੀਨ ਅਧੀਨ ਰਕਬਾ। ਕੀ ਇਸ ਵਿੱਚ ਸਟਾਫ਼, ਵਿਦਿਆਰਥਣਾਂ ਅਤੇ ਲੜਕਿਆਂ ਦੇ ਬੈਠਣ ਲਈ ਵੱਖ-ਵੱਖ ਥਾਵਾਂ ਹਨ ?

7. ਕੀ ਕਮਰੇ, ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾਵਾਂ ਖੁੱਲ੍ਹੀਆਂ ਅਤੇ ਹਵਾਦਾਰ ਹਨ ?
(ਕਾਲਜ ਇਮਾਰਤ ਦੇ ਨਕਸ਼ੇ ਦੀ ਨਕਲ ਨਾਲ ਲਾਈ ਜਾਵੇ)
8. ਕੀ ਕਾਲਜ ਪਾਸ ਹਾਲ ਹੈ ?
9. ਕੀ ਪ੍ਰਿੰਸੀਪਲ ਦੀ ਰਿਹਾਇਸ਼ ਕੈਂਪਸ ਤੇ ਸਥਿਤ ਹੈ ? ਜੇ ਹਾਂ, ਤਾਂ ਰਿਹਾਇਸ਼ੀ ਇਮਾਰਤ ਦੇ ਨਕਸ਼ੇ ਦੀ ਨਕਲ ਨਾਲ ਲਾਈ ਜਾਵੇ।
10. ਕੀ ਵਿਦਿਆਰਥਣਾਂ (ਸਹਿ-ਵਿੱਦਿਅਕ ਕਾਲਜ ਦੀ ਸੂਰਤ ਵਿਚ) ਲਈ ਕਾਲਜ ਵਿਚ ਕੋਈ ਵੱਖਰਾ ਕਮਰਾ ਹੈ ?
11. ਕੀ ਸਫ਼ਾਈ ਦੀ ਹਾਲਤ ਸੰਤੋਸ਼ਜਨਕ ਹੈ ?
12. ਇਹ ਦੱਸਿਆ ਜਾਵੇ ਕਿ ਕੀ ਕਾਲਜ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਕਾਲਜ ਦੀ ਇਮਾਰਤ ਮੁਨਾਸਬ ਅਤੇ ਕਾਫ਼ੀ ਹੈ ?
13. ਕੀ ਪਿਛਲੇ ਸਾਲ ਦੇ ਦੌਰਾਨ ਕਾਲਜ ਇਮਾਰਤ ਵਿੱਚ ਕੋਈ ਵਾਧਾ ਕੀਤਾ ਗਿਆ ਹੈ। ਉਠਇਆ ਗਿਆ ਖ਼ਰਚ ਵੀ ਦਸਿਆ ਜਾਵੇ ?
14. ਪਿਛਲੇ ਸਾਲ ਦੇ ਦੌਰਾਨ ਕਾਲਜ ਇਮਾਰਤ ਦੀ ਮੁਰੰਮਤ ਅਤੇ ਸਾਂਭ-ਸੰਭਾਲ ਤੇ ਕੀਤੇ ਖ਼ਰਚੇ ਦਾ ਵੇਰਵਾ।

ਹੋਸਟਲ

1. ਕੀ ਕਾਲਜ ਪਾਸ ਆਪਣਾ ਹੋਸਟਲ ਹੈ ? ਜੇ ਹੈ, ਤਾਂ ਉਸਦੇ ਨਕਸ਼ੇ ਦੀ ਨਕਲ ਲਾਈ ਜਾਵੇ।
2. ਹੋਸਟਲ ਵਿੱਚ ਕਮਰਿਆਂ ਦੀ ਗਿਣਤੀ।
3. ਹੋਸਟਲ ਵਿੱਚ ਰਹਿ ਰਹੇ ਵਿਦਿਆਰਥੀਆਂ ਦੀ ਗਿਣਤੀ।
4. ਹੋਸਟਲ ਵਿੱਚ ਮੰਗਵਾਏ ਜਾਂਦੇ ਅਖਬਾਰਾਂ ਅਤੇ ਰਸਾਲਿਆਂ ਦੇ ਨਾਂ।
5. ਹੋਸਟਲ ਵਾਰਡਨ ਦਾ ਨਾਂ ਅਤੇ ਕਾਲਜ ਵਿੱਚ ਉਸਦਾ ਅਹੁਦਾ।
6. ਹੋਸਟਲ ਵਿੱਚ ਚੱਲ ਰਹੀਆਂ ਇਨਡੋਰ ਖੇਡਾਂ ਦੇ ਨਾਂ।
7. ਹੋਸਟਲ ਦੀ ਮਾਸਿਕ ਫ਼ੀਸ ਅਤੇ ਖਾਣੇ ਆਦਿ ਦੇ ਖ਼ਰਚੇ ਦਾ ਵੇਰਵਾ।
8. ਕੀ ਹੋਸਟਲ ਵਿੱਚ ਸਭ ਦਾ ਸਾਂਝਾ ਕਮਰਾ ਹੈ ? ਜੇ ਹੈ ਤਾਂ ਉਸ ਦੀ ਪੈਮਾਇਸ਼।
9. ਹੋਸਟਲ ਵਿੱਚ ਸਫ਼ਾਈ ਦੀ ਹਾਲਤ।

ਲਾਇਬ੍ਰੇਰੀ

1. ਲਾਇਬ੍ਰੇਰੀ ਵਿੱਚ ਪੁਸਤਕਾਂ ਦੀ ਗਿਣਤੀ।
2. ਲਾਇਬ੍ਰੇਰੀ ਦਾ ਸਮਾਂ।
3. ਕਿਤਾਬਾਂ ਜਾਰੀ/ਵਾਪਸ ਕਰਨ ਦਾ ਸਮਾਂ।
4. ਲਾਇਬ੍ਰੇਰੀ ਵਿੱਚ ਮੰਗਾਏ ਜਾਂਦੇ ਰਸਾਲਿਆਂ ਦੀ ਸੂਚੀ।
5. ਲਾਇਬ੍ਰੇਰੀ ਵਿੱਚ ਮੰਗਾਏ ਜਾਂਦੇ ਅਖ਼ਬਾਰਾਂ ਦੀ ਸੂਚੀ।
6. ਲਾਇਬ੍ਰੇਰੀ ਵਿੱਚ ਲੜਕੀਆਂ ਅਤੇ ਲੜਕਿਆਂ ਦੇ ਪੜ੍ਹਨ ਕਮਰਿਆਂ ਦੀ ਪੈਮਾਇਸ਼ ਅਤੇ ਸੀਟਾਂ ਦੀ ਗਿਣਤੀ।

7. ਪਿਛਲੇ ਦੋ ਸਾਲਾਂ ਦੇ ਦੌਰਾਨ (ਸਾਲ-ਵਾਰ) ਜਾਰੀ ਕੀਤੀਆਂ ਅਤੇ ਵਾਪਸ ਆਈਆਂ ਕਿਤਾਬਾਂ ਦੀ ਗਿਣਤੀ।
8. ਪਿਛਲੇ ਦੋ ਸਾਲਾਂ ਦੇ ਦੌਰਾਨ (ਸਾਲ-ਵਾਰ) ਹੇਠ ਲਿਖੀਆਂ ਮੱਦਾਂ ਤੇ ਆਇਆ ਖ਼ਰਚ :-
(ੳ) ਪਾਠ ਪੁਸਤਕਾਂ (ਅ) ਆਮ ਪੁਸਤਕਾਂ
(ੲ) ਹਵਾਲਾ ਪੁਸਤਕਾਂ (ਸ) ਰਸਾਲੇ
(ਹ) ਅਖ਼ਬਾਰਾਂ
9. ਪਿਛਲੇ ਦੋ ਸਾਲਾਂ ਦੇ ਦੌਰਾਨ (ਸਾਲ-ਵਾਰ) ਲਾਇਬ੍ਰੇਰੀ ਲਈ ਖ਼ਰੀਦੀਆਂ ਕਿਤਾਬਾਂ ਦੀ ਗਿਣਤੀ ਅਤੇ ਉਠਾਇਆ ਖ਼ਰਚ।
10. ਪਿਛਲੇ ਦੋ ਸਾਲਾਂ ਦੇ ਦੌਰਾਨ ਲਾਇਬਰੇਰੀ ਵਿੱਚੋਂ ਗੁਆਚੀਆਂ ਕਿਤਾਬਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਕੀਮਤ।
11. ਲਾਇਬ੍ਰੇਰੀਅਨ ਦਾ ਨਾਂ ਅਤੇ ਯੂਨੀਵਰਸਿਟੀ ਦੁਆਰਾ ਉਸ ਦੀ ਨਿਯੁਕਤੀ ਦੀ ਪਰਵਾਨਗੀ ਦੇਣ ਦਾ ਪੱਤਰ ਨੰ: ਅਤੇ ਤਰੀਕ।

ਸਾਜ਼ੋ-ਸਮਾਨ

1. ਕੀ ਕਾਲਜ ਪਾਸ ਚੰਗਾ ਸਾਜ਼-ਸਮਾਨ ਅਤੇ ਫ਼ਰਨੀਚਰ ਹੈ ?
2. ਕੀ ਕਾਲਜ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਲੋੜ ਅਨੁਸਾਰ ਪੂਰਾ ਸਾਜ਼-ਸਮਾਨ ਹੈ? ਕੀ ਗੈਸ ਅਤੇ ਪਾਣੀ ਦਾ ਪ੍ਰਬੰਧ ਸੰਤੋਸ਼ਜਨਕ ਹੈ ? ਘਾਟ ਜੇ ਕੋਈ ਹੈ ਤਾਂ ਦੱਸੀ ਜਾਵੇ।
3. ਕੀ ਕਾਲਜ ਵਿੱਚ ਗੈਸ ਪਲਾਂਟ ਹੈ ? ਜੇ ਹੈ, ਤਾਂ ਕੀ ਉਹ ਸਾਇੰਸ ਦੇ ਵਿਸ਼ਿਆਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੈ ?
4. ਕੀ ਕਾਲਜ ਵਿੱਚ ਪਾਣੀ ਦਾ ਵਿਸ਼ੇਸ਼ ਪ੍ਰਬੰਧ ਹੈ ?
5. ਕੀ ਕਾਲਜ ਵਿੱਚ ਬੀ.ਐਸ-ਸੀ. ਦੀਆਂ ਸ਼੍ਰੇਣੀਆਂ ਲਈ ਡਿਸਟਿਲਿੰਗ ਪਲਾਂਟ ਹੈ ?
6. ਕੀ ਸਾਇੰਸ ਦੇ ਪ੍ਰੈਕਟੀਕਲਾਂ ਸੰਬੰਧੀ ਕਾਲਜ ਮੁਕੱਰਰ ਕੀਤੇ ਨਿਯਮ ਲਾਗੂ ਕਰ ਰਿਹਾ ਹੈ ? ਵੱਖ-ਵੱਖ ਸਾਇੰਸ ਦੇ ਵਿਸ਼ਿਆਂ ਸਬੰਧੀ ਪਿਛਲੇ ਤਿੰਨ ਸਾਲਾਂ (ਸਾਲ-ਵਾਰ) ਵਿੱਚ ਖ਼ਰੀਦੇ ਸਾਜ਼ ਸਮਾਨ ਅਤੇ ਹੋਰ ਚੀਜ਼ਾਂ ਵਸਤਾਂ ਦੀ ਸੂਚੀ ਨਾਲ ਲਾਈ ਜਾਵੇ।

ਵਿਦਿਆਰਥੀਆਂ ਦੀ ਗਿਣਤੀ

1. ਵਿਦਿਆਰਥੀਆਂ ਦੀ ਜਮਾਤਵਾਰ ਗਿਣਤੀ।
2. ਜੇ ਵੱਖ-ਵੱਖ ਵਿਸ਼ਿਆਂ ਵਿੱਚ ਇਕ ਤੋਂ ਵੱਧ ਸੈਕਸ਼ਨ ਹੋਣ ਤਾਂ ਸੈਕਸ਼ਨ-ਵਾਰ ਗਿਣਤੀ ਦੱਸੀ ਜਾਵੇ।
3. ਕੀ ਕਿਸੇ ਜਮਾਤ ਜਾਂ ਸੈਕਸ਼ਨ ਵਿੱਚ ਵਿਦਿਆਰਥੀਆਂ ਦੀ ਗਿਣਤੀ ਯੂਨੀਵਰਸਿਟੀ ਨਿਯਮਾਂ ਅਧੀਨ ਮੁਕੱਰਰ ਕੀਤੀ ਗਿਣਤੀ ਤੋਂ ਵੱਧ ਹੈ।
4. ਵਿਦਿਆਰਥਣਾਂ ਦੀ ਕੁੱਲ ਗਿਣਤੀ।
5. ਮਹਿਲਾ ਸੁਪਰਵਾਈਜ਼ਰ ਅਤੇ ਮਹਿਲਾ ਅਧਿਆਪਕ ਦਾ ਨਾਂ ਅਤੇ ਯੋਗਤਾਵਾਂ (ਜਿਸ ਕਾਲਜ ਵਿੱਚ ਵਿਦਿਆਰਥਣਾਂ ਦੀ ਗਿਣਤੀ 50 ਤੋਂ ਵੱਧ ਹੋਵੇ ਉਸ ਲਈ ਇੱਕ ਮਹਿਲਾ ਸੁਪਰਵਾਈਜ਼ਰ ਜਾਂ ਮਹਿਲਾ ਅਧਿਆਪਕ ਨਿਯੁਕਤ ਕਰਨਾ ਲਾਜ਼ਮੀ ਹੈ)
6. ਕੀ ਅਧਿਆਪਕ-ਵਿਦਿਆਰਥੀ ਅਨੁਪਾਤ ਨਿਯਮਾਂ ਅਨੁਸਾਰ ਹੈ ?

## ਅਕਾਦਮਿਕ ਸਰਗਰਮੀਆਂ

1. ਕੀ ਪੜ੍ਹਾਈ ਦੇ ਦਿਨ ਯੂਨੀਵਰਸਿਟੀ ਨਿਯਮਾਂ ਦੇ ਅਨੁਰੂਪ ਹਨ ? ਪਿਛਲੇ ਦੋ ਸਾਲਾਂ ਦੇ ਦੌਰਾਨ ਪੜ੍ਹਾਈ ਦੇ ਦਿਨਾਂ ਦੀ (ਸਾਲ-ਵਾਰ) ਗਿਣਤੀ ਦੱਸੀ ਜਾਵੇ।
2. ਸੈਸ਼ਨ ਦੇ ਦੌਰਾਨ ਕਿਤਨੀਆਂ ਹਾਊਸ ਪਰੀਖਿਆਵਾਂ ਲਈਆਂ ਜਾਂਦੀਆਂ ਹਨ?
3. ਕੀ ਕਾਲਜ ਹਾਊਸ ਪਰੀਖਿਆਵਾਂ ਬਾਰੇ ਯੂਨੀਵਰਸਿਟੀ ਦੁਆਰਾ ਨਿਯਤ ਸ਼ਰਤਾਂ ਦੀ ਪਾਲਣਾ ਕਰ ਰਿਹਾ ਹੈ ? ਜੇ ਹਾਂ, ਤਾਂ ਪਿਛਲੇ ਦੋ ਸਾਲਾਂ ਦੇ ਦੌਰਾਨ ਸਾਲਾਨਾ ਪਰੀਖਿਆ ਵਿੱਚ ਬੈਠਣ ਦੇ ਅਪਾਤਰ ਪਾਏ ਗਏ ਵਿਦਿਆਰਥੀਆਂ ਦਾ (ਸਾਲ-ਵਾਰ) ਵੇਰਵਾ ਦਿੱਤਾ ਜਾਵੇ।
4. ਕੀ ਕਾਲਜ, ਲੈਕਚਰਾਂ ਬਾਰੇ ਯੂਨੀਵਰਸਿਟੀ ਦੁਆਰਾ ਨਿਯਤ ਸ਼ਰਤਾਂ ਦੀ ਪਾਲਣਾ ਕਰ ਰਿਹਾ ਹੈ? ਜੇ ਹਾਂ, ਤਾਂ ਪਿਛਲੇ ਦੋ ਸਾਲਾਂ ਦੇ ਦੌਰਾਨ ਸਾਲਾਨਾ ਪਰੀਖਿਆ ਵਿੱਚ ਬੈਠਣ ਦੇ ਅਪਾਤਰ ਪਾਏ ਗਏ ਵਿਦਿਆਰਥੀਆਂ ਦਾ ਸਾਲਵਾਰ ਵੇਰਵਾ ਦਿੱਤਾ ਜਾਵੇ।
5. ਪਿਛਲੇ ਦੋ ਸਾਲਾਂ ਦੇ ਦੌਰਾਨ ਯੂਨੀਵਰਸਿਟੀ ਅਤੇ ਕਾਲਜ ਦੇ ਨਤੀਜਿਆਂ ਦਾ ਸਾਲ ਵਾਰ ਅਤੇ ਜਮਾਤ ਵਾਰ ਤੁਲਨਾਤਮਕ ਵਿਵਰਣ ਦਿੱਤਾ ਜਾਵੇ।
6. ਅਕਾਦਮਿਕ ਖੇਤਰ ਵਿਚ ਕੋਈ ਵਿਸ਼ੇਸ਼ ਗੱਲ।

## ਖੇਡਾਂ

1. ਕੀ ਕਾਲਜ ਪਾਸ ਮੁਨਾਸਬ ਖੇਡ ਮੈਦਾਨ ਹਨ ? (ਖੇਡ ਮੈਦਾਨਾਂ ਦੇ ਨਾਂ ਦਿੱਤੇ ਜਾਣ)
2. ਸਰੀਰਕ ਸਿੱਖਿਆ ਅਧਿਆਪਕਾਂ ਦੇ ਨਾਂ ਦੱਸੋ ਅਤੇ ਯੂਨੀਵਰਸਿਟੀ ਵੱਲੋਂ ਨਿਯੁਕਤੀਆਂ ਦੀ ਪਰਵਾਨਗੀ ਦੇ ਪੱਤਰ ਨੰ: ਅਤੇ ਤਰੀਕ ਵੀ ਦੱਸੋ।
3. ਵੱਖ-ਵੱਖ ਗੇਮਾਂ ਦੀਆਂ ਟੀਮਾਂ ਦਾ ਵੇਰਵਾ। ਪਿਛਲੇ ਦੋ ਸਾਲਾਂ ਦੌਰਾਨ ਇਨ੍ਹਾਂ ਟੀਮਾਂ ਦੀ ਅੰਤਰ-ਕਾਲਜ ਮੁਕਾਬਲਿਆਂ ਵਿੱਚ ਸਾਲਵਾਰ ਪੋਜ਼ੀਸ਼ਨ ਦਸੋ।
4. ਪਿਛਲੇ ਦੋ ਸਾਲਾਂ ਦੇ ਦੌਰਾਨ ਕਾਲਜ ਦੀ ਐਥਲੈਟਿਕ ਟੀਮ ਦੁਆਰਾ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਹਾਸਲ ਕੀਤੀਆਂ ਪੋਜ਼ੀਸ਼ਨ ਾਂ ਦਾ ਸਾਲ ਵਾਰ ਵੇਰਵਾ ਦਿੱਤਾ ਜਾਵੇ।
5. ਕਾਲਜ ਪੱਧਰ ਤੇ ਪਿਛਲੇ ਦੋ ਸਾਲਾਂ ਦੇ ਦੌਰਾਨ ਕਰਵਾਏ ਗਏ ਖੇਡ ਮੁਕਾਬਲਿਆਂ ਦੀ ਸਾਲ-ਵਾਰ ਸੰਖੇਪ ਰਿਪੋਰਟ।
6. ਕੀ ਵਿਦਿਆਰਥੀਆਂ ਦਾ ਹਰ ਸਾਲ ਡਾਕਟਰੀ ਮੁਆਇਨਾ ਕਰਵਾਇਆ ਜਾਂਦਾ ਹੈ ?

   ਡਿਸਪੈਂਸਰੀ          ਡਾਕਟਰ/ਲੇਡੀ ਡਾਕਟਰ          ਫ਼ਸਟ ਏਡ
7. ਕੀ ਕਾਲਜ ਪਾਸ ਇਨਡੋਰ ਖੇਡਾਂ ਦਾ ਇੰਤਜ਼ਾਮ ਹੈ ? ਜੇ ਹੈ, ਤਾਂ ਉਨ੍ਹਾਂ ਗੇਮਾਂ ਦੇ ਨਾਂ ਦੱਸੋ ਜਿਨ੍ਹਾਂ ਲਈ ਪ੍ਰਬੰਧ ਮੌਜੂਦ ਹੈ।
8. ਖੇਡਾਂ ਵਿੱਚ ਕਾਲਜ ਦੀ ਕੋਈ ਵਿਸ਼ੇਸ਼ ਪ੍ਰਾਪਤੀ।

## ਸਹਿ-ਵਿੱਦਿਅਕ ਸਰਗਰਮੀਆਂ

1. ਕਾਲਜ ਵਿੱਚ ਸਭਾਵਾਂ/ਸੋਸਾਇਟੀਆਂ ਦੇ ਨਾਂ ਅਤੇ ਪਿਛਲੇ ਦੋ ਸਾਲਾਂ ਲਈ (ਸਾਲ-ਵਾਰ) ਸੰਖੇਪ ਰਿਪੋਰਟਾਂ।
2. ਕਾਲਜ ਪੱਧਰ ਤੇ ਪਿਛਲੇ ਦੋ ਸਾਲਾਂ ਦੇ ਦੌਰਾਨ ਕਰਵਾਏ ਗਏ ਮੁਕਾਬਲਿਆਂ ਬਾਰੇ (ਸਾਲ-ਵਾਰ) ਸੰਖੇਪ ਰਿਪੋਰਟਾਂ।
3. ਯੁਵਕ ਮੇਲਿਆਂ ਵਿੱਚ ਪਿਛਲੇ ਦੋ ਸਾਲ ਦੌਰਾਨ (ਸਾਲ-ਵਾਰ) ਸ਼ਾਮਲ ਹੋਈਆਂ ਟੀਮਾਂ ਦੇ ਨਾਂ ਅਤੇ ਉਨ੍ਹਾਂ ਦੁਆਰਾ ਹਾਸਲ ਕੀਤੀਆਂ ਪੋਜ਼ੀਸ਼ਨਾਂ।
4. ਪਿਛਲੇ ਦੋ ਸਾਲਾਂ ਦੌਰਾਨ ਕਾਲਜ ਦੁਆਰਾ ਸੰਗਠਿਤ ਕੀਤੇ ਟੂਰਾਂ ਬਾਰੇ ਸੰਖੇਪ ਰਿਪੋਰਟ।
5. ਕੀ ਕਾਲਜ ਵਿੱਚ ਐਨ.ਐਸ.ਐਸ. ਯੂਨਿਟ ਹੈ ? ਜੇ ਹੈ, ਤਾਂ ਪਿਛਲੇ ਦੋ ਸਾਲਾਂ ਲਈ ਸਾਲਵਾਰ ਸੰਖੇਪ ਰਿਪੋਰਟ ਨਾਲ ਲਾਈ ਜਾਵੇ।
6. ਕੀ ਕਾਲਜ ਵਿੱਚ ਐਨ.ਸੀ.ਸੀ. ਯੂਨਿਟ ਹੈ ? ਜੇ ਹੈ, ਤਾਂ ਪਿਛਲੇ ਦੋ ਸਾਲਾਂ ਲਈ ਸਾਲ-ਵਾਰ ਸੰਖੇਪ ਰਿਪੋਰਟ ਨਾਲ ਲਾਈ ਜਾਵੇ।
7. ਕੀ ਕਾਲਜ ਨੇ ਯੂਥ ਕਲੱਬ ਦੀ ਸਥਾਪਨਾ ਕੀਤੀ ਹੋਈ ਹੈ ? ਜੇ ਹੈ, ਤਾਂ ਪਿਛਲੇ ਦੋ ਸਾਲਾਂ ਲਈ ਸਾਲ-ਵਾਰ ਸੰਖੇਪ ਰਿਪੋਰਟ ਨਾਲ ਲਾਈ ਜਾਵੇ।
8. ਸਹਿ-ਵਿੱਦਿਅਕ ਸਰਗਰਮੀਆਂ ਵਿੱਚ ਕੋਈ ਵਿਸ਼ੇਸ਼ ਪ੍ਰਾਪਤੀ।

## ਕਾਲਜ ਸਟਾਫ਼

ੳ. ਅਧਿਆਪਨ ਸਟਾਫ਼

1. ਅਧਿਆਪਕਾਂ ਦੀ ਕੁੱਲ ਗਿਣਤੀ
2. ਮਹਿਲਾ ਅਧਿਆਪਕਾਂ ਦੀ ਗਿਣਤੀ
3. ਅਧਿਆਪਨ ਸਟਾਫ਼ ਦੀ ਸਥਿਤੀ
   (ੳ) ਪੱਕੇ ਅਧਿਆਪਕ
   (ਅ) ਪਰਖ-ਕਾਲ ਤੇ ਅਧਿਆਪਕ
   (ੲ) ਐਡਹਾਕ ਅਧਿਆਪਕ
   (ਸ) ਅੰਸ਼ਕਾਲੀ ਅਧਿਆਪਕ
4. ਅਧਿਆਪਕਾਂ ਤੋਂ ਹਫ਼ਤੇ ਦੇ ਦੌਰਾਨ ਜਿਤਨੇ ਪੀਰੀਅਡ ਪੜ੍ਹਾਉਣ ਦੀ ਆਸ ਕੀਤੀ ਜਾਂਦੀ ਹੈ, ਉਸ (ਪੜ੍ਹਾਈ ਘੰਟਿਆਂ) ਦਾ ਵੇਰਵਾ।
5. ਕੀ ਕਿਸੇ ਅਧਿਆਪਕ ਨੂੰ ਯੂਨੀਵਰਸਿਟੀ ਨਾਰਮ ਤੋਂ ਵੱਧ ਕੰਮ ਦਿੱਤਾ ਗਿਆ ਹੈ ? ਜੇ ਹੈ, ਤਾਂ ਉਸ ਦਾ ਵੇਰਵਾ।
6. ਕੀ ਕਿਸੇ ਅਧਿਆਪਕ ਨੂੰ ਯੂਨੀਵਰਸਿਟੀ ਨਾਰਮ ਨਾਲੋਂ ਘੱਟ ਪੀਰੀਅਡ ਦਿੱਤੇ ਗਏ ਹਨ ? ਜੇ ਹੈ, ਤਾਂ ਅਧਿਆਪਕ ਦਾ ਨਾਂ ਅਤੇ ਪੀਰੀਅਡਾਂ ਦੀ ਗਿਣਤੀ ਦੱਸੀ ਜਾਵੇ।
7. ਅਧਿਆਪਕ-ਵਿਦਿਆਰਥੀ ਅਨੁਪਾਤ (ਜੇ ਇਹ ਅਨੁਪਾਤ 1 : 25 ਤੋਂ ਘੱਟ ਹੈ ਤਾਂ ਇਸ ਨੂੰ ਠੀਕ ਕਰਨ ਲਈ ਕਾਲਜ ਕੀ ਕਦਮ ਚੁੱਕ ਰਿਹਾ ਹੈ ?)

8. ਅਧਿਆਪਕਾਂ ਦੁਆਰਾ ਪਿਛਲੇ ਦੋ ਸਾਲਾਂ ਦੌਰਾਨ ਪੜ੍ਹਾਈਆਂ ਜਮਾਤਾਂ ਦੇ ਵਿਸ਼ੇ ਵਾਰ ਨਤੀਜੇ(ਸਾਲ-ਵਾਰ), ਕਾਲਜ ਅਤੇ ਯੂਨੀਵਰਸਿਟੀ/ਸਕੂਲ ਬੋਰਡ ਦੀ ਪ੍ਰਤੀਸ਼ਤਤਾ।
9. ਕੀ ਸਾਰੇ ਅਧਿਆਪਕ ਯੂਨੀਵਰਸਿਟੀ ਨਿਯਮਾਂ ਅਨੁਸਾਰ ਸੈਸ਼ਨ ਦੇ ਦੌਰਾਨ ਅਧਿਆਪਨ-ਦਿਵਸ ਲਾਉਂਦੇ ਹਨ ? ਪਿਛਲੇ ਦੋ ਸਾਲਾਂ ਦੇ ਦੌਰਾਨ (ਸਾਲ-ਵਾਰ) ਹਰ ਅਧਿਆਪਕ ਦੁਆਰਾ ਲਾਏ ਗਏ ਅਧਿਆਪਨ-ਦਿਵਸਾਂ ਦੀ ਗਿਣਤੀ।

ਅ. ਗ਼ੈਰ-ਅਧਿਆਪਨ ਅਮਲਾ

1. ਕਰਮਚਾਰੀਆਂ ਦੀ ਗਿਣਤੀ।
2. ਗ਼ੈਰ-ਅਧਿਆਪਨ ਅਮਲੇ ਦੀ ਸਥਿਤੀ।
   (ੳ) ਪੱਕੇ ਅਮਲੇ ਦੀ ਗਿਣਤੀ।
   (ਅ) ਪਰਖ-ਕਾਲ ਤੇ ਰੱਖੇ ਅਮਲੇ ਦੀ ਗਿਣਤੀ।
   (ੲ) ਐਡਹਾਕ ਅਮਲੇ ਦੀ ਗਿਣਤੀ।
   (ਸ) ਬਝਵੀਂ-ਤਨਖ਼ਾਹ ਵਾਲੇ ਅਮਲੇ ਦੀ ਗਿਣਤੀ।
   (ਹ) ਅੰਸ਼ਕਾਲੀ ਅਮਲੇ ਦੀ ਗਿਣਤੀ।
3. ਅਮਲੇ ਦੇ ਮੈਂਬਰਾਂ ਦੇ ਨਾਂ ਅਤੇ ਉਨ੍ਹਾਂ ਦੁਆਰਾ ਧਾਰਨ ਕੀਤੇ ਅਹੁਦਿਆਂ ਦੀ ਸੂਚੀ ਨਾਲ ਲਾਈ ਜਾਵੇ।
4. ਕੀ ਅਮਲਾ ਕਾਲਜ ਵਿੱਚ ਦਾਖ਼ਲ ਹੋਏ ਵਿਦਿਆਰਥੀਆਂ ਅਤੇ ਕੰਮ ਦੀ ਵੰਡ ਮੁਤਾਬਕ ਲੋੜ ਅਨੁਸਾਰ ਪੂਰਾ ਹੈ ? ਜੇ ਅਮਲਾ ਘੱਟ ਹੈ ਤਾਂ ਇਹ ਦੱਸਿਆ ਜਾਵੇ ਅਤੇ ਉਸ ਦੇ ਕਾਰਨ ਵੀ ਦਿੱਤੇ ਜਾਣ।
5. ਅਮਲੇ ਦੇ ਵੱਖ-ਵੱਖ ਵਰਗਾਂ ਦੇ ਵੇਤਨ ਸਕੇਲ।

ਪਿਛਲੀ ਨਿਰੀਖਣ ਕਮੇਟੀ ਦੁਆਰਾ ਅਰੋਪੀਆਂ ਸ਼ਰਤਾਂ

1. ਉਸ ਕਮੇਟੀ ਦੁਆਰਾ ਅਰੋਪੀਆਂ ਸ਼ਰਤਾਂ ਦੀ ਪਾਲਣਾਂ ਬਾਰੇ ਰਿਪੋਰਟ।
2. ਕੀ ਉਹ ਸ਼ ਰਤਾਂ ਪੂਰੀਆਂ ਕਰ ਦਿੱਤੀਆਂ ਗਈਆਂ ਹਨ ? ਜੇ ਨਹੀਂ ਤਾਂ ਕਾਰਨ ਦੱਸੇ ਜਾਣ।
3. ਕੀ ਸ਼ਰਤਾਂ ਦੀ ਪਾਲਨਾ ਸੰਤੋਸ਼ਜਨਕ ਹੈ ?
4. ਸ਼ਰਤਾਂ ਦੀ ਪਾਲਣਾ ਬਾਰੇ ਵਰਤਮਾਨ ਨਿਰੀਖਣ ਕਮੇਟੀ ਦੀ ਰਾਏ।

ਹੇਠ-ਲਿਖਿਆਂ ਸੰਬੰਧੀ ਵਰਤਮਾਨ ਨਿਰੀਖਣ ਟੀਮ ਦੀ ਟਿੱਪਣੀ

1. ਮੈਨੇਜਮੈਂਟ
2. ਵਿੱਤੀ ਪੱਖ
3. ਵਿਦਿਆਰਥੀ ਫ਼ੰਡ
4. ਕਾਲਜ ਇਮਾਰਤ
5. ਹੋਸਟਲ
6. ਲਾਇਬ੍ਰੇਰੀ
7. ਸਾਜ਼-ਸਮਾਨ
8. ਵਿਦਿਆਰਥੀਆਂ ਦੀ ਗਿਣਤੀ
9. ਅਕਾਦਮਿਕ ਸਰਗਰਮੀਆਂ
10. ਖੇਡਾਂ
11. ਸਹਿ-ਵਿਦਿਅਕ ਸਰਗਰਮੀਆਂ
12. ਕਾਲਜ ਸਟਾਫ਼

ਕਾਲਜ ਦੇ ਸਮੁੱਚੇ ਕੰਮ-ਕਾਜ ਅਤੇ ਕਾਲਜ ਦੀ ਸ਼ੁਹਰਤ ਬਾਰੇ ਨਿਰੀਖਣ ਕਮੇਟੀ ਦੇ ਮੈਂਬਰਾਂ ਦਾ ਆਮ ਪ੍ਰਭਾਵ।

ਸਿਫ਼ਾਰਸ਼ਾਂ

ਕਮੇਟੀ ਦੇ ਮੈਂਬਰਾਂ ਦੇ ਦਸਖ਼ਤ ਸਮੇਤ ਤਰੀਕ ਦੇ

## ਇੰਡੋਮੈਂਟ ਫ਼ੰਡ ਸੰਬੰਧੀ ਨਿਯਮ

(i) ਇੰਡੋਮੈਂਟ ਫ਼ੰਡ ਹੁਣ ਵਾਂਗ, ਕਿਸੇ ਅਨੁਸੂਚਿਤ ਬੈਂਕ ਵਿੱਚ ਮਿਆਦੀ ਜਮ੍ਹਾਂ ਵਿੱਚ ਜਾਂ ਸਰਕਾਰੀ ਸੀਕਿਉਰਿਟੀਆਂ ਵਿੱਚ ਲਾਇਆ ਜਾਵੇ, ਜਾਂ ਹੋਰ ਅਜਿਹੇ ਡਿਬੈਂਚਰਾਂ ਤੇ ਲਾਇਆ ਜਾਵੇ ਜੋ ਸਿੰਡੀਕੇਟ ਦੁਆਰਾ ਹਰ ਸਾਲ ਪਰਵਾਨ ਕੀਤੇ ਜਾਣ।

(ii) ਡਿਬੈਂਚਰ ਹਮੇਸ਼ਾਂ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾਏ ਜਾਣਗੇ ਅਤੇ ਮਿਆਦੀ ਜਮ੍ਹਾਂ ਰਸੀਦਾਂ ਹਮੇਸ਼ਾਂ ਡੀਨ, ਕਾਲਜ ਵਿਕਾਸ ਕੌਂਸਿਲ ਦੇ ਨਾਂ ਤੇ ਹੋਣੀਆਂ ਚਾਹੀਦੀਆਂ ਹਨ। ਇਹ ਮਿਆਦੀ ਜਮ੍ਹਾਂ ਰਸੀਦਾਂ ਯੂਨੀਵਰਸਿਟੀ ਕੋਲ ਜਮ੍ਹਾਂ ਕਰਵਾਈਆਂ ਜਾਣਗੀਆਂ।

(iii) ਡਿਬੈਂਚਰ ਯੂਨੀਵਰਸਿਟੀ ਦੀ ਇਜਾਜ਼ਤ ਲੈਣ ਉਪਰੰਤ ਹੀ ਵੇਚੇ ਜਾਣ।

(iv) ਅਜਿਹੀ ਗਵਰਨਿੰਗ ਬੌਡੀ ਲਈ, ਜੋ ਕਈ ਕਾਲਜਾਂ ਦਾ ਪ੍ਰਬੰਧ ਚਲਾ ਰਹੀ ਹੋਵੇ, ਇਹ ਜ਼ਰੂਰੀ ਨਹੀਂ ਹੋਵੇਗਾ ਕਿ ਹਰਿੱਕ ਕਾਲਜ ਦਾ ਇੰਡੋਮੈਂਟ ਫ਼ੰਡ ਵੱਖਰਾ-ਵੱਖਰਾ ਰੱਖੇ। ਇਹ ਮੂਲ ਬਾਡੀ ਦੁਆਰਾ ਸੰਚਿਤ ਰੂਪ ਵਿੱਚ ਰੱਖੇ ਜਾ ਸਕਣਗੇ।

ਇੰਡੋਮੈਂਟ ਫ਼ੰਡ ਦਾ ਵਿਵਰਣ

| ਕ੍ਰਮ ਨੰਃ | ਰਸੀਦਾਂ ਜਾਂ ਕੈਸ਼ ਸਰਟੀਫ਼ਿਕੇਟਾਂ/ ਡਿਬੈਂਚਰਾਂ ਦੇ ਨੰਬਰ | ਰਕਮ | ਤਰੀਕ | ਵਿਅਕਤੀਆਂ ਦੇ ਨਾਂ ਜਿਨ੍ਹਾਂ ਦੇ ਨਾਂ ਰਕਮਾਂ ਪੂੰਜੀ ਵਜੋਂ ਲਾਈਆਂ ਗਈਆਂ ਹਨ | ਬੈਂਕ/ ਕੰਪਨੀ |
|---|---|---|---|---|---|
| (i) | | | | | |
| (ii) | | | | | |
| (iii) | | | | | |
| (iv) | | | | | |
| (v) | | | | | |
| (vi) | | | | | |
| (vii) | | | | | |
| (viii) | | | | | |
| (ix) | | | | | |
| (x) | | | | | |
| ਜੋੜ | | | | | |

ਤਿੰਨ ਸਾਲਾ ਬੀ.ਏ./ਬੀ.ਐਸ-ਸੀ. ਕੋਰਸਾਂ ਲਈ ਹਰਿੱਕ ਵਿਸ਼ੇ ਲਈ ਪ੍ਰਤੀ-ਹਫ਼ਤਾ ਤਜਵੀਜ਼ ਕੀਤੇ ਗਏ ਪੀਰੀਅਡਾਂ ਦੀ ਗਿਣਤੀ ਦਰਸਾਉਂਦਾ ਵਿਵਰਨ

| ਗਰੁੱਪ | ਵਿਸ਼ਾ | ਅਧਿਆਪਨ ਪੀਰੀਅਡ/ਸਿਧਾਂਤ ਪ੍ਰਤੀ-ਹਫ਼ਤਾ | ਨਿਬੰਧ ਵਿਆਕਰਣ/ਪ੍ਰੈਕਟੀਕਲ ਪ੍ਰਤੀ ਹਫ਼ਤਾ | ਜੋੜ |
|---|---|---|---|---|
| 1 | 2 | 3 | 4 | 5 |
| ਤਿੰਨ-ਸਾਲਾ ਬੀ.ਏ./ ਬੀ.ਐਸ-ਸੀ. ਕੋਰਸ | ਅੰਗਰੇਜ਼ੀ (ਕਮਿਊਨੀਕੇਸ਼ਨ) ਸਕਿੱਲ) | 6 | — | 6 |
| | ਅੰਗਰੇਜ਼ੀ (ਸਾਹਿਤ) | | | |
| | ਭਾਗ-I | 6 | — | 6 |
| | ਭਾਗ-II | 6 | — | 6 |
| | ਭਾਗ-III | 6 | — | 6 |
| | ਅੰਗਰੇਜ਼ੀ (ਆਨਰਜ਼) | 6(ਅਤਿਰਿਕਤ ਪੀਰੀਅਡ) | — | 6 |
| | ਇਤਿਹਾਸ | 6 | — | 6 |
| | ਫ਼ਾਰਸੀ ਜਰਮਨ ਜਾਂ ਫ਼ਰਾਂਸੀਸੀ ਜਾਂ ਰਸ਼ੀਅਨ | (ਜਿਵੇਂ ਆਧੁਨਿਕ ਭਾਰਤੀ ਭਾਸ਼ਾਵਾਂ ਲਈ ਮੁਕੱਰਰ ਹੈ) 6 (ਨਿਬੰਧ ਆਦਿ ਸ਼ਾਮਲ ਕਰਕੇ) | — | 6 |
| | ਪੰਜਾਬੀ (ਲਾਜ਼ਮੀ) ਬੀ.ਏ. ਲਈ | 6 | — | 6 |
| | ਪੰਜਾਬੀ (ਕਮਿਊਨੀਕੇਸ਼ਨ ਸਕਿੱਲ) ਬੀ.ਐਸ-ਸੀ. ਲਈ | 6 | — | 6 |

| 1 | 2 | 3 | 4 | 5 |
|---|---|---|---|---|
| | ਪੰਜਾਬੀ ਸਾਹਿਤ | | | |
| | ਭਾਗ-I | 6 | — | 6 |
| | ਭਾਗ-II | 6 | — | 6 |
| | ਭਾਗ-III | 6 | — | 6 |
| | ਇਕ ਆਧੁਨਿਕ ਭਾਰਤੀ ਭਾਸ਼ਾ | | | |
| | (ਪੰਜਾਬੀ ਸਾਹਿਤ ਦੇ ਸਿਵਾਏ) | | | |
| | I-ਸਾਲ | 6 | | 6 |
| | II-ਸਾਲ | 6 | | 6 |
| | III-ਸਾਲ | 6 | | 6 |
| | ਆਨਰਜ਼ ਕੋਰਸ | | | |
| | ਦੂਜਾ ਸਾਲ | 6 | — | 6 |
| | ਤੀਜਾ ਸਾਲ | 6 | — | 6 |
| | ਇੱਕ ਕਲਾਸੀਕਲ ਭਾਸ਼ਾ | (ਜਿਵੇਂ ਆਧੁਨਿਕ ਭਾਰਤੀ ਭਾਸ਼ਾਵਾਂ ਲਈ ਮੁਕੱਰਰ ਹੈ) | | |
| | (ਸੰਸਕ੍ਰਿਤ, ਅਰਬੀ, ਫ਼ਾਰਸੀ) | | | |
| | ਰਾਜਨੀਤਕ ਵਿਗਿਆਨ | | | |
| | ਅਰਥ-ਸਾਸਤਰ | 6 | — | 6 |
| | ਫ਼ਿਲਾਸਫ਼ੀ | | | |
| | ਸਮਾਜਕ-ਵਿਗਿਆਨ } | | | |
| | ਸੰਗੀਤ | 3 | 6 | 9 |

| 1 | 2 | 3 | 4 | 5 |
|---|---|---|---|---|
| | ਕੋਮਲ ਕਲਾਵਾਂ | 3 | 6 | 9 |
| | ਗਣਿਤ | 10 | — | 10 |
| | ਗਣਿਤ ਸਾਸ਼ਤਰ (ਆਨਰਜ਼) | 6 | — | 6 |
| | ਭਾਰਤੀ ਸੱਭਿਆਚਾਰ | 6 | — | 6 |
| | ਭੂਗੋਲ | 6 | 6 | 12 |
| | ਗ੍ਰਹਿ ਵਿਗਿਆਨ | 6 | 6 | 12 |
| | ਮਨੋਵਿਗਿਆਨ | 6 | 3 | 9 |
| | ਲੋਕ ਪ੍ਰਸ਼ਾਸਨ | 6 | — | 6 |
| | ਬਨਸਪਤੀ ਵਿਗਿਆਨ | | | |
| | ਪ੍ਰਾਣੀ ਵਿਗਿਆਨ | | | |
| | ਰਸਾਇਣ ਵਿਗਿਆਨ | | | |
| | ਭੂ-ਗਰਭ ਵਿਗਿਆਨ } | 6 | 6 | 12 |
| | ਭੂਗੋਲ | | | |
| | ਭੌਤਿਕ ਵਿਗਿਆਨ | | | |

212

## ਸੰਬੱਧ ਕਾਲਜਾਂ ਵਿੱਚ ਲੈਕਚਰਾਰਾਂ ਨੂੰ ਦਿੱਤੇ ਜਾਣ ਵਾਲੇ ਵੱਧ ਤੋਂ ਵੱਧ ਪੀਰੀਅਡਾਂ ਦੀ ਗਿਣਤੀ

| ਜਮਾਤ ਜਾਂ ਜਮਾਤਾਂ | ਕਿਸੇ ਅਧਿਆਪਕ ਲਈ ਪ੍ਰਤੀ-ਹਫ਼ਤਾ ਵੱਧ ਤੋਂ ਵੱਧ ਪੀਰੀਅਡਾਂ ਦੀ ਗਿਣਤੀ |
|---|---|
| 1. ਬੀ.ਐਸ-ਸੀ. ਪਾਸ ਕੇਵਲ ਸਿਧਾਂਤ | 2● |
| 2. ਬੀ.ਐਸ-ਸੀ. ਪਾਸ ਕੇਵਲ ਪ੍ਰੈਕਟੀਕਲ | 27 |
| 3. ਬੀ.ਐਸ-ਸੀ. ਪ੍ਰੈਕਟੀਕਲ ਅਤੇ ਸਿਧਾਂਤ | 24 |
| 4. ਬੀ.ਐਸ-ਸੀ. ਆਨਰਜ਼ ਕੇਵਲ ਸਿਧਾਂਤ | 16 |
| 5. ਬੀ.ਐਸ-ਸੀ. ਆਨਰਜ਼ ਕੇਵਲ ਪ੍ਰੈਕਟੀਕਲ | 2● |
| 6. ਬੀ.ਐਸ-ਸੀ. ਆਨਰਜ਼ ਸਿਧਾਂਤ ਅਤੇ ਪ੍ਰੈਕਟੀਕਲ | 18 |
| 7. ਬੀ.ਐਸ-ਸੀ. ਪਾਸ ਅਤੇ ਆਨਰਜ਼ | 18 |
| 8. ਬੀ.ਐਸ-ਸੀ. ਪਾਸ ਅਤੇ ਆਨਰਜ਼ ਕੇਵਲ ਪ੍ਰੈਕਟੀਕਲ | 22 |
| 9. ਬੀ.ਐਸ-ਸੀ. ਪਾਸ ਅਤੇ ਆਨਰਜ਼ ਸਿਧਾਂਤ ਅਤੇ ਪ੍ਰੈਕਟੀਕਲ | 2● |
| 1●. ਬੀ.ਏ. (ਪਾਸ) | 24 |
| 11. ਬੀ.ਏ. (ਆਨਰਜ਼) | 2● |
| 12. ਆਨਰਜ਼ ਸਕੂਲ ਕੋਰਸ | 2● |
| 13. ਐਮ.ਏ. | 2● |
| 14. ਬੀ.ਕਾਮ. | 24 |
| 15. ਬੀ.ਐੱਡ. | 24 ਪ੍ਰਤੀ ਹਫ਼ਤਾ (ਇਸ ਵਿੱਚ ਥੀਸਿਸ, ਟਿਊਟੋਰੀਅਲ, ਸੈਮੀਨਾਰ ਅਤੇ ਪ੍ਰੈਕਟੀਕਲ ਸ਼ਾਮਲ ਹਨ। ਸਹਿ-ਵਿੱਦਿਅਕ ਸਰਗਰਮੀਆਂ ਇਸ ਕਾਰਜ-ਭਾਰ ਤੋਂ ਇਲਾਵਾ ਹੋਣਗੀਆਂ) |
| 16. ਐਮ.ਏ. (ਸਰੀਰਕ ਸਿੱਖਿਆ) | 2● ਉਪਰੋਕਤ ਅਨੁਸਾਰ |
| 17. ਐਮ.ਐੱਡ. | 2● ਉਪਰੋਕਤ ਅਨੁਸਾਰ |

1. ਇਸ ਵਿਚ ਹਰ ਕਿਸਮ ਦਾ ਕੰਮ ਅਰਥਾਤ ਟਿਊਟੋਰੀਅਲ ਆਦਿ ਸ਼ਾਮਲ ਹਨ।
2. (ੳ) ਕਿਸੇ ਵੀ ਅਧਿਆਪਕ ਨੂੰ, ਆਨਰਜ਼ ਕਲਾਸਾਂ ਦੇ ਪੀਰੀਅਡਾਂ ਸਮੇਤ, 24 ਪੀਰੀਅਡਾਂ ਤੋਂ ਵੱਧ ਨਾ ਦਿੱਤੇ ਜਾਣ। ਵਿਗਿਆਨ ਦੇ ਹਰੇਕ ਅਧਿਆਪਕ ਨੂੰ ਦਿਨ ਵਿੱਚ ਸਿਧਾਂਤ ਦੇ ਘੱਟੋ-ਘੱਟ ਦੋ ਪੀਰੀਅਡ ਜ਼ਰੂਰ ਲੈਣੇ ਚਾਹੀਦੇ ਹਨ ਅਤੇ ਜੇ ਜ਼ਰੂਰੀ ਹੋਵੇ ਤਾਂ ਅਧਿਆਪਕ ਨੂੰ ਸੌਂਪੇ ਗਏ ਵਿਦਿਆਰਥੀਆਂ ਦੀ ਗਿਣਤੀ ਘੱਟ ਕਰ ਦਿੱਤੀ ਜਾਵੇਗਾ। ਵਿਗਿਆਨ ਦੇ ਪ੍ਰੈਕਟੀਕਲ ਲਈ ਇੱਕ ਅਧਿਆਪਕ ਨੂੰ ਬੀ.ਏ./ਬੀ.ਐਸ-ਸੀ. ਭਾਗ-I ਦੇ 2● ਵਿਦਿਆਰਥੀਆਂ ਦਾ ਗਰੁੱਪ ਦਿੱਤਾ ਜਾਵੇਗਾ ਅਤੇ ਬੀ.ਏ./ਬੀ.ਐਸ-ਸੀ. ਭਾਗ-II ਅਤੇ III ਜਮਾਤ ਦੇ ਪ੍ਰੈਕਟੀਕਲ ਕਰਾਉਣ ਵਾਲੇ ਅਧਿਆਪਕ ਨੂੰ 15 ਵਿਦਿਆਰਥੀਆਂ ਦਾ ਬੈਚ ਦਿੱਤਾ ਜਾਵੇਗਾ।

(ਅ) ਡਿਗਰੀ ਅਤੇ ਪੋਸਟ-ਗ੍ਰੈਜੂਏਟ ਜਮਾਤਾਂ ਲਈ ਸੰਗੀਤ ਦੇ ਵਿਸ਼ੇ ਲਈ ਪ੍ਰੈਕਟੀਕਲ ਦੇ ਹਰੇਕ ਗਰੁੱਪ ਵਿੱਚ ਵਿਦਿਆਰਥੀਆਂ ਦੀ ਗਿਣਤੀ ਹੇਠ-ਲਿਖੇ ਅਨੁਸਾਰ ਹੋਵੇਗੀ :

(i) ਡਿਗਰੀ ਜਮਾਤਾਂ ਲਈ ਵੋਕਲ ਸੰਗੀਤ ਵਿਚ ਪ੍ਰੈਕਟੀਕਲ ਦੇ ਹਰੇਕ ਗਰੁੱਪ ਵਿੱਚ 12 ਤੋਂ 15 ਵਿਦਿਆਰਥੀ।

(ii) ਡਿਗਰੀ ਜਮਾਤਾਂ ਲਈ ਇੰਸਟਰੂਮੈਂਟਲ ਸੰਗੀਤ ਵਿੱਚ ਪ੍ਰੈਕਟੀਕਲ ਦੇ ਹਰਿੱਕ ਗਰੁੱਪ ਵਿੱਚ 1● ਤੋਂ 12 ਵਿਦਿਆਰਥੀ।

(iii) ਐਮ.ਏ. ਭਾਗ I ਅਤੇ II ਵਿੱਚ ਵੋਕਲ ਅਤੇ ਇੰਸਟਰੂਮੈਂਟਲ ਸੰਗੀਤ ਲਈ ਪ੍ਰੈਕਟੀਕਲ ਦੇ ਹਰਿੱਕ ਗਰੁੱਪ ਵਿੱਚ 8 ਤੋਂ 1● ਵਿਦਿਆਰਥੀ।

(ੲ) ਮਨੋਵਿਗਿਆਨ ਵਿੱਚ ਪ੍ਰੈਕਟੀਕਲ ਗਰੁੱਪ ਦੇ ਵਿਦਿਆਰਥੀਆਂ ਦੀ ਗਿਣਤੀ 15 ਹੋਵੇਗੀ।

3. ਅੰਗਰੇਜ਼ੀ ਦੇ ਵਿਸ਼ੇ ਵਿੱਚ ਨਿਬੰਧ ਰਚਨਾ ਦੇ ਕੰਮ ਲਈ ਕਿਸੇ ਅਧਿਆਪਕ ਨੂੰ 3● ਵਿਦਿਆਰਥੀਆਂ ਤੋਂ ਵੱਡਾ ਗਰੁੱਪ ਅਲਾਟ ਨਹੀਂ ਕੀਤਾ ਜਾਵੇਗਾ।

4. ਕਿਸੇ ਵੀ ਸੂਰਤ ਵਿੱਚ ਕਿਸੇ ਅਧਿਆਪਕ ਨੂੰ 24 ਪੀਰੀਅਡਾਂ ਤੋਂ ਵੱਧ ਨਹੀਂ ਦਿੱਤੇ ਜਾਣਗੇ ਸਿਵਾਏ ਉਦੋ ਦੇ ਜਦੋਂ ਉਸ ਨੂੰ ਪ੍ਰੈਕਟੀਕਲ ਦਾ ਕੰਮ ਵੀ ਦਿੱਤਾ ਜਾਵੇ, ਉਸ ਸੂਰਤ ਵਿੱਚ ਪੀਰੀਅਡ 3● ਤੱਕ ਹੋ ਸਕਦੇ ਹਨ।

5. ਆਰਟਸ ਅਤੇ ਸਾਇੰਸ ਕਾਲਜਾਂ ਦੀ ਸੂਰਤ ਵਿੱਚ, ਪ੍ਰਬੰਧਕ ਕਮੇਟੀਆਂ ਆਪਣੇ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ, ਬਿਲਾ ਲਿਹਾਜ਼ ਦਾਖ਼ਲ ਵਿਦਿਆਰਥੀਆਂ ਦੀ ਗਿਣਤੀ ਦੇ, ਹਫ਼ਤੇ ਵਿੱਚ ਘੱਟ ਤੋਂ ਘੱਟ ਛੇ ਪੀਰੀਅਡ ਅਤੇ ਵੱਧ ਤੋਂ ਵੱਧ 1● ਪੀਰੀਅਡ ਅਧਿਆਪਨ ਦਾ ਕੰਮ ਸੌਂਪ ਸਕਦੀਆਂ ਹਨ।

## ਤਿੰਨ-ਸਾਲਾ ਡਿਗਰੀ ਕੋਰਸ ਲਈ ਨਾਰਮ

ਸੰਬੱਧ ਕਾਲਜਾਂ ਵਿੱਚ ਤਿੰਨ ਸਾਲਾ ਡਿਗਰੀ ਕੋਰਸ ਲਈ ਵਿਦਿਆਰਥੀਆਂ, ਪ੍ਰਯੋਗਸ਼ਾਲਾਵਾਂ, ਲਾਇਬਰੇਰੀ ਲਈ ਜਗ੍ਹਾ ਅਤੇ ਲਾਇਬ੍ਰੇਰੀ ਲਈ ਕਿਤਾਬਾਂ ਆਦਿ ਦੀ ਖ਼ਰੀਦ ਤੇ ਕੀਤੇ ਜਾਣ ਵਾਲੇ ਖ਼ਰਚ ਸੰਬੰਧੀ ਸਿੰਡੀਕੇਟ ਦੁਆਰਾ ਨਿਸਚਿਤ ਕੀਤੇ ਗਏ ਨਾਰਮ।

| | | |
|---|---|---|
| I. | ਜਮਾਤ ਦੇ ਕਮਰੇ ਵਿੱਚ ਜਗ੍ਹਾ : | 1● ਵਰਗ ਫ਼ੁੱਟ ਪ੍ਰਤੀ ਵਿਦਿਆਰਥੀ |
| II. | ਪ੍ਰਯੋਗਸ਼ਾਲਾ ਵਿੱਚ ਜਗ੍ਹਾ : | |
| (i) | ਰਸਾਇਣ ਵਿਗਿਆਨ ਪ੍ਰਯੋਗਸ਼ਾਲਾ | 4● ਵਰਗ ਫ਼ੁੱਟ ਪ੍ਰਤੀ ਵਿਦਿਆਰਥੀ |
| (ii) | ਭੌਤਿਕ ਵਿਗਿਆਨ ਪ੍ਰਯੋਗਸ਼ਾਲਾ | -ਉੱਕਤ- |
| (iii) | ਬਨਸਪਤੀ ਵਿਗਿਆਨ ਪ੍ਰਯੋਗਸ਼ਾਲਾ | -ਉੱਕਤ- |
| (iv) | ਪ੍ਰਾਣੀ ਵਿਗਿਆਨ ਪ੍ਰਯੋਗਸ਼ਾਲਾ | -ਉੱਕਤ- |

ਉਪਰ ਦਿੱਤੀ ਜਗ੍ਹਾ ਵਿੱਚ ਹੇਠਾਂ-ਦਿੱਤੇ ਲਾਜ਼ਮੀ ਸਹਾਇਕ ਕਮਰੇ ਸ਼ਾਮਲ ਨਹੀਂ ਹਨ :

| | | |
|---|---|---|
| ਭੌਤਿਕ ਵਿਗਿਆਨ | : | ਇੱਕ ਡਾਰਕ ਰੂਮ ਅਤੇ ਇੱਕ ਵਰਕਸ਼ਾਪ। |
| ਰਸਾਇਣ ਵਿਗਿਆਨ | : | ਤੋਲ ਲਈ ਕਮਰਾ ਅਤੇ ਤਿਆਰੀ ਲਈ ਕਮਰਾ। |

ਬਨਸਪਤੀ ਵਿਗਿਆਨ : ਤਿਆਰੀ ਲਈ ਕਮਰਾ।

ਪ੍ਰਾਣੀ ਵਿਗਿਆਨ : ਤਿਆਰੀ ਲਈ ਕਮਰਾ।

| | | |
|---|---|---|
| III. ਲਾਇਬ੍ਰੇਰੀ | : ਆਰਟਸ ਅਤੇ ਵਿਗਿਆਨ ਦੇ ਵਿਸ਼ੇ | ਲਾਇਬ੍ਰੇਰੀ ਦੀਆਂ ਕਿਤਾਬਾਂ ਲਈ ਪਹਿਲੇ ਸਾਲ ਲਈ 15,●●●/- ਰੁਪਏ ਅਤੇ ਬਾਅਦ ਦੇ ਹਰ ਸਾਲ 1●●●/- ਰੁਪਏ। |
| | ਕੇਵਲ ਆਰਟਸ ਦੇ ਵਿਸ਼ੇ | ਲਾਇਬ੍ਰੇਰੀ ਦੀਆਂ ਕਿਤਾਬਾਂ ਲਈ ਪਹਿਲੇ ਸਾਲ 1●,●●●/- ਰੁਪਏ ਅਤੇ ਬਾਅਦ ਵਿੱਚ ਹਰ ਸਾਲ 1●●●/-ਰੁਪਏ। |
| | ਕਿਤਾਬਾਂ ਅਤੇ ਰਸਾਲੇ ਆਦਿ | 1/- ਰੁਪਿਆ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ ਖ਼ਰਚ ਕੀਤਾ ਜਾਵੇ। |
| | ਫ਼ਰਨੀਚਰ ਅਤੇ ਮਾਤਹਿਤ ਲਾਇਬ੍ਰੇਰੀ ਅਮਲੇ ਲਈ | ●-5● ਪੈਸੇ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਖ਼ਰਚ ਕੀਤੇ ਜਾਣਗੇ |
| | ਲਾਇਬ੍ਰੇਰੀ ਲਈ ਜਗ੍ਹਾ | ਘੱਟ ਤੋਂ ਘੱਟ ਲੋੜ ਇਸ ਤਰ੍ਹਾਂ ਹੋਵੇਗੀ : 5●'×2●' ਦਾ ਪੂਰੇ ਸਾਜ਼-ਸਾਮਾਨ ਵਾਲਾ ਇੱਕ ਰੀਡਿੰਗ ਰੂਮ। ਰਸਾਲਿਆਂ ਲਈ 3●'×2●' ਦਾ ਇਕ ਕਮਰਾ। ਅਮਲੇ ਲਈ 15'×2●' ਦਾ ਮੁਨਾਸਬ ਤੌਰ ਤੇ ਫ਼ਰਨਿਸ਼ ਹੋਇਆ ਇੱਕ ਅਧਿਐਨ ਕਮਰਾ। |

## ਨਵੇਂ ਕਾਲਜ ਲਈ ਨਿਰੀਖਣ ਰਿਪੋਰਟ ਦਾ ਫ਼ਾਰਮ

1. ਤਜਵੀਜ਼ੇ ਕਾਲਜ ਦਾ ਨਾਂ
2. ਨਿਰੀਖਣ ਕਰਨ ਦੀ ਤਰੀਕ
3. (i) ਉਹ ਫ਼ੈਕਲਟੀਆਂ ਜਿਨ੍ਹਾਂ ਲਈ ਸੰਬੱਧਤਾ ਮੰਗੀ ਗਈ ਹੈ।
   (i) ਜਮਾਤਾਂ ਜਿਨ੍ਹਾਂ ਲਈ ਸੰਬੱਧਤਾ ਮੰਗੀ ਗਈ ਹੈ।
   (iii) ਵਿਸ਼ੇ ਜਿਨ੍ਹਾਂ ਲਈ ਸਬੱਧਤਾ ਮੰਗੀ ਗਈ ਹੈ।
   (iv) ਸੈਸ਼ਨ/ਸਾਲ ਜਿਸ ਤੋਂ ਸੰਬੱਧਤਾ ਮੰਗੀ ਗਈ ਹੈ।
4. ਮੈਨੇਜਮੈਂਟ :
   (i) ਕੀ ਪ੍ਰਬੰਧਕ ਕਮੇਟੀ ਰਜਿਸਟਰਡ ਹੈ ?
   (ii) (ੳ) ਪ੍ਰਬੰਧਕ ਬੌਡੀ ਦੇ ਮੈਬਰਾਂ ਦੀ ਸੂਚੀ (ਅ) ਸੰਵਿਧਾਨ ਦੀ ਇੱਕ ਕਾਪੀ, ਅਤੇ
   (ੲ) ਰਜਿਸਟ੍ਰੇਸ਼ਨ ਦੇ ਦਸਤਾਵੇਜ਼ ਦੀ ਇੱਕ ਨਕਲ ਨਾਲ ਲਾਈ ਜਾਵੇ।
   (iii) ਕੀ ਪ੍ਰਿੰਸੀਪਲ ਅਹੁਦੇ-ਕਾਰਨ ਪ੍ਰਬੰਧਕ ਕਮੇਟੀ ਦਾ ਮੈਂਬਰ ਹੈ ?
5. ਸੇਵਾਵਾਂ ਦੀ ਅਉਧ-ਕਾਲ ਅਤੇ ਗ੍ਰੇਡ :
   (i) 'ੳ' ਕੀ ਕੋਈ ਸੇਵਾ ਦੇ ਨਿਯਮ ਹਨ ? (ਇੱਕ ਨਕਲ ਨਾਲ ਲਾਈ ਜਾਵੇ)।
   'ਅ' ਕੀ ਸੇਵਾ ਦੀ ਅਉਧ ਬਾਰੇ ਸੁਰੱਖਿਅਤਾ ਬਾਰੇ ਕੋਈ ਨਿਯਮ ਹਨ ? ਅਮਲੇ ਨੂੰ ਮਨਮਰਜ਼ੀ ਨਾਲ ਬਰਖ਼ਾਸਤ ਕਰ ਦੇਣ ਵਿਰੁੱਧ ਅਤੇ ਪ੍ਰਬੰਧਕ ਕਮੇਟੀ ਦੁਆਰਾ ਸਟਾਫ਼ ਨੂੰ ਤੰਗ ਕਰਨ ਜਾਂ ਉਨ੍ਹਾਂ ਨਾਲ ਵਧੀਕੀ ਕਰਨ ਵਿਰੁੱਧ ਬਚਾਉਣ ਲਈ ਕੋਈ ਉਪਬੰਧ।
   (ii) ਕੀ ਸੇਵਾ ਦੇ ਨਿਯਮ ਵਾਜਬ ਹਨ?
   (iii) ਤਜਵੀਜ਼ੇ ਵੇਤਨ-ਸਕੇਲ ਅਤੇ ਗ੍ਰੇਡ ਕੀ ਹਨ ? ਕੀ ਤੁਸੀਂ ਉਨ੍ਹਾਂ ਨੂੰ ਲੋੜ ਅਨੁਸਾਰ ਕਾਫ਼ੀ ਸਮਝਦੇ ਹੋ ?
   (iv) ਕੀ ਕੋਈ ਮਹਿੰਗਾਈ ਭੱਤਾ ਦਿੱਤਾ ਜਾਂਦਾ ਹੈ ? ਉਸ ਦਾ ਕੀ ਪੈਮਾਨਾ ਹੈ ?
   (v) ਕੀ ਕੋਈ ਪ੍ਰਾਵੀਡੈਂਟ ਫ਼ੰਡ ਸਕੀਮ ਹੈ ? ਉਸ ਦੀ ਦਰ ਕੀ ਹੈ ?
   (vi) ਕੀ ਪ੍ਰਾਵੀਡੈਂਟ ਫ਼ੰਡ ਰਜਿਸਟਰਡ ਹੈ ?
6. ਵਿੱਤੀ ਸਾਧਨ :
   (i) ਕੀ ਕਾਲਜ ਕੋਲ ਇੰਡੋਮੈਂਟ ਫ਼ੰਡ ਲਈ ਲੋੜੀਂਦੀ ਰਕਮ ਹੈ ? ਕਿਰਪਾ ਕਰ ਕੇ ਮਿਆਦੀ ਜਮ੍ਹਾਂ ਰਸੀਦਾਂ ਦੇ ਨੰਬਰ ਅਤੇ ਰਕਮਾਂ ਅਤੇ ਬੈਂਕ ਦਾ ਨਾਂ ਦੱਸਿਆ ਜਾਵੇ।
   (ii) ਕੀ ਰਸੀਦ ਰਜਿਸਟਰਾਰ ਅਤੇ ਕਾਲਜ ਦੇ ਪ੍ਰਧਾਨ/ਸਕੱਤਰ ਦੇ ਸਾਂਝੇ ਨਾਂ ਤੇ ਹੈ ?
   (iii) ਕਾਲਜ ਦੀ ਆਮਦਨ ਦੇ ਕੀ ਸਾਧਨ ਹਨ ?

(ੳ) ਪੂੰਜੀ ਵਜੋਂ ਲਾਈਆਂ ਰਕਮਾਂ ਅਤੇ ਸੰਪਤੀ ਤੋਂ ਆਮਦਨ।

(ਅ) ਨਿਯਤ ਦਾਨ ਤੋਂ ਆਮਦਨ।

(ੲ) ਫ਼ੀਸਾਂ ਤੋਂ ਹੋਣ ਵਾਲੀ ਆਸ ਕੀਤੀ ਜਾਂਦੀ ਸਾਲਾਨਾ ਆਮਦਨ। ਇਸ ਦਾ ਹਿਸਾਬ ਕਿਸ ਤਰ੍ਹਾਂ ਲਾਇਆ ਗਿਆ ਹੈ ?

(ਸ) ਕੋਈ ਹੋਰ ਸਾਧਨ।

(iv) ਕਾਲਜ ਦਾ ਕੁੱਲ ਸਾਲਾਨਾ ਖ਼ਰਚ।

(v) ਕੀ ਆਮਦਨ ਅਤੇ ਖਰਚ ਸੰਤੁਲਿਤ ਹਨ ? ਜੇ ਨਹੀਂ ਤਾਂ ਇਨ੍ਹਾਂ ਨੂੰ ਸੰਤੁਲਿਤ ਕਰਨ ਲਈ ਉਨ੍ਹਾਂ ਦੀ ਕੀ ਤਜਵੀਜ਼ ਹੈ ?

7. (ੳ) ਕਾਲਜ ਕਿਰਾਏ ਦੀਆਂ ਇਮਾਰਤਾਂ ਵਿੱਚ/ਕਿਰਾਏ ਦੀ ਜ਼ਮੀਨ ਉੱਤੇ ਨਹੀਂ ਖੋਲ੍ਹੇ ਜਾਣੇ ਚਾਹੀਦੇ ਅਤੇ ਉਨ੍ਹਾਂ ਦੀ ਆਪਣੀ ਜ਼ਮੀਨ/ਇਮਾਰਤ ਹੋਣੀ ਚਾਹੀਦੀ ਹੈ।

(ਅ) ਇਮਾਰਤ : (ਯੋਗਤਾ-ਪ੍ਰਾਪਤ ਇੰਜੀਨੀਅਰ ਦੁਆਰਾ ਯਥਾਯੋਗ ਤਸਦੀਕਿਆ ਨਕਸ਼ਾ ਨਾਲ ਲਾਇਆ ਜਾਵੇ) :

(i) ਕੀ ਕਾਲਜ ਮੈਨੇਜਮੈਂਟ ਕੋਲ ਆਪਣੀ ਇਮਾਰਤ ਹੈ ?

(ii) ਕੀ ਇਮਾਰਤ ਢੁਕਵੀਂ ਹੈ ?

(iii) ਕੀ ਇਮਾਰਤਾਂ ਲੰਮੀ ਮਿਆਦ ਦੇ ਪੱਟੇ ਉੱਪਰ ਲਈਆਂ ਹੋਈਆਂ ਹਨ ? ਜੇ ਹਾਂ, ਤਾਂ ਪੱਟੇ ਦੀ ਇੱਕ ਨਕਲ ਨਾਲ ਲਾਈ ਜਾਵੇ।

(iv) ਕੀ ਲੈਕਚਰ ਕਮਰੇ ਖੁਲ੍ਹੇ ਅਤੇ ਹਵਾਦਾਰ ਹਨ ? ਕੀ ਸਫ਼ਾਈ ਆਦਿ ਦੇ ਪ੍ਰਬੰਧ ਤਸੱਲੀਬਖਸ਼ ਹਨ ?

(v) ਕੀ ਸਾਰੇ ਕਾਲਜ ਦੀਆਂ ਇਕੱਤਰਤਾਵਾਂ ਕਰਨ ਲਈ ਕੋਈ ਹਾਲ ਕਮਰਾ ਜਾਂ ਵੱਡਾ ਕਮਰਾ ਹੈ ?

(vi) ਇੱਕੋ ਸਮੇਂ ਵੱਧ ਤੋਂ ਵੱਧ ਕਿੰਨੀਆਂ ਜਮਾਤਾਂ ਲਗਦੀਆਂ ਹਨ ? ਇੱਕ ਸੈਕਸ਼ਨ ਵਿੱਚ ਵੱਧ ਤੋਂ ਵੱਧ ਨਫ਼ਰੀ ਕਿਤਨੀ ਹੈ ?

(vii) ਕੀ ਆਲਾ-ਦੁਆਲਾ ਤਸੱਲੀ-ਬਖ਼ਸ਼ ਹੈ ?

(viii) ਕੀ ਇਮਾਰਤਾਂ ਵਿੱਚ ਬਿਜਲੀ ਲੱਗੀ ਹੋਈ ਹੈ ?

(ix) ਕੀ ਪ੍ਰਿੰਸੀਪਲ ਨੂੰ ਕਾਲਜ ਦੇ ਨੇੜੇ ਹੀ ਰਿਹਾਇਸ਼ੀ ਕੁਆਰਟਰ ਦਿੱਤਾ ਗਿਆ ਹੈ ?

8. ਹੋਸਟਲ :

(i) ਵਿਦਿਆਰਥੀਆਂ ਦੀ ਰਿਹਾਇਸ਼ ਲਈ ਕੀ ਪ੍ਰਬੰਧ ਕੀਤਾ ਗਿਆ ਹੈ ?

(ii) ਵੱਧ ਤੋਂ ਵੱਧ ਕਿੰਨੇ ਬੋਰਡਰਜ਼ ਨੂੰ ਹੋਸਟਲ ਵਿੱਚ ਥਾਂ ਦਿੱਤੀ ਜਾ ਸਕਦੀ ਹੈ ?

(iii) ਦਿਨ ਲਈ ਵਿਦਿਆਰਥੀਆਂ ਦੀ ਗਿਣਤੀ ਕਿਤਨੀ ਹੈ ?

(iv) ਕੀ ਪੂਰੇ ਸਾਜ਼-ਸਾਮਾਨ ਵਾਲਾ ਕੋਈ ਕਾਮਨ-ਰੂਮ ਹੈ ਜਿਸ ਵਿੱਚ ਇਨਡੋਰ ਗੇਮਾਂ ਦਾ ਪ੍ਰਬੰਧ ਹੋਵੇ ਅਤੇ ਜਿਸ ਲਈ ਰਸਾਲੇ ਆਦਿ ਚੰਦੇ ਤੋਂ ਆਉਂਦੇ ਹੋਣ ?

(v) ਡਾਕਟਰੀ ਸਹਾਇਤਾ ਲਈ ਕੀ ਪ੍ਰਬੰਧ ਹੈ ?

(vi) ਕੀ ਸਫ਼ਾਈ ਦੀਆਂ ਹਾਲਤਾਂ ਤਸੱਲੀਬਖਸ਼ ਹਨ ?

(vii) ਸੁਪਰਡੈਂਟ ਜਾਂ ਵਾਰਡਨ ਦੀਆਂ ਕੀ ਯੋਗਤਾਵਾਂ ਹਨ ? ਕੀ ਉਹ ਹੋਸਟਲ ਦੇ ਨੇੜੇ ਹੀ ਰਹਿੰਦਾ ਹੈ ?

9. ਖੇਡਾਂ ਦੇ ਮੈਦਾਨ :

(i) ਕਾਲਜ ਨੇ ਕਿਹੜੀਆਂ ਖੇਡਾਂ ਲਈ ਪ੍ਰਬੰਧ ਕੀਤਾ ਹੋਇਆ ਹੈ ?

(ii) ਕੀ ਇਸ ਪ੍ਰਯੋਜਨ ਲਈ ਕਾਲਜ ਦੇ ਖੇਡ-ਮੈਦਾਨ ਹਨ ?

(iii) ਕੀ ਖੇਡ-ਮੈਦਾਨ ਕਾਲਜ ਅਤੇ ਹੋਸਟਲ ਦੇ ਨੇੜੇ ਹਨ ?

(iv) ਡਾਇਰੈਕਟਰ, ਸਰੀਰਕ ਸਿੱਖਿਆ ਦਾ ਨਾਂ ਅਤੇ ਉਸ ਦੀਆਂ ਯੋਗਤਾਵਾਂ।

(v) ਵਿਦਿਆਰਥੀਆਂ ਦੇ ਸਰੀਰਕ-ਡਾਕਟਰੀ ਮੁਆਇਨੇ ਲਈ ਕੀ ਪ੍ਰਬੰਧ ਹੈ ?

(vi) ਕੀ ਉਨ੍ਹਾਂ ਨੇ ਜਿਮਨੇਜ਼ੀਅਮ ਬਣਾਇਆ ਹੋਇਆ ਹੈ ਅਤੇ ਐਥਲੈਟਿਕਸ ਲਈ ਪ੍ਰਬੰਧ ਕੀਤੇ ਹੋਏ ਹਨ ?

10. ਲਾਇਬ੍ਰੇਰੀ :

(i) ਹਵਾਲਾ-ਪੁਸਤਕਾਂ ਸਮੇਤ ਲਾਇਬ੍ਰੇਰੀ ਦੀਆਂ ਕਿਤਾਬਾਂ ਤੇ ਕਿਤਨੀ ਰਕਮ ਲਾਉਣ ਦੀ ਉਨ੍ਹਾਂ ਦੀ ਤਜਵੀਜ਼ ਹੈ ?

(ii) ਕਿਹੜੇ ਰਸਾਲੇ ਅਤੇ ਅਖ਼ਬਾਰਾਂ ਲੈਣ ਦੀ ਉਨ੍ਹਾਂ ਦੀ ਤਜਵੀਜ਼ ਹੈ ?

(iii) ਲਾਇਬ੍ਰੇਰੀਅਨ ਦਾ ਨਾਂ ਅਤੇ ਯੋਗਤਾਵਾਂ।

(iv) ਰੀਡਿੰਗ ਰੂਮ ਵਿੱਚ ਕਿਤਨੇ ਵਿਦਿਆਰਥੀ ਪੜ੍ਹ ਸਕਦੇ ਹਨ ? ਕੀ ਉਹ ਉਚਿੱਤ ਰੂਪ ਵਿੱਚ ਫ਼ਰਨਿਸ਼ਡ ਹੈ ?

11. ਫ਼ਰਨੀਚਰ ਅਤੇ ਸਾਜ਼ ਸਾਮਾਨ :

(i) ਉਹ ਕਾਲਜ ਦੇ ਫ਼ਰਨੀਚਰ ਤੇ ਪਹਿਲੇ ਸਾਲ ਕਿਤਨੀ ਰਕਮ ਖ਼ਰਚ ਕਰਨਾ ਤਜਵੀਜ਼ਦੇ ਹਨ ?

(ii) ਕੀ ਉਚਿੱਤ ਸਾਜ਼-ਸਾਮਾਨ ਵਾਲਾ ਸਟਾਫ਼-ਰੂਮ ਹੈ

12. ਪ੍ਰਯੋਗਸ਼ਾਲਾਵਾਂ :

(i) ਵਿਗਿਆਨ ਦੇ ਜਿਨ੍ਹਾਂ ਵਿਸਿਆਂ ਲਈ ਦਰਖ਼ਾਸਤ ਦਿੱਤੀ ਗਈ ਹੈ ਉਨ੍ਹਾਂ ਵਿੱਚੋਂ ਹਰ ਇੱਕ ਲਈ ਪ੍ਰਯੋਗਸ਼ਾਲਾ ਵਿੱਚ ਕਿੰਨੀ ਥਾਂ ਹੈ ?

(ii) ਕੀ ਪ੍ਰਯੋਗਸ਼ਾਲਾਵਾਂ ਵਿੱਚ ਪੂਰਾ ਸਾਜ਼-ਸਾਮਾਨ ਹੈ ?

(iii) ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਦੇ ਅਪਰੇਟਸ ਲਈ ਕਿਤਨੇ ਧਨ ਦਾ ਉਪਬੰਧ ਕੀਤਾ ਗਿਆ ਹੈ ?

13. ਅਮਲਾ :

(i) ਕਿਰਪਾ ਕਰਕੇ (ੳ) ਅਮਲੇ ਦੀ ਇੱਕ ਸੂਚੀ, ਜੇ ਨਿਯੁਕਤ ਕੀਤਾ ਜਾ ਚੁੱਕਾ ਹੋਵੇ, ਅਤੇ (ਅ) ਉਸ ਅਮਲੇ ਦੀ ਇੱਕ ਸੂਚੀ ਜੋ ਉਹ ਨਿਯੁਕਤ ਕਰਨਾ ਚਾਹੁੰਦੇ ਹਨ, ਨਾਲ ਨੱਥੀ ਕੀਤੀ ਜਾਵੇ।

(ii) ਕੀ ਸਟਾਫ਼ ਯੋਗ ਅਤੇ ਲੋੜ ਅਨੁਸਾਰ ਕਾਫ਼ੀ ਹੈ ?

14. ਟਿਊਸ਼ਨ ਫ਼ੀਸ :

(i) ਕਾਲਜ ਵੱਲੋਂ ਨਿਯਤ ਕੀਤੀ ਟਿਊਸ਼ਨ ਫ਼ੀਸ ਦਾ ਕੀ ਸਕੇਲ ਹੈ ?

(ii) ਕਾਲਜ ਵੱਲੋਂ ਗੇਮਾਂ ਅਤੇ ਯੂਨੀਅਨ ਫ਼ੰਡ ਲਈ ਕਿੰਨੀ ਫ਼ੀਸ ਮੁਕੱਰਰ ਕੀਤੀ ਗਈ ਹੈ ?

15. ਕੀ ਕਮੇਟੀ ਸੰਬੱਧ ਕਰਨ ਦੀ ਸਿਫ਼ਾਰਸ਼ ਕਰਦੀ ਹੈ ? ਜੇ ਕਰਦੀ ਹੈ, ਤਾਂ ਵੱਧ ਤੋਂ ਵੱਧ ਕਿਤਨੇ ਵਿਦਿਆਰਥੀਆਂ ਲਈ ਸੰਬੱਧਤਾ ਦਿੱਤੀ ਜਾਵੇ ?

16. ਸਿਫ਼ਾਰਸ਼ਾਂ ਦਾ ਸਾਰ।

ਕਮੇਟੀ ਦੇ ਮੈਂਬਰਾਂ ਦੇ ਦਸਖ਼ਤ

(1) ..................................

ਤਰੀਕ : (2) ..................................

## ਸੰਬੱਧਤਾ ਦਾ ਵਿਗਿਆਨ ਦੇ ਵਿਸ਼ਿਆਂ ਲਈ ਵਿਸਤਾਰ ਕਰਨ ਲਈ ਕਾਲਜ ਦੇ ਨਿਰੀਖਣ ਦੀ ਰਿਪੋਰਟ ਦਾ ਫ਼ਾਰਮ

1. ਕਾਲਜ ਦਾ ਨਾਂ
2. ਨਿਰੀਖਣ ਦੀ ਤਰੀਕ
3. ਕਾਲਜ ਦਾ ਨਿਰੀਖਣ ਕਰਨ ਵਾਲੇ ਨਿਰੀਖਕਾਂ ਦੇ ਨਾਮ :
   (i)
   (ii)
   (iii)
   (iv)
4. *ਇੰਡੋਮੈਂਟ ਫੰਡ :
   (i) ਕੀ ਸੰਬੱਧਤਾ ਦੇ ਵਿਸਤਾਰ ਲਈ ਕਾਲਜ ਕੋਲ ਇੰਡੋਮੈਂਟ ਫ਼ੰਡ ਦੀ ਲੋੜੀਂਦੀ ਰਕਮ ਹੈ ?
   (ii) ਕੀ ਇਹ ਇੰਡੋਮੈਂਟ ਫ਼ੰਡ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਅਤੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ/ਸਕੱਤਰ ਦੇ ਸਾਂਝੇ ਨਾਂ ਤੇ ਹੈ ?

---

* ਇੱਕ ਵਖਰਾ ਇਡੋਮੈਂਟ ਫ਼ੰਡ ਹੋਵੇਗਾ ਜੋ ਉਦੋਂ ਤਕ ਮੁੱਤਕਿਲ ਨਹੀਂ ਕੀਤਾ ਜਾ ਸਕਦਾ ਜਦ ਤੱਕ ਕਾਲਜ ਕਾਇਮ ਰਹੇ। ਪੰਜਾਬੀ ਯੂਨੀਵਰਸਿਟੀ ਨਾਲ ਸੰਬੱਧਤਾ ਦੇ ਚਾਹਵਾਨ ਕਾਲਜਾਂ ਦੁਆਰਾ ਲੋੜੀਂਦੇ ਇੰਡੋਮੈਂਟ ਫ਼ੰਡ ਦੀ ਰਕਮ ਨਿਮਨ ਅਨੁਸਾਰ ਹੋਵੇਗੀ :-

1. ਆਰਟਸ/ਸਾਇੰਸ/ਵਣਜ ਆਦਿ (ਲੜਕਿਆਂ ਲਈ) — 1● ਲੱਖ ਰੁਪਏ
2. ਆਰਟਸ/ਸਾਇੰਸ/ਵਣਜ ਆਦਿ (ਲੜਕੀਆਂ ਲਈ) — 5 ਲੱਖ ਰੁਪਏ
3. ਸਰੀਰਕ ਸਿੱਖਿਆ ਕਾਲਜ
   (i) 5● ਵਿਦਿਆਰਥੀਆਂ ਦੀ ਇਕ ਯੂਨਿਟ ਲਈ — 3 ਲੱਖ ਰੁਪਏ
   (ii) 5● ਵਿਦਿਆਰਥੀਆਂ ਪ੍ਰਤੀ ਯੂਨਿਟ ਦੀਆਂ ਦੋ ਯੂਨਿਟਾਂ ਲਈ — 4 ਲਖ ਰੁਪਏ
   (iii) 5● ਵਿਦਿਆਰਥੀਆਂ ਪ੍ਰਤੀ ਯੂਨਿਟ ਦੀਆਂ ਤਿੰਨ ਯੂਨਿਟਾਂ ਲਈ — 5 ਲੱਖ ਰੁਪਏ
   (iv) 5● ਵਿਦਿਆਰਥੀਆਂ ਪ੍ਰਤੀ ਯੂਨਿਟ ਦੀਆਂ ਚਾਰ ਯੂਨਿਟਾਂ ਲਈ — 5.5● ਲੱਖ ਰੁਪਏ
   (v) ਸਰੀਰਕ ਸਿੱਖਿਆ ਵਿਚ ਡਿਪਲੋਮਾ ਸ਼ੁਰੂ ਕਰਨ ਲਈ — ਇੱਕ ਲੱਖ ਰੁਪਏ
4. ਗਰੰਟੀ ਕੀਤੀ ਸਾਲਾਨਾ ਆਮਦਨ
   1. ਲੜਕਿਆਂ ਲਈ ਆਰਟਸ ਕਾਲਜ — 5●,●●●/-
   2. ਸਾਇੰਸ ਕਾਲਜ — 75,●●●/-
   3. ਮਹਿਲਾ ਕਾਲਜ (ਕੇਵਲ ਆਰਟਸ ਦੇ ਵਿਸ਼ੇ ਪੜ੍ਹਾਉਣ ਲਈ) — 5●,●●●/-
   4. ਮਹਿਲਾ ਕਾਲਜ (ਆਰਟਸ ਅਤੇ ਸਾਇੰਸ ਵਿਸ਼ੇ) — 5●,●●●/-

5. ਮੈਨੇਜਮੈਂਟ

ਕੀ ਕਾਲਜ ਦੀ ਪ੍ਰਬੰਧਕ ਬੌਡੀ ਰਜਿਸਟਰਡ ਹੈ ? ਉਸ ਦੇ ਸੰਵਿਧਾਨ ਦੀ ਪ੍ਰਮਾਣਿਤ ਨਕਲ ਲੈ ਕੇ ਨਾਲ ਲਾਈ ਜਾਵੇ।

6. ਕਿੰਨ੍ਹਾਂ ਕਿੰਨ੍ਹਾਂ ਕੋਰਸਾਂ ਲਈ ਕਾਲਜ ਪਹਿਲਾਂ ਹੀ ਸੰਬੱਧ ਹੈ

ਆਰਟਸ........................

ਵਿਗਿਆਨ.......................

7. (i) ਵਿਗਿਆਨ ਦੇ ਕਿਨ੍ਹਾਂ ਵਿਸ਼ਿਆਂ/ਕੋਰਸਾਂ ਲਈ ਸੰਬੱਧਤਾ ਦੇ ਵਿਸਤਾਰ ਲਈ ਮੰਗ ਕੀਤੀ ਗਈ ਹੈ ?

(ii) ਸੈਸ਼ਨ/ਸਾਲ ਜਿਸ ਤੋਂ ਸੰਬੱਧਤਾ ਮੰਗੀ ਗਈ ਹੈ।

8. ਕਾਲਜ ਵਿੱਚ ਵਿਗਿਆਨ ਦੇ ਵਿਸ਼ਿਆਂ ਵਿੱਚ ਦਾਖ਼ਲਾ :

ਤਿੰਨ-ਸਾਲਾ ਬੀ.ਐਸ-ਸੀ. ਕੋਰਸ (ੳ) ਭੌਤਿਕ ਵਿਗਿਆਨ

(ਅ) ਰਸਾਇਣ ਵਿਗਿਆਨ

(ੲ) ਬਨਸਪਤੀ ਵਿਗਿਆਨ

(ਸ) ਪ੍ਰਾਣੀ ਵਿਗਿਆਨ

(ਹ) ਭੂ-ਗਰਭ ਵਿਗਿਆਨ

9. ਪ੍ਰਯੋਗਸ਼ਾਲਾਵਾਂ

(i) ਕੀ ਕਾਲਜ ਦੀਆਂ ਵਿਗਿਆਨ ਦੇ ਵਿਸ਼ਿਆਂ ਲਈ ਪ੍ਰਯੋਗਸ਼ਾਲਾਵਾਂ ਵਿੱਚ ਪੂਰਾ ਸਾਜ਼-ਸਾਮਾਨ ਹੈ ?

(ii) ਕੀ ਲੈਕਚਰ ਕਮਰੇ ਖੁਲ੍ਹੇ ਅਤੇ ਚੰਗੇ ਹਵਾਦਾਰ ਹਨ ? ਕੀ ਸਫ਼ਾਈ ਦੀ ਹਾਲਤ ਤਸੱਲੀਬਖ਼ਸ਼ ਹੈ ?

(iii) ਕੀ ਕਾਲਜ ਦਾ ਗੈਸ ਪਲਾਂਟ ਹੈ ? ਜੇ ਹੈ, ਤਾਂ ਕੀ ਉਹ ਵਿਗਿਆਨ ਦੇ ਵਿਸ਼ਿਆਂ ਵਿੱਚ ਪ੍ਰੈਕਟੀਕਲਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ ?

(iv) ਕੀ ਪਾਣੀ ਸਪਲਾਈ ਲਈ ਕਾਫ਼ੀ ਪ੍ਰਬੰਧ ਹੈ ?

(v) ਕੀ ਕਾਲਜ ਕੋਲ ਬੀ.ਐਸ-ਸੀ. ਜਮਾਤਾਂ ਲਈ ਆਪਣਾ ਡਿਸਟਿੱਲਿੰਗ ਪਲਾਂਟ ਹੈ ?

(vi) ਕੀ ਇਮਾਰਤਾਂ ਵਿੱਚ ਬਿਜਲੀ ਲੱਗੀ ਹੋਈ ਹੈ ?

(vii) ਕੀ ਕਾਲਜ ਕੋਲ ਲੋੜ ਅਨੁਸਾਰ ਪੂਰਾ ਅਤੇ ਮੁਨਾਸਬ ਫ਼ਰਨੀਚਰ ਹੈ ?

(viii) ਸਿੰਡੀਕੇਟ ਦੁਆਰਾ ਨਿਸ਼ਚਿਤ ਕੀਤੇ ਗਏ ਨਾਰਮ ਅਨੁਸਾਰ ਮੌਜੂਦਾ ਪ੍ਰਯੋਗਸ਼ਾਲਾਵਾਂ ਅਤੇ ਲੋੜੀਂਦੀਆਂ ਅਤਿਰਿਕਤ ਪ੍ਰਯੋਗਸ਼ਾਲਾਵਾਂ ਦੀ ਪੈਮਾਇਸ਼।

ਮੌਜੂਦਾ/ਹੋਰ ਤਜਵੀਜ਼ਤ

(ੳ) ਭੌਤਿਕ ਵਿਗਿਆਨ (i) ਜੂਨੀਅਰ ਪ੍ਰਯੋਗਸ਼ਾਲਾ

(ii) ਸੀਨੀਅਰ ਪ੍ਰਯੋਗਸ਼ਾਲਾ

(iii) ਵਰਕਸ਼ਾਪ

(iv) ਡਾਰਕ ਰੂਮ

(v) ਸਟੋਰ ਰੂਮ

(ਅ) ਰਸਾਇਣ ਵਿਗਿਆਨ

(i) ਜੂਨੀਅਰ ਪ੍ਰਯੋਗਸ਼ਾਲਾ

(ii) ਸੀਨੀਅਰ ਪ੍ਰਯੋਗਸ਼ਾਲਾ

(iii) ਬੈਲੈਂਸ ਰੂਮ

(iv) ਤਿਆਰੀ ਕਮਰਾ

(v) ਸਟੋਰ ਰੂਮ

(ੲ) ਬਨਸਪਤੀ ਵਿਗਿਆਨ

(i) ਜੂਨੀਅਰ ਪ੍ਰਯੋਗਸ਼ਾਲਾ

(ii) ਸੀਨੀਅਰ ਪ੍ਰਯੋਗਸ਼ਾਲਾ

(iii) ਮਿਊਜ਼ੀਅਮ

(iv) ਤਿਆਰੀ ਕਮਰਾ

(v) ਸਟੋਰ ਰੂਮ

(vi) ਬੋਟੈਨੀਕਲ ਗਾਰਡਨ

(ਸ) ਪ੍ਰਾਣੀ ਵਿਗਿਆਨ

(i) ਜੂਨੀਅਰ ਪ੍ਰਯੋਗਸ਼ਾਲਾ

(ii) ਸੀਨੀਅਰ ਪ੍ਰਯੋਗਸ਼ਾਲਾ

(iii) ਮਿਊਜ਼ੀਅਮ

(iv) ਤਿਆਰੀ ਕਮਰਾ

(v) ਸਟੋਰ ਰੂਮ

(ਹ) ਭੂ-ਗਰਭ ਵਿਗਿਆਨ

(i) ਜੂਨੀਅਰ ਪ੍ਰਯੋਗਸ਼ਾਲਾ

(ii) ਸੀਨੀਅਰ ਪ੍ਰਯੋਗਸ਼ਾਲਾ

(iii) ਮਿਊਜ਼ੀਅਮ

(iv) ਤਿਆਰੀ ਕਮਰਾ

(v) ਸਟੋਰ ਰੂਮ

(ਪ੍ਰਯੋਗਸ਼ਾਲਾਵਾਂ ਅਤੇ ਲੈਕਚਰ ਕਮਰਿਆਂ ਦੀਆਂ ਇਮਾਰਤਾਂ ਦੇ ਨਕਸ਼ੇ ਲੈ ਕੇ ਨਾਲ ਲਾਏ ਜਾਣ)।

10. ਸਾਜ਼-ਸਾਮਾਨ

(i) ਕੀ ਕਾਲਜ ਨੇ ਯੂਨੀਵਰਸਿਟੀ ਸਾਲ ਸਾਲ ਸਾਲ
ਦੁਆਰਾ ਪਰਵਾਨਤ ਸੂਚੀਆਂ
ਅਨੁਸਾਰ ਵਿਗਿਆਨ ਦੇ
ਵਿਸ਼ਿਆਂ ਲਈ
ਅਪਰੇਟਸ ਅਤੇ ਕੈਮੀਕਲ
ਆਦਿ ਖ਼ਰੀਦ ਲਏ ਹਨ ?

(ii) ਪਿਛਲੇ ਤਿੰਨ ਸਾਲਾਂ ਵਿੱਚ ਭੌਤਿਕ ਵਿਗਿਆਨ ਰੁਪਏ
ਵਿਗਿਆਨ ਦੇ ਵੱਖ-ਵੱਖ ਰਸਾਇਣ ਵਿਗਿਆਨ ਰੁਪਏ
ਵਿਸ਼ਿਆਂ ਲਈ ਅਪਰੇਟਸ ਬਨਸਪਤੀ ਵਿਗਿਆਨ ਰੁਪਏ
ਦੀ ਖ਼ਰੀਦ ਤੇ ਕਿੰਨਾਂ ਕਿੰਨਾਂ ਪ੍ਰਾਣੀ ਵਿਗਿਆਨ ਰੁਪਏ
ਰੁਪਿਆ ਖ਼ਰਚ ਕੀਤਾ ਭੂ-ਗਰਭ ਵਿਗਿਆਨ ਰੁਪਏ
ਗਿਆ ਹੈ ?

(iii) ਵਿਗਿਆਨ ਦੇ ਵੱਖ-ਵੱਖ ਭੌਤਿਕ ਵਿਗਿਆਨ ਰੁਪਏ
ਵਿਸ਼ਿਆਂ ਲਈ ਅਪਰੇਟਸ ਰਸਾਇਣ ਵਿਗਿਆਨ ਰੁਪਏ
ਤੇ ਹੋਰ ਕਿਤਨਾ ਬਨਸਪਤੀ ਵਿਗਿਆਨ ਰੁਪਏ
ਰੁਪਿਆ ਕਾਲਜ ਨੂੰ ਪ੍ਰਾਣੀ ਵਿਗਿਆਨ ਰੁਪਏ
ਖ਼ਰਚ ਕਰਨਾ ਭੂ-ਗਰਭ ਵਿਗਿਆਨ ਰੁਪਏ
ਲੋੜੀਦਾ ਹੈ।

11. ਲਾਇਬ੍ਰੇਰੀ

(i) ਕੀ ਕਾਲਜ ਨੇ ਵਿਗਿਆਨ
ਦੇ ਵਿਸ਼ਿਆਂ ਵਿੱਚ
ਮਿਆਰੀ ਸੂਚੀਆਂ ਅਨੁਸਾਰ
ਲਾਇਬ੍ਰੇਰੀ ਕਿਤਾਬਾਂ
ਖ਼ਰੀਦ ਲਈਆਂ ਹਨ ?

(ii) ਇਸ ਸਮੇਂ ਕਾਲਜ ਦੀ ਭੌਤਿਕ ਵਿਗਿਆਨ
ਲਾਇਬ੍ਰੇਰੀ ਵਿੱਚ ਕਿੰਨੀਆਂ ਰਸਾਇਣ ਵਿਗਿਆਨ
ਕਿੰਨੀਆਂ ਕਿਤਾਬਾਂ ਹਨ ? ਬਨਸਪਤੀ ਵਿਗਿਆਨ
ਪ੍ਰਾਣੀ ਵਿਗਿਆਨ
ਭੂ-ਗਰਭ ਵਿਗਿਆਨ

(iii) ਵਿਗਿਆਨ ਦੀਆਂ ਕਿਤਾਬਾਂ ਭੌਤਿਕ ਵਿਗਿਆਨ ਰੁਪਏ
ਖ਼ਰੀਦਣ ਤੇ ਕਿੰਨਾ ਰੁਪਿਆ ਰਸਾਇਣ ਵਿਗਿਆਨ ਰੁਪਏ
ਖ਼ਰਚ ਕੀਤਾ ਗਿਆ ਹੈ ? ਬਨਸਪਤੀ ਵਿਗਿਆਨ ਰੁਪਏ
ਪ੍ਰਾਣੀ ਵਿਗਿਆਨ ਰੁਪਏ
ਭੂ-ਗਰਭ ਵਿਗਿਆਨ ਰੁਪਏ

(iv) ਕਾਲਜ ਨੂੰ ਵਿਗਿਆਨ ਦੇ ਭੌਤਿਕ ਵਿਗਿਆਨ ਰੁਪਏ
ਵਿਸ਼ਿਆਂ ਲਈ ਲਾਇਬ੍ਰੇਰੀ ਰਸਾਇਣ ਵਿਗਿਆਨ ਰੁਪਏ
ਦੀਆਂ ਹੋਰ ਕਿਤਾਬਾਂ ਬਨਸਪਤੀ ਵਿਗਿਆਨ ਰੁਪਏ
ਖ਼ਰੀਦਣ ਲਈ ਹੋਰ ਪ੍ਰਾਣੀ ਵਿਗਿਆਨ ਰੁਪਏ
ਕਿਤਨਾ ਰੁਪਿਆ ਖ਼ਰਚ ਭੂ-ਗਰਭ ਵਿਗਿਆਨ ਰੁਪਏ
ਕਰਨ ਦੀ ਲੋੜ ਹੈ ?

12. ਅਮਲਾ

(i) ਕੀ ਅਮਲੇ ਦੇ ਕਿਸੇ ਮੈਂਬਰ
ਨੂੰ ਕਾਲਜ ਲਈ ਨਿਯਤ
ਵੇਤਨ/ਗਰੇਡ ਨਹੀਂ ਦਿੱਤਾ
ਜਾ ਰਿਹਾ ?

(ii) ਕੀ ਕਾਲਜ ਕੋਲ ਦਾਖ਼ਲੇ
ਅਤੇ ਅਧਿਆਪਨ-ਭਾਰ
ਅਨੁਸਾਰ ਪੂਰਾ ਅਮਲਾ ਹੈ ?

(iii) ਵਿਗਿਆਨ ਦੇ ਵੱਖ-ਵੱਖ
ਵਿਸ਼ਿਆਂ ਲਈ ਅਧਿਆਪਨ
ਭਾਰ ਕਿੰਨਾ ਹੈ ?

ਭੌਤਿਕ ਵਿਗਿਆਨ ਰਸਾਇਣ ਵਿਗਿਆਨ ਬਨਸਪਤੀ ਵਿਗਿਆਨ
ਸਿਧਾਂਤ/ਪ੍ਰੈਕਟੀਕਲ ਸਿਧਾਂਤ/ਪ੍ਰੈਕਟੀਕਲ ਸਿਧਾਂਤ/ਪ੍ਰੈਕਟੀਕਲ
ਪ੍ਰਾਣੀ ਵਿਗਿਆਨ ਭੂ-ਗਰਭ ਵਿਗਿਆਨ
ਸਿਧਾਂਤ/ਪ੍ਰੈਕਟੀਕਲ ਸਿਧਾਂਤ/ਪ੍ਰੈਕਟੀਕਲ

ਤਿੰਨ ਸਾਲਾ ਬੀ.ਐਸ-ਸੀ. ਕੋਰਸ
(ੳ) ਭਾਗ-I
(ਅ) ਭਾਗ-II
(ੲ) ਭਾਗ-III

(iv) ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਲਈ ਲੋੜੀਂਦਾ ਸਟਾਫ਼

| ਅਧਿਆਪਕ | ਮੌਜੂਦਾ | ਇਸ ਸਾਲ ਅਤਿਰਿਕਤ ਲੋੜੀਂਦੇ | ਅਗਲੇ ਸਾਲ ਅਤਿਰਿਕਤ ਲੋੜੀਂਦੇ |
|---|---|---|---|
| ਭੌਤਿਕ ਵਿਗਿਆਨ | | | |
| ਰਸਾਇਣ ਵਿਗਿਆਨ | | | |
| ਬਨਸਪਤੀ ਵਿਗਿਆਨ | | | |
| ਪ੍ਰਾਣੀ ਵਿਗਿਆਨ | | | |
| ਭੂ-ਗਰਭ ਵਿਗਿਆਨ | | | |
| ਡੈਮਾਨਸਟਰੇਟਰ : | | | |
| ਭੌਤਿਕ ਵਿਗਿਆਨ | | | |
| ਰਸਾਇਣ ਵਿਗਿਆਨ | | | |
| ਬਨਸਪਤੀ ਵਿਗਿਆਨ | | | |
| ਪ੍ਰਾਣੀ ਵਿਗਿਆਨ | | | |
| ਭੂ-ਗਰਭ ਵਿਗਿਆਨ | | | |
| ਪ੍ਰਯੋਗਸ਼ਾਲਾ ਸਹਾਇਕ : | | | |
| ਭੌਤਿਕ ਵਿਗਿਆਨ | | | |
| ਰਸਾਇਣ ਵਿਗਿਆਨ | | | |
| ਬਨਸਪਤੀ ਵਿਗਿਆਨ | | | |
| ਪ੍ਰਾਣੀ ਵਿਗਿਆਨ | | | |
| ਭੂ-ਗਰਭ ਵਿਗਿਆਨ | | | |
| ਪ੍ਰਯੋਗਸ਼ਾਲਾ ਬੈਰੇ : | | | |
| ਭੌਤਿਕ ਵਿਗਿਆਨ | | | |
| ਰਸਾਇਣ ਵਿਗਿਆਨ | | | |
| ਬਨਸਪਤੀ ਵਿਗਿਆਨ | | | |
| ਪ੍ਰਾਣੀ ਵਿਗਿਆਨ | | | |
| ਭੂ-ਗਰਭ ਵਿਗਿਆਨ | | | |

13. ਕੀ ਕਮੇਟੀ ਤਿੰਨ ਸਾਲਾ ਬੀ.ਐਸ-ਸੀ. ਕੋਰਸ ਲਈ ਵਿਗਿਆਨ ਦੇ ਵੱਖ-ਵੱਖ ਵਿਸ਼ਿਆਂ ਲਈ ਸੰਬੱਧਤਾ ਦੇ ਵਿਸਤਾਰ ਦੀ ਸਿਫ਼ਾਰਸ਼ ਕਰਦੀ ਹੈ ? ਜੇ ਕਰਦੀ ਹੈ ਤਾਂ ਵੱਧ ਤੋਂ ਵੱਧ ਕਿੰਨੇ ਵਿਦਿਆਰਥੀਆਂ ਲਈ ਸੰਬੱਧਤਾ ਮਨਜ਼ੂਰ ਕੀਤੀ ਜਾਵੇ ?

14. ਸਿਫ਼ਾਰਸ਼ਾਂ ਦੀ ਸਾਰ :

ਕਮੇਟੀ ਦੇ ਮੈਂਬਰਾਂ ਦੇ ਦਸਖ਼ਤ

| | |
|---|---|
| (i) | (iii) |
| (ii) | (iv) |